ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 12 | Issue 10 | 09 March 2022 to 13 March 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਐਗਜ਼ਿਟ ਪੋਲ ਦੌਰਾਨ ਪੰਜਾਬ ਵਿੱਚ 'ਆਪ' ਤੇ ਯੂ.ਪੀ. ਵਿੱਚ ਮੁੜ ਭਾਜਪਾ

## ✪ ਪੰਜਾਬ ਬਾਰੇ ਪ੍ਰਮੁੱਖ ਚੋਣ ਸਰਵੇਖਣਾਂ ਵਿੱਚ 'ਆਪ' ਸਭ ਨਾਲੋਂ ਅੱਗੇ ✪ ਨਿਊਜ਼ ਟੂਡੇ ਚਾਣਕਿਆ ਵੱਲੋਂ ਆਮ ਆਦਮੀ ਪਾਰਟੀ ਨੂੰ 100 ਸੀਟਾਂ ਮਿਲਣ ਦੀ ਪੇਸ਼ੀਨਗੋਈ ✪ ਪੰਜਾਬ ਵਿੱਚ ਐਤਕੀਂ ਪੰਜ-ਕੋਣੇ ਮੁਕਾਬਲੇ ਕਾਰਨ ਅਸਲ ਚੋਣ ਨਤੀਜੇ ਚੋਣ ਸਰਵੇਖਣਾਂ ਤੋਂ ਉਲਟ ਵੀ ਜਾ ਸਕਦੇ ਨੇ ✪ ਉੱਤਰਾਖੰਡ ਵਿੱਚ ਬਰਾਬਰ ਦੀ ਟੱਕਰ, ਮਨੀਪੁਰ ਵਿੱਚ ਭਾਜਪਾ ਦਾ ਹੱਥ ਉੱਚਾ ਰਹਿਣ ਦੇ ਆਸਾਰ

ਸਿਆਸੀ ਮਾਹਿਰਾਂ ਅਨੁਸਾਰ ਪੰਜਾਬ ਵਿੱਚ ਕਿਸੇ ਪਾਰਟੀ ਜਾਂ ਗੱਠਜੋੜ ਨੂੰ ਬਹੁਮਤ ਨਹੀਂ ਮਿਲ ਰਿਹਾ। ਹੁਣ ਤੱਕ ਖ਼ਬਰ ਚੈਨਲਾਂ ਵੱਲੋਂ ਜਿੰਨੇ ਵੀ ਚੋਣ ਸਰਵੇਖਣ ਪ੍ਰਸਾਰਿਤ ਕੀਤੇ ਗਏ ਹਨ, ਕੁਝ ਇੱਕ ਨੂੰ ਛੱਡ ਕੇ ਸਾਰਿਆਂ ਨੇ ਇੰਨ-ਬਿੰਨ ਉਪਰੋਕਤ ਵਾਲੀ ਸਥਿਤੀ ਪੈਦਾ ਹੋਣ ਦਾ ਅੰਦਾਜ਼ਾ ਹੀ ਲਾਇਆ ਹੈ।ਬੀਤੇ ਦਿਨੀਂ ਇੱਕ ਪੰਜਾਬੀ ਖ਼ਬਰ ਚੈਨਲ ਕਹਿ ਰਿਹਾ ਸੀ ਕਿ ਵੱਖ-ਵੱਖ ਸਿਆਸੀ ਪਾਰਟੀਆਂ ਨੂੰ ਆਪਣੇ ਐਮ.ਐਲ.ਏ. ਸੰਭਾਲਣੇ ਪੈਣਗੇ। ਇਸ ਦੇ ਲਈ ਜੇਤੂ ਉਮੀਦਵਾਰਾਂ ਨੂੰ ਦੂਰ ਦੁਰਾਡੇ ਲਿਜਾ ਕੇ ਹਾਈਕਮਾਨ ਕਾਂਗਰਸ ਆਪਣੀ ਸਖ਼ਤ ਨਿਗਰਾਨੀ ਹੇਠ ਰੱਖੇਗੀ। ਕਈ ਰਾਜਾਂ ਦੀਆਂ ਚੋਣਾਂ ਉਪਰੰਤ ਅਜਿਹੀ ਸਥਿਤੀ ਬਣਦੀ ਰਹੀ ਹੈ। ਵੱਡੀਆਂ ਪਾਰਟੀਆਂ ਦਾ ਅਜਿਹਾ ਲੰਮਾ ਤਜਰਬਾ ਹੈ। ਜਦ ਅੰਤਰ ਵੱਡਾ ਹੋਵੇ ਤਦ ਪਾਰਟੀਆਂ ਚੁੱਪ ਕਰਕੇ ਬੈਠ ਜਾਂਦੀਆਂ ਹਨ ਪਰ ਅੰਤਰ ਥੋੜਾ ਹੋਣ 'ਤੇ ਹਰ ਹੀਲਾ ਵਸੀਲਾ ਸਰਕਾਰ ਬਣਾਉਣ ਲਈ ਵਰਤਿਆ ਜਾਂਦਾ ਹੈ। ਹੋ ਸਕਦਾ ਹੈ ਕਿ ਇਹ ਕਿਆਸ ਅਰਾਈਆਂ ਸਹੀ ਨਿਕਲਣ ਅਤੇ ਇਹ ਵੀ ਹੋ ਸਕਦਾ ਹੈ ਕਿ ਸਹੀ ਨਾ ਮਿਲਣ। ਭੰਨ-ਤੋੜ ਲਈ ਯਤਨ ਕੀਤੇ ਜਾਣਗੇ। ਕੁਝ ਗੱਠਜੋੜ ਵੋਟਾਂ ਪੈਣ ਤੋਂ ਪਹਿਲਾਂ ਬਣੇ ਸਨ। ਕੁਝ ਨਤੀਜੇ ਆਉਣ ਤੋਂ ਬਾਅਦ ਬਣ ਸਕਦੇ ਹਨ। ਅਕਾਲੀ ਦਲ ਨੇ ਅਜਿਹੇ ਸੰਕੇਤ ਦਿੱਤੇ ਹਨ ਕਿ ਉਹ ਭਾਜਪਾ ਨਾਲ਼ ਜਾ ਸਕਦੇ ਹਨ। ਨਤੀਜੇ ਆਉਣ ਤੋਂ ਕੁਝ ਦਿਨ ਪਹਿਲਾਂ ਹੀ ਸਿਆਸੀ ਪਾਰਟੀਆਂ ਸਮੀਖਿਆ ਮੀਟਿੰਗਾਂ ਕਰਨ ਲੱਗੀਆਂ ਹਨ। ਅਜਿਹੀ ਮੀਟਿੰਗ ਉਪਰੰਤ ਪੰਜਾਬ ਪ੍ਰਦੇਸ਼ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਹੈ ਕਿ ਪੰਜਾਬ ਵਿੱਚ ਭਾਜਪਾ ਗੱਠਜੋੜ ਸਰਕਾਰ ਬਣੇਗੀ। ਰਾਜ ਦੀਆਂ ਦੂਜੀਆਂ ਪਾਰਟੀਆਂ ਕਾਂਗਰਸ, ਆਮ ਆਦਮੀ ਪਾਰਟੀ ਤੇ ਅਕਾਲੀ ਦਲ-ਬਸਪਾ ਗੱਠਜੋੜ ਦੇ ਆਗੂ ਵੀ ਅਜਿਹੀ ਆਸ ਲਾਈ ਬੈਠੇ ਹਨ, ਭਾਵੇਂ ਕਿ ਉਹ ਸਾਰੇ 10 ਮਾਰਚ ਦੀ ਉਡੀਕ ਵੀ ਬੜੀ ਤਤਪਰਤਾ ਨਾਲ਼ ਕਰ ਰਹੇ ਹਨ।

**ਚੰਡੀਗੜ੍ਹ:** ਐਗਜ਼ਿਟ ਪੋਲਾਂ ਦੀ ਮੰਨੀਏ ਤਾਂ ਪੰਜਾਬ ਵਿੱਚ ਅਗਲੀ ਸਰਕਾਰ ਆਪ ਪਾਰਟੀ ਦੀ ਬਣੇਗੀ। ਪੰਜ ਸਾਲ ਪਹਿਲਾਂ ਵੱਖ-ਵੱਖ ਸਿਆਸੀ ਪਾਰਟੀਆਂ ਦੀ ਝੋਲੀ ਪਈਆਂ ਸੀਟਾਂ ਵਿੱਚ ਵੱਡਾ ਫ਼ਰਕ ਸੀ, ਪਰ ਐਤਕੀਂ ਸਾਰੇ ਪ੍ਰਮੁੱਖ ਚੋਣ ਸਰਵੇਖਣਾਂ ਵਿੱਚ 'ਆਪ' ਸਾਰੀਆਂ ਰਵਾਇਤੀ ਪਾਰਟੀਆਂ ਤੋਂ ਕਿਤੇ ਅੱਗੇ ਹੈ ਤੇ ਪਾਰਟੀ ਨੂੰ 117 ਮੈਂਬਰੀ ਅਸੈਂਬਲੀ ਵਿੱਚ ਸਪਸ਼ਟ ਬਹੁਮੱਤ ਮਿਲਣ ਦਾ ਦਾਅਵਾ ਕੀਤਾ ਗਿਆ ਹੈ। ਦੱਸ ਦੇਈਏ ਕਿ ਸਾਲ 2017 ਦੇ ਚੋਣ ਸਰਵੇਖਣਾਂ ਵਿੱਚ ਵੀ ਕੁਝ ਨੇ 'ਆਪ' ਨੂੰ ਸਪਸ਼ਟ ਬਹੁਮਤ ਮਿਲਦਾ ਵਿਖਾਇਆ ਸੀ, ਪਰ ਜਦੋਂ ਨਤੀਜੇ ਐਲਾਨੇ ਗਏ ਤਾਂ ਪਾਰਟੀ ਦੇ ਹਿੱਸੇ ਸਿਰਫ਼ 20 ਸੀਟਾਂ ਹੀ ਆਈਆਂ। ਪੰਜਾਬ ਚੋਣਾਂ ਵਿੱਚ ਐਤਕੀਂ ਪੰਜ-ਕੋਣੇ ਮੁਕਾਬਲੇ ਨੂੰ ਵੇਖਦਿਆਂ ਅਸਲ ਚੋਣ ਨਤੀਜੇ ਚੋਣ ਸਰਵੇਖਣਾਂ ਤੋਂ ਉਲਟ ਵੀ ਹੋ ਸਕਦੇ ਹਨ।

ਨਿਊਜ਼ 24 ਟੂਡੇ ਚਾਣਕਿਆ ਨੇ 'ਆਪ' ਨੂੰ 100 ਸੀਟਾਂ ਮਿਲਣ ਦੀ ਪੇਸ਼ੀਨਗੋਈ ਕੀਤੀ ਹੈ। ਨਿਊਜ਼ ਐਕਸ ਨੇ 56-61 ਜਦੋਂਕਿ ਦਿ ਟਾਈਮਜ਼ ਨਾਓ ਵੀਟੋ ਤੇ ਰਿਪਬਲਿਕ ਦੇ ਸਰਵੇਖਣਾਂ ਵਿੱਚ 'ਆਪ' ਨੂੰ 70 ਸੀਟਾਂ ਮਿਲਦੀਆਂ ਵਿਖਾਈਆਂ ਗਈਆਂ ਹਨ। ਸੀ-ਵੋਟਰ ਸਰਵੇਖਣ ਵਿੱਚ ਆਪ ਨੂੰ 59-67

### ਐਗਜ਼ਿਟ ਪੋਲ ਦੌਰਾਨ...

ਰਿਪੋਰਟ ਮੁਤਾਬਕ ਭਾਜਪਾ ਲਈ ਦਹਾਈ ਦੇ ਅੰਕੜੇ ਤੱਕ ਪੁੱਜਣਾ ਵੀ ਔਖਾ ਹੋਵੇਗਾ।

ਸਪਸ਼ਟ ਹੈ ਕਿ ਪੰਜਾਬ ਐਗਜ਼ਿਟ ਪੋਲ ਨੇ ਰਾਜ ਸਿਆਸੀ ਬੂਰ ਪੈਂਦਾ ਨਜ਼ਰ ਨਹੀਂ ਆ ਰਿਹਾ। ਮੁੱਖ ਮੰਤਰੀ ਚਰਨਜੀਤ ਚੰਨੀ ਨੇ ਦੋ ਵਿਧਾਨ ਸਭਾ ਹਲਕਿਆਂ ਤੋਂ ਚੋਣ ਲੜੀ ਸੀ ਜਿਨਾਂ ਨੂੰ ਐਗਜ਼ਿਟ ਪੋਲ ਨੇ ਧੁੜਕੂ ਲਾ ਦਿੱਤਾ ਹੈ ਕਿਉਂਕਿ 'ਆਪ' ਦੇ ਮੁੱਖ ਮੰਤਰੀ ਦੇ ਚਿਹਰੇ ਅਕਾਲੀ ਦਲ ਵਿੱਚ ਵੀ ਸਵਾਲ ਉੱਠਣਗੇ।

**ਅਸੀਂ ਸਪੱਸ਼ਟ ਬਹੁਮੱਤ ਨਾਲ਼ ਮੁੜ ਸਰਕਾਰ ਬਣਾਵਾਂਗੇ: ਚੌਧਰੀ**

ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਚੌਧਰੀ ਨੇ ਚੋਣ ਸਰਵੇਖਣਾਂ ਵਿਚਲੇ ਦਾਅਵਿਆਂ ਨੂੰ ਖ਼ਾਰਜ ਕਰਦਿਆਂ ਕਿਹਾ, "ਸਾਡੀ ਪਾਰਟੀ ਸਪਸ਼ਟ ਬਹੁਮੱਤ ਨਾਲ਼ ਸਰਕਾਰ ਬਣਾਏਗੀ। ਚੋਣਾਂ ਤੋਂ ਪਹਿਲਾਂ ਆਖ਼ਰੀ ਕੁਝ ਦਿਨਾਂ ਵਿੱਚ ਕੀਤੇ ਵਿਕਾਸ ਕੰਮਾਂ ਨੂੰ ਲੋਕਾਂ ਨੇ ਵੇਖਿਆ ਹੈ।ਬਾਕੀ ਸਫ਼ਾ 30 'ਤੇ

## ਪੰਜਾਬ ਦੀਆਂ ਪੰਜ ਸੀਟਾਂ ਸਣੇ 13 ਸੀਟਾਂ ਲਈ ਚੋਣ 31 ਨੂੰ

### ✪ ਪੰਜਾਬ ਦੀਆਂ ਪੰਜ ਸੀਟਾਂ ਲਈ ਦੋ ਹਿੱਸਿਆਂ 'ਚ ਹੋਵੇਗੀ ਚੋਣ
### ✪ ਚੋਣ ਕਮਿਸ਼ਨ 14 ਮਾਰਚ ਨੂੰ ਜਾਰੀ ਕਰੇਗਾ ਨੋਟੀਫ਼ਿਕੇਸ਼ਨ

**ਨਵੀਂ ਦਿੱਲੀ:** ਪੰਜਾਬ ਦੀਆਂ ਪੰਜ ਸੀਟਾਂ ਸਣੇ ਰਾਜ ਸਭਾ ਦੀਆਂ 13 ਸੀਟਾਂ ਲਈ ਚੋਣ 31 ਮਾਰਚ ਨੂੰ ਹੋਵੇਗੀ। ਇਨਾਂ ਵਿੱਚ ਕਾਂਗਰਸੀ ਆਗੂਆਂ ਏ.ਕੇ.ਐਂਟਨੀ ਤੇ ਆਨੰਦ ਸ਼ਰਮਾ ਵੱਲੋਂ ਅਪ੍ਰੈਲ ਮਹੀਨੇ ਖ਼ਾਲੀ ਕੀਤੀਆਂ ਜਾਣ ਵਾਲੀਆਂ ਸੀਟਾਂ ਵੀ ਸ਼ਾਮਲ ਹਨ। ਚੋਣ ਕਮਿਸ਼ਨ ਨੇ ਕਿਹਾ ਕਿ ਅਸਾਮ, ਹਿਮਾਚਲ ਪ੍ਰਦੇਸ਼, ਕੇਰਲਾ, ਨਾਗਾਲੈਂਡ ਤੇ ਤ੍ਰਿਪੁਰਾ ਨਾਲ਼ ਸੰਬੰਧਿਤ ਮੈਂਬਰ 2 ਅਪ੍ਰੈਲ ਨੂੰ ਸੇਵਾ ਮੁਕਤ ਹੋ ਰਹੇ ਹਨ ਜਦੋਂਕਿ ਪੰਜਾਬ ਤੋਂ ਪੰਜ ਰਾਜ ਸਭਾ ਮੈਂਬਰਾਂ ਦਾ ਕਾਰਜਕਾਲ 9 ਅਪਰੈਲ ਨੂੰ ਖ਼ਤਮ ਹੋ ਰਿਹਾ ਹੈ। ਕਮਿਸ਼ਨ ਨੇ ਕਿਹਾ, "ਪੰਜਾਬ ਦੀਆਂ ਪੰਜ ਸੀਟਾਂ ਵਿੱਚੋਂ ਤਿੰਨ ਲਈ ਇੱਕ ਚੋਣ ਹੋਵੇਗੀ ਜਦੋਂਕਿ ਬਚਦੀਆਂ ਦੋ ਸੀਟਾਂ ਲਈ ਵੱਖਰੀ ਚੋਣ ਹੋਵੇਗੀ ਕਿਉਂਕਿ ਇਹ ਸੀਟਾਂ ਮੈਂਬਰਾਂ ਦੇ ਦੋ ਵੱਖੋ-ਵੱਖਰੇ ਕਾਰਜਕਾਲਾਂ ਨਾਲ਼ ਸੰਬੰਧਿਤ ਹਨ।" ਪੋਲਿੰਗ ਲਈ ਨੋਟੀਫ਼ਿਕੇਸ਼ਨ 14 ਮਾਰਚ ਨੂੰ ਜਾਰੀ ਹੋਵੇਗਾ ਤੇ ਚੋਣਾਂ 31 ਮਾਰਚ ਨੂੰ ਹੋਣਗੀਆਂ। ਸਥਾਪਤ ਨੇਮਾਂ ਮੁਤਾਬਕ ਵੋਟਾਂ ਦੀ ਗਿਣਤੀ ਉਸੇ ਦਿਨ ਸ਼ਾਮ ਨੂੰ ਪੰਜ ਵਜੇ ਤੋਂ ਹੋਵੇਗੀ। ਸੇਵਾ ਮੁਕਤ ਹੋਣ ਵਾਲੇ ਕੁਝ ਉੱਘੇ ਮੈਂਬਰਾਂ ਵਿੱਚ ਐਂਟਨੀ (ਕੇਰਲਾ), ਆਨੰਦ ਸ਼ਰਮਾ (ਹਿਮਾਚਲ ਪ੍ਰਦੇਸ਼) ਅਤੇ ਪ੍ਰਤਾਪ ਸਿੰਘ ਬਾਜਵਾ ਤੇ ਨਰੇਸ਼ ਗੁਜਰਾਲ (ਪੰਜਾਬ) ਸ਼ਾਮਲ ਹਨ। ਸਾਬਕਾ ਰੱਖਿਆ ਮੰਤਰੀ ਐਂਟਨੀ, ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਉਪ ਆਗੂ ਸ਼ਰਮਾ ਤੇ ਬਾਜਵਾ ਕਾਂਗਰਸ ਨਾਲ਼ ਸੰਬੰਧਿਤ ਹਨ ਜਦੋਂਕਿ ਗੁਜਰਾਲ ਸ਼੍ਰੋਮਣੀ ਅਕਾਲੀ ਦਲ ਤੋਂ ਹਨ। ਪੰਜਾਬ ਤੋਂ ਰਾਜ ਸਭਾ ਲਈ ਨਾਮਜ਼ਦਗੀਆਂ ਵੱਖ-ਵੱਖ ਪਾਰਟੀਆਂ ਦੀ ਅਸੈਂਬਲੀ ਚੋਣਾਂ ਵਿੱਚ ਕਾਰਗੁਜ਼ਾਰੀ 'ਤੇ ਮੁਨੱਸਰ ਕਰੇਗੀ। ਪੰਜਾਬ ਵਿੱਚ ਪਿਛਲੇ ਪੰਜ ਸਾਲਾਂ ਵਿੱਚ ਕਾਂਗਰਸ ਦੀ ਸਰਕਾਰ ਵੇਲੇ ਰਾਜ ਸਭਾ ਦੀ ਕੋਈ ਸੀਟ ਖ਼ਾਲੀ ਨਹੀਂ ਹੋਈ।

**ਬਾਕੀ ਸੂਬਿਆਂ ਦੇ ਸਰਵੇਖਣ**

ਚੋਣ ਕਮਿਸ਼ਨ ਵੱਲੋਂ ਪੰਜ ਸੂਬਿਆਂ ਲਈ ਐਲਾਨੇ ਚੋਣ ਪ੍ਰੋਗਰਾਮ ਦਾ ਅਮਲ ਮੁਕੰਮਲ ਹੁੰਦੇ ਸਾਰ ਜਾਰੀ ਚੋਣ ਸਰਵੇਖਣਾਂ ਵਿੱਚ ਯੂ.ਪੀ. ਵਿੱਚ ਮੁੜ ਭਾਜਪਾ ਦੀ ਸਰਕਾਰ ਬਣਨ ਦੀ ਪੇਸ਼ੀਨਗੋਈ ਕੀਤੀ ਗਈ ਹੈ ਜਦੋਂਕਿ ਪੰਜਾਬ ਵਿੱਚ ਆਪ ਕਾਂਗਰਸ ਨੂੰ ਲਾਂਭੇ ਕਰਕੇ ਆਪਣੇ ਦਮ 'ਤੇ ਸਰਕਾਰ ਬਣਾਉਂਦੀ ਦਿਸ ਰਹੀ ਹੈ। ਪੱਛਮੀ ਬੰਗਾਲ ਸਮੇਤ ਪੰਜ ਰਾਜਾਂ ਦੀਆਂ ਚੋਣਾਂ ਦੇ ਨਤੀਜਿਆਂ ਬਾਕੀ ਸਫ਼ਾ 30 'ਤੇ

## ਮਨੀਪੁਰ ਵਿੱਚ ਕਾਂਗਰਸ ਦੇ ਮੁਕਾਬਲੇ

ਭਾਜਪਾ, ਐੱਨ.ਪੀ.ਪੀ., ਐੱਨ.ਪੀ.ਐੱਫ਼. ਤੇ ਜੇ.ਡੀ. (ਯੂ) ਗੱਠਜੋੜ ਦਾ ਹੱਥ ਉੱਚਾ ਰਹਿਣ ਦਾ ਦਾਅਵਾ ਕੀਤਾ ਗਿਆ ਹੈ। ਏ.ਬੀ.ਪੀ.-ਸੀ-ਵੋਟਰ ਮੁਤਾਬਕ 60 ਮੈਂਬਰੀ ਮਨੀਪੁਰ ਅਸੈਂਬਲੀ ਵਿੱਚ ਭਾਜਪਾ ਨੂੰ 23 ਤੋਂ 27 ਜਦੋਂ ਕਿ ਕਾਂਗਰਸ ਨੂੰ 12 ਤੋਂ 16 ਸੀਟਾਂ ਮਿਲ ਸਕਦੀਆਂ ਹਨ। ਭਾਜਪਾ ਤੋਂ ਨਾਰਾਜ਼ ਦੋ ਭਾਈਵਾਲਾਂ ਨੈਸ਼ਨਲ ਪੀਪਲਜ਼ ਪਾਰਟੀ (ਐੱਨ.ਪੀ.ਪੀ.) ਤੇ ਨਾਗਾ ਪੀਪਲਜ਼ ਫ਼ਰੰਟ (ਐੱਨ.ਪੀ.ਐੱਫ਼) ਨੂੰ ਕ੍ਰਮਵਾਰ 10-14 ਤੇ 3 ਤੋਂ 7 ਸੀਟਾਂ ਮਿਲਣ ਦੀ ਆਸ ਹੈ। ਪੋਲ ਆਫ਼ ਪੋਲਜ਼ ਵਿੱਚ ਭਾਜਪਾ ਨੂੰ ਮਨੀਪੁਰ ਵਿੱਚ 30 ਸੀਟਾਂ ਮਿਲਦੀਆਂ ਵਿਖਾਈਆਂ ਗਈਆਂ ਹਨ।

## ➢ ਅੰਦਰ ਪੜ੍ਹੋ



**13 ਵਿਸ਼ੇਸ਼ ਰਿਪੋਰਟ**

ਯੂਕਰੇਨ ਵਿੱਚ ਪ੍ਰਮਾਣੂ ਪਲਾਂਟ 'ਤੇ ਰੂਸੀ ਹਮਲੇ ਕਾਰਨ 3 ਸੈਨਿਕ ਹਲਾਕ



**26 ਵਿਸ਼ੇਸ਼ ਰਿਪੋਰਟ**

ਰੂਸ ਤੇ ਯੂਕਰੇਨ ਦੀ ਜੰਗ ਦਾ ਵਿਸ਼ਵ ਵਿਆਪੀ ਪ੍ਰਭਾਵ

# ਯੂਕਰੇਨ-ਰੂਸ ਜੰਗ ਕਾਰਨ ਮਹਿੰਗਾਈ ਵਧੇਗੀ

## ✪ ਡੂੰਘਾ ਹੋਇਆ ਦੇਸ਼ਾਂ ਵਿੱਚ ਅਨਾਜ ਦੀ ਕਮੀ ਦਾ ਸੰਕਟ, ਕਣਕ ਦੀ ਕੀਮਤ ਸੱਤਵੇਂ ਅਸਮਾਨ 'ਤੇ
## ✪14 ਸਾਲਾਂ ਵਿੱਚ ਪਹਿਲੀ ਵਾਰ 140 ਡਾਲਰ ਪ੍ਰਤੀ ਬੈਰਲ 'ਤੇ ਪਹੁੰਚਿਆ ਕੱਚਾ ਤੇਲ

**ਜਲੰਧਰ/ਏ.ਟੀ.ਨਿਊਜ਼ :-** ਰੂਸ ਤੇ ਯੂਕਰੇਨ ਵਿਚਾਲੇ ਚੱਲ ਰਹੇ ਯੁੱਧ ਕਾਰਨ ਕੱਚਾ ਤੇਲ 14 ਸਾਲਾਂ ਵਿੱਚ ਪਹਿਲੀ ਵਾਰ 140 ਡਾਲਰ ਪ੍ਰਤੀ ਬੈਰਲ 'ਤੇ ਪਹੁੰਚ ਗਿਆ ਹੈ ਜਿਸ ਨਾਲ਼ ਪੈਟਰੋਲ ਅਤੇ ਡੀਜ਼ਲ ਮਹਿੰਗਾ ਹੋਣ ਦੀ ਸੰਭਾਵਨਾ ਹੈ। ਕਿਹਾ ਜਾ ਰਿਹਾ ਹੈ ਕਿ ਭਾਰਤ ਵਿੱਚ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਖ਼ਤਮ ਹੁੰਦੇ ਹੀ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧਾ ਹੋ ਸਕਦਾ ਹੈ। ਇਹ ਵਾਧਾ 12 ਰੁਪਏ ਪ੍ਰਤੀ ਲੀਟਰ ਤੱਕ ਹੋ ਸਕਦਾ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਆਮ ਆਦਮੀ ਦੀ ਜੇਬ 'ਤੇ ਵੱਡਾ ਬੋਝ ਪਵੇਗਾ।

ਗਲੋਬਲ ਬਾਜ਼ਾਰਾਂ ਵਿੱਚ ਈਰਾਨੀ ਕਰੂਡ ਦੀ ਸੰਭਾਵਿਤ ਵਾਪਸੀ ਵਿੱਚ ਦੇਰੀ ਕਾਰਨ ਤੇਲ ਦੀਆਂ ਕੀਮਤਾਂ 2008 ਤੋਂ ਬਾਅਦ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਈਆਂ ਹਨ। ਅਮਰੀਕਾ ਤੇ ਯੂਰਪੀ ਸਹਿਯੋਗੀ ਰੂਸੀ ਤੇਲ ਦੇ ਆਯਾਤ 'ਤੇ ਪਾਬੰਦੀਆਂ ਲਗਾਉਣ 'ਤੇ ਵਿਚਾਰ ਕਰ ਰਹੇ ਹਨ। ਕਰੂਡ ਹੋਰ ਵੀ ਮਹਿੰਗਾ ਹੋ ਰਿਹਾ ਹੈ।

ਕੱਚੇ ਤੇਲ ਦੀਆਂ ਵਧਦੀਆਂ ਕੀਮਤਾਂ ਨੇ ਸਟੀਲ ਉਦਯੋਗ ਲਈ ਕੱਚਾ ਮਾਲ ਮਹਿੰਗਾ ਕਰ ਦਿੱਤਾ ਹੈ। ਚੱਲ ਰਹੇ ਰੂਸ-ਯੂਕਰੇਨ ਸੰਘਰਸ਼ 'ਤੇ ਟਿੱਪਣੀ ਕਰਦੇ ਹੋਏ, ਜਿੰਦਲ ਸਟੀਲ ਐਂਡ ਪਾਵਰ ਲਿਮਟਿਡ ਦੇ ਪ੍ਰਬੰਧ ਨਿਰਦੇਸ਼ਕ ਵੀ.ਆਰ. ਸ਼ਰਮਾ ਨੇ ਕਿਹਾ, 'ਇਹ ਬਹੁਤ ਮੰਦਭਾਗੀ ਸਥਿਤੀ ਹੈ। ਕੁਝ ਤੇਲ ਕੰਪਨੀਆਂ ਸਥਿਤੀ ਦਾ ਫ਼ਾਇਦਾ ਉਠਾ ਰਹੀਆਂ ਹਨ, ਦੁਨੀਆ ਭਰ ਦੀਆਂ ਸਰਕਾਰਾਂ ਕੀਮਤਾਂ ਨੂੰ ਕੰਟਰੋਲ ਕਰ ਸਕਦੀਆਂ ਹਨ, ਕਿਉਂਕਿ ਸਭ ਕੁਝ ਊਰਜਾ 'ਤੇ ਚੱਲਦਾ ਹੈ ਅਤੇ ਊਰਜਾ ਦੀਆਂ ਕੀਮਤਾਂ ਨੂੰ ਕਾਬੂ ਵਿੱਚ ਰੱਖਣਾ ਜ਼ਰੂਰੀ ਹੈ। ਰੂਸ ਅਤੇ ਯੂਕਰੇਨ ਵਿਚਾਲੇ ਜੰਗ ਕਾਰਨ ਮੱਧ ਏਸ਼ੀਆ ਵਿੱਚ ਅਨਾਜ ਸੰਕਟ ਡੂੰਘਾ



ਹੋਣਾ ਸ਼ੁਰੂ ਹੋ ਗਿਆ ਹੈ। ਇਸ ਦਾ ਇੱਕ ਵੱਡਾ ਕਾਰਨ ਯੂਕਰੇਨ ਦਾ ਉਹ ਫ਼ੈਸਲਾ ਵੀ ਹੈ, ਜਿਸ ਵਿੱਚ ਉਨਾਂ ਨੇ ਜੰਗ ਕਾਰਨ ਖਾਧ ਪਦਾਰਥਾਂ ਦੀ ਬਰਾਮਦ 'ਤੇ ਪਾਬੰਦੀ ਲਗਾ ਦਿੱਤੀ ਹੈ। ਯੂਕਰੇਨ ਦਾ ਕਹਿਣਾ ਹੈ ਕਿ ਇਹ ਕਦਮ ਇਸ ਲਈ ਚੁੱਕਿਆ ਗਿਆ ਹੈ ਤਾਂ ਕਿ ਦੇਸ਼ ਨੂੰ ਇਸ ਦੀ ਕਮੀ ਨਾ ਰਹੇ। ਯੂਕਰੇਨ ਨੇ ਜਿਨਾਂ ਵਸਤੂਆਂ ਦੀ ਬਰਾਮਦ 'ਤੇ ਪਾਬੰਦੀ ਲਗਾਈ ਹੈ, ਉਨਾਂ ਵਿੱਚ ਮੀਟ, ਰਾਈ, ਓਟਸ, ਚੀਨੀ, ਬਾਜਰਾ ਅਤੇ ਨਮਕ ਸ਼ਾਮਲ ਹਨ। ਫ਼ਿਲਹਾਲ ਸਿਰਫ਼ ਮੱਕੀ, ਪੋਲਟਰੀ, ਅੰਡੇ ਅਤੇ ਤੇਲ ਨੂੰ ਇਸ ਪਾਬੰਦੀ ਤੋਂ ਬਾਹਰ ਰੱਖਿਆ ਗਿਆ ਹੈ।

ਅਮਰੀਕੀ ਮੀਡੀਆ ਦਾ ਕਹਿਣਾ ਹੈ ਕਿ ਯੂਕਰੇਨ ਦੇ ਕਈ ਸੁਪਰ ਮਾਰਕੀਟਾਂ ਵਿੱਚ ਚੀਜ਼ਾਂ ਖ਼ਤਮ ਹੋ ਰਹੀਆਂ ਹਨ ਅਤੇ ਜੰਗ ਕਾਰਨ ਸੜਕ ਬੰਦ ਹੋਣ ਕਾਰਨ ਸਾਮਾਨ ਨਹੀਂ ਆ ਰਿਹਾ ਹੈ। ਇਸ ਕਾਰਨ ਸਮੱਸਿਆ ਵਧ ਗਈ ਹੈ। ਯੂਕਰੇਨ 'ਤੇ ਰੂਸ ਦੇ ਹਮਲੇ ਤੋਂ ਬਾਅਦ ਕਣਕ ਦੀਆਂ ਕੀਮਤਾਂ ਵਿੱਚ ਵੀ ਭਾਰੀ ਵਾਧਾ ਹੋਇਆ ਹੈ। ਦੱਸ ਦਈਏ ਕਿ ਦੁਨੀਆ ਵਿੱਚ ਨਿਰਯਾਤ ਹੋਣ ਵਾਲੀ ਕਣਕ ਵਿੱਚ ਰੂਸ ਅਤੇ ਯੂਕਰੇਨ ਮਿਲ ਕੇ 30 ਫ਼ੀਸਦੀ ਯੋਗਦਾਨ ਪਾਉਂਦੇ ਹਨ। ਬਾਕੀ ਸਫ਼ਾ 32 'ਤੇ

# ਕਰਤਾਰਪੁਰ ਲਾਂਘਾ ਖੁੱਲਣ ਦੇ 237 ਦਿਨਾਂ ਵਿੱਚ 85,856 ਸੰਗਤਾਂ ਨੇ ਕੀਤੇ ਦਰਸ਼ਨ

## 20 ਡਾਲਰ ਦੀ ਫ਼ੀਸ ਅਤੇ ਪਾਸਪੋਰਟ ਦੀ ਸ਼ਰਤ ਸ਼ਰਧਾਲੂਆਂ ਦੀ ਸ਼ਰਧਾ ’ਤੇ ਪੈ ਰਹੀ ਏ ਭਾਰੂ



**ਡੇਰਾ ਬਾਬਾ ਨਾਨਕ** : ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਦਿਹਾੜੇ ਮੌਕੇ 9 ਨਵੰਬਰ 2019 ਨੂੰ ਭਾਰਤ ਸਰਕਾਰ ਵੱਲੋਂ ਕੌਮਾਂਤਰੀ ਸਰਹੱਦ ’ਤੇ ਖੋਲੇ ਗਏ ਲਾਂਘੇ ਰਾਹੀਂ ਕੋਰੋਨਾ ਮਹਾਂਮਾਰੀ ਤੋਂ ਪਹਿਲਾਂ 127 ਦਿਨਾਂ ਵਿੱਚ 62,204 ਸ਼ਰਧਾਲੂਆਂ ਅਤੇ ਮਹਾਂਮਾਰੀ ਤੋਂ ਬਾਅਦ 17 ਨਵੰਬਰ 2021 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 552ਵੇਂ ਪ੍ਰਕਾਸ਼ ਪੁਰਬ ਮੌਕੇ ਕੌਮਾਂਤਰੀ ਸਰਹੱਦ ’ਤੇ ਖੁੱਲੇ ਲਾਂਘੇ ਦੇ ਬੀਤੇ ਸੋਮਵਾਰ ਨੂੰ 111ਵੇਂ ਦਿਨ 314 ਸ਼ਰਧਾਲੂਆਂ ਸਮੇਤ 23,651 ਸ਼ਰਧਾਲੂਆਂ ਨੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕੀਤੇ ਹਨ। ਹੁਣ ਤੱਕ ਕਰਤਾਰਪੁਰ ਲਾਂਘੇ ਰਾਹੀਂ 237 ਦਿਨਾਂ ਵਿੱਚ 85,856 ਸ਼ਰਧਾਲੂਆਂ ਵੱਲੋਂ ਗੁਰਦੁਆਰਾ ਸਾਹਿਬ ਦੇ ਦਰਸ਼ਨ ਕੀਤੇ ਗਏ ਹਨ। ਕਈ ਸ਼ਰਧਾਲੂਆਂ ਵੱਲੋਂ ਦੋ ਵਾਰ ਵੀ ਦਰਸ਼ਨ ਕੀਤੇ ਗਏ ਹਨ।

ਜਾਣਕਾਰੀ ਅਨੁਸਾਰ ਡੇਰਾ ਬਾਬਾ ਨਾਨਕ ਦੀ ਕੌਮਾਂਤਰੀ ਸਰਹੱਦ ’ਤੇ ਭਾਰਤ ਸਰਕਾਰ ਵੱਲੋਂ ਅਰਬਾਂ ਰੁਪਏ ਖ਼ਰਚ ਕਰ ਕੇ ਤਿਆਰ ਕਰਵਾਏ ਪੈਸੰਜਰ ਟਰਮੀਨਲ ਤੇ ਕਰਤਾਰਪੁਰ ਕੋਰੀਡੋਰ ਰਾਹੀਂ ਕੋਰੋਨਾ ਮਹਾਮਾਰੀ ਤੋਂ ਪਹਿਲਾਂ ਤੇ ਬਾਅਦ ਭਾਰਤ ਸਰਕਾਰ ਵੱਲੋਂ ਖੋਲੇ ਗਏ ਕਰਤਾਰਪੁਰ ਲਾਂਘੇ ਦੇ 237 ਦਿਨਾਂ ਵਿੱਚ 86,000 ਦੇ ਕਰੀਬ ਸ਼ਰਧਾਲੂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜੀ ਦੇ ਦਰਸ਼ਨ ਨਹੀਂ ਕਰ ਸਕੇ ਜਦਕਿ ਕਰਤਾਰਪੁਰ ਲਾਂਘਾ ਖੋਲਣ ਲਈ ਕਰੋੜਾਂ ਲੋਕਾਂ ਵੱਲੋਂ ਡੇਰਾ ਬਾਬਾ ਨਾਨਕ ਦੀ ਕੌਮਾਂਤਰੀ ਸਰਹੱਦ ’ਤੇ ਬਣੇ ਦਰਸ਼ਨ ਸਥਲ ’ਤੇ ਅਰਦਾਸਾਂ ਕੀਤੀਆਂ ਗਈਆਂ ਸਨ। ਇਸ ਸੰਬੰਧੀ ਸੁਖਮਨੀ ਸੇਵਾ ਸੁਸਾਇਟੀ ਦੇ ਪ੍ਰਧਾਨ ਬਲਦੇਵ ਸਿੰਘ ਸ਼ਾਹਪੁਰ, ਭਾਈ ਬਲਵੰਤ ਸਿੰਘ, ਐਡਵੋਕੇਟ ਪਰਮੀਤ ਸਿੰਘ ਬੇਦੀ, ਨਿਰਮਲ ਸਿੰਘ ਭੰਗੂ, ਸ੍ਰੀ ਕਰਤਾਰਪੁਰ ਰਾਵੀ ਦਰਸ਼ਨ ਅਭਿਲਾਖੀ ਸੰਸਥਾ ਦੇ ਜਨਰਲ ਸਕੱਤਰ ਗੁਰਿੰਦਰ ਸਿੰਘ ਬਾਜਵਾ ਆਦਿ ਧਾਰਮਿਕ ਆਗੂਆਂ ਤੋਂ ਇਲਾਵਾ ਸੰਗਤਾਂ ਨੇ ਦੱਸਿਆ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਜੀ ਦੇ ਦਰਸ਼ਨ ਕਾਰਨ ਤੋਂ ਲੱਖਾਂ ਸੰਗਤਾਂ ਵਾਂਝੀਆਂ ਹਨ। ਉਨਾਂ ਦੱਸਿਆ ਕਿ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ 20 ਡਾਲਰ ਦੀ ਫ਼ੀਸ ਅਤੇ ਪਾਸਪੋਰਟ ਦੀ ਸ਼ਰਤ ਸ਼ਰਧਾਲੂਆਂ ਦੀ ਸ਼ਰਧਾ ’ਤੇ ਭਾਰੂ ਪੈ ਰਹੀ ਹੈ।

# ਰਾਜੋਆਣਾ ਦੀ ਪਟੀਸ਼ਨ ਸੂਚੀਬੱਧ ਕਰਨ ਦਾ ਸੁਪਰੀਮ ਕੋਰਟ ਵਲੋਂ ਹੁਕਮ



**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਬੀਤੇ ਦਿਨੀਂ ਆਪਣੀ ਰਜਿਸਟਰੀ ਨੂੰ ਬਲਵੰਤ ਸਿੰਘ ਰਾਜੋਆਣਾ ਦੀ ਪਟੀਸ਼ਨ ਨੂੰ ਜਸਟਿਸ ਯੂ. ਯੂ. ਲਲਿਤ ਦੀ ਅਗਵਾਈ ਵਾਲੇ ਬੈਂਚ ਸਾਹਮਣੇ ਸੂਚੀਬੱਧ ਕਰਨ ਦਾ ਨਿਰਦੇਸ਼ ਦਿੱਤਾ । ਰਾਜੋਆਣਾ ਨੂੰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ 1995 ਵਿੱਚ ਹੱਤਿਆ ਦੇ ਮਾਮਲੇ ਵਿੱਚ ਦੋਸ਼ੀ ਹੈ ਅਤੇ ਉਸ ਨੇ ਪਟੀਸ਼ਨ ਦਾਇਰ ਕਰ ਕੇ ਮੌਤ ਦੀ ਸਜ਼ਾ ਨੂੰ ਘਟਾ ਕੇ ਉਮਰ ਕੈਦ ਵਿੱਚ ਤਬਦੀਲ ਕਰਨ ਦੀ ਮੰਗ ਕੀਤੀ ਹੈ । ਚੀਫ਼ ਜਸਟਿਸ ਐਨ.ਵੀ. ਰਮੰਨਾ ਦੀ ਅਗਵਾਈ ਵਾਲੇ ਬੈਂਚ ਨੇ ਰਾਜੋਆਣਾ ਦੇ ਵਕੀਲ ਮੁਕੁਲ ਰੋਹਤਗੀ ਦੀਆਂ ਦਲੀਲਾਂ ਨੂੰ ਸੁਣਿਆ ਕਿ ਉਸ ਦੀ ਪਟੀਸ਼ਨ ’ਤੇ ਪਿਛਲੇ 6-7 ਮਹੀਨਿਆਂ ਤੋਂ ਸੁਣਵਾਈ ਨਹੀਂ ਹੋਈ ਹੈ ਅਤੇ ਉਹ (ਰਾਜੋਆਣਾ) ਪਿਛਲੇ 25 ਸਾਲਾਂ ਤੋਂ ਜੇਲ ਵਿੱਚ ਹੈ । ਰੋਹਤਗੀ ਨੇ ਰਾਜੋਆਣਾ ਦੀ ਪਟੀਸ਼ਨ ਨੂੰ ਉਚਿਤ ਬੈਂਚ ਦੇ ਸਾਹਮਣੇ ਤਤਕਾਲ ਸੂਚੀਬੱਧ ਕਰਨ ਦੀ ਮੰਗ ਕੀਤੀ, ਜਿਸ ਨੂੰ ਸਵੀਕਾਰ ਕਰ ਲਿਆ ਗਿਆ ।ਬੈਂਚ, ਜਿਸ ਵਿੱਚ ਜਸਟਿਸ ਏ. ਐਸ. ਬੋਪੰਨਾ ਅਤੇ ਹਿਮਾ ਕੋਹਲੀ ਵੀ ਸ਼ਾਮਿਲ ਸਨ, ਨੇ ਕਿਹਾ ਕਿ ਮੁਕੁਲ ਰੋਹਤਗੀ ਵੱਲੋਂ ਜ਼ਿਕਰ ਕੀਤੇ ਜਾਣ ’ਤੇ ਅਸੀਂ ਰਜਿਸਟਰੀ ਨੂੰ ਆਦੇਸ਼ ਦਿੰਦੇ ਹਾਂ ਕਿ ਇਸ ਮਾਮਲੇ ਨੂੰ ਜਸਟਿਸ ਉਦੈ ਉਮੇਸ਼ ਲਲਿਤ ਵਾਲੇ ਬੈਂਚ ਸਾਹਮਣੇ ਸੂਚੀਬੱਧ ਕੀਤਾ ਜਾਵੇ।




# ਦੀਪ ਸਿੱਧੂ ਨੇ ਇਤਿਹਾਸ ਦੇ ਵਹਿਣ ਵਿੱਚ ਆਈ ਖੜੋਤ ਤੋੜੀ

## ਕੌਮੀ ਹੋਂਦ ! ਕੌਮ ਦੀਆਂ ਅਸਲ ਵਿਸ਼ੇਸ਼ਤਾਵਾਂ ਨੂੰ ਸੰਭਾਲਣਾ : ਸਰਦਾਰ ਅਜਮੇਰ ਸਿੰਘ





**ਚੰਡੀਗੜ :** ਦੀਪ ਸਿੱਧੂ ਦੀ ਯਾਦ ਵਿੱਚ ਤੇ ਉਸ ਨੂੰ ਸ਼ਰਧਾਂਜਲੀ ਦੇਣ ਦੇ ਲਈ ਦੇਸ਼ਾਂ ਵਿਦੇਸ਼ਾਂ ਵਿੱਚ ਅਨੇਕਾਂ ਸੈਮੀਨਾਰ ਤੇ ਵਿਚਾਰ ਚਰਚਾਵਾਂ ਹੋ ਰਹੀਆਂ ਹਨ । ਇਨਾਂ ਸਮਾਗਮਾਂ ਵਿੱਚ ਦੀਪ ਸਿੱਧੂ ਦੁਆਰਾ ਦਿੱਤੇ ਉਨਾਂ ਬੇਬਾਕੀ ਭਾਸ਼ਣਾਂ ਦਾ ਜ਼ਿਕਰ ਕੀਤਾ ਜਾ ਰਿਹਾ ਹੈ ਜੋ ਇੱਕ ਦੀਪ ਦੀ ਤਰਾਂ ਆਉਣ ਵਾਲੀ ਪੀੜੀ ਦੇ ਲਈ ਰੌਸ਼ਨੀ ਕਰਦੇ ਹਨ । ਇਨਾਂ ਸੈਮੀਨਾਰਾਂ ਦੌਰਾਨ ਸਿੱਖ ਪੰਥ ਦੀਆਂ ਅਨੇਕਾਂ ਸਿਰਮੌਰ ਹਸਤੀਆਂ ਨੇ ਦੀਪ ਸਿੱਧੂ ਦੁਆਰਾ ਕਹੀਆਂ ਗੱਲਾਂ ਨੂੰ ਆਪਣੇ ਵਿਚਾਰਾਂ ਰਾਹੀਂ ਪ੍ਰਗਟ ਕੀਤਾ । ਬੀਤੇ ਦਿਨੀਂ ਮਿਤੀ ੫ ਮਾਰਚ ੨੦੨੨ ਨੂੰ ਭਾਈ ਸੰਦੀਪ (ਦੀਪ ਸਿੱਧੂ )ਸਿੰਘ ਜੀ ਦੀ ਯਾਦ ਵਿੱਚ ਦੀਵਾਨ ਹਾਲ, ਟਿੱਲਾ ਬਾਬਾ ਸ਼ੇਖ ਫ਼ਰੀਦ ਜੀ, ਜ਼ਿਲਾ ਫ਼ਰੀਦਕੋਟ ਵਿੱਚ ਇੱਕ ਵਿਸ਼ੇਸ਼ ਵਿਚਾਰ ਚਰਚਾ ਕਰਵਾਈ ਗਈ। ਜਿਸ ਦੇ ਮੁੱਖ ਬੁਲਾਰੇ ਸਰਦਾਰ ਅਜਮੇਰ ਸਿੰਘ (ਸਿੱਖ ਚਿੰਤਕ) ਸਨ । ਇਸ ਚਰਚਾ ਦਾ ਮੁੱਖ ਵਿਸ਼ਾ ਕੌਮੀ ਹੋਂਦ ਅਤੇ ਪੰਥਕ ਸਿਆਸਤ (ਚੁਣੌਤੀਆਂ ਅਤੇ ਸੰਭਾਵਨਾਵਾਂ ) ਸੀ । ਇਸ ਵਿਚਾਰ ਚਰਚਾ ਦੇ ਦੌਰਾਨ ਜਿੱਥੇ ਸਰਦਾਰ ਅਜਮੇਰ ਸਿੰਘ ਜੀ ਨੇ ਦੀਪ ਸਿੱਧੂ ਦੀ ਕਹੀ ਕੌਮੀ ਹੋਂਦ ਦੀ ਗੱਲ ਨੂੰ ਸਪਸ਼ਟ ਰੂਪ ਦੇ ਵਿੱਚ ਦੱਸਿਆ ਉੱਥੇ ਹੀ ਦੀਪ ਸਿੱਧੂ ਦਾ ਉਹ ਦਰਦ ਬਿਆਨ ਕੀਤਾ ਜੋ ਕਿਸਾਨੀ ਅੰਦੋਲਨ ਦੇ ਸਮੇਂ ਉਸ ਨੂੰ ਪੰਜਾਬੀਆਂ ਵੱਲੋਂ ਮਿਲਿਆ ਸੀ । ਇਸ ਦਰਦ ਨੂੰ ਬਿਆਨ ਕਰਨ ਵੇਲੇ ਉਨਾਂ ਦੀਆਂ ਅੱਖਾਂ ਨਮ ਹੋ ਗਈਆਂ ਤੇ ਭਰੇ ਮਨ ਵਿੱਚ ਉਨਾਂ ਨੇ ਕਿਹਾ ਕਿ "ਦੀਪ ਸਿੱਧੂ ਦੀ ਉਹ ਵੀਡੀਓ ਜਿਸ ਵਿੱਚ ਉਸ ਨੇ ਕਿਹਾ ਸੀ ਕਿ ਪੰਜਾਬੀਓ ਤੁਹਾਨੂੰ ਦੇਖ ਲਿਆ ਕੀ ਤੁਸੀਂ ਕਿੰਨਾ ਕੁ ਮੁੱਲ ਪਾਇਆ" ਇਹ ਸ਼ਬਦਾਂ ਨੂੰ ਸੁਣ ਕੇ ਅੱਖਾਂ ਹੰਝੂਆਂ ਦੇ ਵਹਾਅ ਨੂੰ ਰੋਕ ਨਾ ਸਕੀਆਂ । ਐਨੇ ਸੰਕਟ ਦੇ ਵਿੱਚ ਹੁੰਦੇ ਹੋਏ ਵੀ ਦੀਪ ਓਥੇ ਨਹੀਂ ਰੁਕਿਆ ਉਹ ਫੇਰ ਵੀ ਆਪਣਾ ਸਪਸ਼ਟੀਕਰਨ ਦਿੰਦਾ ਰਿਹਾ ਤੇ ਕੌਮ ਦੇ ਲਈ ਸਦਾ ਲੜਦਾ ਰਿਹਾ । ਸਰਦਾਰ ਅਜਮੇਰ ਸਿੰਘ ਜੀ ਨੇ ਅੱਗੇ ਕੌਮੀ ਹੋਂਦ ਦੇ ਸ਼ਬਦ ਦੀ ਵਿਆਖਿਆ ਕਰਦੇ ਹੋਏ ਦੱਸਿਆ ਕਿ ਕੌਮੀ ਹੋਂਦ, ਕੌਮ ਦੀ ਉਹ ਵਿਸ਼ੇਸ਼ਤਾ ਜਾਂ ਗੁਣ ਹੈ ਜਿਸ ਨੂੰ ਅਸੀਂ ਬਚਾਉਣ ਦੀ ਗੱਲ ਕਰਦੇ ਹਾਂ। ਕਹਿਣ ਤੋਂ ਭਾਵ ਸਿੱਖ ਪੰਥ ਦੇ ਇਤਿਹਾਸ ਦਾ ਉਹ ਨਿਆਰਾਪਨ ਜਿਸ ਵਿੱਚ ਸੂਰਬੀਰਤਾ ਤੇ ਨਾਇਕਤਵ ਦੇ ਵਿਸ਼ੇਸ਼ ਗੁਣ ਹਨ ।

ਦੀਪ ਸਿੱਧੂ ਦੀ ਅੰਤਿਮ ਅਰਦਾਸ ਮੌਕੇ ਸ੍ਰੀ ਫ਼ਤਹਿਗੜ ਸਾਹਿਬ ਵਿਖੇ ਜੋ ਸ਼ਰਧਾਂਜਲੀ ਸਮਾਗਮ ਹੋਇਆ ਸੀ ਉਸ ਵਿੱਚ ਵੀ ਦੀਪ ਸਿੱਧੂ ਦੀਆਂ ਕਹੀਆਂ ਉਨਾਂ ਗੱਲਾਂ ਨੂੰ ਯਾਦ ਕੀਤਾ ਗਿਆ ਜੋ ਉਸ ਨੂੰ ਵਿਲੱਖਣਤਾ ਪ੍ਰਦਾਨ ਕਰਦੀਆਂ ਸਨ। ਸਿੱਖ ਚਿੰਤਕ ਸਰਦਾਰ ਅਜਮੇਰ ਸਿੰਘ ਦਾ ਜੋ ਸਿੱਖ ਕੌਮ ਦੇ ਪ੍ਰਤੀ ਦਰਦ ਹੈ ਉਹ ਉਨਾਂ ਦੀਆਂ ਲਿਖਤਾਂ ਅਤੇ ਭਾਸ਼ਣਾਂ ਵਿੱਚੋਂ ਸਾਫ਼ ਝਲਕਦਾ ਹੈ ਇਹੀ ਅਸਲ ਕਾਰਨ ਹੈ ਕਿ ਉਹ ਕੌਮ ਦੇ ਪ੍ਰਤੀ ਦਰਦ ਰੱਖਣ ਵਾਲੇ ਇਨਸਾਨ ਨੂੰ ਕੌਮ ਦਾ ਹੀਰਾ ਮੰਨਦੇ ਹਨ ।

# ਬੀਬੀ ਖਾਲੜਾ ਜੀ ਵੱਲੋਂ ਭਾਈ ਜਸਵੰਤ ਸਿੰਘ ਜੀ ਖਾਲੜਾ 'ਤੇ ਬਣਾਈ ਜਾ ਰਹੀ ਫ਼ਿਲਮ 'ਤੇ ਦਿੱਤਾ ਸਪਸ਼ਟੀਕਰਨ

## ਦਿਲਜੀਤ ਦੋਸਾਂਝ ਵੱਲੋਂ ਬਣਾਈ ਜਾ ਰਹੀ ਇਸ ਫ਼ਿਲਮ ਦੀ ਪਰਿਵਾਰ ਨੇ ਕੀਤੀ ਸ਼ਲਾਘਾ








ਚੰਡੀਗੜ: ਬੀਤੇ ਦਿਨੀਂ ਖਾਲੜਾ ਮਿਸ਼ਨ ਨਾਲ਼ ਲੰਬੇ ਵਿਚਾਰ ਵਟਾਂਦਰੇ ਤੋਂ ਬਾਅਦ ਪ੍ਰਬੰਧਕਾਂ ਨੇ ਫ਼ਿਲਮ ਦੀ ਸ਼ੂਟਿੰਗ ਉੱਤੇ ਰੋਕ ਲਾ ਦਿੱਤੀ ਸੀ । ਇਸ ਮੌਕੇ ਖਾਲੜਾ ਮਿਸ਼ਨ ਨੇ ਕਿਹਾ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਮਰ ਸ਼ਹੀਦਾਂ ਬਾਰੇ ਬਣ ਰਹੀਆਂ ਫ਼ਿਲਮਾਂ 'ਤੇ ਰੋਕ ਲੱਗਣੀ ਚਾਹੀਦੀ। ਇਨਾਂ ਸਾਰੇ ਵਿਵਾਦਾਂ ਤੋਂ ਬਾਅਦ ਬੀਬੀ ਪਰਮਜੀਤ ਕੌਰ ਖਾਲੜਾ ਜੀ ਨੇ ਆਪਣਾ ਸਪਸ਼ਟੀਕਰਨ ਲਿਖਤੀ ਰੂਪ ਵਿੱਚ ਸੋਸ਼ਲ ਮੀਡੀਆ ਉੱਤੇ ਸਾਂਝਾ ਕੀਤਾ । ਜਿਸ ਵਿੱਚ ਖਾਲੜਾ ਪਰਿਵਾਰ ਨੇ ਇਹ ਫ਼ਿਲਮ ਬਣਾਉਣ ਦੀ ਆਗਿਆ ਹਨੀ ਤਹਰੇਨ ਦੀ ਟੀਮ ਨੂੰ ਦੇ ਦਿੱਤੀ ਹੈ ਜਿਸ ਦਾ ਦਲਜੀਤ ਦੋਸਾਂਝ ਵੀ ਹਿੱਸਾ ਹਨ । ਦਿਲਜੀਤ ਦੋਸਾਂਝ ਵੱਲੋਂ ਸਾਂਝੀ ਕੀਤੀ ਗਈ ਇਸ ਪੋਸਟ 'ਚ ਖਾਲੜਾ ਪਰਿਵਾਰ ਨੇ ਸਪਸ਼ਟ ਕੀਤਾ ਹੈ ਕਿ ਖਾਲੜਾ ਮਿਸ਼ਨ ਜੱਥੇਬੰਦੀ ਇਸ ਫ਼ਿਲਮ 'ਚ ਸ਼ਾਮਿਲ ਨਹੀਂ ਹੈ ਅਤੇ ਪਰਿਵਾਰ ਦੀ ਸ਼ਮੂਲੀਅਤ ਕਹਾਣੀ ਨੂੰ ਪੜ ਕੇ ਰਾਇ ਦੇਣ ਦੀ ਹੈ । ਇਸ ਤੋਂ ਇਲਾਵਾ ਇਹ ਵੀ ਸਾਫ਼ ਕੀਤਾ ਗਿਆ ਹੈ ਕਿ ਫ਼ਿਲਮ 'ਚ ਜੇਕਰ ਕਿਸੇ ਵੀ ਤਰਾਂ ਦੀਆਂ ਕਮੀਆਂ ਨਜ਼ਰ ਆਈਆਂ ਤਾਂ ਇਸ ਨੂੰ ਬਣਾਉਣ ਤੋਂ ਮਨਾਂ ਵੀ ਕੀਤਾ ਜਾ ਸਕਦਾ ਹੈ ।

ਬਾਕੀ ਸਫ਼ਾ 30 'ਤੇ

# ਸ਼ਿਕਾਗੋਲੈਂਡ ਵਿੱਚ ਮਾਂ ਬੋਲੀ ਪੰਜਾਬੀ ਨੂੰ ਸਮਰਪਿਤ ਮਾਤ ਭਾਸ਼ਾ ਦਿਵਸ ਮਨਾਇਆ

**ਨਿਊਯਾਰਕ/ਸ਼ਿਕਾਗੋ/ਰਾਜ ਗੋਗਨਾ/ਕੁਲਜੀਤ ਦਿਆਲਪੁਰੀ :-** ਬੀਤੇ ਦਿਨੀਂ ਸ਼ਿਕਾਗੋਲੈਂਡ ਵਿੱਚ ਮਾਂ ਬੋਲੀ ਪੰਜਾਬੀ ਨੂੰ ਸਮਰਪਿਤ ਮਨਾਏ ਗਏ ਮਾਤ ਭਾਸ਼ਾ ਦਿਵਸ ਮੌਕੇ ਪਹੁੰਚੇ ਪੰਜਾਬੀ ਬੋਲੀ ਪ੍ਰਤੀ ਸੁਹਿਰਦ ਪਤਵੰਤੇ ਸੱਜਣਾਂ ਨੇ ਆਪੋ ਆਪਣੀਆਂ ਤਕਰੀਰਾਂ ਵਿੱਚ ਜਿੱਥੇ ਪੰਜਾਬੀ ਬੋਲੀ ਦੀ ਚੜਦੀ ਕਲਾ ਦੀ ਕਾਮਨਾ ਕੀਤੀ, ਉੱਥੇ ਇਹ ਵਿਚਾਰ ਵੀ ਪ੍ਰਗਟਾਏ ਕਿ ਜੇ ਦੇਸ-ਪਰਦੇਸ ਵਿੱਚ ਰਹਿੰਦੇ ਪੰਜਾਬੀ ਭਾਈਚਾਰੇ ਦੇ ਸਾਰੇ ਲੋਕ ਆਪੋ-ਆਪਣੇ ਘਰਾਂ ਵਿੱਚ ਪੰਜਾਬੀ ਬੋਲਣ-ਪੜਨ ਨੂੰ ਤਰਜੀਹ ਦਿੰਦੇ ਰਹਿਣ ਤਾਂ ਇਹ ਪੀੜੀਓ-ਪੀੜੀ ਪ੍ਰਫੁੱਲਿਤ ਹੁੰਦੀ ਰਹੇਗੀ। ਇਸ ਤੋਂ ਇਲਾਵਾ ਬੁਲਾਰਿਆਂ ਨੇ ਪੰਜਾਬੀ ਦੇ ਇਤਿਹਾਸ, ਇਸ ਵਿੱਚ ਹੋਰ ਭਾਸ਼ਾਵਾਂ ਦੇ ਰਲ਼ੇਵੇਂ ਅਤੇ ਵਿਦੇਸ਼ਾਂ ਵਿੱਚ ਪੰਜਾਬੀ ਨੂੰ ਤਵੱਜੋ ਦਿੱਤੇ ਜਾਣ ਉੱਤੇ ਜਾਣਕਾਰੀ ਤਾਂ ਸਾਂਝੀ ਕੀਤੀ ਹੀ, ਪਰ ਪੰਜਾਬ ਦੇ ਸਕੂਲਾਂ ਤੇ ਸਰਕਾਰੀ ਦਫ਼ਤਰਾਂ ਵਿੱਚ ਪੰਜਾਬੀ ਪ੍ਰਤੀ ਅਪਣਾਈ ਜਾ ਰਹੀ ਨਾਂਹ-ਪੱਖੀ ਪਹੁੰਚ ਉੱਤੇ ਰੋਸ ਵੀ ਪ੍ਰਗਟਾਇਆ।

ਪ੍ਰੋਗਰਾਮ ਦੇ ਪ੍ਰਬੰਧਕਾਂ ਵਿੱਚੋਂ ਇੱਕ ਅਤੇ ਮੰਚ ਸੰਚਾਲਨ ਦੀ ਸੇਵਾ ਨਿਭਾਅ ਰਹੇ ਡਾ. ਹਰਜਿੰਦਰ ਸਿੰਘ ਖਹਿਰਾ ਨੇ ਮੁੱਖ ਮਹਿਮਾਨ ਸ਼ਿਕਾਗੋ ਵਿੱਚ ਭਾਰਤੀ ਕੌਂਸਲ ਜਨਰਲ ਸ੍ਰੀ ਅਮਿਤ ਕੁਮਾਰ ਨਾਲ਼ ਤੁਆਰਫ਼ ਕਰਵਾਇਆ ਅਤੇ ਉਨਾਂ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਉਨਾਂ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਹਾਫ਼ਮੈਨ ਐਸਟੇਟ ਅਤੇ ਹੈਨੋਵਰ ਪਾਰਕ ਕੇ ਮੇਅਰਾਂ-ਵਿਲੀਅਮ ਮੈਕਲਾਓਡ ਤੇ ਰੋਡਨੀ ਕਰੈਗ ਦਾ ਵੀ ਸਮਾਗਮ ਵਿੱਚ ਸ਼ਿਰਕਤ ਕਰਨ ਲਈ ਧੰਨਵਾਦ ਕੀਤਾ। ਇਨਾਂ ਮੇਅਰਾਂ ਨੇ ਸੰਬੋਧਨ ਵੀ ਕੀਤਾ ਅਤੇ ਅਮਰੀਕਾ ਵਿੱਚ ਬਹੁਰੰਗੀ ਸੱਭਿਆਚਾਰ ਪ੍ਰਤੀ ਹਾਂ-ਪੱਖੀ ਨਜ਼ਰੀਆ ਰੱਖਦਿਆਂ ਮਾਤ ਭਾਸ਼ਾ ਦਿਵਸ ਸੰਬੰਧੀ ਇਸ ਪ੍ਰੋਗਰਾਮ ਦੀ ਪ੍ਰਬੰਧਕਾਂ ਨੂੰ ਵਧਾਈ ਦਿੱਤੀ।

ਇਸ ਮੌਕੇ ਬੋਲਦਿਆਂ ਕੌਂਸਲ ਜਨਰਲ ਸ੍ਰੀ ਅਮਿਤ ਕੁਮਾਰ ਨੇ ਇਸ ਪ੍ਰੋਗਰਾਮ ਲਈ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ ਅਤੇ ਵਿਸ਼ੇਸ਼ ਤੌਰ 'ਤੇ ਉਨਾਂ ਵੱਲੋਂ ਨੌਜਵਾਨ ਪੀੜੀ ਨੂੰ ਇਸ ਯਤਨ ਵਿੱਚ ਸ਼ਾਮਲ ਕਰਨ ਤੇ ਉਨਾਂ ਨੂੰ ਆਪਣੀਆਂ ਸੱਭਿਆਚਾਰਕ ਜੜਾਂ ਨਾਲ਼ ਜੋੜਨ ਲਈ ਕੀਤੀ ਪਹਿਲਕਦਮੀ ਨੂੰ ਵੀ ਸਰਾਹਿਆ। ਉਨਾਂ ਕਿਹਾ ਕਿ ਅਗਸਤ 2020 ਵਿੱਚ ਜਾਰੀ ਕੀਤੀ ਗਈ ਰਾਸ਼ਟਰੀ ਸਿੱਖਿਆ ਨੀਤੀ ਵਿੱਚ ਹੋਰ ਭਾਸ਼ਾਵਾਂ ਦੇ ਨਾਲ਼-ਨਾਲ਼ ਮਾਤ ਭਾਸ਼ਾ ਵਿੱਚ ਸਿੱਖਿਆ 'ਤੇ ਜ਼ੋਰ ਦਿੱਤਾ ਗਿਆ ਹੈ। ਵਿਗਿਆਨ ਅਤੇ ਤਕਨਾਲ਼ੋਜੀ ਵਿਭਾਗ ਵੱਖ-ਵੱਖ ਸਰਕਾਰੀ ਭਾਸ਼ਾਵਾਂ ਵਿੱਚ ਉਚ ਗੁਣਵੱਤਾ ਵਾਲੀ ਸਿੱਖਿਆ ਸਮੱਗਰੀ ਦਾ ਅਨੁਵਾਦ ਕਰਨ ਲਈ ਕੁਦਰਤੀ ਭਾਸ਼ਾ ਪ੍ਰੋਸੈਸਿੰਗ ਐਲਗੋਰਿਦਮ ਦੀ ਵਰਤੋਂ ਕਰਦੇ ਹੋਏ ਤਕਨਾਲ਼ੋਜੀ ਦਾ ਲਾਭ ਉਠਾਉਣ ਲਈ ਕੰਮ ਕਰ ਰਿਹਾ ਹੈ। ਉਨਾਂ ਭਾਰਤ ਦੇ ਲੋਕਾਂ ਨੂੰ 22 ਸਰਕਾਰੀ ਭਾਸ਼ਾਵਾਂ ਵਿੱਚ ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੀ ਗੱਲਬਾਤ ਦੇ ਬੁਨਿਆਦੀ ਵਾਕਾਂ ਨੂੰ ਸਿੱਖਣ ਦੇ ਯੋਗ ਬਣਾਉਣ ਲਈ ਸਿੱਖਿਆ ਮੰਤਰਾਲੇ ਦੁਆਰਾ ਲਿਆਂਦੀ ਗਈ ਭਾਸ਼ਾ ਸੰਗਮ ਐਪ ਵੱਲ ਵੀ ਧਿਆਨ ਖਿੱਚਿਆ।

ਇਸ ਮੌਕੇ ਯੂਨੀਵਰਸਿਟੀ ਆਫ਼ ਮਿਸ਼ੀਗਨ ਵਿੱਚ ਪੰਜਾਬੀ ਦੇ ਪ੍ਰੋਫ਼ੈਸਰ ਡਾ. ਉਪਿੰਦਰਜੀਤ ਕੌਰ ਗਿੱਲ ਨੇ ਪਾਵਰ ਪੁਆਇੰਟ ਪੇਸ਼ਕਾਰੀ ਰਾਹੀਂ ਦੱਸਿਆ ਕਿ ਪੰਜਾਬੀ ਸਿਰਫ਼ ਪੰਜਾਬ ਤੱਕ ਹੀ ਸੀਮਤ ਨਹੀਂ, ਇਹ ਹੁਣ ਤੀਹ ਤੋਂ ਵੱਧ ਮੁਲਕਾਂ ਵਿੱਚ ਬੋਲੀ ਜਾਂਦੀ ਹੈ। ਪੰਜਾਬੀ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਵਾਣੀ ਜਾ ਚੁੱਕੀ ਹੈ ਅਤੇ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 13 ਕਰੋੜ ਤੋਂ ਵੀ ਵਧ ਚੁੱਕੀ ਹੈ। ਉਨਾਂ ਕਿਹਾ ਕਿ ਸਾਨੂੰ ਮਾਣ ਹੋਣਾ ਚਾਹੀਦਾ ਹੈ ਕਿ ਪੰਜਾਬੀ ਕਈ ਮੁਲਕਾਂ ਦੀਆਂ ਯੂਨੀਵਰਸਿਟੀਆਂ ਵਿੱਚ ਵੀ ਪੜਾਈ ਜਾ ਰਹੀ ਹੈ। ਅਮਰੀਕਾ ਦੀਆਂ ਕਰੀਬ 11 ਯੂਨੀਵਰਸਿਟੀਆਂ ਵਿੱਚ ਪੰਜਾਬੀ ਪੜਾਈ ਜਾ ਰਹੀ ਹੈ। ਆਕਸਫ਼ੋਰਡ ਯੂਨੀਵਰਸਿਟੀ ਨੇ ਵੀ ਪੰਜਾਬੀ ਦੇ ਕਈ ਸ਼ਬਦ ਅਪਣਾਏ ਹਨ।

ਪ੍ਰੋਫ਼ੈਸਰ ਗਿੱਲ ਨੇ ਕਿਹਾ ਕਿ ਜੇ ਅਸੀਂ ਆਪਣੇ ਬੱਚਿਆਂ ਨੂੰ ਆਪਣੇ ਵਿਰਸੇ, ਆਪਣੀਆਂ ਜੜਾਂ ਨਾਲ਼ ਜੋੜਨਾ ਚਾਹੁੰਦੇ ਹਾਂ ਤਾਂ ਇਹ ਭਾਸ਼ਾ ਤੋਂ ਬਿਨਾ ਸੰਭਵ ਨਹੀਂ ਹੈ। ਉਨਾਂ ਇੱਥੋਂ ਦੇ ਵਿਦਿਆਰਥੀਆਂ ਨਾਲ਼ ਪੰਜਾਬੀ ਬੋਲੀ ਪ੍ਰਤੀ ਤਜਰਬੇ ਦੀ ਸਾਂਝ ਵੀ ਪਾਈ। ਪਰ ਉਨਾਂ ਦੀ ਤਕਰੀਰ ਲੰਮੀ ਹੋ ਜਾਣ ਕਾਰਨ ਤੇ ਸਮੇਂ ਨੂੰ ਧਿਆਨ ਵਿੱਚ ਰੱਖਦਿਆਂ ਵਿਚਾਲੇ ਹੀ ਰੋਕਣਾ ਪੈ ਗਿਆ।

ਯੂਟਾ ਤੋਂ ਉਚੇਚਾ ਪਹੁੰਚੇ ਸ. ਮਨਮੋਹਨ ਸਿੰਘ ਗਰੇਵਾਲ ਨੇ ਮੰਚ 'ਤੇ ਕੰਪਿਊਟਰ ਪੇਸ਼ਕਾਰੀ ਰਾਹੀਂ ਪੰਜਾਬੀ ਬੋਲੀ ਦੇ ਇਤਿਹਾਸ, ਕਿੰਨਾ ਪੁਰਾਣਾ, ਵਿਕਾਸ (ਬਦਲਾਓ) ਅਤੇ ਪੰਜਾਬੀ ਦੀਆਂ ਵੱਖ ਵੱਖ ਉਪ-ਭਾਸ਼ਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਪਰੰਤ ਉਨਾਂ ਉਪ-ਬੋਲੀਆਂ ਤੇ ਪੰਜਾਬੀ ਸ਼ਬਦਾਂ ਦੇ 'ਕਰੋ, ਨਾ ਕਰੋ' ਦਾ ਡੈਮੋ



ਦਿਖਾਇਆ ਅਤੇ ਸਮਝਾਇਆ ਕਿ ਅਸੀਂ ਹੋਰ ਭਾਸ਼ਾਵਾਂ ਤੋਂ ਸ਼ਬਦ ਕਿਵੇਂ ਲਏ ਹਨ ।

ਸ. ਗਰੇਵਾਲ ਨੇ ਅੰਗਰੇਜ਼ੀ ਅਤੇ ਹਿੰਦੀ ਦੇ ਨਾਲ਼ ਪੰਜਾਬੀ ਦੇ ਮਿਸ਼ਰਣ ਉੱਤੇ ਵੀ ਚਰਚਾ ਕੀਤੀ ਅਤੇ ਇਹ ਵੀ ਚਰਚਾ ਕੀਤੀ ਕਿ ਭਾਸ਼ਾ ਵਿਭਾਗ ਪੰਜਾਬ ਕਿਵੇਂ ਢਹਿ-ਢੇਰੀ ਹੋ ਰਿਹਾ ਹੈ। ਅਖ਼ੀਰ ਵਿੱਚ ਉਨਾਂ ਸੁਝਾਅ ਪੇਸ਼ ਕੀਤੇ ਕਿ ਮਾਂ ਬੋਲੀ ਪੰਜਾਬੀ ਨੂੰ ਕਿਵੇਂ ਸੁਰੱਖਿਅਤ ਕਰਨਾ ਹੈ ਅਤੇ ਉਸ ਲਈ ਕੀ-ਕੀ ਕਦਮ ਚੁੱਕੇ ਜਾਣੇ ਚਾਹੀਦੇ ਹਨ।

ਉੱਘੇ ਕਾਲਮਨਵੀਸ ਤੇ ਲੇਖਕ ਐੱਸ. ਅਸ਼ੋਕ ਭੌਰਾ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਕਿਸੇ ਵੀ ਤਰਾਂ ਦੇ ਸਾਹਿਤ ਜਾਂ ਰਚਨਾ ਦਾ ਰਚਿਆ ਜਾਣਾ ਤਾਂ ਹੀ ਸਾਰਥਕ ਹੈ, ਜੇ ਪਾਠਕ ਉਸ ਨੂੰ ਪੜ ਕੇ ਸਮਝ ਸਕਣ ਅਤੇ ਜੋ ਸਮਾਜ ਨੂੰ ਕੋਈ ਸੁਨੇਹਾ ਵੀ ਦਿੰਦਾ ਹੋਵੇ। ਉਹ ਹੀ ਗੱਲ ਅਸਰਦਾਇਕ ਤੇ ਭਾਵਪੂਰਤ ਹੁੰਦੀ ਹੈ, ਜਿਸ ਵਿੱਚ ਭਾਵਾਂ ਦੀ ਅਥਾਹ ਸਮਰੱਥਾ ਹੋਵੇ-ਉਹ ਗੱਲ ਭਾਵੇਂ ਦੋ-ਹਰਫ਼ੀ ਹੀ ਕਿਉਂ ਨਾ ਹੋਵੇ; ਜ਼ਰੂਰੀ ਨਹੀਂ ਕਿ ਲੰਮੇ-ਲੰਮੇ ਲੇਖ ਜਾਂ ਭਾਸ਼ਣਾਂ ਦਾ ਸਹਾਰਾ ਲਿਆ ਜਾਵੇ, ਅਸਲ ਮੁੱਦਾ ਗੱਲ ਕਹਿਣ ਤੇ ਪਾਠਕਾਂ ਦੇ ਮਨ ਵਿੱਚ ਉਤਰਨ ਦਾ ਹੋਣਾ ਚਾਹੀਦਾ ਹੈ।

ਇਸੇ ਦੌਰਾਨ ਉਨਾਂ 'ਭਲਾਈ ਦਾ ਜ਼ਮਾਨਾ ਨਹੀਂ' ਵਾਰਤਾ ਸੁਣਾ ਕੇ ਸਭ ਨੂੰ ਹੱਸਣ ਲਈ ਮਜਬੂਰ ਕਰ ਦਿੱਤਾ। ਜ਼ਿਕਰਯੋਗ ਹੈ ਕਿ ਸ੍ਰੀ ਭੌਰਾ ਦੀ ਲਿਖਣ-ਉਮਰ ਕਰੀਬ 45 ਸਾਲ ਹੋ ਗਈ ਹੈ ਅਤੇ ਉਨਾਂ ਇਸ ਅਰਸੇ ਦੌਰਾਨ ਕਈ ਪੁਸਤਕਾਂ ਪਾਠਕਾਂ ਦੀ ਝੋਲੀ ਪਾਈਆਂ ਹਨ।

ਪ੍ਰਬੁੱਧ ਲੇਖਕ ਡਾ. ਗੁਰਬਖ਼ਸ਼ ਸਿੰਘ ਭੰਡਾਲ ਨੇ ਕਿਹਾ ਕਿ ਸਾਨੂੰ ਘਰਾਂ ਵਿੱਚ ਬੱਚਿਆਂ ਨਾਲ਼ ਪੰਜਾਬੀ ਜ਼ਰੂਰ ਬੋਲਣੀ ਚਾਹੀਦੀ ਹੈ ਤਾਂ ਜੋ ਉਨਾਂ ਵਿੱਚ ਆਪਣੇ ਪੁਰਖਿਆਂ ਦੀ ਮਾਂ-ਬੋਲੀ ਪ੍ਰਤੀ ਵੀ ਲਗਾਓ ਪੈਦਾ ਹੋਵੇ। ਉਨਾਂ ਸਵਾਲ ਕੀਤਾ ਕਿ ਜੇ ਅਸੀਂ ਇੱਥੇ ਜੰਮੇ ਆਪਣੇ ਬੱਚਿਆਂ ਨਾਲ਼ ਆਪ ਹੀ ਪੰਜਾਬੀ ਨਾ ਬੋਲੀ ਤਾਂ ਉਹ ਸਿੱਖਣਗੇ ਕਿਵੇਂ ?

ਕਵਿਤਰੀ ਲਖਵਿੰਦਰ ਕੌਰ ਲੱਕੀ ਨੇ ਪੰਜਾਬੀ ਬੋਲੀ ਨੂੰ ਸਮਰਪਿਤ ਆਪਣੀਆਂ ਸਤਰਾਂ 'ਇਹ ਨਾਨਕ ਦੀ ਹਾਣੀ ਹੈ, ਸਦੀਆਂ ਤੋਂ ਪਟਰਾਣੀ ਹੈ' ਨਾਲ਼ ਸ਼ੁਰੂਆਤ ਕਰਦਿਆਂ ਆਪਣੀ ਇੱਕ ਬਹੁਤ ਹੀ ਸੰਜੀਦਾ ਤੇ ਅਰਥ-ਭਰਪੂਰ ਨਜ਼ਮ ਪੇਸ਼ ਕੀਤੀ। ਉੱਤੋਂ ਸੋਨੇ 'ਤੇ ਸੁਹਾਗਾ ਇਹ ਸੀ ਕਿ ਉਨਾਂ ਇਸ ਨਜ਼ਮ ਨੂੰ ਤਰੰਨਮ ਵਿੱਚ ਗਾ ਕੇ ਸਰੋਤਿਆਂ ਦਾ ਧਿਆਨ ਖਿੱਚਿਆ। ਹਾਲਾਂਕਿ ਰਚਨਾ ਕੁਝ ਵਧੇਰੇ ਲੰਮੀ ਹੋ ਗਈ ਸੀ, ਪਰ ਇਸ ਦੀ ਬਣਤਰ ਤੇ ਇਸ ਅੰਦਰ ਭਰੇ ਅਹਿਸਾਸ ਦੀ ਜੁਗਲਬੰਦੀ ਕਾਰਨ ਸਰੋਤਿਆਂ ਨੂੰ ਰਸ ਆਉਂਦਾ ਰਿਹਾ।

ਟੈਲ ਸਿਟੀ (ਇੰਡੀਆਨਾ) ਤੋਂ ਆਈ ਕਵਿਤਰੀ ਰਾਕਿੰਦ ਕੌਰ ਨੇ ਆਪਣੀਆਂ ਦੋ ਕਵਿਤਾਵਾਂ ਪੜੀਆਂ। ਪਹਿਲੀ ਕਵਿਤਾ 'ਬੋਲੀ' ਅਤੇ ਦੂਜੀ ਕਵਿਤਾ 'ਮੇਰੇ ਵੱਡ-ਵਡੇਰੇ', ਜੋ ਕਿ ਪੰਜਾਬੀ ਦੇ ਨਾਮੀ ਕਵੀਆਂ-ਭਾਈ ਵੀਰ ਸਿੰਘ, ਧਨੀ ਰਾਮ ਚਾਤ੍ਰਿਕ, ਪ੍ਰੋ. ਮੋਹਨ ਸਿੰਘ ਤੇ ਵਿਧਾਤਾ ਸਿੰਘ ਤੀਰ ਨੂੰ ਸਮਰਪਿਤ ਸੀ। ਇਸ ਤੋਂ ਇਲਾਵਾ ਉਨਾਂ ਨੇ 14ਵੀਂ ਸਦੀ ਦੀ ਕਸ਼ਮੀਰ ਦੀ ਕਵਿਤਰੀ ਲੱਲੀ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਅਤੇ ਕਿਹਾ ਕਿ ਉਸ ਨੇ ਉਦੋਂ ਕਵਿਤਾ ਰਚੀ, ਜਿਸ ਜ਼ਮਾਨੇ ਵਿੱਚ ਔਰਤਾਂ ਨੂੰ ਸਮਾਜਿਕ ਤੌਰ 'ਤੇ ਕੋਈ ਹੱਕ ਵੀ ਪ੍ਰਾਪਤ ਨਹੀਂ ਸੀ।

'ਜਸ ਪੰਜਾਬੀ' ਦੀ ਨੁਮਾਇੰਦਾ ਪੈਨੀ ਸੰਧੂ ਨੇ ਜਦੋਂ ਆਪਣੀ ਤਕਰੀਰ ਪੰਜਾਬੀ ਦੀ ਥਾਂ ਅੰਗਰੇਜ਼ੀ ਵਿੱਚ ਹੀ ਸ਼ੁਰੂ ਕਰ ਦਿੱਤੀ ਤਾਂ ਹਾਜ਼ਰੀਨ ਵਿੱਚੋਂ ਆਵਾਜ਼ ਆਈ, 'ਪੰਜਾਬੀ ਵਿੱਚ ਬੋਲੋ' ਫਿਰ ਉਸ ਨੇ ਇੱਕ-ਦੋ ਸ਼ਬਦ ਪੰਜਾਬੀ ਵਿੱਚ ਬੋਲੇ, ਪਰ ਉਸ ਦੀ ਜ਼ੁਬਾਨ 'ਚੋਂ ਅੰਗਰੇਜ਼ੀ ਆਪ-ਮੁਹਾਰੇ ਨਿਕਲਦੀ ਰਹੀ। ਲੱਗ ਰਿਹਾ ਸੀ ਕਿ ਉਹ ਕਿਸੇ ਪੰਜਾਬੀ ਚੈਨਲ ਦੀ ਨੁਮਾਇੰਦਾ ਨਾ ਹੋ ਕੇ ਕਿਸੇ 'ਜੱਸ ਅੰਗਰੇਜ਼ੀ' ਦੀ ਨੁਮਾਇੰਦਾ ਹੋਵੇ ।

ਬਾਕੀ ਸਫ਼ਾ 27 'ਤੇ

# ਮਨੁੱਖੀ ਅਧਿਕਾਰ ਮਾਹਿਰ ਨੇ ਕਿਹਾ ਅਮਰੀਕਾ ਵਿੱਚ 'ਸਿੱਖਾਂ' ਵਿਰੁੱਧ ਨਸਲਵਾਦ 'ਚ ਹੋਇਆ ਵਾਧਾ

**ਵਾਸ਼ਿੰਗਟਨ/ਏ.ਟੀ.ਨਿਊਜ਼:-** ਉੱਘੀ ਮਨੁੱਖੀ ਅਧਿਕਾਰ ਮਾਹਿਰ ਅੰਮ੍ਰਿਤ ਕੌਰ ਆਕਰੇ ਨੇ ਅਮਰੀਕੀ ਸੰਸਦ ਮੈਂਬਰਾਂ ਨੂੰ ਦੱਸਿਆ ਕਿ ਅਮਰੀਕਾ ਵਿੱਚ ਸਿੱਖ ਭਾਈਚਾਰੇ ਵਿਰੁੱਧ ਧਾਰਮਿਕ ਵਿਤਕਰਾ ਅਤੇ ਨਫ਼ਰਤੀ ਅਪਰਾਧਾਂ ਵਿੱਚ ਹਾਲ ਹੀ ਦੇ ਸਾਲਾਂ ਵਿੱਚ ਵਾਧਾ ਹੋਇਆ ਹੈ। ਨਾਲ਼ ਹੀ ਉਹਨਾਂ ਨੇ ਪ੍ਰਸ਼ਾਸਨ ਅਤੇ ਅਮਰੀਕੀ ਕਾਂਗਰਸ ਨੂੰ ਇਸ ਨੂੰ ਖ਼ਤਮ ਕਰਨ ਲਈ ਕਦਮ ਚੁੱਕਣ ਦੀ ਅਪੀਲ ਕੀਤੀ। ਆਕਰੇ ਨੇ ਵਿਤਕਰੇ ਅਤੇ ਨਾਗਰਿਕ ਅਧਿਕਾਰਾਂ ਬਾਰੇ ਹਾਲ ਹੀ ਵਿੱਚ ਕਾਂਗਰਸ ਦੀ ਸੁਣਵਾਈ ਦੌਰਾਨ ਸੰਵਿਧਾਨ, ਨਾਗਰਿਕ ਅਧਿਕਾਰਾਂ ਅਤੇ ਨਾਗਰਿਕ ਸੁਤੰਤਰਤਾਵਾਂ ਬਾਰੇ ਸਦਨ ਦੀ ਨਿਆਂਇਕ ਉਪ ਕਮੇਟੀ ਦੇ ਮੈਂਬਰਾਂ ਨੂੰ ਇਹ ਜਾਣਕਾਰੀ ਦਿੱਤੀ।

ਆਕਰੇ ਸਿੱਖ ਐਡਵੋਕੇਸੀ ਗਰੁੱਪ ਸਿੱਖ ਕੋਲੀਸ਼ਨ ਲਈ ਕਾਨੂੰਨੀ ਮਾਮਲਿਆਂ ਦੇ ਡਾਇਰੈਕਟਰ ਹਨ। ਉਹਨਾਂ ਨੇ ਕਿਹਾ ਕਿ ਸਰਕਾਰੀ ਨੀਤੀਆਂ ਅਤੇ ਕਾਨੂੰਨਾਂ ਦੀ ਪੱਖਪਾਤੀ ਵਿਆਖਿਆ ਜਨਤਕ ਅਤੇ ਨਿੱਜੀ ਖੇਤਰ ਦੀਆਂ ਨੌਕਰੀਆਂ ਵਿੱਚ ਸਿੱਖਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ, ਜਿਸ ਵਿੱਚ ਆਵਾਜਾਈ, ਮਨੋਰੰਜਨ, ਸਿਹਤ ਸੰਭਾਲ, ਫ਼ੌਜ ਅਤੇ ਕਾਨੂੰਨ ਲਾਗੂ ਕਰਨਾ ਸ਼ਾਮਲ ਹੈ। ਉਨਾਂ ਨੇ ਕਿਹਾ ਕਿ ਅਸੀਂ ਦੇਖਿਆ ਹੈ ਕਿ ਸਿੱਖਾਂ ਨੂੰ ਕਈ ਵਾਰ ਕੰਮ ਨਾਲ਼ ਸੰਬੰਧਿਤ



ਜਾਂਚ ਲਈ ਆਪਣੇ ਵਾਲ ਕੱਟਣ ਦਾ ਹੁਕਮ ਦਿੱਤਾ ਜਾਂਦਾ ਹੈ ਭਾਵੇਂ ਕਿ ਵਿਕਲਪ ਆਸਾਨੀ ਨਾਲ਼ ਉਪਲਬਧ ਹੁੰਦਾ ਹੈ। ਆਕਰੇ ਨੇ ਕਿਹਾ ਕਿ ਸਮੇਂ-ਸਮੇਂ 'ਤੇ ਕਈ ਨੀਤੀਆਂ ਦੀ ਵਿਆਖਿਆ ਇਸ ਤਰੀਕੇ ਨਾਲ਼ ਕੀਤੀ ਜਾਂਦੀ ਹੈ ਕਿ ਘੱਟ-ਗਿਣਤੀ ਭਾਈਚਾਰਿਆਂ ਨੂੰ ਅਸਪਸ਼ਟ ਤੌਰ 'ਤੇ ਪ੍ਰਭਾਵਿਤ ਕੀਤਾ ਜਾਂਦਾ ਹੈ ਅਤੇ ਦੇਸ਼ ਦਾ ਸਿਸਟਮ ਅਜਿਹਾ ਹੋਣ ਦਿੰਦਾ ਹੈ। ਉੱਥੇ ਸੰਸਦ ਮੈਂਬਰ ਸ਼ੀਲਾ ਜੈਕਸਨ ਲੀ ਨੇ ਕਿਹਾ ਕਿ ਪੱਗ ਬੰਨਣ ਵਾਲੇ ਸਿੱਖ ਮੁੰਡਿਆਂ ਨੂੰ ਅੱਤਵਾਦੀ ਕਿਹਾ ਜਾਂਦਾ ਹੈ ਅਤੇ ਕੁੜੀਆਂ ਨੂੰ ਲੰਬੇ ਵਾਲ ਰੱਖਣ ਕਾਰਨ ਪਰੇਸ਼ਾਨ ਕੀਤਾ ਜਾਂਦਾ ਹੈ। ਅਜਿਹੇ ਕਈ ਬੱਚੇ ਹਿੰਸਾ ਦਾ ਸ਼ਿਕਾਰ ਵੀ ਹੁੰਦੇ ਹਨ। ਸਾਡੇ ਇੱਕ ਅਧਿਐਨ ਵਿੱਚ ਪਾਇਆ ਗਿਆ ਹੈ ਕਿ 50 ਪ੍ਰਤੀਸ਼ਤ ਤੋਂ ਵੱਧ ਸਿੱਖ ਬੱਚਿਆਂ ਨੂੰ ਸਕੂਲ ਵਿੱਚ ਦੂਜੇ ਵਿਦਿਆਰਥੀਆਂ ਦੁਆਰਾ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੈ। ਸੰਸਦ ਮੈਂਬਰ ਪ੍ਰਮਿਲਾ ਜੈਪਾਲ ਨੇ ਕਿਹਾ ਕਿ 9/11 ਦੇ ਹਮਲੇ ਨੇ ਅਮਰੀਕਾ ਵਿੱਚ ਮੁਸਲਮਾਨ, ਅਰਬ ਜਾਂ ਦੱਖਣੀ ਏਸ਼ੀਆਈ ਅਮਰੀਕੀ ਹੋਣ ਦਾ ਮਤਲਬ ਹਮੇਸ਼ਾ ਲਈ ਬਦਲ ਦਿੱਤਾ। ਉਨਾਂ ਕਿਹਾ ਕਿ ਉਸ ਨੂੰ ਉਮੀਦ ਹੈ ਕਿ ਇਸ ਸੁਣਵਾਈ ਤੋਂ ਬਾਅਦ ਬਹੁਤ ਸਾਰੇ ਲੋਕ 9/11 ਦੇ ਦੌਰ ਦੀਆਂ ਨੀਤੀਆਂ ਦੀ ਉਨਾਂ ਨੀਤੀਆਂ ਦੀ ਜਾਂਚ ਕਰਨ ਅਤੇ ਆਖ਼ਰਕਾਰ ਇਨਾਂ ਨੂੰ ਖ਼ਤਮ ਕਰਨ ਲਈ ਕਦਮ ਚੁੱਕਣਗੇ ਜਿਨਾਂ ਨੇ ਇਨਾਂ ਭਾਈਚਾਰਿਆਂ ਦੇ ਵਿਰੁੱਧ ਵਿਤਕਰੇ ਨੂੰ ਕਾਇਮ ਰੱਖਿਆ ਹੈ ਅਤੇ ਕਾਫ਼ੀ ਵਧਾ ਦਿੱਤਾ ਹੈ।

# ਫ਼ੰਡਾਂ ਦੀ ਘਾਟ ਕਾਰਨ ਸੁੰਦਰਤਾ ਗੁਆ ਰਿਹੈ ਅਨੰਦਪੁਰ ਸਾਹਿਬ

**ਅਨੰਦਪੁਰ ਸਾਹਿਬ/ਏ.ਟੀ.ਨਿਊਜ਼ :-** 1999 ਵਿੱਚ ਖ਼ਾਲਸਾ ਪੰਥ ਦੇ 300 ਸਾਲਾ ਸ਼ਤਾਬਦੀ ਸਮਾਗਮਾਂ ਮੌਕੇ ਪੰਜ ਪਿਆਰਿਆਂ ਦੀ ਯਾਦ ਵਿੱਚ ਬਣਾਇਆ ਗਿਆ ਪੰਜ ਪਿਆਰਾ ਪਾਰਕ ਫ਼ੰਡਾਂ ਦੀ ਘਾਟ ਕਾਰਨ ਸਰਕਾਰੀ ਅਣਦੇਖੀ ਦਾ ਸ਼ਿਕਾਰ ਬਣਿਆ ਹੋਇਆ ਹੈ। ਦੱਸਣਯੋਗ ਹੈ ਕਿ 3 ਅਪ੍ਰੈਲ 1999 ਨੂੰ ਉਸ ਸਮੇਂ ਦੇ ਕੇਂਦਰੀ ਟਰਾਂਸਪੋਰਟ ਤੇ ਵਣ ਮੰਤਰੀ ਸੁਰੇਸ਼ ਪੀ. ਪ੍ਰਭੂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਹਾਜ਼ਰੀ ਵਿੱਚ ਉਕਤ ਪਾਰਕ ਨੂੰ ਸੰਗਤਾਂ ਨੂੰ ਸਮਰਪਿਤ ਕੀਤਾ ਸੀ। ਇਸ ਤੋਂ ਬਾਅਦ ਸ੍ਰੀ ਅਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਤੇ ਇਸ ਇਤਿਹਾਸਿਕ ਪਾਰਕ ਦੀ ਸ਼ੋਭਾ ਨੂੰ ਹੋਰ ਵਧਾਉਣ ਲਈ ਕਰੀਬ 22 ਲੱਖ ਰੁਪਏ ਦੀ ਲਾਗਤ ਨਾਲ਼ ਵਿਲੱਖਣ ਦਿੱਖ ਵਾਲਾ ਖੰਡਾ ਵੀ ਸਥਾਪਿਤ ਕੀਤਾ ਗਿਆ ਸੀ ਪਰ ਪਾਰਕ ਦਾ ਹੁਣ ਆਲਮ ਇਹ ਹੈ ਕਿ ਇਸ ਖੰਡੇ ਦੀ ਸੁੰਦਰਤਾ ਨੂੰ ਚਾਰ ਚੰਨ ਲਾਉਣ ਲਈ ਲੱਗੀਆਂ ਸਜਾਵਟੀ ਲਾਈਟਾਂ ਵਿੱਚੋਂ ਜ਼ਿਆਦਾਤਰ ਖ਼ਰਾਬ ਹਨ। ਸੰਗਤਾਂ ਦੇ ਬੈਠਣ ਲਈ ਲੱਗੀਆਂ ਸੀਮੈਂਟ ਵਾਲੀਆਂ ਕੁਰਸੀਆਂ ਟੁੱਟੀਆਂ ਪਈਆਂ ਹਨ। ਸਜਾਵਟੀ ਲਾਈਟਾਂ ਵਿੱਚ ਬੱਲਬ ਨਹੀਂ ਹਨ। ਸਾਫ਼-ਸਫ਼ਾਈ ਦੀ ਘਾਟ ਦਿਖਾਈ ਦੇ ਰਹੀ ਹੈ ਜਿਸ ਕਾਰਨ ਪਾਰਕ ਵਿੱਚ ਕੁਝ ਸਮੇਂ ਲਈ ਸਕੂਨ ਲੈਣ ਲਈ ਆਉਣ ਵਾਲੀਆਂ ਸੰਗਤਾਂ ਦੇ ਪੱਲੇ ਨਿਰਾਸ਼ਾ ਹੀ ਪੈਂਦੀ ਹੈ।



ਜਦੋਂ ਪਾਰਕ ਬਣਿਆ ਸੀ ਉਦੋਂ ਬਹੁਤ ਸੁੰਦਰ ਤੇ ਵਿਲੱਖਣ ਖੰਡਾ ਲੱਗਣ ਉਪਰੰਤ ਰਾਤ ਸਮੇਂ ਜਗਣ ਵਾਲੀਆਂ ਸਜਾਵਟੀ ਲਾਈਟਾਂ ਖਿੱਚ ਦਾ ਕੇਂਦਰ ਬਣੀਆਂ ਹੋਈਆਂ ਸਨ। ਦੱਸਣਯੋਗ ਹੈ ਕਿ ਇਸ ਵੇਲੇ ਪਾਰਕ ਦੀ ਸਾਂਭ-ਸੰਭਾਲ ਜੰਗਲਾਤ ਵਿਭਾਗ ਕਰ ਰਿਹਾ ਹੈ ਪਰ ਸਰਕਾਰੀ ਫ਼ੰਡਾਂ ਦੀ ਘਾਟ ਕਾਰਨ ਉਹ ਵੀ ਬਹੁਤਾ ਕੁਝ ਕਰਨ ਦੇ ਸਮਰੱਥ ਨਹੀਂ ਜਾਪਦਾ। ਵਿਭਾਗੀ ਸੂਤਰ ਦੱਸਦੇ ਹਨ ਕਿ ਪਾਰਕ ਲਈ ਬਿਜਲੀ ਤੇ ਪਾਣੀ ਦਾ ਪ੍ਰਬੰਧ ਹੈ ਤੇ ਚੱਲ ਵੀ ਰਿਹਾ ਹੈ ਪਰ ਬਿਜਲੀ ਬਿੱਲ ਇੱਕ ਲੱਖ ਦੇ ਕਰੀਬ ਤੇ ਪਾਣੀ ਬਿੱਲ ਦਾ ਤਿੰਨ ਲੱਖ ਰੁਪਏ ਦਾ ਬਕਾਇਆ ਖੜਾ ਹੈ। ਇਹ ਵੀ ਪਤਾ ਲੱਗਾ ਹੈ ਕਿ ਵਿਭਾਗ ਐੱਸ.ਜੀ.ਪੀ.ਸੀ. ਨੂੰ ਪਾਰਕ ਦੀ ਸੰਭਾਲ ਲਈ ਸਹਿਯੋਗ ਦੇਣ ਲਈ ਕਈ ਵਾਰ ਲਿਖ ਚੁੱਕਿਆ ਹੈ ਪਰ ਕੋਈ ਜਵਾਬ ਨਹੀਂ ਮਿਲਿਆ।

ਪੰਜ ਪਿਆਰੇ ਪਾਰਕ ਦੀ ਸੰਭਾਲ ਕਰ ਰਿਹਾ ਜੰਗਲਾਤ ਵਿਭਾਗ ਸ੍ਰੀ ਅਨੰਦਪੁਰ ਸਾਹਿਬ ਦੇ ਬਲਾਕ ਅਫ਼ਸਰ ਰਾਜੀਵ ਕੁਮਾਰ ਨੇ ਕਿਹਾ ਕਿ ਪਾਰਕ ਦੀ ਸਾਂਭ-ਸੰਭਾਲ ਲਈ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਲੋੜੀਂਦੇ ਫ਼ੰਡਾਂ ਲਈ ਲਿਖਿਆ ਗਿਆ ਹੈ। ਉਨਾਂ ਕਿਹਾ ਕਿ ਪਾਣੀ ਦੇ ਬਿੱਲ ਦਾ ਤਿੰਨ ਲੱਖ ਰੁਪਏ ਤੇ ਬਿਜਲੀ ਦਾ ਇੱਕ ਲੱਖ ਰੁਪਏ ਦੇ ਕਰੀਬ ਬਕਾਇਆ ਖੜਾ ਹੈ ਪਰ ਬਿਜਲੀ ਤੇ ਪਾਣੀ ਦੀ ਸਪਲਾਈ ਚੱਲ ਰਹੀ ਹੈ। ਉਨਾਂ ਕਿਹਾ ਕਿ ਫ਼ੰਡ ਆਉਣ 'ਤੇ ਜਲਦ ਹੀ ਲਾਈਟਾਂ ਤੇ ਕੁਰਸੀਆਂ ਦੀ ਮੁਰੰਮਤ ਕਰਵਾ ਦਿੱਤੀ ਜਾਵੇਗੀ।

# ਰੂਸੀ ਬਿਜ਼ਨੈੱਸਮੈਨ ਵੱਲੋਂ ਪੁਤਿਨ ਦੇ ਸਿਰ 'ਤੇ ਰੱਖਿਆ 1 ਮਿਲੀਅਨ ਡਾਲਰ ਦਾ ਇਨਾਮ



**ਮਾਸਕੋ/ਏ.ਟੀ.ਨਿਊਜ਼:-** ਇੱਕ ਰੂਸੀ ਬਿਜ਼ਨੈੱਸਮੈਨ ਅਤੇ ਸਾਬਕਾ ਬੈਂਕਰ ਏਲੇਕਸ ਕੋਨਿਆਖ਼ਿਨ ਨੇ ਪੁਤਿਨ ਦੇ ਸਿਰ 'ਤੇ 1 ਮਿਲੀਅਨ ਡਾਲਰ ਦੇ ਇਨਾਮ ਦਾ ਐਲਾਨ ਕੀਤਾ ਹੈ। ਕੋਨਿਆਖ਼ਿਨ ਨੇ ਆਪਣੇ ਫ਼ੇਸਬੁੱਕ ਅਤੇ ਲਿੰਕਡਇਨ 'ਤੇ ਪੁਤਿਨ ਦੀ ਤਸਵੀਰ ਵਾਲੇ ਇੱਕ ਪੋਸਟਰ ਨੂੰ ਸ਼ੇਅਰ ਕੀਤਾ ਹੈ, ਜਿਸ 'ਤੇ **'Wanted: Dead or Alive. For Mass Murder'** ਲਿਖਿਆ ਹੋਇਆ ਹੈ। ਏਲੇਕਸ ਨੇ ਪੋਸਟ ਵਿੱਚ ਕਿਹਾ ਕਿ ਉਹ ਪੁਤਿਨ ਦੀ ਅੰਤਰਰਾਸ਼ਟਰੀ ਕਾਨੂੰਨਾਂ ਦੇ ਤਹਿਤ ਇੱਕ ਯੁੱਧ ਅਪਰਾਧੀ ਦੇ ਰੂਪ ਵਿੱਚ ਗ੍ਰਿਫ਼ਤਾਰੀ ਲਈ 1 ਮਿਲੀਅਨ ਡਾਲਰ ਦੇਣ ਲਈ ਤਿਆਰ ਹੈ। ਕੋਨਿਆਖ਼ਿਨ ਦੇ ਇਸ ਪੋਸਟ ਨੂੰ ਫ਼ੇਸਬੁੱਕ ਨੇ ਨਿਯਮਾਂ ਦੀ ਉਲੰਘਣਾ ਮੰਨਦੇ ਹੋਏ ਹਟਾ ਦਿੱਤਾ ਹੈ, ਜਿਸ ਤੋਂ ਬਾਅਦ ਰੂਸੀ ਬਿਜ਼ਨੈੱਸਮੈਨ ਨੇ ਸਫ਼ਾਈ ਦਿੰਦੇ ਹੋਏ ਕਿਹਾ ਕਿ ਮੈਂ ਲੋਕਾਂ ਨੂੰ ਪੁਤਿਨ ਨੂੰ ਮਾਰਨ ਲਈ ਨਹੀਂ ਕਹਿ ਰਿਹਾ ਸੀ। ਮੇਰਾ ਮਕਸਦ ਇਹ ਹੈ ਕਿ ਉਨਾਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਵੇ।

# ਕਾਲ਼ੇ ਵਿਅਕਤੀ ਦੀ ਹੱਤਿਆ ਦੇ ਮਾਮਲੇ ਵਿੱਚ ਸਾਬਕਾ ਪੁਲਿਸ ਅਧਿਕਾਰੀ ਨੂੰ ਹੋਈ 6 ਸਾਲ ਦੀ ਕੈਦ



*ਏਰਿਕ ਡੇਵਾਲਕਨੇਰ ਦੀ ਤਸਵੀਰ*

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਕਨਸਾਸ ਦੇ ਇੱਕ ਸਾਬਕਾ ਪੁਲਿਸ ਅਧਿਕਾਰੀ ਨੂੰ ਇੱਕ ਸਾਹਫ਼ਿਆਮ ਵਿਅਕਤੀ ਦੀ ਹੱਤਿਆ ਕਰ ਦੇਣ ਦੇ ਮਾਮਲੇ ਵਿੱਚ 6 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਹ ਘਟਨਾ 2019 ਦੀ ਹੈ ਜਦੋਂ ਕੇਮਰੋਨ ਲੈਂਬ ਨਾਮੀ ਵਿਅਕਤੀ ਆਪਣੀ ਗੈਰਾਜ ਵਿੱਚ ਪਿਕਅੱਪ ਟਰੱਕ ਲਗਾ ਰਿਹਾ ਸੀ ਕਿ ਅਚਾਨਕ ਵਾਪਰੇ ਘਟਨਾਕ੍ਰਮ ਵਿੱਚ ਤਤਕਾਲ ਪੁਲਿਸ ਅਧਿਕਾਰੀ ਏਰਿਕ ਡੇਵਾਲਕਨੇਰ ਦੀ ਗੋਲੀ ਨਾਲ਼ ਲੈਂਬ ਦੀ ਮੌਤ ਹੋ ਗਈ ਸੀ। 16ਵੀਂ ਜੁਡੀਸ਼ੀਅਲ ਸਰਕਟ ਕੋਰਟ ਦੇ ਬੁਲਾਰੇ ਵਾਲੇਰੀ ਹਾਰਟਮੈਨ ਨੇ ਦੱਸਿਆ ਕਿ ਏਰਿਕ ਨੂੰ ਗ਼ੈਰ-ਇਰਾਦਾ ਕਤਲ ਲਈ 3 ਸਾਲ ਤੇ ਹਥਿਆਰਬੰਦ ਅਪਰਾਧਿਕ ਕਾਰਵਾਈ ਲਈ 6 ਸਾਲ ਦੀ ਸਜ਼ਾ ਸੁਣਾਈ ਗਈ ਹੈ। ਅਦਾਲਤ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਹੈ ਕਿ ਸਜ਼ਾ ਖ਼ਿਲਾਫ਼ ਅਪੀਲ ਤੱਕ ਏਰਿਕ ਬਾਂਡ ਉੱਪਰ ਰਿਹਾਅ ਰਹੇਗਾ। ਜੱਜ ਜੇਮਜ਼ ਡੇਲ ਯੰਗਜ਼ ਨੇ ਪਿਛਲੇ ਸਾਲ ਨਵੰਬਰ ਵਿੱਚ ਏਰਿਕ ਨੂੰ ਦੋਸ਼ੀ ਕਰਾਰ ਦਿੱਤਾ ਸੀ। ਲੈਂਬ ਦੀ ਮਾਂ ਲਾਊਰੀ ਬੇਅ ਨੇ ਫ਼ੈਸਲੇ ਨੂੰ ਉਚਿਤ ਕਰਾਰ ਦਿੱਤਾ ਹੈ। ਲੈਂਬ ਦੇ ਮਤਰੇਏ ਪਿਤਾ ਅਕਿਲ ਬੇਅ ਨੇ ਕਿਹਾ ਹੈ ਕਿ ਇਸ ਫ਼ੈਸਲੇ ਨਾਲ਼ ਪੁਲਿਸ ਨੂੰ ਝਟਕਾ ਲੱਗੇਗਾ।

# ਫ਼ਿਲਾਡੈਲਫ਼ੀਆ ਵਿੱਚ ਪੁਲਿਸ ਦੀ ਗੋਲੀ ਨਾਲ਼ 12 ਸਾਲ ਦੇ ਲੜਕੇ ਦੀ ਮੌਤ



*ਪੁਲਿਸ ਦੀ ਕਾਰ ਉਪਰ ਗੋਲੀ ਚਲਾਉਣ ਦੀ ਘਟਨਾ ਉਪਰੰਤ ਮੌਕੇ 'ਤੇ ਪੁੱਜੀ ਪੁਲਿਸ*

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਫ਼ਿਲਾਡੈਲਫ਼ੀਆ ਵਿੱਚ ਪੁਲਿਸ ਦੀ ਕਾਰ ਉੱਪਰ ਗੋਲੀ ਚਲਾ ਕੇ ਭੱਜੇ ਇੱਕ ਲੜਕੇ ਦੀ ਪੁਲਿਸ ਵੱਲੋਂ ਚਲਾਈ ਗੋਲੀ ਨਾਲ਼ ਮੌਤ ਹੋ ਗਈ। ਲੜਕੇ ਦੀ ਉਮਰ 12 ਸਾਲ ਸੀ ਤੇ ਉਸ ਦਾ ਨਾਂ ਥਾਮਸ ਸੀਡਰੀਓ ਦੱਸਿਆ ਗਿਆ ਹੈ। ਪ੍ਰਾਪਤ ਵੇਰਵੇ ਅਨੁਸਾਰ ਘਟਨਾ ਵੇਲੇ ਪੁਲਿਸ ਦੀ ਕਾਰ ਵਿੱਚ 4 ਪੁਲਿਸ ਅਧਿਕਾਰੀ ਮੌਜੂਦ ਸਨ। ਜਿਨਾਂ ਵਿੱਚੋਂ ਇੱਕ ਪੁਲਿਸ ਅਫ਼ਸਰ ਨੇ ਪੈਦਲ ਹੀ ਲੜਕੇ ਦਾ ਪਿੱਛਾ ਕਰਕੇ ਗੋਲੀ ਚਲਾਈ ਜੋ ਲੜਕੇ ਦੀ ਪਿੱਠ ਵਿੱਚ ਲੱਗੀ। ਲੜਕੇ ਕੋਲ਼ੋਂ ਇੱਕ ਗੰਨ ਵੀ ਬਰਾਮਦ ਹੋਈ ਹੈ। ਪੁਲਿਸ ਅਨੁਸਾਰ ਜ਼ਖ਼ਮੀ ਹਾਲਤ ਵਿੱਚ ਲੜਕੇ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਪਰ ਉਹ ਥੋੜੀ ਦੇਰ ਬਾਅਦ ਦਮ ਤੋੜ ਗਿਆ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.



# ਕੈਨੇਡਾ ਤੋਂ ਅੰਮ੍ਰਿਤਸਰ ਲਈ ਸਿੱਧੀਆਂ ਉਡਾਣਾਂ ਦੀ ਮੰਗ ਹੁਣ ਕੈਨੇਡਾ ਦੀ ਪਾਰਲੀਮੈਂਟ ਵਿੱਚ ਗੂੰਜੀ



**ਵੈਨਕੂਵਰ/ਰਾਜ ਗੋਗਨਾ:-** ਫ਼ਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਨੇ ਬ੍ਰਿਟਿਸ਼ ਕੋਲ਼ੰਬੀਆ ਸੂਬੇ ਦੇ ਮਿਸ਼ਨ-ਫ਼੍ਰੇਜ਼ਰ ਕੈਨਿਯਨ-ਮੈਟਸਕੀ ਖੇਤਰ ਦੀ ਨੁਮਾਇੰਦਗੀ ਕਰਦੇ ਕੈਨੇਡਾ ਦੇ ਸੰਸਦ ਮੈਂਬਰ ਬਰੈਡ ਵਿੱਸ ਵੱਲੋਂ ਕੈਨੇਡਾ ਦੇ ਵੈਨਕੂਵਰ ਅਤੇ ਟੋਰਾਂਟੋ ਤੋਂ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰ-ਰਾਸ਼ਟਰੀ ਹਵਾਈ ਅੱਡੇ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਦੀ ਮੰਗ ਨੂੰ ਕੈਨੇਡਾ ਦੀ ਸੰਸਦ ਵਿੱਚ ਉਠਾਉਣ ਅਤੇ ਸਰਗਰਮੀ ਨਾਲ਼ ਇਸ ਦੀ ਵਕਾਲਤ ਕਰਨ 'ਤੇ ਉਨਾਂ ਦਾ ਧੰਨਵਾਦ ਕੀਤਾ ਹੈ। ਵੈਨਕੂਵਰ ਤੋਂ ਜਾਰੀ ਇੱਕ ਸਾਂਝੇ ਪ੍ਰੈੱਸ ਬਿਆਨ ਵਿੱਚ ਫ਼ਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਉੱਤਰੀ ਅਮਰੀਕਾ ਕਨਵੀਨਰ ਅਨੰਤਦੀਪ ਸਿੰਘ ਢਿੱਲੋਂ ਅਤੇ ਗਲੋਬਲ ਕਨਵੀਨਰ ਅਮਰੀਕਾ ਵਾਸੀ ਸ. ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਕੈਨੇਡਾ ਵਿੱਚ ਅਭਿਆਨ ਦੇ ਬੁਲਾਰੇ ਸਰੀ ਵਾਸੀ ਮੋਹਿਤ ਧੰਜੂ ਵੱਲੋਂ ਸੰਸਦ ਵਿੱਚ ਸਿੱਧੀਆਂ ਉਡਾਣਾਂ ਸੰਬੰਧੀ ਇੱਕ ਪਟੀਸ਼ਨ ਦਾਇਰ ਕੀਤੀ ਗਈ ਸੀ, ਜਿਸ ਨੂੰ ਸੰਸਦ ਬਰੈਡ ਵਿੱਸ ਦੁਆਰਾ ਸਮਰਥਨ ਦਿੱਤਾ ਗਿਆ ਸੀ। ਇਸ ਯਾਚਿਕਾ ਰਾਹੀਂ ਕੈਨੇਡਾ ਸਰਕਾਰ ਨੂੰ ਵੈਨਕੂਵਰ/ਟੋਰਾਂਟੋ ਤੋਂ ਅੰਮ੍ਰਿਤਸਰ ਦਰਮਿਆਨ ਸਿੱਧੀਆਂ ਉਡਾਣਾਂ ਸ਼ੁਰੂ ਕਰਵਾਉਣ ਲਈ ਵਿਕਲਪਾਂ ਦੀ ਖੋਜ ਅਤੇ ਸਰਗਰਮੀ ਨਾਲ਼ ਵਕਾਲਤ ਕਰਨ ਲਈ ਬੇਨਤੀ ਕੀਤੀ ਗਈ ਹੈ। ਉਨਾਂ ਜਾਣਕਾਰੀ ਦਿੱਤੀ ਕਿ 30 ਦਿਨਾਂ (12 ਜਨਵਰੀ ਤੋਂ 11 ਫ਼ਰਵਰੀ ਤੱਕ) ਦੇ ਥੋੜੇ ਸਮੇਂ ਵਿੱਚ ਇਸ ਪਟੀਸ਼ਨ ਉੱਤੇ ਕੈਨੇਡਾ ਦੇ 14160 ਵਸਨੀਕਾਂ ਨੇ ਆਨਲਾਈਨ ਅਤੇ ਹਜ਼ਾਰਾਂ ਹੋਰਨਾਂ ਨੇ ਕਾਗ਼ਜ਼ 'ਤੇ ਦਸਤਖ਼ਤ ਕੀਤੇ ਸਨ। ਐੱਮ.ਪੀ. ਵਿੱਸ ਨੇ ਸੰਸਦ ਵਿੱਚ ਸਿੱਧੀਆ ਉਡਾਣਾਂ ਸੰਬੰਧੀ ਪਟੀਸ਼ਨ 'ਤੇ ਸੰਸਦ ਦੀ ਕਾਰਵਾਈ ਦੌਰਾਨ ਬੋਲਦਿਆਂ ਹੋਇਆਂ ਕਿਹਾ ਕਿ 'ਮਿਸ਼ਨ-ਮੈਟਸਕੀ-ਫ਼੍ਰੇਜ਼ਰ ਕੈਨਿਯਨ, ਬ੍ਰਿਟਿਸ਼ ਕੋਲ਼ੰਬੀਆ ਸੂਬੇ ਸਮੇਤ ਕੈਨੇਡਾ ਵਿੱਚ 10 ਲੱਖ (1 ਮਿਲੀਅਨ) ਤੋਂ ਵੱਧ ਪੰਜਾਬੀ ਭਾਈਚਾਰਾ ਵਸਦਾ ਹੈ। ਹਰ



Brad Vis
@BradleyVis

Today, I was proud to table Petition e-3771 on behalf of more than 14,000 Canadians. A direct flight from #Vancouver to #Amritsar would cut travel times drastically for Punjabi Canadians visiting family, friends, and religious landmarks.



ਸਾਲ, ਸੈਂਕੜੇ ਪਰਿਵਾਰ ਪੰਜਾਬ ਵਿੱਚ ਰਹਿੰਦੇ ਪਰਿਵਾਰਕ ਸਾਕ ਸੰਬੰਧੀਆਂ, ਦੋਸਤ-ਮਿੱਤਰਾਂ ਨੂੰ ਮਿਲਣ, ਹਰਿਮੰਦਰ ਸਾਹਿਬ ਅਤੇ ਹੋਰਨਾਂ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਪੰਜਾਬ ਖੇਤਰ ਦੀ ਯਾਤਰਾ ਕਰਦੇ ਹਨ। ਪਰ ਇਸ ਸਮੇਂ, ਉਨਾਂ ਨੂੰ ਸਿੱਧਾ ਦਿੱਲੀ ਲਈ ਉਡਾਣ ਭਰਨੀ ਪੈਂਦੀ ਹੈ ਅਤੇ ਅੱਗੇ ਫਿਰ ਰੇਲ, ਬੱਸ ਜਾਂ ਹੋਰ ਸਾਧਨਾਂ ਦੁਆਰਾ ਕਈਆਂ ਘੰਟਿਆਂ ਦਾ ਲੰਮਾ ਸਫ਼ਰ ਕਰਨਾ ਪੈਂਦਾ ਹੈ। ਇਹ ਕੈਨੇਡਾ ਵਾਸੀ ਵੈਨਕੂਵਰ ਜਾਂ ਟੋਰਾਂਟੋ ਤੋਂ ਅੰਮ੍ਰਿਤਸਰ, ਪੰਜਾਬ ਲਈ ਸਿੱਧੀ ਉਡਾਣ ਸੇਵਾ ਦੀ ਮੰਗ ਕਰ ਰਹੇ ਹਨ, ਜਿਸ ਨਾਲ਼ ਯਾਤਰਾ ਦੇ ਸਮੇਂ ਵਿੱਚ ਭਾਰੀ ਕਮੀ ਆਵੇਗੀ।" ਐੱਮ.ਪੀ. ਵਿਸ ਨੇ ਸੰਸਦ ਵਿੱਚ ਸਿੱਧੀਆ ਉਡਾਣਾਂ ਸੰਬੰਧੀ ਬੋਲਦੇ ਹੋਇਆਂ ਦੀ ਵੀਡੀਓ ਉਨਾਂ ਦੇ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਹੈ। ਐੱਮ.ਪੀ. ਵਿੱਸ ਨੇ ਅੱਗੇ ਕਿਹਾ, 'ਇਹ ਸਿੱਧੀਆਂ ਉਡਾਣਾਂ ਸਾਡੀ ਆਰਥਿਕਤਾ ਅਤੇ ਉਦਯੋਗ ਲਈ ਵੀ ਲਾਹੇਵੰਦ ਹੋਣਗੀਆਂ। ਮੈਂ ਅੱਜ 14000 ਤੋਂ ਵੱਧ ਕੈਨੇਡਾ ਵਾਸੀਆਂ ਦੁਆਰਾ ਦਸਤਖ਼ਤ ਕੀਤੀ ਪਟੀਸ਼ਨ ਈ-3771 ਨੂੰ ਟੇਬਲ ਕਰਦਾ ਹੋਇਆ, ਕੈਨੇਡਾ ਸਰਕਾਰ ਨੂੰ ਇਸ ਸਿੱਧੀ ਉਡਾਣ ਸੇਵਾ ਨੂੰ ਜਲਦੀ ਤੋਂ ਜਲਦੀ ਸ਼ੁਰੂ ਕਰਨ ਲਈ ਏਅਰਲਾਈਨ ਅਤੇ ਭਾਰਤ ਦੇ ਹਾਈ ਕਮਿਸ਼ਨ ਨਾਲ਼ ਗੱਲਬਾਤ ਕਰਨ ਦੀ ਮੰਗ ਕਰਦਾ ਹਾਂ। ਅਸੀਂ ਇਸ ਮੰਗ ਨੂੰ ਪੂਰਾ ਕਰ ਸਕਦੇ ਹਾਂ, ਅਤੇ ਕੈਨੇਡਾ ਭਰ ਤੋਂ ਪਟੀਸ਼ਨ ਤੇ ਦਸਤਖ਼ਤ ਕਰਨ ਵਾਲੇ, ਸਰਕਾਰ ਵੱਲੋਂ ਚੰਗੀ ਭਾਵਨਾ ਨਾਲ਼ ਜਵਾਬ ਆਉਣ ਦੀ ਉਡੀਕ ਕਰਦੇ ਹਨ। 'ਇਨੀਸ਼ੀਏਟਿਵ ਨੇ ਕੈਨੇਡਾ ਦੀ ਸੰਸਦ ਵਿੱਚ ਪੰਜਾਬੀ ਮੂਲ਼ ਦੇ ਅਤੇ ਹੋਰਨਾਂ ਪਾਰਟੀਆ ਦੇ ਸੰਸਦ ਮੈਂਬਰਾਂ ਨੂੰ ਵੀ ਇਸ ਬਿਹਤਰ ਹਵਾਈ ਸੰਪਰਕ ਲਈ ਪਰਵਾਸੀਆਂ ਦੀ ਲੰਮੇ ਸਮੇਂ ਤੋਂ ਲਟਕਦੀ ਆ ਰਹੀ ਇਸ ਮੰਗ ਨੂੰ ਪੂਰਾ ਕਰਨ ਲਈ ਇਕੱਠੇ ਯਤਨ ਕਰਨ ਦੀ ਅਪੀਲ ਕੀਤੀ ਹੈ। ਢਿੱਲੋਂ ਅਤੇ ਗੁਮਟਾਲਾ ਨੇ ਆਪਣੇ ਸਾਂਝੇ ਬਿਆਨ ਵਿੱਚ ਇਹ ਵੀ ਦੱਸਿਆ ਕਿ ਸਾਡੀ ਟੀਮ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਕੈਨੇਡਾ ਅਤੇ ਭਾਰਤ ਸਰਕਾਰਾਂ ਅਤੇ ਨਾਲ਼ ਹੀ ਵੱਖ-ਵੱਖ ਹਵਾਈ ਕੰਪਨੀਆਂ ਨੂੰ ਅੰਕੜਿਆਂ ਸਮੇਤ ਪੰਜਾਬੀਆਂ ਦੀ ਇਸ ਅਹਿਮ ਮੰਗ ਬਾਰੇ ਜਾਣੂ ਕਰਵਾ ਰਹੇ ਹਨ ਅਤੇ ਉਨਾਂ ਨੇ 2019 ਵਿੱਚ ਏਅਰ ਕੈਨੇਡਾ ਦੇ ਅਧਿਕਾਰੀਆਂ ਨਾਲ਼ ਹੋਈ ਅਹਿਮ ਮੀਟਿੰਗ ਵਿੱਚ ਇਸ ਸੰਬੰਧੀ ਵਿਸ਼ੇਸ਼ ਅੰਕੜੇ ਵੀ ਪੇਸ਼ ਕੀਤੇ ਸਨ। ਅੰਮ੍ਰਿਤਸਰ ਤੋਂ ਜਾਰੀ ਇੱਕ ਹੋਰ ਬਿਆਨ ਵਿੱਚ, ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਮਨਮੋਹਨ ਸਿੰਘ ਬਰਾੜ, ਜੋ ਕਿ ਕਈ ਸਾਲਾਂ ਤੋਂ ਅੰਮ੍ਰਿਤਸਰ ਹਵਾਈ ਅੱਡੇ ਤੋਂ ਸਿੱਧੀਆਂ ਉਡਾਣਾਂ ਲਈ ਵੀ ਯਤਨਸ਼ੀਲ ਹਨ, ਨੇ ਵੀ ਕੈਨੇਡਾ ਦੀ ਸੰਸਦ ਵਿੱਚ ਐੱਮ.ਪੀ. ਵਿੱਸ ਵਲੋਂ ਉਠਾਈ ਗਈ ਇਸ ਮੰਗ ਦਾ ਸਵਾਗਤ ਕੀਤਾ ਹੈ ਅਤੇ ਲੰਬੇ ਸਮੇਂ ਤੋਂ ਲਟਕ ਰਹੇ ਇਸ ਮੁੱਦੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ਼ ਆਵਾਜ਼ ਉਠਾਉਣ ਲਈ ਉਨਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਹੈ। ਬਰਾੜ ਨੇ ਨਾਲ਼ ਹੀ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਪੰਜਾਬੀ ਮੂਲ ਦੇ ਸੰਸਦ ਮੈਂਬਰ ਵੀ ਅੱਗੇ ਆਉਣ ਅਤੇ ਇਸ ਸੰਬੰਧੀ ਸਰਗਰਮੀ ਨਾਲ਼ ਕੰਮ ਕਰਨ।

## ਸਿੱਖ ਸੇਵਕ ਸੁਸਾਇਟੀ ਨੇ ਜੰਗ ਦੇ ਮਾਹੌਲ ਵਿੱਚ ਗੁਰੂ ਨਾਨਕ ਜੀ ਦੀ ਸੱਭਿਅਤਾ ਸਿਰਜਣ ਦਾ ਦਿੱਤਾ ਸੁਨੇਹਾ

### ਰੂਸ-ਯੂਕਰੇਨ ਜੰਗ ਦੇ ਵਿਰੋਧ ਵਿੱਚ ਬੋਰਡ ਲਗਾਏ

**ਜਲੰਧਰ:** ਜਲੰਧਰ ਸ਼ਹਿਰ ਵਿੱਚ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਰੂਸ ਯੂਕਰੇਨ ਜੰਗ ਦੇ ਵਿਰੋਧ ਤੇ ਅਮਨ ਦੇ ਹੱਕ ਵਿੱਚ ਬੋਰਡ ਲਗਾਕੇ ਖ਼ਾਲਸਾ ਪੰਥ ਤੇ ਪੰਜਾਬ ਵੱਲੋਂ ਸੁਨੇਹਾ ਦਿੰਦਿਆਂ ਜਥੇਦਾਰ ਪਰਮਿੰਦਰ ਪਾਲ ਸਿੰਘ ਖ਼ਾਲਸਾ ਨੇ ਕਿਹਾ ਕਿ ਸਮੂਹ ਖ਼ਾਲਸਾ ਪੰਥ ਤੇ ਪੰਜਾਬੀਆਂ ਨੂੰ ਜੰਗ ਵਿਰੁੱਧ ਅਵਾਜ਼ ਬੁਲੰਦ ਕਰਨ ਦੀ ਲੋੜ ਹੈ ਤਾਂ ਜੋ ਸੰਸਾਰ ਵਿੱਚ ਸ਼ਾਂਤੀ ਦਾ ਸੁਨੇਹਾ ਜਾਵੇ। ਜੇਕਰ ਜੰਗ ਨਾ ਰੁਕੀ ਤਾਂ ਇਹ ਪ੍ਰਮਾਣੂ ਵਰਲਡ ਵਾਰ ਵਿੱਚ ਬਦਲ ਸਕਦੀ ਹੈ ਜਿਸ ਨਾਲ਼ ਮਨੁੱਖਤਾ ਦੀ ਤਬਾਹੀ ਹੋਵੇਗੀ। ਉਹਨਾਂ ਨੇ ਐਮਨੈਸਟੀ ਇੰਟਰਨੈਸ਼ਨਲ ਅਤੇ ਹਿਊਮਨ ਰਾਈਟਸ ਵਾਚ ਦੋਵਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਰੂਸੀ ਬਲਾਂ ਨੇ ਵਿਆਪਕ ਤੌਰ 'ਤੇ ਪਾਬੰਦੀਸ਼ੁਦਾ ਕਲੱਸਟਰ ਹਥਿਆਰਾਂ ਦੀ ਵਰਤੋਂ ਕੀਤੀ ਜਾਪਦੀ ਹੈ। ਉਹਨਾਂ ਦਸਿਆ ਕਿ ਐਮਨੈਸਟੀ ਨੇ ਯੂਕਰੇਨ 'ਤੇ ਉੱਤਰ-ਪੂਰਬੀ ਯੂਕਰੇਨ ਵਿੱਚ ਇੱਕ ਪ੍ਰੀਸਕੂਲ 'ਤੇ ਹਮਲਾ ਕਰਨ ਦਾ ਦੋਸ਼ ਲਗਾਇਆ ਸੀ ਜਦੋਂ ਕਿ ਨਾਗਰਿਕਾਂ ਨੇ ਅੰਦਰ ਪਨਾਹ ਲਈ ਸੀ। ਸੰਯੁਕਤ ਰਾਜ ਵਿੱਚ ਯੂਕਰੇਨ ਦੀ ਰਾਜਦੂਤ ਓਕਸਾਨਾ ਮਾਰਕਾਰੋਵਾ ਨੇ ਅਮਰੀਕੀ ਕਾਂਗਰਸ ਦੇ ਮੈਂਬਰਾਂ ਨੂੰ ਬਿਆਨ ਕੀਤਾ ਹੈ ਕਿ ਰੂਸ ਨੇ ਆਪਣੇ ਦੇਸ਼ ਉੱਤੇ ਹਮਲੇ ਵਿੱਚ ਇੱਕ ਥਰਮੋਬੈਰਿਕ ਹਥਿਆਰ, ਜਿਸਨੂੰ ਵੈਕਿਊਮ ਬੰਬ ਕਿਹਾ ਜਾਂਦਾ ਹੈ, ਦੀ ਵਰਤੋਂ ਕੀਤੀ ਹੈ। ਖ਼ਾਲਸਾ ਨੇ ਦੱਸਿਆ ਕਿ ਇੱਕ ਵੈਕਿਊਮ ਬੰਬ, ਜਾਂ ਥਰਮੋਬੈਰਿਕ ਹਥਿਆਰ, ਉੱਚ-ਤਾਪਮਾਨ ਵਿਸਫ਼ੋਟ ਪੈਦਾ ਕਰਨ ਲਈ ਆਲੇ-ਦੁਆਲੇ ਦੀ ਹਵਾ ਤੋਂ ਆਕਸੀਜਨ ਚੂਸਦਾ ਹੈ, ਆਮ ਤੌਰ 'ਤੇ ਇੱਕ ਰਵਾਇਤੀ ਵਿਸਫ਼ੋਟਕ ਦੀ ਤੁਲਨਾ ਵਿੱਚ ਕਾਫ਼ੀ ਲੰਬੇ ਸਮੇਂ ਦੀ ਇੱਕ ਧਮਾਕੇ ਦੀ ਲਹਿਰ ਪੈਦਾ ਕਰਦਾ ਹੈ ਅਤੇ ਮਨੁੱਖੀ ਸਰੀਰਾਂ ਨੂੰ ਭਾਫ਼ ਬਣਾਉਣ ਦੇ





ਸਮਰੱਥ ਹੈ। ਇਸ ਕਾਰਨ ਹੁਣ ਤੱਕ ਅੱਠ ਲੱਖ ਯੂਕਰੇਨੀ ਸ਼ਰਨਾਰਥੀ ਬਣ ਚੁੱਕੇ ਹਨ। ਘਰ ਤਬਾਹ ਹੋ ਚੁੱਕੇ ਹਨ ਅਤੇ ਆਪਣੀਆਂ ਜ਼ਿੰਦਗੀਆਂ ਬਚਾਉਣ ਲਈ ਲੋਕਾਂ ਨੇ ਘਰਾਂ ਨੂੰ ਛੱਡ ਦਿੱਤਾ ਹੈ, ਦੂਸਰੇ ਮੁਲਕਾਂ ਵਿੱਚ ਪਨਾਹ ਲਈ ਜਾ ਰਹੀ ਹੈ। ਉਹਨਾਂ ਕਿਹਾ ਕਿ ਜੇਕਰ ਰੂਸ ਦਾ ਕਬਜ਼ਾ ਯੂਕਰੇਨ ਉੱਪਰ ਹੋ ਗਿਆ ਤਾਂ ਕੀ ਯੂਕਰੇਨ, ਯੂਕਰੇਨੀਆ ਨੂੰ ਵਾਪਸ ਮਿਲ ਸਕੇਗਾ। ਕੀ ਇਹ ਇੱਕ ਤਰਾਂ ਜਰਮਨ ਦਾ ਹਿਟਲਰ ਪੱਖੀ ਇਤਿਹਾਸ ਤੇ ਯਹੂਦੀਆਂ ਦੇ ਉਜੜ ਜਾਣ ਦੀ ਗਾਥਾ ਨਹੀਂ ਦੁਹਰਾਈ ਜਾ ਰਹੀ। ਯੂਕਰੇਨ 'ਤੇ ਰੂਸੀ ਬੰਬਾਂ ਦਾ ਡਿੱਗਣਾ, ਮਨੁੱਖਤਾ ਦੀ ਤਬਾਹੀ ਤੇ ਪੱਛਮੀ ਦੇਸ਼ਾਂ ਦੀਆ ਪਾਬੰਦੀਆਂ ਇੱਕ ਗੱਲ ਨਹੀਂ ਹੈ। ਜੇ ਪੱਛਮੀ ਦੇਸ਼ ਸੋਚਦੇ ਹਨ ਕਿ ਰੂਸ ਉੱਪਰ ਪਾਬੰਦੀਆਂ ਲਗਾਕੇ ਇਹ ਜੰਗ ਰੋਕ ਲੈਣਗੇ ਤਾਂ ਉਹ ਭੁਲੇਖੇ ਵਿੱਚ ਹਨ। ਯੂਕਰੇਨ ਵਿੱਚ ਜਿਹਨਾਂ ਜਗਾਹਾਂ 'ਤੇ ਹਾਲੇ ਕਿਆਮਤ ਨਹੀਂ ਆਈ ਉੱਥੇ ਵੀ ਲੋਕ ਘਬਰਾਏ ਹੋਏ ਹਨ ਪਤਾ ਨਹੀਂ ਕਦੋਂ ਬੰਬ ਡਿੱਗ ਜਾਵੇ ਤੇ ਅਸੀਂ ਭਾਫ਼ ਬਨ ਜਾਈਏ। ਇਸ ਦੌਰਾਨ ਖ਼ਾਲਸਾ ਪੰਥ ਨੇ ਲੰਗਰ ਲਗਾਕੇ ਤੇ ਭਾਰਤੀ ਵਿਦਿਆਰਥੀਆਂ ਨੂੰ ਪਨਾਹ ਦੇਕੇ ਭਾਈ ਘਨੱਈਆ ਦੀ ਯਾਦ ਦਿਵਾਈ ਹੈ। ਇਸ ਨਾਲ਼ ਸਿੱਖ ਧਰਮ ਦਾ ਉਭਾਰ ਵਿਸ਼ਵ ਸ਼ਾਂਤੀ ਦੇ ਦੂਤ ਵਜੋਂ ਹੋਵੇਗਾ ਜਦੋਂ ਕਿ ਪ੍ਰਮਾਣੂ ਵਿਸ਼ਵ ਜੰਗ ਦਾ ਮਾਹੌਲ ਬਣਿਆ ਹੋਇਆ ਹੈ। ਅਮਰੀਕਾ-ਯੂਕਰੇਨ ਬਨਾਮ ਰੂਸ-ਚੀਨ ਦਾ ਦੋ ਧਰੁਵੀ ਵਿਸ਼ਵ ਬਣ ਚੁੱਕਿਆ ਹੈ ਜੋ ਮੌਤ ਦੀ ਲਪੇਟ ਵਿੱਚ ਹੈ ਤਾਂ ਇਸ ਦੇ ਸਮਾਨਾਂਤਰ ਸਤਿਗੁਰੂ ਨਾਨਕ ਤੇ ਸਤਿਗੁਰੂ ਗੋਬਿੰਦ ਸਿੰਘ ਤੱਕ ਸ਼ਬਦ ਦਾ ਪ੍ਰਕਾਸ਼ ਹੋ ਰਿਹਾ ਕਿ ਜੀਉ ਤੇ ਜੀਊਣ ਦਿਉ। ਅਸੀਂ ਸਾਰੇ ਮਿੱਤਰ ਭਰਾ ਹਾਂ। ਵੰਨ ਸਵੰਨਤਾ ਕਾਇਮ ਰਹਿਣ ਦਿਉ। ਹਰ ਮਨੁੱਖ ਨੂੰ ਜੀਊਣ ਤੇ ਅਜ਼ਾਦੀ ਦਾ ਅਧਿਕਾਰ ਹੈ।

## ਸਵਿਟਜ਼ਰਲੈਂਡ ਦੇ ਸ.ਫ਼ੀਰ ਨੇ ਹਰਿਮੰਦਰ ਸਾਹਿਬ ਦੇ ਕੀਤੇ ਦਰਸ਼ਨ



**ਅੰਮ੍ਰਿਤਸਰ:** ਸਵਿਟਜ਼ਰਲੈਂਡ ਦੇ ਭਾਰਤ ਵਿੱਚ ਸਫ਼ੀਰ ਡਾ. ਰਾਲਫ਼ ਹੈਕਨੇਰ ਤੇ ਉਨਾਂ ਦੀ ਪਤਨੀ ਨੇ ਹਰਿਮੰਦਰ ਸਾਹਿਬ ਮੱਥਾ ਟੇਕਿਆ ਤੇ ਗੁਰੂ ਘਰ ਪ੍ਰਤੀ ਆਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਵੀ ਵਿਦੇਸ਼ੀ ਸਫ਼ੀਰ ਨੂੰ ਸਨਮਾਨਿਤ ਕੀਤਾ ਗਿਆ। ਡਾ. ਹੈਕਨੇਰ ਆਪਣੀ ਪਤਨੀ ਅਤੇ ਅਧਿਕਾਰੀਆਂ ਸਣੇ ਹਰਿਮੰਦਰ ਸਾਹਿਬ ਪੁੱਜੇ। ਗੁਰੂ ਘਰ ਵਿਖੇ ਨਤਮਸਤਕ ਹੋਣ ਸਮੇਂ ਉਨਾਂ ਲੰਗਰ ਘਰ ਵਿਚ ਪ੍ਰਸ਼ਾਦਾ ਵੀ ਛਕਿਆ। ਉਨਾਂ ਨੇ ਸਿੱਖ ਧਰਮ ਅਤੇ ਗੁਰੂ ਘਰ ਦੇ ਇਤਿਹਾਸ ਬਾਰੇ ਜਾਣਕਾਰੀ ਵੀ ਪ੍ਰਾਪਤ ਕੀਤੀ। ਸੂਚਨਾ ਕੇਂਦਰ ਵਿੱਚ ਉਨਾਂ ਲਿਖਿਆ ਕਿ ਹਰਿਮੰਦਰ ਸਾਹਿਬ ਆ ਕੇ ਉਨਾਂ ਦੇ ਮਨ ਨੂੰ ਸ਼ਾਂਤੀ ਤੇ ਸਕੂਨ ਮਿਲਿਆ ਹੈ। ਇਸ ਮੌਕੇ ਤਖ਼ਤ ਸ੍ਰੀ ਕੇਸਗੜ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਹਰਜਾਪ ਸਿੰਘ ਸੁਲਤਾਨਵਿੰਡ, ਭਗਵੰਤ ਸਿੰਘ ਸਿਆਲਕਾ ਆਦਿ ਨੇ ਉਨਾਂ ਨੂੰ ਹਰਿਮੰਦਰ ਸਾਹਿਬ ਦੀ ਤਸਵੀਰ, ਧਾਰਮਿਕ ਪੁਸਤਕਾਂ ਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

## ਚੰਨੀ ਵੱਲੋਂ ਗ੍ਰਹਿ ਮੰਤਰੀ ਨਾਲ਼ ਬੀ.ਬੀ.ਐੱਮ.ਬੀ ਬਾਰੇ ਕੀਤੀ ਮੁਲਾਕਾਤ

**ਨਵੀਂ ਦਿੱਲੀ:** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ਼ ਬੀਤੇ ਦਿਨੀਂ ਕੀਤੀ ਮੁਲਾਕਾਤ ਦੌਰਾਨ ਭਾਖੜਾ ਬਿਆਸ ਪ੍ਰਬੰਧਕੀ ਬੋਰਡ (ਬੀ.ਬੀ.ਐੱਮ.ਬੀ.) ਵਿੱਚ ਉੱਚ ਅਧਿਕਾਰੀਆਂ ਦੀਆਂ ਨਿਯੁਕਤੀਆਂ ਨੂੰ ਲੈ ਕੇ ਨਿਯਮਾਂ ਵਿੱਚ ਕੀਤੇ ਬਦਲਾਅ ਅਤੇ ਯੁੱਧ-ਗ੍ਰਸਤ ਯੂਕਰੇਨ 'ਚ ਫਸੇ ਪੰਜਾਬੀ ਵਿਦਿਆਰਥੀਆਂ ਦੀ ਸੁਰੱਖਿਅਤ ਵਾਪਸੀ ਦੇ ਮੁੱਦੇ ਉਠਾਏ। ਮੁੱਖ ਮੰਤਰੀ ਚੰਨੀ ਨੇ ਦੱਸਿਆ ਕਿ ਉਨਾਂ ਬੈਠਕ ਦੌਰਾਨ ਭਾਖੜਾ ਬਿਆਸ ਪ੍ਰਬੰਧਕੀ ਬੋਰਡ 'ਚ ਉੱਚ ਅਧਿਕਾਰੀਆਂ/ਮੈਂਬਰਾਂ ਦੀਆਂ ਨਿਯੁਕਤੀਆਂ ਲਈ ਨਿਯਮਾਂ ਵਿੱਚ ਤਬਦੀਲੀ ਦਾ ਮੁੱਦਾ ਉਠਾਇਆ ਹੈ ਅਤੇ ਕੇਂਦਰੀ ਗ੍ਰਹਿ ਮੰਤਰੀ ਨੇ ਭਰੋਸਾ ਦਿੱਤਾ ਹੈ ਕਿ ਇਸ ਮਾਮਲੇ ਦਾ ਜਲਦ ਹੱਲ ਕਰ ਲਿਆ ਜਾਵੇਗਾ। ਉਨਾਂ ਦੱਸਿਆ ਕਿ ਉਹ ਬੀ.ਬੀ.ਐੱਮ.ਬੀ. ਨਿਯਮਾਂ ਵਿੱਚ ਤਬਦੀਲੀ ਦਾ ਮੁੱਦਾ ਉਠਾਉਣ ਅਤੇ ਉੱਚ ਅਧਿਕਾਰੀਆਂ ਦੀਆਂ ਨਿਯੁਕਤੀਆਂ ਪੁਰਾਣੇ ਨਿਯਮਾਂ ਅਨੁਸਾਰ ਕਰਨ ਲਈ ਪੰਜਾਬ ਦੀ ਬੇਨਤੀ 'ਤੇ ਇੱਕ ਵਾਰ ਫਿਰ ਵਿਚਾਰ ਕਰਨ ਦੀ ਅਪੀਲ ਕਰਨ ਆਏ ਸਨ ਅਤੇ ਗ੍ਰਹਿ ਮੰਤਰੀ ਨੇ ਭਰੋਸਾ ਦਿੱਤਾ ਹੈ ਕਿ ਇਸ ਮਾਮਲੇ ਦਾ ਹੱਲ ਪੰਜਾਬ ਦੀ ਇੱਛਾ ਅਨੁਸਾਰ ਕੀਤਾ ਜਾਵੇਗਾ।

# 15900 ਤੋਂ ਵੱਧ ਭਾਰਤੀ ਯੂਕਰੇਨ ਤੋਂ ਵਤਨ ਪੁੱਜੇ

## ਯੂਕਰੇਨ ਤੋਂ ਪਰਤੇ ਮੈਡੀਕਲ ਵਿਦਿਆਰਥੀ ਭਾਰਤ ਵਿੱਚ ਹੀ ਪੂਰੀ ਕਰ ਸਕਣਗੇ ਇੰਟਰਨਸ਼ਿਪ ✪ ਯੂਕਰੇਨ ਵਿੱਚ ਫਸੇ ਭਾਰਤੀ ਵਿਦਿਆਰਥੀਆਂ ਦੀ ਹਾਲਤ ਮੰਦੀ ✪ ਪੋਲੈਂਡ ਯੂਕਰੇਨ ਬਾਰਡਰ 'ਤੇ ਪੁੱਜੇ ਕਾਂਗਰਸ ਦੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਕੇਂਦਰੀ ਹਵਾਬਾਜ਼ੀ ਮੰਤਰਾਲੇ ਅਨੁਸਾਰ ਹੁਣ ਤੱਕ ਵਿਸ਼ੇਸ਼ ਉਡਾਣਾਂ ਜ਼ਰੀਏ ਹੁਣ ਤੱਕ 15,900 ਤੋਂ ਵੱਧ ਭਾਰਤੀਆਂ ਨੂੰ ਵਾਪਸ ਲਿਆਂਦਾ ਜਾ ਚੁੱਕਾ ਹੈ ।ਯੂਕਰੇਨ-ਰੂਸ ਦੀ ਭਿਆਨਕ ਜੰਗ ਤੋਂ ਬਚ ਕੇ ਭਾਰਤ ਪਰਤੇ ਵਿਦਿਆਰਥੀ ਕਈ ਦਿਨਾਂ ਤੋਂ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਸਨ। ਪਰ ਦੇਸ਼ ਦੀ ਮੈਡੀਕਲ ਰੈਗੂਲੇਟਰੀ ਬਾਡੀ ਨੈਸ਼ਨਲ ਮੈਡੀਕਲ ਕਮਿਸ਼ਨ ਨੇ ਇਸ ਚਿੰਤਾ ਨੂੰ ਖ਼ਤਮ ਕਰ ਦਿੱਤਾ ਹੈ। ਮੈਡੀਕਲ ਰੈਗੂਲੇਟਰੀ ਬਾਡੀ ਨੈਸ਼ਨਲ ਮੈਡੀਕਲ ਕਮਿਸ਼ਨ ਨੇ ਇੱਕ ਸਰਕੂਲਰ ਜਾਰੀ ਕਰਕੇ ਸੂਚਿਤ ਕੀਤਾ ਹੈ ਕਿ ਹੁਣ ਆਪਣੀ ਇੰਟਰਨਸ਼ਿਪ ਅਧੂਰੀ ਛੱਡ ਕੇ ਦੇਸ਼ ਆਉਣ ਵਾਲੇ ਵਿਦੇਸ਼ੀ ਮੈਡੀਕਲ ਗ੍ਰੈਜੂਏਟ ਸਕ੍ਰੀਨਿੰਗ ਟੈਸਟ ਪਾਸ ਕਰਨ ਤੋਂ ਬਾਅਦ ਹੀ ਭਾਰਤ ਵਿੱਚ ਇੰਟਰਨਸ਼ਿਪ ਪੂਰੀ ਕਰ ਸਕਣਗੇ।

ਯਾਦ ਰਹੇ ਕਿ ਯੂਕਰੇਨ ਵਿੱਚ ਫਸੇ ਭਾਰਤੀ ਵਿਦਿਆਰਥੀਆਂ ਦੀ ਹਾਲਤ ਬਹੁਤ ਮਾੜੀ ਹੈ। ਸੂਮੀ ਸ਼ਹਿਰ ਵਿੱਚ ਫਸੇ ਬਟਾਲਾ ਤੋਂ ਇੱਕੋ ਪਰਿਵਾਰ ਦੇ ਸੌਰਵ ਸ਼ਰਮਾ ਤੇ ਗੁਸਾਂਤ ਸ਼ਰਮਾ ਤੋਂ ਇਲਾਵਾ ਵਿਸ਼ਾਲ ਸ਼ਰਮਾ ਤੇ ਹੋਰ ਵਿਦਿਆਰਥੀਆਂ ਨੇ ਟੈਲੀਫ਼ੋਨ ਰਾਹੀਂ ਦੱਸਿਆ ਕਿ 500 ਦੇ ਕਰੀਬ ਵਿਦਿਆਰਥੀ ਬੰਕਰ ਵਿੱਚ ਫਸੇ ਹੋਏ ਹਨ ਅਤੇ ਬਹੁਤ ਮੰਦੀ ਹਾਲਤ ਵਿੱਚ ਹਨ। ਉਨਾਂ ਕਿਹਾ ਕਿ ਸੂਮੀ ਸ਼ਹਿਰ ਰੂਸ ਦੇ ਬਾਰਡਰ ਤੋਂ 40 ਕੁ ਕਿਲੋਮੀਟਰ ਦੀ ਦੂਰੀ 'ਤੇ ਹੈ ਜੇ ਸਰਕਾਰ ਚਾਹੇ ਤਾਂ ਉਨਾਂ ਨੂੰ ਇਸ ਬਾਰਡਰ ਰਾਹੀਂ ਸੁਰੱਖਿਅਤ ਕੱਢ ਸਕਦੀ ਹੈ। ਉਨਾਂ ਇਹ ਵੀ ਕਿਹਾ ਕਿ ਇੰਝ ਨਾ ਕੀਤਾ ਗਿਆ ਤਾਂ ਉਹ ਭੁੱਖ ਨਾਲ਼ ਮਰ ਜਾਣਗੇ। ਬੰਕਰ ਵਿੱਚ ਪਨਾਹ ਲੈਣ ਵਾਲੇ ਵਿਦਿਆਰਥੀਆਂ ਨੇ ਕਿਹਾ ਕਿ ਉਹ ਸੂਮੀ ਸਟੇਟ ਯੂਨੀਵਰਸਿਟੀ ਵਿੱਚ ਪੜਦੇ ਹਨ। ਸੂਮੀ ਸ਼ਹਿਰ ਵਿੱਚ ਲਗਾਤਾਰ ਬੰਬਾਰੀ ਹੋ ਰਹੀ ਹੈ। ਬਰਫ਼ਬਾਰੀ ਹੋ ਰਹੀ ਹੈ ਤੇ ਤਾਪਮਾਨ ਵਿੱਚ ਭਾਰੀ ਗਿਰਾਵਟ ਵੀ ਆ ਚੁੱਕੀ ਹੈ, ਸਾਡੇ ਕੋਲ਼ ਪੀਣ ਲਈ ਪਾਣੀ ਖ਼ਤਮ ਹੋ ਚੁੱਕਾ ਹੈ ਤੇ ਹੁਣ ਪਾਣੀ ਲਈ ਇੱਕ ਹੀ ਆਸ ਬਰਫ਼ ਰਹਿ ਗਈ ਹੈ। ਬਰਫ਼ ਨੂੰ ਗਰਮ ਕਰਕੇ ਪਾਣੀ ਵਜੋਂ ਵਰਤ ਰਹੇ ਹਾਂ। ਖਾਣ-ਪੀਣ ਦਾ ਸਾਮਾਨ ਲਗਭਗ ਖ਼ਤਮ ਹੋ ਚੁੱਕਾ ਹੈ । ਅੰਬੈਸੀ ਨੇ ਕਿਹਾ ਸੀ ਕਿ ਉਹ ਸਾਨੂੰ ਇੱਥੋਂ ਕੱਢਣ ਲਈ ਬੱਸਾਂ ਭੇਜਣਗੇ ਪਰ ਸਾਨੂੰ ਕੋਈ ਆਸ ਨਜ਼ਰ ਨਹੀਂ ਆਉਂਦੀ । ਉਨਾਂ ਨੇ ਕਿਹਾ ਕਿ ਇੱਥੇ ਜ਼ਿਆਦਾ ਵਿਦਿਆਰਥੀ ਰਾਜਸਥਾਨ ਦੇ ਹਨ । ਹੁਣੇ ਜਿਹੇ ਯੂਕਰੇਨ ਦੀ ਪੱਛਮੀ ਸਰਹੱਦ 'ਤੇ ਲਵੀਵ ਵੱਲ ਜਾਣ ਦੌਰਾਨ ਗੋਲੀਆਂ ਲੱਗਣ ਕਾਰਨ ਜ਼ਖ਼ਮੀ ਹੋਏ ਹਰਜੋਤ ਸਿੰਘ ਨਾਂ ਦੇ ਵਿਦਿਆਰਥੀ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ, ਜਿੱਥੇ ਉਸ ਦੀ ਹਾਲਤ ਸਥਿਰ ਹੈ। ਜ਼ਖ਼ਮੀ ਵਿਦਿਆਰਥੀ ਹਰਜੋਤ ਸਿੰਘ ਦਾ ਪਰਿਵਾਰ ਦਿੱਲੀ ਦੇ ਛਤਰਪੁਰ ਵਿਖੇ ਰਹਿੰਦਾ ਹੈ ।

ਖਾਰਕੀਵ ਦੀ ਮੈਡੀਕਲ ਯੂਨੀਵਰਸਿਟੀ ਵਿੱਚ ਘਿਰੇ ਜ਼ਿਲੇ ਦੇ ਪਿੰਡ ਭੈਣੀ ਹੁੱਸੇ ਖ਼ਾਂ ਦੇ ਗੁਰਪ੍ਰੀਤ ਸਿੰਘ ਨੂੰ ਸੁਰੱਖਿਅਤ ਥਾਂ 'ਤੇ ਜਾਣ ਲਈ ਰੇਲਗੱਡੀ ਵਿੱਚ ਚੜਨ ਨਹੀਂ ਦਿੱਤਾ ਗਿਆ, ਜਿਸ ਕਾਰਨ ਉਸ ਨੂੰ 15 ਕਿਲੋਮੀਟਰ ਦਾ ਲੰਬਾ ਸਫ਼ਰ ਪੈਦਲ ਤੈਅ ਕਰਦੇ ਹੋਏ ਲਵੀਵ ਦੇਸ਼ ਦੇ ਬਾਰਡਰ 'ਤੇ ਪੁੱਜਣ ਵਿੱਚ ਸਫ਼ਲਤਾ ਮਿਲੀ ਹੈ। ਯੂਕਰੇਨ ਵਾਸੀਆਂ ਦਾ ਕਹਿਣਾ ਹੈ ਕਿ ਪਹਿਲਾਂ ਉਹ ਆਪਣੇ ਲੋਕਾਂ ਨੂੰ ਰੇਲਗੱਡੀ ਜ਼ਰੀਏ ਸੁਰੱਖਿਅਤ ਕੱਢਣਗੇ ਤੇ ਬਾਅਦ ਵਿੱਚ ਹੋਰਨਾਂ ਦੇਸ਼ਾਂ ਦੇ ਲੋਕਾਂ ਦੀ ਵਾਰੀ ਆਵੇਗੀ।

ਮੌਤ ਨੂੰ ਮਾਤ ਦੇ ਕੇ ਪੌਲੈਂਡ ਦੀ ਸਰਹੱਦ ਵਿੱਚ ਦਾਖ਼ਲ ਹੋਣ ਵਾਲੀ ਨਵਨੀਤ ਕੌਰ ਨੂੰ 25 ਘੰਟੇ ਤੱਕ ਰੇਲਗੱਡੀ ਨਾਲ਼ ਲਟਕ ਕੇ ਸਫਰ ਕਰਨ ਲਈ ਮਜਬੂਰ ਹੋਣਾ ਪਿਆ। ਖਾਰਕੀਵ ਮੈਟਰੋ





ਸਟੇਸ਼ਨ ਛੱਡਣ ਤੋਂ ਸਿਰਫ਼ ਪੰਜ ਮਿੰਟ ਬਾਅਦ ਹੀ ਹੋਏ ਧਮਾਕੇ 'ਚ ਪੂਰੀ ਇਮਾਰਤ ਤਹਿਸ-ਨਹਿਸ ਹੋ ਗਈ ਪਰ ਨਵਨੀਤ ਕੌਰ ਦੀ ਜਾਨ ਵਾਲ-ਵਾਲ ਬਚ ਗਈ। ਪੋਲੈਂਡ ਵਿੱਚ ਪੁੱਜ ਜਾਣ ਨਾਲ਼ ਹੁਣ ਉਸ ਦੇ ਸੁਰੱਖਿਅਤ ਘਰ ਵਾਪਸੀ ਦੀ ਉਮੀਦ ਜਾਗ ਉੱਠੀ ਹੈ। ਉੱਧਰ ਆਪਣੀ ਜ਼ਿੰਦਗੀ ਭਰ ਦੀ ਪੂੰਜੀ ਤੇ ਜ਼ਮੀਨ ਗਿਰਵੀ ਰੱਖ ਕੇ ਧੀ ਨੂੰ ਡਾਕਟਰ ਬਣਾਉਣ 'ਤੇ 60 ਲੱਖ ਖ਼ਰਚ ਚੁੱਕੀ ਦੂਲੋਵਾਲ ਵਾਸੀ ਮਾਂ ਗੁਰਮੀਤ ਕੌਰ ਨੂੰ ਧੀ ਦੇ ਘਰ ਵਾਪਸੀ ਦਾ ਸੁਣ ਕੇ ਸਾਰੇ ਦੁੱਖ ਭੁੱਲ ਗਏ ਹਨ।

**ਪੰਜਾਬੀ ਵਿਦਿਆਰਥੀਆਂ ਦੀ ਮਦਦ ਲਈ ਪਹੁੰਚੇ ਕਾਂਗਰਸ ਦੇ ਸੰਸਦ ਮੈਂਬਰ ਔਜਲਾ**

ਰੂਸ-ਯੂਕਰੇਨ ਜੰਗ ਦੌਰਾਨ ਉੱਥੇ ਫਸੇ ਭਾਰਤੀਆਂ ਨੂੰ ਸੁਰੱਖਿਅਤ ਬਾਹਰ ਕੱਢਣ ਅਤੇ ਘਰਾਂ ਤੱਕ ਪਹੁੰਚਾਉਣ ਵਿੱਚ ਯੂਕਰੇਨ ਦੇ ਨੇੜਲੇ ਗੁਆਂਢੀ ਮੁਲਕਾਂ ਵਿੱਚੋਂ ਆਏ ਸਿੱਖ ਭਾਈਚਾਰੇ ਨਾਲ਼ ਸੰਬੰਧਿਤ ਸਵੈ-ਸੇਵੀ ਜਥੇਬੰਦੀਆਂ ਦੀ ਅਹਿਮ ਭੂਮਿਕਾ ਰਹੀ ਹੈ। ਇਹ ਪ੍ਰਗਟਾਵਾ ਪੋਲੈਂਡ ਯੂਕਰੇਨ ਬਾਰਡਰ 'ਤੇ ਪੁੱਜੇ ਕਾਂਗਰਸ ਦੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕੀਤਾ ਹੈ। ਉਹ ਯੂਕਰੇਨ ਵਿੱਚ ਫਸੇ ਪੰਜਾਬੀ ਵਿਦਿਆਰਥੀਆਂ ਤੇ ਹੋਰਨਾਂ ਦੀ ਮਦਦ ਲਈ ਬੀਤੇ ਦੋ ਦਿਨ ਤੋਂ ਪੋਲੈਂਡ ਵਿੱਚ ਹਨ। ਉਨਾਂ ਦੱਸਿਆ ਕਿ ਪੋਲੈਂਡ ਤੋਂ ਇਲਾਵਾ ਹੰਗਰੀ, ਰੋਮਾਨੀਆ, ਸਲੋਵਾਕੀਆ ਆਦਿ ਮੁਲਕਾਂ ਦੀ ਸਰਹੱਦ 'ਤੇ ਸਿੱਖ ਭਾਈਚਾਰੇ ਦੇ ਲੋਕਾਂ ਵੱਲੋਂ ਯੂਕਰੇਨ ਛੱਡ ਕੇ ਆਏ ਭਾਰਤੀਆਂ ਅਤੇ ਯੂਕਰੇਨੀਆਂ ਦੀ ਵੱਡੀ ਮਦਦ ਕੀਤੀ ਗਈ ਹੈ। ਵਾਪਸ ਪਰਤਣ ਵਾਲਿਆਂ ਲਈ ਲੰਗਰ ਦੀ ਸਹੂਲਤ, ਕੱਪੜੇ ਅਤੇ ਟੈਕਸੀ ਤੇ ਬੱਸਾਂ ਦੀ ਸਹੂਲਤ ਵੀ ਮੁਹੱਈਆ ਕਰਵਾਈ ਗਈ ਹੈ। ਵਰਸੋਵਾ ਦੇ ਮੰਦਿਰ ਤੇ ਗੁਰਦੁਆਰੇ ਨੇ ਹਰੇਕ ਧਰਮ ਦੇ ਲੋਕਾਂ ਦੀ ਸ਼ਰਨ ਵਾਸਤੇ ਦਰਵਾਜ਼ੇ ਖੋਲ ਦਿੱਤੇ ਹਨ। ਔਜਲਾ ਨੇ ਕਿਹਾ ਕਿ ਇਸ ਵੇਲੇ ਯੂਕਰੇਨ ਦੇ ਪੂਰਬੀ ਇਲਾਕੇ ਸੂਮੀ ਵਿੱਚ ਫਸੇ ਭਾਰਤੀਆਂ ਅਤੇ ਖ਼ਾਸ ਕਰਕੇ ਪੰਜਾਬੀਆਂ ਨੂੰ ਸੁਰੱਖਿਅਤ ਲਿਆਉਣਾ ਵੱਡੀ ਚੁਣੌਤੀ ਬਣੀ ਹੋਈ ਹੈ। ਇੱਥੇ ਰੂਸ ਦੀ ਫ਼ੌਜ ਨੂੰ ਰੋਕਣ ਲਈ ਪੁਲ ਅਤੇ ਸੜਕਾਂ ਆਦਿ ਤੋੜ ਦਿੱਤੀਆਂ ਗਈਆਂ ਸਨ, ਜਿਸ ਨਾਲ਼ ਉੱਥੇ ਸੰਪਰਕ ਖ਼ਤਮ ਹੋ ਚੁੱਕਾ ਹੈ। ਉਨਾਂ ਕਿਹਾ ਕਿ ਸੂਮੀ ਵਿੱਚ ਇੱਕ ਹਜ਼ਾਰ ਤੋਂ ਵੱਧ ਭਾਰਤੀ ਫਸੇ ਹੋਏ ਹਨ। ਉਨਾਂ ਇੰਗਲੈਂਡ ਤੇ ਹੋਰ ਯੂਰਪੀ ਮੁਲਕਾਂ ਤੋਂ ਮਦਦ ਲਈ ਪੁੱਜੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਸੂਮੀ ਵਿੱਚ ਫਸੇ ਭਾਰਤੀਆਂ ਦੀ ਸੁਰੱਖਿਅਤ ਵਾਪਸੀ ਵਾਸਤੇ ਵੀ ਜੱਦੋ-ਜਹਿਦ ਕਰਨ। ਗੁਰਜੀਤ ਸਿੰਘ ਔਜਲਾ ਆਪਣੇ ਪੋਲੈਂਡ ਦੌਰੇ ਸੰਬੰਧੀ ਇੱਕ ਰਿਪੋਰਟ ਸੰਸਦ ਵਿੱਚ ਵੀ ਰੱਖਣਗੇ। ਉਹ ਇਕੱਲੇ ਅਜਿਹੇ ਸਿਆਸੀ ਆਗੂ ਹਨ, ਜੋ ਨਿੱਜੀ ਤੌਰ 'ਤੇ ਯੂਕਰੇਨ ਵਿੱਚ ਫਸੇ ਭਾਰਤੀਆਂ ਦੀ ਮਦਦ ਲਈ ਪੋਲੈਂਡ ਯੂਕਰੇਨ ਸਰਹੱਦ 'ਤੇ ਪੁੱਜੇ ਹਨ। ਉਨਾਂ ਕੇਂਦਰ ਸਰਕਾਰ ਵੱਲੋਂ ਭਾਰਤੀਆਂ ਦੀ ਸੁਰੱਖਿਅਤ ਵਾਪਸੀ ਲਈ ਕੀਤੇ ਪ੍ਰਬੰਧਾਂ ਨੂੰ ਨਾ ਕਾਫ਼ੀ ਦੱਸਿਆ ਅਤੇ ਆਖਿਆ ਕਿ ਸਵੈ-ਸੇਵੀ ਸਿੱਖ ਜਥੇਬੰਦੀਆਂ ਦੀ ਮਦਦ ਕਾਰਨ ਹੀ ਭਾਰਤੀਆਂ ਦੀ ਸੁਰੱਖਿਅਤ ਵਾਪਸੀ ਹੋ ਸਕੀ ਹੈ।

# ਹੈਰੋਇਨ ਸਮਗਲਰਾਂ ਨੂੰ ਰਿਸ਼ਵਤ ਲੈ ਕੇ ਛੱਡਣ ਵਾਲੇ 2 ਛੋਟੇ ਥਾਣੇਦਾਰ, 1 ਹੌਲਦਾਰ ਸਮੇਤ 5 ਖ਼ਿਲਾ.ਫ ਕੇਸ ਦਰਜ

## ਹੌਲਦਾਰ ਗ੍ਰਿ.ਫਤਾਰ, ਬਾਕੀ ਦੀ ਗ੍ਰਿ.ਫਤਾਰੀ ਲਈ ਛਾਪੇਮਾਰੀ ਜਾਰੀ : ਐੱਸ.ਐੱਸ.ਪੀ. ਖੁਰਾਣਾ

**ਤਰਨ ਤਾਰਨ/ਏ.ਟੀ.ਨਿਊਜ਼ :-** ਜ਼ਿਲਾ ਤਰਨਤਾਰਨ ਵਿੱਚ ਪੰਜਾਬ ਪੁਲਿਸ ਦੀ ਵਰਦੀ ਨੂੰ ਦਾਗਦਾਰ ਕਰਨ ਦੇ 2 ਮਾਮਲੇ ਸਾਹਮਣੇ ਆਏ ਹਨ। ਸੀ.ਆਈ.ਏ. ਸਟਾਫ਼ ਤਰਨ ਤਾਰਨ ਦੇ 2 ਛੋਟੇ ਥਾਣੇਦਾਰਾਂ ਪ੍ਰਭਜੀਤ ਸਿੰਘ ਤੇ ਏ.ਐੱਸ.ਆਈ. ਬਲਵਿੰਦਰ ਸਿੰਘ ਤੇ ਇੱਕ ਹੌਲਦਾਰ ਵੱਲੋਂ ਹੈਰੋਇਨ ਸਮੇਤ ਫੜੇ ਗਏ ਤਸਕਰਾਂ ਖ਼ਿਲਾਫ਼ ਕੋਈ ਕਾਨੂੰਨੀ ਕਾਰਵਾਈ ਕਰਨ ਦੀ ਬਜਾਏ ਉਨਾਂ ਕੋਲ਼ੋਂ ਰਿਸ਼ਵਤ ਲੈ ਕੇ ਛੱਡ ਦਿੱਤਾ ਗਿਆ, ਜਦਕਿ ਦੂਸਰਾ ਮਾਮਲਾ ਥਾਣਾ ਸਦਰ ਤਰਨ ਤਾਰਨ ਦਾ ਹੈ, ਜਿੱਥੇ ਇੱਕ ਹੌਲਦਾਰ ਨੇ ਹੈਰੋਇਨ ਸਮੇਤ ਫੜੇ ਗਏ ਵਿਅਕਤੀਆਂ ਨੂੰ ਮੋਟੀ ਰਕਮ ਲੈ ਕੇ ਛੱਡ ਦਿੱਤਾ।



ਇਹ ਦੋਵੇਂ ਮਾਮਲੇ ਪੁਲਿਸ ਦੇ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਆਉਣ ਤੋਂ ਬਾਅਦ ਤਰਨ ਤਾਰਨ ਦੇ ਐੱਸ.ਐੱਸ.ਪੀ. ਨੇ ਇਸ ਮਾਮਲੇ ਦੀ ਜਾਂਚ ਕਰਵਾਉਣ ਤੋਂ ਬਾਅਦ ਰਿਸ਼ਵਤ ਲੈ ਕੇ ਤਸਕਰਾਂ ਲਵਪ੍ਰੀਤ ਸਿੰਘ, ਭੁਪਿੰਦਰ ਸਿੰਘ ਕੋਟ ਧਰਮ ਚੰਦ ਕਲਾਂ ਨੂੰ ਛੱਡਣ ਵਾਲੇ ਸੀ.ਆਈ.ਏ. ਸਟਾਫ਼ ਤਰਨ ਤਾਰਨ ਦੇ 2 ਛੋਟੇ ਥਾਣੇਦਾਰਾਂ ਤੇ ਇੱਕ ਹੌਲਦਾਰ ਸਮੇਤ 5 ਵਿਅਕਤੀਆਂ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਹੌਲਦਾਰ ਹਰਪਾਲ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਐੱਸ.ਐੱਸ.ਪੀ.. ਗੁਲਨੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਲਵਪ੍ਰੀਤ ਸਿੰਘ ਦੇ ਘਰ ਬੈਠ ਕੇ 25 ਫ਼ਰਵਰੀ ਨੂੰ 50 ਹਜ਼ਾਰ ਰੁਪਏ ਬਤੌਰ ਰਿਸ਼ਵਤ ਲੈ ਕੇ ਡਰੱਗ ਸਮਗਲਰਾਂ ਨੂੰ ਛੱਡ ਦਿੱਤਾ ਅਤੇ ਬਰਾਮਦ ਹੈਰੋਇਨ ਅਤੇ ਹੋਰ ਸਾਮਾਨ ਨੂੰ ਆਪਣੇ ਕੋਲ਼ ਰੱਖ ਲਿਆ ਹੈ।

ਐੱਸ.ਐੱਸ.ਪੀ. ਨੇ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਡੀ.ਐੱਸ.ਪੀ. (ਸਿਟੀ) ਬਰਜਿੰਦਰ ਸਿੰਘ ਵੱਲੋਂ ਕੀਤੀ ਗਈ ਅਤੇ ਜਾਂਚ ਦੌਰਾਨ ਉਕਤ ਥਾਣੇਦਾਰਾਂ ਵੱਲੋਂ ਰਿਸ਼ਵਤ ਲੈਣ ਦੀ ਗੱਲ ਸਾਹਮਣੇ ਆਈ ਹੈ, ਜਿਸ 'ਤੇ ਥਾਣਾ ਝਬਾਲ ਵਿਖੇ ਛੋਟੇ ਥਾਣੇਦਾਰ ਪ੍ਰਭਜੀਤ ਸਿੰਘ, ਛੋਟੇ ਥਾਣੇਦਾਰ ਦਵਿੰਦਰ ਸਿੰਘ ਤੋਂ ਇਲਾਵਾ ਤਸਕਰ ਲਵਪ੍ਰੀਤ ਸਿੰਘ, ਭੁਪਿੰਦਰ ਸਿੰਘ ਕੋਟ ਧਰਮ ਚੰਦ ਕਲਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਐੱਸ.ਐੱਸ.ਪੀ. ਖੁਰਾਣਾ ਨੇ ਦੱਸਿਆ ਕਿ ਇਸੇ ਤਰਾਂ ਇੱਕ ਹੋਰ ਮਾਮਲੇ ਵਿੱਚ ਹੌਲਦਾਰ ਹਰਪਾਲ ਸਿੰਘ ਨੇ 2 ਮਾਰਚ ਨੂੰ ਸਮਸ਼ੇਰ ਸਿੰਘ ਸ਼ੇਰਾ ਵਾਸੀ ਪਿੰਡ ਸੰਘੇ ਨੂੰ ਹੈਰੋਇਨ ਸਮੇਤ ਕਾਬੂ ਕੀਤਾ ਸੀ ਤੇ ਹੌਲਦਾਰ ਹਰਪਾਲ ਸਿੰਘ ਵੱਲੋਂ ਗੁਰਜੀਤ ਸਿੰਘ ਤੇ ਮਨਪ੍ਰੀਤ ਸਿੰਘ ਵਾਸੀ ਰਸੂਲਪੁਰ ਨਾਲ਼ ਹਮਸਲਾਹ ਹੋ ਕੇ ਸਮਸ਼ੇਰ ਸਿੰਘ ਪਾਸੋਂ ਬਰਾਮਦ ਹੈਰੋਇਨ ਆਪਣੇ ਕੋਲ਼ ਰੱਖ ਲਈ ਸੀ ਅਤੇ ਸਮਸ਼ੇਰ ਸਿੰਘ ਪਾਸੋਂ 1 ਲੱਖ 10 ਹਜ਼ਾਰ ਰੁਪਏ ਰਿਸ਼ਵਤ ਲੈ ਕੇ ਸਮਸ਼ੇਰ ਸਿੰਘ ਖ਼ਿਲਾ.ਫ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ । ਇਸ ਸੰਬੰਧੀ ਥਾਣਾ ਸਦਰ ਤਰਨਤਾਰਨ ਵਿਖੇ ਹੌਲਦਾਰ ਹਰਪਾਲ ਸਿੰਘ ਪਿੰਡ ਸੋਹਲ ਤੋਂ ਇਲਾਵਾ ਗੁਰਜੀਤ ਸਿੰਘ, ਮਨਪ੍ਰੀਤ ਸਿੰਘ ਅਤੇ ਤਸਕਰ ਸਮਸ਼ੇਰ ਸਿੰਘ ਖ਼ਿਲਾ.ਫ ਕੇਸ ਦਰਜ ਕਰ ਲਿਆ ਗਿਆ ਹੈ । ਇਸ ਮਾਮਲੇ ਵਿੱਚ ਹੌਲਦਾਰ ਹਰਪਾਲ ਸਿੰਘ ਨੂੰ ਗ੍ਰਿ.ਫਤਾਰ ਕਰ ਲਿਆ ਹੈ, ਜਦਕਿ ਬਾਕੀ .ਫਰਾਰ ਵਿਅਕਤੀਆਂ ਦੀ ਗ੍ਰਿ.ਫਤਾਰੀ ਲਈ ਪੁਲਿਸ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ।

# ਨਸ਼ਾ ਤਸਕਰਾਂ ਤੋਂ ਦੁਖੀ ਲੋਕਾਂ ਨੇ ਥਾਣਾ ਘੇਰਿਆ

**ਭੁੱਚੋ ਮੰਡੀ/ਏ.ਟੀ.ਨਿਊਜ਼ :-** ਭੁੱਚੋ ਮੰਡੀ ਖੇਤਰ ਵਿੱਚ ਨਸ਼ੇ ਦੇ ਸੌਦਾਗਰਾਂ ਦੇ ਹੌਸਲੇ ਦਿਨੋਂ ਦਿਨ ਵਧ ਰਹੇ ਹਨ, ਜਿਸ ਤੋਂ ਖ਼ਫ਼ਾ ਹੋਏ ਚੱਕ ਫ਼ਤਹਿ ਸਿੰਘ ਵਾਲਾ ਦੇ ਵਾਸੀਆਂ ਨੇ ਪੁਲਿਸ ਚੌਂਕੀ ਭੁੱਚੋ ਅੱਗੇ ਧਰਨਾ ਲਗਾ ਕੇ ਤਿੱਖੀ ਨਾਅਰੇਬਾਜ਼ੀ ਕੀਤੀ।



ਇਸ ਦੌਰਾਨ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਆਗੂ ਗੁਰਜੰਟ ਸਿੰਘ ਅਤੇ ਸਿਮਰਜੀਤ ਸਿੰਘ ਨੇ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਪਿੰਡ ਚੱਕ ਫ਼ਤਹਿ ਸਿੰਘ ਵਾਲਾ ਅਤੇ ਹੋਰ ਥਾਈਂ ਵੱਡੀ ਪੱਧਰ 'ਤੇ ਨਸ਼ੇੜੀਆਂ ਵੱਲੋਂ ਆਪਣੇ ਨਸ਼ੇ ਦੀ ਪੂਰਤੀ ਕਰਨ ਲਈ ਦਿਨ ਦਿਹਾੜੇ ਚੋਰੀਆਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ, ਜਿਸ ਦੇ ਚੱਲਦਿਆਂ ਲੋਕਾਂ ਵਿੱਚ ਡਰ ਅਤੇ ਸਹਿਮ ਦਾ ਮਾਹੌਲ ਹੈ। ਇਸ ਖੇਤਰ ਦੇ ਪਿੰਡਾਂ ਅੰਦਰ ਵਿਕ ਰਹੇ ਨਸ਼ਿਆਂ ਕਾਰਨ ਨੌਜਵਾਨ ਲਗਾਤਾਰ ਇਸਦੀ ਦਲ-ਦਲ ਵਿੱਚ ਫਸ ਰਹੇ ਹਨ। ਅਜਿਹੇ ਨੌਜਵਾਨ ਫਿਰ ਆਪਣੇ ਨਸ਼ਿਆਂ ਦੀ ਪੂਰਤੀ ਲਈ ਚੋਰੀਆਂ ਨੂੰ ਅੰਜਾਮ ਦਿੰਦੇ ਹਨ। ਲੋਕਾਂ ਨੇ ਕਿਹਾ ਕਿ ਜੇਕਰ ਨਸ਼ਿਆਂ ਤੇ ਚੋਰੀਆਂ ਦੇ ਵਰਤਾਰੇ ਨੂੰ ਨਾ ਰੋਕਿਆ ਗਿਆ ਤਾਂ ਹਾਲਾਤ ਬਹੁਤ ਮਾੜੇ ਹੋ ਜਾਣਗੇ। ਉਨਾਂ ਕਿਹਾ ਕਿ ਇਨਾਂ ਚੋਰਾਂ ਅਤੇ ਚਿੱਟੇ ਦੇ ਸੌਦਾਗਰਾਂ ਨੂੰ ਗ੍ਰਿਫ਼ਤਾਰ ਕਰਵਾਉਣ ਲਈ ਪੁਲਿਸ ਚੌਂਕੀ ਭੁੱਚੋ ਅੱਗੇ ਧਰਨੇ ਦੌਰਾਨ ਪੁਲਿਸ ਚੌਂਕੀ ਭੁੱਚੋ ਦੇ ਇੰਚਾਰਜ ਨੂੰ ਮਿਲ ਕੇ ਅਲਟੀਮੇਟਮ ਦਿੱਤਾ ਹੈ ਤੇ ਆਉਣ ਵਾਲੀ 11 ਤਰੀਕ ਤੱਕ ਕੋਈ ਕਾਰਵਾਈ ਨਾ ਕੀਤੀ ਗਈ ਤਾਂ 12 ਤਰੀਕ ਨੂੰ ਤਿੱਖਾ ਐਕਸ਼ਨ ਕੀਤਾ ਜਾਵੇਗਾ। ਇਸ ਮੌਕੇ ਪਿੰਡ ਦੇ ਦੋਨੇਂ ਸਰਪੰਚ ਅਮਰਿੰਦਰ ਸਿੰਘ, ਸਰਪੰਚ ਦੇ ਪਤੀ ਗੁਰਦਾਸ ਸਿੰਘ, ਮੈਂਬਰ ਭੀਮ ਸਿੰਘ, ਕੁਲਦੀਪ ਸਿੰਘ, ਸੁਸਾਇਟੀ ਪ੍ਰਧਾਨ ਗੁਰਸ਼ਰਨ ਸਿੰਘ ਅਤੇ ਪਿੰਡ ਦੇ ਕਿਸਾਨਾਂ ਮਜਦੂਰਾਂ ਦਾ ਭਾਰੀ ਇਕੱਠ ਮੌਜੂਦ ਸੀ।

# ਖੋਹੇ ਜਾ ਰਹੇ ਹਨ ਪੰਜਾਬ ਦੇ ਹੱਕ



**ਗੁਰਮੀਤ ਸਿੰਘ ਪਲਾਹੀ**
9815802070

ਇੱਕ ਤੋਂ ਬਾਅਦ ਇੱਕ ਪੰਜਾਬ ਦੇ ਹੱਕ ਖੋਹੇ ਜਾ ਰਹੇ ਹਨ। ਸੂਬੇ ਪੰਜਾਬ ਦੇ ਹੱਕਾਂ ਨੂੰ ਛਾਂਗਿਆ ਜਾ ਰਿਹਾ ਹੈ। ਸੂਬੇ ਪੰਜਾਬ ਹੀ ਨਹੀਂ, ਦੇਸ਼ ਦੇ ਸਾਰੇ ਸੂਬਿਆਂ ਨੂੰ ਪੰਗੂ ਬਣਾਇਆ ਜਾ ਰਿਹਾ ਹੈ। ਉਂਝ ਪੰਜਾਬ ਤਾਂ ਵਿਸ਼ੇਸ਼ ਕਰ ਕੇਂਦਰੀ ਹਾਕਮਾਂ ਦੇ ਨਿਸ਼ਾਨੇ 'ਤੇ ਹੈ, ਉਵੇਂ ਹੀ ਜਿਵੇਂ ਜੰਮੂ-ਕਸ਼ਮੀਰ ਦੀ ਸੰਘੀ ਘੁੱਟੀ ਗਈ, ਵਸਦੇ-ਰਸਦੇ ਸੂਬੇ ਜੰਮੂ-ਕਸ਼ਮੀਰ ਨੂੰ ਕੇਂਦਰੀ ਸ਼ਾਸ਼ਤ ਪ੍ਰਦੇਸ਼ਾਂ ਜੰਮੂ-ਕਸ਼ਮੀਰ, ਲੱਦਾਖ ਵਿੱਚ ਵੰਡ ਦਿੱਤਾ ਗਿਆ, ਇਵੇਂ ਹੀ ਪੰਜਾਬ ਨਾਲ਼ ਇਹੋ ਵਰਤਾਰਾ ਕਰਨਾ ਕਿਧਰੇ ਕੇਂਦਰੀ ਹਾਕਮਾਂ ਦੇ ਏਜੰਡੇ 'ਤੇ ਤਾਂ ਨਹੀਂ, ਬਹੁਤੇ ਪੰਜਾਬ ਹਿਤੈਸ਼ੀ ਲੋਕਾਂ ਦੀ ਇਹ ਸ਼ੰਕਾ ਹੈ।

ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਇਸ ਗੱਲ ਦਾ ਸਬੂਤ ਹਨ ਕਿ ਕੇਂਦਰੀ ਧਿਰ ਭਾਜਪਾ ਨੇ ਹਰ ਹੀਲੇ ਪੰਜਾਬ ਦੀ ਕੁਰਸੀ ਹਥਿਆਉਣ ਲਈ ਯਤਨ ਕੀਤਾ, ਭਾਵੇਂ ਇਸਨੂੰ ਚੋਣ ਪ੍ਰਚਾਰ ਲਈ ਪੰਜਾਬ ਵਿੱਚ ਬਹੁਤ ਘੱਟ ਸਮਾਂ ਮਿਲਿਆ, ਪਰ ਜਿਸ ਢੰਗ ਨਾਲ਼ ਭਾਜਪਾ ਨੇ ਪੰਜਾਬ ਚੋਣਾਂ ਲਈ ਵਿਸਾਤ ਵਿਛਾਈ, ਸਿੱਖ ਚਿਹਰਿਆਂ ਨੂੰ ਗੰਢਿਆ, ਦੂਜੀਆਂ ਪਾਰਟੀਆਂ ਦੇ ਨੇਤਾ ਪੱਟੇ ਅਤੇ ਵਿਧੀਬੱਧ ਤਰੀਕੇ ਨਾਲ਼ ਚੋਣ ਪ੍ਰਚਾਰ ਕੀਤਾ, ਜਿਸ ਵਿੱਚ ਹਫ਼ਤੇ ਦਸ ਦਿਨ ਦੇ ਸਮੇਂ 'ਚ ਤਿੰਨ ਵੇਰ ਦੀ ਪ੍ਰਧਾਨ ਮੰਤਰੀ ਦੀ ਫੇਰੀ ਸ਼ਾਮਲ ਸੀ, ਉਹ ਧਿਆਨ ਮੰਗਦਾ ਹੈ। ਭਾਜਪਾ ਪੰਜਾਬ ਵਿੱਚ ਦੇਰ-ਸਵੇਰ ਮੁੱਖ ਸਿਆਸੀ ਧਿਰ ਬਨਣ ਦੀ ਦਾਅਵੇਦਾਰੀ ਕਰ ਰਹੀ ਹੈ।

ਦੇਸ਼ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇੱਕ ਕਠੋਰ ਨੇਤਾ ਹੈ। ਉਹ ਯੋਗੀ ਅਦਿਤਿਆਨਾਥ ਜਿਹੇ ਮੁੱਖ ਮੰਤਰੀ ਚਾਹੁੰਦਾ ਹੈ, ਜਿਹੜੇ ਉਸ ਦੇ ਏਜੰਡੇ ਨੂੰ ਸਖ਼ਤੀ ਨਾਲ਼ ਲਾਗੂ ਕਰਨ। ਮੋਦੀ ਦਾ ਏਜੰਡਾ ਸੂਬਾ ਸਰਕਾਰਾਂ ਨੂੰ ਕਮਜ਼ੋਰ ਕਰਕੇ ਦੇਸ਼ ਦੀ ਕੇਂਦਰੀ ਧਿਰ ਨੂੰ ਮਜ਼ਬੂਤ ਕਰਕੇ ਵੱਧ ਤੋਂ ਵੱਧ ਤਾਕਤ ਆਪਣੇ ਹੱਥ ਵਿੱਚ ਕਰਨ ਦਾ ਹੈ। ਕਦੇ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦੇਸ਼ ਵਿੱਚ ਆਪਣੀ ਰਾਜਗੱਦੀ ਬਚਾਉਣ ਲਈ ਡਿਕਟੇਟਰ ਬਣ ਦੇਸ਼ 'ਚ ਐਮਰਜੈਂਸੀ ਲਗਾ ਦਿੱਤੀ ਸੀ। ਸੂਬਿਆਂ ਦੇ ਅਧਿਕਾਰਾਂ ਦੇ ਹਨਨ ਦਾ ਕੰਮ ਅਸਲ ਵਿੱਚ ਉਨਾਂ ਦੇ ਰਾਜ-ਭਾਗ ਤੋਂ ਚਾਲੂ ਹੋਇਆ। ਪੰਜਾਬ ਦੇ ਹੱਕਾਂ ਉੱਤੇ ਛਾਪਾ ਉਸ ਵੇਲੇ ਤੋਂ ਗਿਣਿਆ ਜਾਂਦਾ ਹੈ। ਪਰ ਬਾਅਦ 'ਚ ਵੀ ਪੰਜਾਬ ਨਾਲ਼ ਕਿਸੇ ਕੇਂਦਰੀ ਸਰਕਾਰ ਨੇ ਇਨਸਾਫ਼ ਨਹੀਂ ਕੀਤਾ। ਮੋਦੀ ਰਾਜ ਵੇਲੇ ਤਾਂ ਪੰਜਾਬ ਨਾਲ਼ ਇਹੋ ਜਿਹਾ ਦੁਪਰਿਆਰਾ ਸਲੂਕ ਹੋ ਰਿਹਾ ਹੈ। ਇਸ ਦੇ ਹਰ ਤਰਾਂ ਖੰਭ ਕੁਤਰੇ ਜਾ ਰਹੇ ਹਨ ਅਤੇ ਪੰਜਾਬ ਦੇ ਸਵਾਰਥੀ ਨੇਤਾਵਾਂ ਨੂੰ ਨਾਲ਼ ਜੋੜਕੇ, ਉਨਾਂ ਨੂੰ ਪੰਜਾਬ ਨੂੰ ਪੰਗੂ ਬਨਾਉਣ ਦੀ ਸਾਜਿਸ਼ ਦਾ ਹਿੱਸਾ ਬਣਾਇਆ ਜਾ ਰਿਹਾ ਹੈ। ਉਹ ਭਾਜਪਾ ਦੀ ਫ਼ਿਰਕੂ ਬੋਲੀ ਬੋਲਦੇ, ਉਨਾਂ ਦੇ ਸੋਹਲੇ ਗਾ ਰਹੇ ਹਨ।

ਪੰਜਾਬੀ ਸੂਬਾ ਬੋਲੀ ਦੇ ਅਧਾਰ 'ਤੇ 1966 ਵਿੱਚ ਬਣਾਇਆ ਗਿਆ। ਇਸਨੂੰ ਫ਼ਿਰਕੂ ਰੰਗਤ ਦਿੱਤੀ ਗਈ। ਕੁਝ ਵਰਗ ਨੇ ਆਪਣੀ ਮਾਂ-ਬੋਲੀ ਪੰਜਾਬੀ ਦੇ ਥਾਂ ਹਿੰਦੀ ਲਿਖਵਾਈ। ਪੰਜਾਬ ਵਰਗੇ ਮਹੱਤਵਪੂਰਨ ਸੂਬੇ ਨੂੰ ਰਾਜਧਾਨੀ ਨਾ ਮਿਲੀ, ਚੰਡੀਗੜ ਰਾਜਧਾਨੀ ਦਾ ਰੇੜਕਾ ਹੁਣ ਤੱਕ ਕਾਇਮ ਹੈ। ਪੰਜਾਬੀ ਬੋਲਦੇ ਇਲਾਕੇ ਪੰਜਾਬੋਂ ਬਾਹਰ ਕਰ ਦਿੱਤੇ ਗਏ। ਜਿਨਾਂ ਬਾਰੇ ਪੰਜਾਬ ਦੀਆਂ ਇਲਾਕਾਈ ਸ਼੍ਰੋਮਣੀ ਅਕਾਲੀ ਦਲ ਵਰਗੀਆਂ ਪਾਰਟੀਆਂ ਵੀ ਬੋਲਣੋ ਕੁਸਕਣੋਂ ਹੁਣ ਰੁਕ ਗਈਆਂ ਹਨ। ਕਦੇ ਸੂਬਿਆਂ ਲਈ ਵੱਧ ਅਧਿਕਾਰਾਂ ਲਈ ਮੋਰਚਾ ਲਾਉਣ ਵਾਲਾ ਸ਼੍ਰੋਮਣੀ ਅਕਾਲੀ ਦਲ, ਭਾਰਤ ਦੇ ਸੰਵਿਧਾਨ ਨੂੰ ਸ਼ਰੇਆਮ ਪਾੜਨ ਵਾਲਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਭਾਜਪਾ ਨਾਲ਼ ਸਾਂਝਾਂ ਪਾ ਕੇ ਆਪਣਾ ਇਲਾਕਾਈ ਪਾਰਟੀ ਅਤੇ ਲੋਕਾਂ ਦੇ ਹੱਕਾਂ ਲਈ ਲੜਨ ਵਾਲੀ ਪਾਰਟੀ ਦਾ ਅਕਸ ਗੁਆ ਬੈਠਾ। ਭਾਜਪਾ ਤਾਂ ਪੰਜਾਬੋਂ ਇਹੋ ਜਿਹੇ ਨੇਤਾਵਾਂ ਦੀ ਭਾਲ ਵਿੱਚ ਰਹਿੰਦੀ ਹੈ। ਹੁਣ ਭਾਜਪਾ ਦੀ ਸਵਾਰੀ ਅਮਰਿੰਦਰ ਸਿੰਘ ਅਤੇ ਸੁਖਦੇਵ ਸਿੰਘ ਢੀਂਡਸਾ ਬਣੇ ਹਨ।

ਅੰਤਰਰਾਸ਼ਟਰੀ ਰਿਪੇਅਰੀਅਨ ਕਾਨੂੰਨ ਅਨੁਸਾਰ ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਦਾ ਹੱਕ ਪੰਜਾਬ ਦਾ ਸੀ, ਪਰ ਬਦੋ-ਬਦੀ ਪਾਣੀ ਦੀ ਵੰਡ ਕਰਦਿਆਂ ਕੇਂਦਰ ਨੇ ਰਾਜਸਥਾਨ, ਦਿੱਲੀ, ਹਰਿਆਣਾ ਨੂੰ ਪਾਣੀ ਦਾ ਹਿੱਸਾ ਦੇ ਦਿੱਤਾ। ਅੱਜ ਵੀ ਸੁਪਰੀਮ ਕੋਰਟ ਵਿੱਚ ਦਰਿਆਈ ਪਾਣੀਆਂ ਦਾ ਅਦਾਲਤੀ ਕੇਸ ਫਸਿਆ ਹੋਇਆ ਹੈ ਅਤੇ ਉਹ ਪੰਜਾਬ ਜਿਸ ਨੂੰ ਆਪ ਤਾਂ ਪਾਣੀ ਦੀ ਖੇਤੀ ਖੇਤਰ ਲਈ ਥੋੜ ਹੈ, ਪਰ ਇਸਦਾ ਪਾਣੀ ਹੋਰ ਸੂਬਿਆਂ ਨੂੰ ਬਿਨਾਂ ਕੀਮਤ ਤੋਂ ਵੰਡਿਆ ਜਾ ਰਿਹਾ ਹੈ। ਬਥੇਰਾ ਹੋ-ਹੱਲਾ ਪੰਜਾਬ ਦੇ ਲੋਕ ਪਾਉਂਦੇ ਹਨ ਕਿ ਉਹਨਾ ਨਾਲ਼ ਇਨਸਾਫ਼ ਹੋਵੇ ਪਰ ਸੁਣਵਾਈ ਕਿੱਥੇ ਹੈ? ਇਨਸਾਫ਼ ਦੀਆਂ ਫ਼ਾਈਲਾਂ ਦੱਬੀਆਂ ਪਈਆਂ ਹਨ!

ਇਹੋ ਹਾਲ ਸਤਲੁਜ-ਜਮਨਾ ਲਿੰਕ ਨਹਿਰ ਦਾ ਮਸਲੇ ਸੰਬੰਧੀ ਹੈ, ਜਿਸ ਵਿੱਚ ਪੰਜਾਬ ਨੂੰ ਸਦਾ ਅਗਨ ਭੱਠੀ 'ਚ ਝੋਕਿਆ ਗਿਆ। ਪੰਜਾਬ ਦਾ ਮਾਹੌਲ ਖ਼ਰਾਬ ਕੀਤਾ ਗਿਆ। ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾਈਆਂ ਗਈਆਂ। ਪਰ ਪੱਲੇ ਕੀ ਪਿਆ? ਗੁਆਂਢੀ ਰਾਜ ਹਰਿਆਣਾ ਨਾਲ਼ ਰੇੜਕਾ ਵਧਿਆ।

ਹੁਣ ਭਾਖੜਾ ਬੋਰਡ ਵਿੱਚੋਂ ਪੰਜਾਬ ਤੇ ਹਰਿਆਣਾ ਦੀ ਸਥਾਈ ਮੈਂਬਰੀ ਨੂੰ ਖ਼ਾਰਜ ਕਰ ਦਿੱਤਾ ਗਿਆ ਹੈ। ਪੰਜਾਬ ਤੇ ਹੋਰ ਸੂਬਿਆਂ ਦਾ ਇੱਕ ਹੋਰ ਹੱਕ ਖੋਹਕੇ ਕੇਂਦਰ ਨੇ ਆਪਣੇ ਹੱਥ ਮਜ਼ਬੂਤ ਕੀਤੇ ਹਨ। ਇਹ ਭਾਰਤੀ ਸੰਘੀ ਢਾਂਚੇ ਉੱਤੇ ਸਿੱਧਾ ਹਮਲਾ ਹੈ। ਪਰ ਕੇਂਦਰੀ ਹਾਕਮਾਂ ਨੂੰ ਇਸਦੀ ਪਰਵਾਹ ਹੈ ਕਿੱਥੇ? ਜਿਵੇਂ ਕੁਝ ਸਮਾਂ ਪਹਿਲਾਂ ਪੰਜਾਬ ਸਰਹੱਦ ਤੋਂ ਨਸ਼ੇ ਰੋਕਣ ਦੇ ਨਾਂ ਉੱਤੇ ਵਾਧੂ ਬੀ.ਐੱਸ. ਐੱਫ਼. ਤਾਇਨਾਤ ਕਰਕੇ, ਇਸਦਾ ਦਾਇਰਾਂ ਸਰਹੱਦ ਤੋਂ 50 ਕਿਲੋਮੀਟਰ, ਲਗਭਗ ਅੱਧੇ ਪੰਜਾਬ ਤੱਕ ਵਧਾ ਦਿੱਤਾ ਗਿਆ, ਉਹ ਅਸਲ ਅਰਥਾਂ ਵਿੱਚ ਪੰਜਾਬ ਦੇ ਜ਼ਿਲਿਆਂ ਅੰਮ੍ਰਿਤਸਰ, ਗੁਰਦਾਸਪੁਰ, ਕਪੂਰਥਲਾ, ਮੁਕਤਸਰ, ਫ਼ਰੀਦਕੋਟ, ਬਟਾਲਾ, ਪਠਾਨਕੋਟ, ਤਰਨਤਾਰਨ, ਫਿਰੋਜ਼ਪੁਰ, ਫ਼ਾਜ਼ਿਲਕਾ, ਮੋਗਾ ਆਦਿ ਵਿੱਚ ਅਸਿੱਧੇ ਤੌਰ 'ਤੇ ਕੇਂਦਰੀ ਬਲਾਂ ਦਾ ਕੰਟਰੋਲ ਕਰਨ ਦੇ ਤੁਲ ਹੈ। ਉਵੇਂ ਹੀ ਜਿਵੇਂ ਹੁਣ ਭਾਖੜਾ ਡੈਮ ਉੱਤੋਂ ਸੂਬੇ ਪੰਜਾਬ ਦੀ ਪੁਲਿਸ ਤਾਇਨਾਤ ਹਟਾਕੇ ਕੇਂਦਰੀ ਬਲਾਂ ਹੱਥ ਫੜਾ ਦਿੱਤੀ ਗਈ ਹੈ।

ਸਮੇਂ-ਸਮੇਂ ਤੇ ਕੇਂਦਰ ਸਰਕਾਰ ਰਾਜਾਂ ਨੂੰ ਸੰਵਿਧਾਨ ਅਨੁਸਾਰ ਮਿਲੇ ਹੱਕਾਂ ਨੂੰ ਤਰੋੜ-ਮਰੋੜ ਵਰਤੋਂ ਕਰਦੀ ਹੈ। ਖੇਤੀ, ਜਿਹੜਾ ਕਿ ਰਾਜਾਂ ਦਾ ਵਿਸ਼ਾ ਹੈ, ਉਸ ਨੂੰ ਆਪਣੇ ਢੰਗ ਨਾਲ਼ ਵਰਤਕੇ ਕੇਂਦਰ ਸਰਕਾਰ ਨੇ ਖੇਤੀ ਕਾਨੂੰਨ ਬਣਾਏ, ਜਿਸਦਾ ਸਿੱਧਾ ਅਸਰ ਪੰਜਾਬ ਦੀ ਖੇਤੀ, ਕਿਸਾਨਾਂ ਅਤੇ ਆਮ ਲੋਕਾਂ ਉੱਤੇ ਪਿਆ ਅਤੇ ਲੋਕਾਂ ਨੂੰ ਆਪਣੀ ਅਣਖ ਉੱਤੇ ਇਹ ਵੱਡੀ ਸੱਟ ਜਾਪੀ। ਵਿਰੋਧ ਹੋਇਆ ਅਤੇ ਕੇਂਦਰ ਨੂੰ ਝੁਕਣਾ ਪਿਆ।

ਭਾਰਤੀ ਸੰਵਿਧਾਨ ਲੋਕਤੰਤਰ, ਧਰਮ ਨਿਰਪੱਖਤਾ ਅਤੇ ਚੰਗੇ ਰਾਸ਼ਟਰ ਦੀ ਨਿਰਮਾਣ ਦੀ ਗੱਲ ਕਰਦਾ ਹੈ। ਸੰਵਿਧਾਨ ਅਨੁਸਾਰ ਗ਼ਰੀਬੀ ਖ਼ਤਮ ਕਰਨਾ, ਨਾਗਰਿਕਾਂ ਨੂੰ ਰੁਜ਼ਗਾਰ ਮੁਹੱਈਆ ਕਰਨਾ ਸਰਕਾਰ ਦੀ ਅਤੇ ਸਰਕਾਰ ਚਲਾ ਰਹੇ ਸਾਸ਼ਕ ਦੀ ਜ਼ਿੰਮੇਵਾਰੀ ਹੈ। ਪਰ ਮੌਜੂਦਾ ਸਾਸ਼ਕ ਅੱਛੀ ਸਿੱਖਿਆ, ਸਿਹਤ ਸਹੂਲਤਾਂ, ਰੁਜ਼ਗਾਰ ਮੁਹੱਈਆ ਕਰਨ ਵੱਲ ਪਿੱਠ ਕਰਕੇ ਅਤੇ ਨਰਮੀ ਅਤੇ ਸਮਝਦਾਰੀ ਨਾਲ਼ ਕੰਮ ਕਰਨ ਦੀ ਬਜਾਏ ਹੱਠ ਧਰਮੀ ਨਾਲ਼ ਆਪਣਾ ਰਾਜ ਸਥਾਪਿਤ ਕਰਨ ਅਤੇ ਧਰਮ ਨੂੰ ਧੁਰਾ ਬਣਾਕੇ ਵੋਟਾਂ ਵਟੋਰਨ ਦੀ ਰਾਜਨੀਤੀ ਕਰਨ ਦੇ ਰਾਹ ਤੁਰੇ ਹੋਏ ਹਨ।

ਪੰਜਾਬ ਸਮੇਤ ਕਈ ਹੋਰ ਸੂਬੇ ਇਸ ਕੇਂਦਰੀ ਹਾਕਮਾਂ ਦੀ ਸੌੜੀ ਨੀਤੀ ਦਾ ਸ਼ਿਕਾਰ ਹੋਏ ਹਨ। ਪੰਜਾਬ ਨਾਲ਼ ਵਿਤਕਰਿਆਂ ਦੀ ਦਾਸਤਾਨ ਕੋਈ ਛੋਟੀ ਨਹੀਂ ਹੈ। ਜਿਵੇਂ ਦੇਸ਼ ਵਿੱਚ ਘੱਟ-ਗਿਣਤੀਆਂ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰਦੀਆਂ, ਪੰਜਾਬ ਦੇ ਲੋਕ ਵੀ ਲਗਾਤਾਰ ਆਪਣੇ ਨਾਲ਼ ਹੋ ਰਹੇ ਮਤਰੇਏ ਵਿਵਹਾਰ ਤੋਂ ਦੁਖੀ ਦਿਸਦੇ ਹਨ। ਚੰਡੀਗੜ ਪੰਜਾਬ ਨੂੰ ਨਾ ਮਿਲੇ ਇਸ ਲਈ ਪੂਰੇ ਬੰਨ-ਸੁੱਭ ਹੋ ਰਹੇ ਹਨ। ਇਸਨੂੰ ਕੇਂਦਰ ਵੱਲੋਂ ਪੱਕੇ ਤੌਰ 'ਤੇ ਆਪਣੇ ਹੱਥ ਕਰਨ ਲਈ ਕਾਰਵਾਈ ਸ਼ੁਰੂ ਹੋ ਗਈ ਹੈ। ਸਿਟਕੋ ਨਾਂ ਦੀ ਸੰਸਥਾ ਦੇ ਐੱਮ.ਡੀ. ਦਾ ਅਹੁਦਾ ਪੰਜਾਬ ਤੋਂ ਖੋਹਕੇ ਯੂ.ਟੀ. ਕਾਡਰ ਨੂੰ ਦੇ ਦਿੱਤਾ ਗਿਆ। ਪੰਜਾਬ ਦੇ 112 ਡਾਕਟਰ ਵੀ ਪੰਜਾਬ ਭੇਜੇ ਜਾ ਰਹੇ ਹਨ, ਜੋ ਯੂ.ਟੀ. 'ਚ ਡੈਪੂਟੇਸ਼ਨ 'ਤੇ ਹਨ। ਕੇਂਦਰ ਨੇ ਭਾਖੜਾ ਮੈਨਜਮੈਂਟ ਬੋਰਡ ਵਿੱਚੋਂ ਪੰਜਾਬ ਹਰਿਆਣਾ ਦੀ ਮੈਂਬਰੀ ਉੱਤੇ ਡਾਕਾ ਮਾਰਿਆ ਹੈ। ਖੇਤੀ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਸੂਬੇ ਪੰਜਾਬ ਨਾਲ਼ ਸਨਅਤੀ ਖੇਤਰ 'ਚ ਵੱਡਾ ਵਿਤਕਰਾ ਹੋਇਆ ਹੈ, ਗੁਆਂਢੀ ਸੂਬਿਆਂ ਵਿੱਚ ਸਨਅਤਕਾਰਾਂ ਨੂੰ ਵਿਸ਼ੇਸ਼ ਅਧਿਕਾਰ ਹਨ, ਪਰ ਪੰਜਾਬ ਇਸ ਤੋਂ ਵਿਰਵਾ ਹੈ।

ਹਰਿਆਣਾ ਅਤੇ ਹਿਮਾਚਲ, ਪੰਜਾਬ ਤੋਂ ਛੋਟੇ ਹਨ, ਪਰ ਇੱਥੇ ਘੱਟ ਮੈਡੀਕਲ ਕਾਲਜ ਅਤੇ ਮੈਡੀਕਲ ਸਹੂਲਤਾਂ ਹਨ, ਜੋ ਕੇਂਦਰ ਸਰਕਾਰ ਵੱਲੋਂ ਪ੍ਰਵਾਨ ਹੋਣੀਆਂ ਹੁੰਦੀਆਂ ਹਨ। ਪੰਜਾਬ ਸੁਰੱਖਿਆ ਖੇਤਰ ਵਿੱਚ ਵੱਡਾ ਯੋਗਦਾਨ ਦਿੰਦਾ ਹੈ, ਪਰ ਜਦੋਂ ਕੋਈ ਤੱਤੀ-ਠੰਡੀ ਲਹਿਰ ਪੰਜਾਬ 'ਚ ਰੋਸ ਵਜੋਂ ਚੱਲਦੀ ਹੈ ਤਾਂ ਕੇਂਦਰੀ ਬਲਾਂ ਨੂੰ ਜਦੋਂ ਪੰਜਾਬ ਸੱਦਿਆ ਜਾਂਦਾ ਹੈ, ਉਸਦਾ ਸਾਰਾ ਖ਼ਰਚਾ ਪੰਜਾਬ ਚੁੱਕਦਾ ਹੈ। ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਪੰਜਾਬ ਵਿੱਚ ਰੁਜ਼ਗਾਰ ਦੀ ਕਮੀ ਕਾਰਨ ਬ੍ਰੇਨ-ਡ੍ਰੇਨ ਹੋ ਰਿਹਾ ਹੈ ਅਤੇ ਪੰਜਾਬ ਦੀ ਜੁਆਨੀ ਰੁਜ਼ਗਾਰ ਦੀ ਖ਼ਾਤਰ ਪਰਵਾਸ ਦੇ ਰਾਹ 'ਤੇ ਹੈ ਅਤੇ ਸਰਹੱਦੀ ਸੂਬੇ ਦੀ ਇਸ ਸਮੱਸਿਆ ਵੱਲ ਕੇਂਦਰ ਸਰਕਾਰ ਦਾ ਕਦੇ ਧਿਆਨ ਹੀ ਨਹੀਂ ਜਾਂਦਾ। ਜਿਹੜਾ ਪੰਜਾਬ ਕਦੇ ਦੇਸ਼ ਦਾ ਤਰੱਕੀ ਕਰਦਾ ਸੂਬਾ ਸੀ ਤੇ ਕਈ ਖੇਤਰਾਂ ਵਿੱਚ ਪਹਿਲੇ ਦਰਜੇ 'ਤੇ ਸੀ, ਉਸਦੀਆਂ ਗ੍ਰਾਂਟਾਂ ਰੋਕੀਆਂ ਜਾ ਰਹੀਆਂ ਹਨ, ਤਾਂ ਕਿ ਉਹ ਕੇਂਦਰ ਦੇ ਰਹਿਮੋ-ਕਰਮ 'ਤੇ ਹੋ ਜਾਏ। ਮੌਜੂਦਾ ਸਮੇਂ 1100 ਕਰੋੜ ਰੁਪਏ ਦਾ ਪੰਜਾਬ ਦਾ ਪਿਛਲੇ ਸੀਜਨ ਦਾ ਆਰ.ਡੀ.ਐੱਫ਼ ਰੋਕ ਦਿੱਤਾ ਗਿਆ ਹੈ।

ਪੰਜਾਬ ਜਿਸਨੇ ਐਗਰੋ ਇੰਡਸਟਰੀ ਵਿੱਚ ਮੀਲ ਪੱਥਰ ਗੱਡੇ ਸਨ, ਕਪਾਹ ਤੇ ਗੰਨਾ ਮਿੱਲਾਂ ਨੇ ਪੰਜਾਬ ਦੇ ਲੋਕਾਂ ਨੂੰ ਥੋੜਾ ਥਾਂ ਸਿਰ ਕੀਤਾ ਸੀ, ਉਹ ਐਗਰੋ ਅਧਾਰਿਤ ਇੰਡਸਟਰੀ ਪਿਛਲੇ ਕੁਝ ਸਾਲਾਂ ਤੋਂ ਬੰਦ ਹੋਈ ਹੈ। ਇਸ ਅਤਿ ਮਹੱਤਵਪੂਰਨ ਸਨਅਤ ਨੂੰ ਮੁੜ ਚਾਲੂ ਕਰਨ ਜਾਂ ਕੋਈ ਨਵੀਂ ਫ਼ਾਰਮ ਇੰਡਸਟਰੀ ਚਾਲੂ ਕਰਨ ਲਈ ਕੋਈ ਪਹਿਲਕਦਮੀ ਨਹੀਂ ਹੋਈ। ਲਹਿਰਾਗਾਗਾ ਵਿੱਚ ਬਾਰਬੀਓ ਕੰਪਨੀ ਨੇ ਪਰਾਲੀ ਤੋਂ ਬਾਇਓ ਸੀ.ਐੱਨ.ਜੀ. ਤੇ ਆਰਗੈਨਿਕ ਖਾਦ ਬਣਾਉਣ ਦਾ ਕੰਮ ਸ਼ੁਰੂ ਕੀਤਾ, ਪਰ ਸਰਕਾਰ ਨੇ ਇਸ ਵੱਲ ਕਦਮ ਨਹੀਂ ਪੁੱਟੇ। 29 ਫ਼ਸਲਾਂ ਉਗਾਉਣ ਵਾਲੇ ਪੰਜਾਬ ਦੇ ਕਿਸਾਨ ਹੁਣ ਸਿਰਫ਼ ਛੇ ਫ਼ਸਲਾਂ ਤੱਕ ਸਿਮਟਕੇ ਰਹਿ ਗਏ ਹਨ ਝੋਨੇ ਦੀ ਖੇਤੀ ਕਾਰਨ ਜ਼ਮੀਨੀ ਪਾਣੀ ਦਾ ਪੱਧਰ ਨਿੱਤ ਨੀਵਾਂ ਹੋ ਰਿਹਾ ਹੈ। ਰਸਾਇਣਾਂ ਦੀ ਵਰਤੋਂ ਨਾਲ਼ ਪੰਜਾਬ ਦੀ ਜ਼ਮੀਨ ਜ਼ਹਿਰੀਲੀ ਹੋ ਗਈ ਹੈ। ਉਪਜਾਊ ਸ਼ਕਤੀ ਘੱਟ ਰਹੀ ਹੈ। ਜ਼ਮੀਨ 'ਤੇ ਹੱਲ ਚਲਾਉਣ ਦੀ ਥਾਂ ਕਿਸਾਨ ਪਿੰਡ, ਖੇਤੀ ਜਾਂ ਦੇਸ਼ ਛੱਡਣ ਲਈ ਮਜ਼ਬੂਰ ਹੋ ਚੁੱਕੇ ਹਨ, ਪਰ ਪੰਜਾਬ ਦੀ ਸਾਰ ਕੋਈ ਵੀ ਸਰਕਾਰ ਨਹੀਂ ਲੈ ਰਹੀ।

ਸਰਹੱਦੀ ਸੂਬੇ ਪੰਜਾਬ ਜਿਸਨੇ 1947 ਤੋਂ ਹੁਣ ਤੱਕ ਕਾਫ਼ੀ ਮੁਸੀਬਤਾਂ ਦਾ ਸਾਹਮਣਾ ਕੀਤਾ। ਵੰਡ ਦਾ ਦਰਦ ਹੰਢਾਇਆ, ਤੱਤੀਆਂ-ਠੰਡੀਆਂ ਲਹਿਰਾਂ ਵੇਖੀਆਂ, ਪਾਕਿਸਤਾਨ, ਚੀਨ ਨਾਲ਼ ਲੜਾਈ ਵਿੱਚ ਬਹੁਤ ਕੁਝ ਝੱਲਿਆ। ਉਸ ਵੱਲ ਤਾਂ ਕੇਂਦਰੀ ਸਰਕਾਰ ਦਾ ਵਿਸ਼ੇਸ਼ ਧਿਆਨ ਦੇਣਾ ਬਣਦਾ ਸੀ। ਪੰਜਾਬ ਜਿਸ 'ਤੇ ਸਰਹੱਦੀ ਸੂਬਾ ਹੁੰਦਿਆਂ ਨਸ਼ੇ ਦੇ ਤਸਕਰਾਂ ਦਾ ਜ਼ੋਰ ਸੀ, ਪੰਜਾਬ ਜਿਸਨੇ ਖੇਤੀ ਖੇਤਰ 'ਚ ਦੇਸ਼ ਦੇ ਅੰਨ ਭੰਡਾਰ ਭਰੇ, ਆਪਣਾ ਆਪ ਨਸ਼ਟ ਕਰਾਇਆ, ਵਾਤਾਵਰਨ ਦਾ ਸਤਿਆਨਾਸ ਕਰਵਾਇਆ, ਉਸ ਨੂੰ ਤਾਂ ਕੇਂਦਰ ਸਰਕਾਰਾਂ ਵੱਲੋਂ ਵਿਸ਼ੇਸ਼ ਉਦਯੋਗਿਕ, ਵਾਤਾਵਰਨ ਸੁਰੱਖਿਆ ਲਈ ਵਿਸ਼ੇਸ਼ ਪੈਕੇਜ ਦੇਣ ਦੀ ਲੋੜ ਸੀ। ਪਰ ਸਰਕਾਰ ਨੇ ਇਸ ਵੱਲ ਪਿੱਠ ਖੜੀ ਕੀਤੀ ਰਹੀ।

ਪੰਜਾਬ ਵਿੱਚ ਸਮੱਸਿਆਵਾਂ ਦਾ ਅੰਬਾਰ ਲੱਗਿਆ ਹੋਇਆ ਹੈ। ਪੰਜਾਬ ਲਈ ਅਤੇ ਇਸਦੇ ਬਾਸ਼ਿੰਦਿਆਂ ਵਿਚਕਾਰ ਆਪਸੀ ਭਾਈਚਾਰੇ ਦੀ ਲੋੜ ਹੈ। ਸਨਅਤੀ ਵਿਕਾਸ ਅਤੇ ਸੁਚੱਜਾ ਵਾਤਾਵਰਨ ਲੋੜੀਂਦਾ ਹੈ। ਕਾਸ਼ਤਕਾਰੀ ਦੇ ਪੂਰੇ ਢਾਂਚੇ ਦੀ ਪੁਨਰ ਸਿਰਜਨਾ ਦੇ ਨਾਲ਼-ਨਾਲ਼, ਪ੍ਰਤਿਭਾ ਦੀ ਹਿਜਰਤ ਜੋ ਇੱਕ ਨਸੂਰ ਬਣ ਚੁੱਕੀ ਹੈ ਨੂੰ ਰੋਕਣਾ ਸੂਬੇ ਦੀ ਪਹਿਲ ਹੋਣੀ ਜ਼ਰੂਰੀ ਹੈ। ਇਹ ਤਦੇ ਸੰਭਵ ਹੈ ਜੇਕਰ ਸੂਬੇ ਨੂੰ ਆਪਣਾ ਆਪਾ ਸੁਧਾਰਨ ਲਈ ਪੂਰੇ ਅਧਿਕਾਰ ਮਿਲ ਸਕਣ। ਕੀ ਦੇਸ਼ ਦੇ ਹਾਕਮ ਅਤੇ ਪੰਜਾਬ ਦੇ ਨੀਤੀ-ਘਾੜੇ ਆਪਣੇ ਸਵਾਰਥੀ ਹਿੱਤਾਂ ਨੂੰ ਛੱਡ ਪੰਜਾਬ ਸਾਹਮਣੇ ਆਈਆਂ ਚਣੌਤੀਆਂ ਦੀ ਗੰਭੀਰਤਾ ਨਾਲ਼ ਨਿਸ਼ਾਨਦੇਹੀ ਕਰਕੇ ਇਸ ਨੂੰ ਮੁੜ ਖ਼ੁਸ਼ਹਾਲ, ਸ਼ਕਤੀਸ਼ਾਲੀ, ਰਹਿਣਯੋਗ ਪੰਜਾਬ ਬਣਾਉਣ ਲਈ ਯਤਨ ਕਰਨਗੇ?

## ਦਿੱਲੀ ਦੇ ਨਿਹਾਲ ਵਿਹਾਰ ਵਿੱਚ ਸਿੱਖ ਪਰਿਵਾਰ ਨਾਲ਼ ਮਾਰ ਕੁਟਾਈ ਕਰ ਮੁੜ 84 ਕਰਨ ਦੀ ਚੇਤਾਵਨੀ ਦਿੱਤੀ

### ਘਰ ਦੇ ਅੱਗੇ ਹਰ ਰੋਜ਼ ਦਾਰੂ ਪੀ ਕੇ ਕਰਦੇ ਸਨ ਸ਼ੋਰ-ਸ਼ਰਾਬਾ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖ਼ਾਲਸਾ :-** ਬੀਤੀ ਰਾਤ ਨੂੰ ਦਿੱਲੀ ਦੇ ਨਿਹਾਲ ਵਿਹਾਰ ਇਲਾਕੇ ਵਿੱਚ ਸਿੱਖ ਪਰਿਵਾਰ ਨੂੰ ਕੁੱਟਦਿਆਂ ਕਿਹਾ ਗਿਆ ਕਿ ਸਰਦਾਰੋ ਤੁਮਾਰੇ ਕੋ ਦੁਬਾਰਾ 84 ਦਿਖਾਏਂਗੇ, ਔਰ ਤੁਮਾਰੀ ਜੂੜੀ ਕਾਟੇਂਗੇ। ਇਹ ਲੋਕ ਭਾਈ ਰਾਮ ਸਿੰਘ ਜੋ ਕਿ ਦਿੱਲੀ ਗੁਰਦੁਆਰਾ ਕਮੇਟੀ ਅਧੀਨ ਚੱਲਦੇ ਗੁਰਦੁਆਰਾ ਨਾਨਕ ਪਿਆਓ ਵਿਖੇ ਇੰਸਟੀਚਿਊਟ ਵਿੱਚ ਨੌਕਰੀ ਕਰਦੇ ਹਨ, ਦੇ ਘਰ ਦੇ ਬਾਹਰ ਹਰ ਰੋਜ਼ ਮਨੋਜ ਅਤੇ ਸੁੰਦਰ ਨਾਂ ਦੇ ਗੁਰਜਰ ਦਾਰੂ ਪੀ ਕੇ ਸ਼ੋਰ ਸ਼ਰਾਬਾ ਕਰਦੇ ਸਨ, ਬੀਤੀ ਰਾਤ ਜਦੋਂ ਪਰਿਵਾਰ ਵਾਲਿਆਂ ਨੇ ਕਿਹਾ ਕਿ ਤੁਸੀਂ ਆਪਣੇ ਘਰੇ ਜਾਂ ਹੋਰ ਕਿਤੇ ਜਾ ਕੇ ਇਹ ਕੰਮ ਕਿਉਂ ਨਹੀਂ ਕਰਦੇ ਤਾਂ ਇਨਾਂ ਕਿਹਾ 'ਸਰਦਾਰੋ ਤੁਮਾਰੇ ਕੋ ਦੁਬਾਰਾ 84 ਦਿਖਾਏਂਗੇ ਔਰ ਤੁਮਾਰੀ ਜੂੜੀ ਕਾਟੇਂਗੇ' ਅਤੇ ਇਹ ਲੋਕ ਆਪਣੇ ਨਾਲ਼ ਹੋਰ 20-25 ਬੰਦੇ ਲੈ ਆਏ ਤੇ ਫਿਰ ਇਨਾਂ ਪਰਿਵਾਰ ਵਾਲਿਆਂ ਨੂੰ ਡੰਡਿਆਂ ਨਾਲ਼ ਕੁੱਟਣਾ ਸ਼ੁਰੂ ਕਰ ਦਿੱਤਾ, ਕੁਝ ਸਮੇਂ ਤੱਕ ਮੁਕਾਬਲਾ ਕਰਨ ਉਪਰੰਤ ਜਦੋਂ ਹਮਲਾਵਰ ਹਾਵੀ ਹੋ ਗਏ ਤਾਂ ਪਰਿਵਾਰ ਵਾਲਿਆਂ ਨੂੰ ਘਰ ਅੰਦਰ ਬੰਦ ਹੋ ਕੇ ਜਾਨ ਬਚਾਉਣੀ ਪਈ, ਤਦ ਉਨਾਂ ਨੇ ਪੁਲਿਸ ਨੂੰ ਫ਼ੋਨ ਕਰਕੇ ਮਾਮਲੇ ਦੀ ਜਾਣਕਾਰੀ ਦੇ ਕੇ ਕਾਰਵਾਈ ਕਰਨ ਲਈ ਕਿਹਾ। ਜ਼ਖ਼ਮੀ ਹੋਏ ਰਾਮ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਦੀ ਜਾਣਕਾਰੀ ਉਨਾਂ ਕਮੇਟੀ ਮੈਂਬਰਾਂ ਨੂੰ ਵੀ ਦਿੱਤੀ ਹੈ ਤੇ ਇੱਕ ਮੈਂਬਰ ਨਿਸ਼ਾਨ ਸਿੰਘ ਮਾਨ ਆ ਕੇ ਸਮਝੌਤਾ ਕਰਾਉਣ 'ਤੇ ਜ਼ੋਰ ਦੇਣ ਲੱਗ ਪਿਆ ਸੀ। ਹਰਬੰਸ ਸਿੰਘ ਦੇ ਸਿਰ ਵਿੱਚ ਚੋਟ ਆਈ ਹੈ, ਰਾਮ ਸਿੰਘ ਦੀ ਖੱਬੀ ਟੰਗ ਤੇ ਪਲਸਤਰ ਚੜ ਗਿਆ ਹੈ, ਮਨਜੀਤ ਸਿੰਘ ਨੂੰ ਕੁਝ ਟਾਂਕੇ ਲੱਗੇ ਹਨ ਤੇ ਨਾਲ਼ ਹੀ ਉਨਾਂ ਦੀ ਬਾਂਹ 'ਤੇ ਵੀ ਸੱਟਾਂ ਲੱਗੀਆਂ ਹਨ। ਇਸਦੇ



ਨਾਲ਼ ਹੀ ਘਰ ਦੀਆਂ ਔਰਤਾਂ ਰੇਖਾ ਕੌਰ ਅਤੇ ਰਾਣੀ ਕੌਰ ਵੀ ਜ਼ਖ਼ਮੀ ਹੋਈਆਂ ਹਨ। ਭਾਈ ਰਾਮ ਸਿੰਘ ਨੇ ਦੱਸਿਆ ਕਿ ਹਮਲਾਵਰਾਂ ਵਿੱਚੋਂ ਇੱਕ ਨੇ ਆਪਣੇ ਸਿਰ ਤੇ ਖ਼ੁਦ ਚੋਟ ਲਗਾ ਲਈ ਤੇ ਪੁਲਿਸ ਥਾਣੇ ਜਾ ਕੇ ਸਾਡੇ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾ ਦਿੱਤੀ। ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਪਰਿਵਾਰ ਨਾਲ਼ ਸ੍ਰੀ ਅੰਮ੍ਰਿਤਸਰ ਸਾਹਿਬ ਹੋਣ ਕਰਕੇ ਗੱਲ ਨਹੀਂ ਹੋ ਪਾਈ ਤੇ ਜਨਰਲ ਸਕੱਤਰ ਸਾਹਿਬ ਨੇ ਬਿਜ਼ੀ ਹੋਣ ਕਰਕੇ ਫ਼ੋਨ ਨਹੀਂ ਚੁੱਕਿਆ।

# ਦੀਪ ਸਿੱਧੂ ਦੀ ਵਿਚਾਰਧਾਰਾ ਦਾ ਪ੍ਰਭਾਵ



**ਸ. ਦਲਵਿੰਦਰ ਸਿੰਘ ਘੁੰਮਣ**

ਦੁਨੀਆਂ ਵਿੱਚ ਧਰੂ ਤਾਰੇ ਵਾਂਗ ਚਮਕਣ ਦੀ ਗਤੀ ਕਿਸੇ ਵਿਰਲੇ-ਵਿਰਲੇ ਬੰਦੇ ਦੇ ਹਿੱਸੇ ਆਈ ਹੈ। ਜੇ ਉਸ ਗਤੀ ਨੇ ਆਪਣੀ ਰਫ਼ਤਾਰ ਨੂੰ ਢੁੱਕਵੇਂ ਰੁਖ਼ ਵਿੱਚ ਰੱਖ ਕੇ ਬਿਨਾਂ ਨੁਕਸਾਨ ਤੇ ਮੰਜ਼ਿਲ ਨੂੰ ਸਪਰਸ਼ੀ ਛੋਹਿਆ ਹੋਵੇ ਤਾਂ ਦੁਨੀਆਂ ਚੰਗੇ ਲਈ ਗੱਲਾਂ ਕਰਦੀ ਹੈ। ਜੱਗ ਬਾਤਾਂ ਪਾਉਣ ਦੇ ਕਾਬਲ ਹੋ ਜਾਂਦਾ ਹੈ। ਪੰਜਾਬ ਅਤੇ ਸਿੱਖ ਸਿਆਸਤ ਵਿੱਚ ਗੁਰੂ ਗੋਬਿੰਦ ਸਿੰਘ ਦੀ ਸਿਧਾਂਤਕ ਲੜਾਈ ਦਾ ਪਿੱਛਾ ਕਰਦਿਆਂ ਪਿਛਲੇ 75 ਸਾਲਾਂ ਦੀ ਭਾਰਤ ਦੀ ਅਜ਼ਾਦੀ ਤੋਂ ਬਾਅਦ ਦੋ ਅਜਿਹੀਆਂ ਸ਼ਖ਼ਸੀਅਤਾਂ ਆਈਆਂ। ਜਿਨਾਂ ਸਮੇਂ ਦੀ ਐਸੀ ਬਾਂਹ ਮਰੋੜੀ ਕਿ ਸਮੇਂ ਨੂੰ ਥਾਂ ਸਿਰ ਕਰਦੇ ਹੋਏ ਆਪਣੀ ਆਹੁਤੀ ਦੇ ਗਏ। ਜਿਨਾਂ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਦੀਪ ਸਿੱਧੂ ਦੀ ਘੱਟ ਸਮੇਂ ਵਿੱਚ ਦਾਰਸ਼ਨਿਕ ਸੋਚ ਨੇ ਸਰਕਾਰਾਂ ਦੀਆਂ ਪੰਜਾਬ ਪ੍ਰਤੀ ਮਾੜੀਆਂ ਨੀਤੀਆਂ ਨੂੰ 'ਵਾ-ਵਰੋਲੇ ਵਾਂਗ ਉਡਣੇ ਲਾ ਦਿੱਤਾ। ਸਰਕਾਰਾਂ ਆਪਣੇ ਛੜਯੰਤਰਾਂ ਨਾਲ਼ ਕਾਮਯਾਬੀ ਵੱਲ ਨਾ ਵਧ ਸਕੀਆਂ ਪਰ ਹੱਲ ਕੱਢਣ ਦੀ ਬਜਾਏ ਉਸ ਸੋਚ ਨੂੰ ਮਾਰਨ ਤੁਰ ਪਈਆਂ। ਪਰ ਸਿਧਾਂਤਕ ਲਹਿਰਾਂ ਦੇ ਵਗਦੇ ਦਰਿਆਵਾਂ ਨੂੰ ਠੱਲ ਪਾਉਣਾ ਅਸਾਨ ਨਹੀਂ ਹੁੰਦਾ। ਇਹ ਸ਼ਖ਼ਸੀਅਤਾਂ ਸਾਡੇ ਵਿੱਚ ਨਹੀਂ ਹਨ ਪਰ ਸੋਚ ਕਦੇ ਨਹੀਂ ਮਰੇਗੀ ਸਗੋਂ ਅਮਰ ਹੋ ਗਈ ਹੈ। ਬੇਵਕਤੀ, ਅਚਾਨਕ ਦੀਪ ਸਿੱਧੂ ਦੀ ਮੌਤ ਨਾਲ਼ ਬਹੁਤ ਵੱਡਾ ਘਾਟਾ ਪਿਆ ਹੈ। ਮੌਤ ਦੇ ਕੋਈ ਵੀ ਕਾਰਨ ਹੋਣ ਪਰ ਸ਼ੱਕ ਦਾ ਪੈਦਾ ਹੋਣਾ ਸੁਭਾਵਿਕ ਹੈ। ਡੂੰਘੀ ਸਾਜ਼ਿਸ਼ ਦਾ ਸ਼ਿਕਾਰ ਬਣਾਇਆ ਗਿਆ ਹੈ। ਸਮਾਂ ਦੱਸੇਗਾ। ਪਰ ਇਸ ਦੁੱਖ ਦੀ ਘੜੀ ਵਿੱਚ ਪੰਜਾਬ ਹਿੱਤ ਚੱਲੀ ਗੱਲ ਦੇ ਵੱਡੇ ਗੱਲਕਾਰ ਦਾ ਚੜਦੀ ਉਮਰੇ ਇਸ ਤਰਾਂ ਚਲੇ ਜਾਣਾ ਬਹੁਤ ਦੁੱਖਦਾਈ ਹੈ। ਦੀਪ ਸਿੱਧੂ ਦੇ ਅੰਤਿਮ ਸੰਸਕਾਰ ਤੇ ਉਮੜੀ ਸਿੱਖ ਨੌਜਵਾਨੀ ਨੇ ਇਹ ਆਭਾਸ ਦਿੱਤਾ ਕਿ ਇਹ ਮਹਿਜ ਇੱਕ ਮਾਮੂਲੀ ਘਟਨਾ ਜਾਂ ਪਰਿਵਾਰਕ ਸਮਾਗਮ ਤੱਕ ਸੀਮਤ ਨਾ ਰਹਿ ਜਾਵੇ ਇਸ ਲਈ ਉਸ ਦੀ ਹੋਈ ਕੁਰਬਾਨੀ ਦੇ ਮੁਲਾਂਕਣ ਨੂੰ ਵਿਸ਼ਾਲਤਾ ਦਾ ਘੇਰਾ ਮੱਲਣ ਲਈ ਇੱਕਵੱਡੀ ਲਹਿਰ ਪੈਦਾ ਕਰਨੀ ਜ਼ਰੂਰੀ ਹੈ। ਜੋ ਇਸ ਗੱਲ ਦੀ ਵਜਾ ਬਣੀ ਕਿ ਉਸ ਦੀ ਅਮਰ ਅਰਦਾਸ ਲਈ ਸ੍ਰੀ ਫ਼ਤਿਹਗੜ ਸਾਹਿਬ ਦੀ ਪਵਿੱਤਰ ਧਰਤੀ ਤੋਂ ਲੱਖਾਂ ਦੇ ਇਕੱਠ ਵਿੱਚ ਕੌਮ ਨੇ ਉਸ ਨੂੰ ਕੌਮੀ ਯੋਧੇ ਦੇ ਖ਼ਿਤਾਬ ਨਾਲ਼ ਨਿਵਾਜਿਆ। ਇਹ ਅਚੇਤ ਅਵਸਥਾ ਵਿੱਚੋਂ ਵਾਪਰੀ ਘਟਨਾ ਨੇ ਪੰਜਾਬ ਖ਼ਾਸ ਕਰ ਸਿੱਖ ਜਜ਼ਬਾਤਾਂ ਨੂੰ ਧੁਰ ਅੰਦਰ ਤੱਕ ਝੰਜੋੜ ਦਿੱਤਾ। ਦੀਪ ਸਿੱਧੂ ਦੀ ਵਧਦੀ ਹਰਮਨ ਪਿਆਰਤਾ ਦੇ ਟੁੱਟਣ ਨਾਲ਼ ਪੰਜਾਬ ਜ਼ਾਰ-ਜ਼ਾਰ ਰੋਇਆ। ਮੇਰੇ ਨਾਲ਼ ਸੀ, ਮੇਰੇ ਨਾਲ਼ ਗੱਲ ਕਰਦਾ ਸੀ, ਮੈਨੂੰ ਮਿਲਣਾ ਸੀ, ਮੇਰੀ ਮਿਲਣ ਦੀ ਖ਼ਾਹਿਸ਼ ਸੀ, ਇਹ ਸਭ ਖ਼ਿਆਲ ਰੂਪੀ ਅਕਹਿ ਪੀੜਾ ਦੇ ਰੰਗ ਹਨ। ਉਸ ਨੇ ਜਿਸ ਤਰੀਕੇ ਨਾਲ਼ ਇੱਕ ਸੂਖ਼ਮ ਅਤੇ ਸੱਚੀ ਭਾਵਨਾ ਨਾਲ਼ ਸਿੱਖਾਂ ਨਾਲ਼ ਹੋਈਆਂ ਘੋਰ ਬੇਇਨਸਾਫ਼ੀਆਂ ਨੂੰ ਲੋਕਾਂ ਦੇ ਸਮਝ ਆਉਣ ਵਾਲੀ ਸਰਲ ਭਾਸ਼ਾ ਦੀ ਵਿਉਂਤਬੰਦੀ ਚੁਣੀ। ਉਸ ਦੀ ਗੱਲ ਦੇ ਤਰਕ ਬਹੁਤ ਖ਼ਾਸ ਅਵਸਥਾ ਨੂੰ ਦਲੀਲ ਨਾਲ਼ ਸਮਝਾਉਣ ਲਈ ਅਹਿਮ ਸਨ। ਉਸ ਦੇ ਸਾਕਾਰਾਤਮਿਕ ਜੁਆਬ ਕਿਸੇ ਵੀ ਸਵਾਲ ਨੂੰ ਸਧਾਰਨ ਹੀ ਠਿੱਠ ਕਰ ਦਿੰਦੇ। ਸਵਾਲ ਆਪਣੇ ਆਪ ਵਿੱਚ ਬੌਣੇਪਣ ਦਾ ਸ਼ਿਕਾਰ ਲੱਗਦਾ। ਪੜਾਈ ਇਨਸਾਨ ਨੂੰ ਜੀਊਣ ਪੱਧਰ ਦਿੰਦੀ ਹੈ, ਉਸ ਵਿੱਚ ਰੰਗ ਕਲਾ, ਵਿਚਾਰ, ਸਿਧਾਂਤ ਸੋਚ ਵਿਅਕਤੀਗਤ ਹੁੰਦੀ ਹੈ। ਜੋ ਰੰਗ ਭਰਦਾ ਹੈ ਉਹ ਉਸ ਦੇ ਵਿਚਾਰਾਂ ਦੀ ਖ਼ੂਬਸੂਰਤੀ ਦੀ ਤਸਵੀਰ ਬਣ ਜਾਦੀ ਹੈ। ਦੀਪ ਦੀ ਕਿਸੇ ਆਕਾਸ਼ ਨੂੰ ਛੂਹ ਲੈ ਜਾਣ ਵਾਲੀ ਬਿਰਤੀ ਨੇ ਅਮਰ ਹੋਣ ਦੇ ਰਾਹ ਦੀ ਪੈੜ ਨੱਪਣੀ ਸ਼ੁਰੂ ਕਰ ਦਿੱਤੀ ਸੀ। ਗੁਰਬਾਣੀ ਦੇ ਨਿੱਤ-ਨੇਮ ਨੇ ਨਿਰਭਉ ਕਰ ਦਿੱਤਾ ਸੀ ਪਰ ਉਹ ਨਿਰਵੈਰ ਨਹੀਂ ਹੋ ਸਕਿਆ, ਕਿਉਂਕਿ ਉਸ ਨੇ ਆਪਣੇ ਵੈਰ ਦੀ ਨਹੀਂ ਸਗੋਂ ਕੌਮ ਦੇ ਵੈਰੀਆਂ ਦੀ ਸ਼ਨਾਖ਼ਤ ਕਰਨੀ ਜ਼ਰੂਰ ਸ਼ੁਰੂ ਕਰ ਦਿੱਤੀ ਸੀ। ਉਹ ਉਂਗਲ ਲਾ-ਲਾ ਕੇ ਪੰਜਾਬ ਵਿਰੋਧੀਆਂ, ਦੋਖੀਆਂ ਨੂੰ ਵੰਗਾਰਨ ਲੱਗ ਪਿਆ ਸੀ। ਜਿਸ ਤਾਰੀਕੇ ਨਾਲ਼ ਫ਼ਰਵਰੀ 2022 ਦੀਆਂ ਚੋਣਾਂ ਵਿੱਚ ਉਹ ਖੁੱਲ ਕੇ ਸ. ਸਿਮਰਨਜੀਤ ਸਿੰਘ ਮਾਨ ਨਾਲ਼ ਪੰਜਾਬ ਅਤੇ ਅਜ਼ਾਦ ਰਾਜ ਦੀ ਗੱਲ ਲਈ ਚਟਾਨ ਵਾਂਗ ਖੜਾ ਹੋ ਗਿਆ। ਸ. ਮਾਨ ਦੇ ਪੰਜਾਬ ਪ੍ਰਤੀ ਸਟੈਂਡ ਦੀ ਪ੍ਰੋੜਤਾ ਕਰਦਾ ਨਜ਼ਰ ਆਉਣ ਲੱਗਾ। 'ਵਾਰਸ ਪੰਜਾਬ ਦੇ' ਜਥੇਬੰਦੀ ਦੀ ਪਹਿਲੀ ਪਹਿਲ ਕਦਮੀ ਰਾਹੀਂ ਵਾਰ-ਵਾਰ ਅਪੀਲਾਂ ਕੀਤੀਆਂ ਕਿ ਇਹ ਜਿੱਤ ਕਿੰਨੀ ਜ਼ਰੂਰੀ ਹੈ, ਇਹ ਉਸ ਦੇ ਵਿਕਾਰ ਦਾ ਸਵਾਲ ਬਣ ਗਿਆ। ਅਗਰ ਸ. ਮਾਨ ਜਿੱਤ ਗਿਆ ਤਾਂ ਪੰਜਾਬ ਦੀ ਜਿੱਤ, ਸਿੱਖਾਂ ਦੀ ਜਿੱਤ ਨਾਲ਼ ਜੋੜ ਕੇ ਇੱਕ ਪੰਜਾਬ ਪੱਖੀ ਵੱਡੀ ਲਹਿਰ ਦਾ ਖੜੇ ਹੋਣਾ ਸੰਭਾਵਨਾਪੂਰਨ ਹੈ। ਇਹੀ ਅੱਜ ਪੰਜਾਬ ਨੂੰ ਆਪਣੇ ਪੈਰੀਂ ਖੜੇ ਹੋਣ ਲਈ ਇੱਕ ਸਾਂਝੀ ਤਾਕਤ ਦੀ ਲੋੜ ਹੈ। ਕਿਸਾਨ ਮੋਰਚੇ ਵਿੱਚ ਉਸ ਦੀ ਹਰ ਗੱਲ ਅਤੇ ਦਲੀਲ ਨੂੰ ਪੁਖਤਾ ਰਣਨੀਤੀ ਨਾਲ਼ ਮੰਨਿਆ ਜਾਣ ਲੱਗਾ। ਕਿਸਾਨੀ ਮੋਰਚੇ ਦੀ ਫ਼ਤਹਿ ਦੀ ਕਲਾ ਸ਼ਾਇਦ ਨਾ ਵਾਪਰਦੀ ਕਿਉਂ ਕਰਕੇ ਦੀਪ ਸਿੱਧੂ ਦੀ ਦਾਰਸ਼ਨਿਕ ਸੋਚ ਨੇ ਪੰਜਾਬ ਨੂੰ ਵੰਗਾਰਿਆ। ਮੋਰਚਾ, ਪੰਜਾਬ ਦੀਆਂ ਸਰਹੱਦਾਂ ਮੱਲਣ ਨਾਲ਼ੋਂ ਦਿੱਲੀ ਦੀਆਂ ਬਰੂਹਾਂ 'ਤੇ ਜਾ ਕੇ ਕੇਂਦਰ ਦੇ ਨੱਕ ਵਿੱਚ ਦਮ ਨਾ ਕੀਤਾ ਤਾਂ ਲੀਡਰਾਂ ਦੇ ਘਸਿਆਰੇ ਹੱਥ ਕੰਢਿਆਂ ਦੀ ਖੇਡ ਬਣ ਕੇ ਫੇਲ ਹੋ ਜਾਵੇਗਾ। ਦਿਮਾਗ਼ੋਂ ਖੁੰਡੀ ਹੋ ਚੁੱਕੀ ਪੰਜਾਬ ਦੀ ਰਾਜਨੀਤੀ ਲਈ ਨਵਾਂ ਮੋੜਾ ਦੇਣਾ ਜ਼ਰੂਰੀ ਸੀ। ਸੋਧਾਂ ਨਾਲ਼ੋਂ ਕਾਨੂੰਨਾਂ ਦੀ ਮੂਲੋਂ ਰੱਦ ਕਰਨ ਦੀ ਗੱਲ ਪੰਜਾਬ ਦੀ ਹੋਂਦ ਨਾਲ਼ ਜੋੜਿਆ ਤਾਂ ਮੰਗਾਂ ਵਿੱਚ ਨਿਖਾਰਤਾ ਆ ਗਈ। ਹਰ ਨੀਤੀ ਲਈ ਸ਼ੁਰੂਆਤ ਅਤੇ ਨਤੀਜੇ ਸਾਹਮਣੇ ਰੱਖਣ ਲੱਗਾ ਤਾਂ ਕਿਸਾਨ ਆਗੂਆਂ ਦੀ ਕਾਰਜ-ਵਿਧੀ ਛਿੱਥੀ ਪੈਣ ਲੱਗੀ। ਆਪਣੀ ਚੌਧਰ ਦੇ ਪਾਵੇ ਹਿੱਲਦੇ ਮਹਿਸੂਸ ਹੋਏ ਤਾਂ ਰਾਹ ਵਿੱਚੋਂ ਰੋੜਾ ਬਨਣ ਤੋਂ ਰੋਕਣ ਲਈ 26 ਜਨਵਰੀ ਦੇ ਲਾਲ ਕਿਲੇ ਤੇ ਝੰਡੇ ਝੁਲਾਉਣ ਦੀ ਸੁਚੱਜੀ ਕਾਰਵਾਈ ਲਈ ਦੀਪ ਸਿੱਧੂ ਦੀ ਬਦਨਾਮੀ ਕਰਕੇ ਕਿਸਾਨੀ ਮੋਰਚੇ ਤੋਂ ਬੇਦਖ਼ਲੀ ਕਰ ਦਿੱਤੀ ਗਈ, ਸਗੋਂ ਬੀ.ਜੇ.ਪੀ., ਆਰ.ਐੱਸ.ਐੱਸ. ਦਾ ਘੁਸਪੈਠੀਆ ਕਹਿ ਕੇ ਨਿੰਦਿਆ ਗਿਆ। ਹਾਸ਼ੀਏ ਉੱਪਰ ਧੱਕਣ ਲਈ ਪੂਰਾ ਜ਼ੋਰ ਲਾਇਆ ਗਿਆ। ਸਿੱਧੂ ਖ਼ੁਦ ਨਿਰਾਸ਼ ਜ਼ਰੂਰ ਹੋਇਆ ਪਰ ਉਹ ਅਸਮਾਨੀ ਉਡਾਰੀ ਦੀ ਕਲਾਬਾਜ਼ੀ ਸਮਝ ਕੇ ਹੋਰ ਉੱਚਾ ਉੱਡਣ ਲੱਗਾ। ਉਸ ਵੇਲੇ ਜਾਰੀ ਕੀਤੀਆਂ ਵੀਡੀਓਜ਼ ਤੋਂ ਇਸ ਗੱਲ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਸ ਨੇ ਪੰਜਾਬੀਆਂ ਨੂੰ ਪੰਜਾਬ ਦੀ ਆਪਣੀ ਹੋਣੀ ਲਈ ਖੜੇ ਹੋਣ ਲਈ ਤਰਲੇ ਕੀਤੇ।

'ਮੇਰੀ ਮੌਤ ਤੇ ਨਾ ਰੋਇਓ,
ਮੇਰੀ ਸੋਚ ਨੂੰ ਬਚਾਇਓ'

ਜਦੋਂ ਸ. ਸਿਮਰਨਜੀਤ ਸਿੰਘ ਮਾਨ ਨੇ ਆਪਣੀ ਰਿਹਾਇਸ਼ 'ਤੇ ਦੀਪ ਸਿੱਧੂ ਨੂੰ ਪੱਗ ਬੰਨੀ ਤਾਂ ਉਹ ਬਹੁਤ ਜਲੌਅ ਵਿੱਚ ਆ ਗਿਆ। ਫਿੱਕਾ ਪਿਆ ਚਿਹਰਾ ਗੂੜਾ ਹੁੰਦਾ ਗਿਆ। ਦੁਬਾਰਾ ਅਵਾਜ਼ ਟਨਕਣ ਲੱਗੀ। ਗੱਲ ਕਰਨ ਲਈ ਵੱਡਾ ਪਲੇਟਫ਼ਾਰਮ ਮਿਲ ਗਿਆ। ਫਿਰ ਦੁਬਾਰਾ ਮੌਤ ਤੱਕ ਵਾਪਸ ਉਹ ਨਾ ਬੈਠਾ ਅਤੇ ਨਾ ਹੀ ਸੁੱਤਾ। ਦਿਨ ਰਾਤ ਇੱਕ ਕਰਕੇ ਪੰਜਾਬ ਦੀਆਂ ਮੁਸ਼ਕਲਾਂ ਦੀ ਅਸਲੀ ਜੜ ਨੂੰ ਪਹਿਚਾਨਣ 'ਤੇ ਜ਼ੋਰ ਲਾਉਣ ਲੱਗਾ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਹੱਕ ਵਿੱਚ ਇੱਕ ਵੱਡੀ ਲਹਿਰ ਖੜੀ ਕਰਨ ਵਿੱਚ ਕਾਮਯਾਬ ਰਿਹਾ। ਅਮਰਗੜ ਹਲਕੇ ਵਿੱਚ ਦਿਨ ਰਾਤ ਇੱਕ ਕਰਕੇ ਆਪਣੇ ਘੇਰੇ ਨੂੰ ਵਧਾਉਂਦੇ ਹੋਏ ਹਰ ਇੱਕ ਨੂੰ ਸ. ਮਾਨ ਨੂੰ ਜਿਤਾਉਣ ਲਈ ਸੱਦੇ ਦੇਣ ਲੱਗਾ। ਹਨੇਰੀ ਝੁੱਲਣ ਲੱਗੀ। ਕਲਾਕਾਰਾਂ ਦਾ ਵੱਡਾ ਹਿੱਸਾ ਅਮਰਗੜ ਹਲਕੇ ਨੂੰ ਹਮਾਇਤ ਦੇਣ ਪੁੱਜਿਆ। ਬਰਾਬਰ ਦੀ ਇਲੈਕਸ਼ਨ ਲੜਦੇ ਉਮੀਦਵਾਰ ਸ. ਮਾਨ ਦੇ ਹੱਕ ਵਿੱਚ ਆ ਖੜੇ ਹੋਏ। ਵਿਦੇਸ਼ਾਂ ਵਿਚਲੀਆਂ ਪੰਜਾਬ ਪ੍ਰਤੀ ਸੰਭਾਵਨਾਵਾਂ 'ਚ ਬਦਲ ਵੇਖਣ ਨੂੰ ਮਿਲਿਆ। ਇਲੈਕਸ਼ਨਾਂ ਵਿੱਚ ਪੰਜ ਦਿਨ ਰਹਿੰਦੇ 15 ਫ਼ਰਵਰੀ ਨੂੰ ਦੀਪ ਸਿੱਧੂ ਦੀ ਭੇਦ ਭਰੇ ਢੰਗ ਨਾਲ਼ ਐਕਸੀਡੈਂਟ ਵਿੱਚ ਮੌਤ ਨਾਲ਼ ਸਾਰਾ ਪੰਜਾਬ, ਵਿਦੇਸ਼ੀ ਪੰਜਾਬੀ ਜਾਂ ਜਿੱਥੇ ਵੀ ਕੋਈ ਸ਼ੁਭਚਿੰਤਕ ਸੀ ਨੂੰ ਬਹੁਤ ਗਹਿਰਾ ਸਦਮਾ ਪਹੁੰਚਿਆ। ਪੰਜਾਬੀਆਂ ਦੇ ਸੀਨੇ ਅਸਹਿ ਕੁਰਲਾਹਟੀ ਦਰਦ ਨੇ ਇੱਕਦਮ ਸੁੰਨ ਕਰ ਦਿੱਤੇ। ਸਾਜ਼ਿਸ਼ਾਂ ਦੀ ਮਾਹਿਰ ਸਰਕਾਰ ਨੇ ਸਿੱਖਾਂ ਕੋਲ਼ੋਂ ਇੱਕ ਹੋਰ ਕੋਹਿਨੂਰ ਹੀਰਾ ਖੋਹ ਲਿਆ। ਸਿੱਖ ਸ਼ੰਘਰਸ ਨੂੰ ਮਿਲੀ ਇੱਕ ਨਵੀਂ ਸਵੇਰ ਦਾ ਲੋੜਾ ਵੇਲਾ ਹੋ ਗਿਆ। ਇੱਕ ਵੱਡੇ ਤਰੱਕੀ, ਦਲੀਲੀ ਆਗੂ ਦਾ ਸਿਖ਼ਰ ਦੁਪਹਿਰੇ ਤੁਰ ਜਾਣਾ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੋਂ ਬਾਆਦ ਵੱਡੀ ਸੱਟ ਸੀ। ਪਰਿਵਾਰ ਲਈ ਪੁੱਤਰ, ਭਰਾ, ਪਿਤਾ, ਪਤੀ ਸਮੇਤ ਅਨੇਕਾਂ ਰਿਸ਼ਤਿਆਂ ਨੂੰ ਰਿਸਦੇ ਜ਼ਖ਼ਮ ਦੇ ਗਿਆ।

ਸਿੱਖ ਕੌਮ ਨੇ ਅੰਤਰਰਾਸ਼ਟਰੀ ਜਾਂਚ ਦੀ ਮੰਗ ਕੀਤੀ ਹੈ, ਜੋ ਵੀ ਸਾਜ਼ਿਸ਼ ਰਚੀ ਗਈ ਹੈ ਉਸ ਉੱਪਰ ਉੱਚ ਪੱਧਰੀ ਪੜਤਾਲ ਹੋਵੇ। ਪੰਜਾਬ ਦੀ ਨੌਜਵਾਨੀ ਦੀ ਪਰਖ ਦੀ ਘੜੀ ਸ਼ੁਰੂ ਹੋ ਚੁੱਕੀ ਹੈ। ਨੌਜਵਾਨ ਜਾਤ-ਪਾਤ, ਨਫ਼ਰਤ, ਨਸ਼ੇ ਤਿਆਗ ਕੇ ਆਪਣੀ ਹੋਣੀ ਸੰਵਾਰਨ ਲਈ ਘਰਾਂ ਵਿੱਚੋਂ ਬਾਹਰ ਨਿਕਲੇ। ਧਾਰਮਿਕ, ਰਾਜਨੀਤਕ, ਸਮਾਜਿਕ ਬੇਇਨਸਾਫ਼ੀ ਲਈ ਗੁਰੂਆਂ ਵੱਲੋਂ ਦਿੱਤੇ ਇਤਿਹਾਸ ਦੇ ਗਵਾਹ ਬਣੇ। ਕਿਵੇਂ ਸਾਡੇ ਪੁਰਖਿਆਂ ਨੇ ਧਰਮ ਹਿੱਤ ਸੀਸ ਦੇ ਕੇ, ਬਰਾਬਰਤਾ ਲਈ ਮੀਰੀ-ਪੀਰੀ ਸਿਧਾਂਤ 'ਤੇ ਤੁਰ ਕੇ, ਸਰਬੰਸ ਵਾਰ ਕੇ ਮਨੁੱਖਤਾ ਦੇ ਹਿੱਤ ਲਈ ਪਹਿਰਾ ਦਿੱਤਾ। ਆਓ ਰਲ਼ ਕੇ ਸ. ਸੰਦੀਪ ਸਿੰਘ ਸਿੱਧੂ ਉਰਫ ਦੀਪ ਸਿੱਧੂ ਨੂੰ ਸ਼ਰਧਾ ਦੇ ਫੁੱਲ ਭੇਟ ਕਰੀਏ। ਉਨਾਂ ਦੇ ਸੱਚੇ ਸੁੱਚੇ ਆਦਰਸ਼ਾਂ 'ਤੇ ਚੱਲੀਏ। ਸਰਬ ਕਲਾ ਸੰਪੂਰਨ ਅਮਰ ਰੂਹ ਕੋਲ਼ੋਂ ਚੰਗੀ ਅਗਵਾਈ ਲਈ ਦਿੱਤੇ ਸੰਦੇਸ਼ ਨਾਲ਼ ਤੁਰਨ ਦਾ ਅਹਿਦ ਲਈਏ।



# ਕੇਜਰੀਵਾਲ ਸਰਕਾਰ ਨੇ ਫਿਰ ਰੋਕੀ ਭੁੱਲਰ ਦੀ ਰਿਹਾਈ

**ਸੱਚੋ ਸੱਚ ਦਸ ਵੇ ਜੋਗੀਆ**

ਦਿੱਲੀ ਦੇ ਗ੍ਰਹਿ ਮੰਤਰੀ ਸਤੇਂਦਰ ਜੈਨ ਦੀ ਅਗਵਾਈ ਵਾਲੇ ਸਜ਼ਾ ਸਮੀਖਿਆ ਬੋਰਡ ਨੇ 1993 ਦੇ ਦਿੱਲੀ ਬੰਬ ਧਮਾਕੇ ਦੇ ਦੋਸ਼ੀ ਦਵਿੰਦਰਪਾਲ ਸਿੰਘ ਭੁੱਲਰ ਦੀ ਛੇਤੀ ਰਿਹਾਈ



ਸੰਬੰਧੀ ਫ਼ੈਸਲਾ ਟਾਲ਼ ਦਿੱਤਾ ਹੈ। ਇਸ ਮੀਟਿੰਗ ਵਿੱਚ ਦਿੱਲੀ ਦੇ ਗ੍ਰਹਿ ਮੰਤਰੀ ਜੈਨ, ਗ੍ਰਹਿ ਸਕੱਤਰ, ਕਾਨੂੰਨ ਸਕੱਤਰ, ਦਿੱਲੀ ਪੁਲਿਸ ਦੇ ਸੰਯੁਕਤ ਕਮਿਸ਼ਨਰ, ਜ਼ਿਲਾ ਜੱਜ ਤੇ ਦੋ ਹੋਰ ਲੋਕ ਸ਼ਾਮਿਲ ਸਨ । ਭੁੱਲਰ ਦੀ ਜਲਦ ਰਿਹਾਈ ਲਈ ਸਜ਼ਾ ਦੀ ਸਮੀਖਿਆ ਕਰਨ ਵਾਲੇ ਬੋਰਡ ਦੇ ਬਹੁਤੇ ਮੈਂਬਰ ਉਸ ਦੀ 'ਮਾੜੀ ਸਿਹਤ ਸਥਿਤੀ' ਤੇ 'ਨੀਰਸ ਅਵਸਥਾ' ਦੇ ਬਾਵਜੂਦ ਉਸ ਦੀ ਜਲਦੀ ਰਿਹਾਈ ਲਈ ਸਹਿਮਤ ਨਹੀਂ ਸਨ। ਇਸ ਬੈਠਕ ਵਿੱਚ ਦਿੱਲੀ ਦੇ ਕਾਨੂੰਨ ਸਕੱਤਰ ਨੇ ਭੁੱਲਰ ਦੀ ਰਿਹਾਈ ਦਾ ਵਿਰੋਧ ਕਰਦਿਆਂ ਕਿਹਾ ਕਿ ਉਹ ਇੱਕ ਖ਼ਤਰਨਾਕ ਅਪਰਾਧੀ ਹੈ, ਜੋ ਕਿ 1993 ਦੇ ਦਿੱਲੀ ਬੰਬ ਧਮਾਕਿਆਂ ਵਿੱਚ 9 ਵਿਅਕਤੀਆਂ ਦੀ ਹੱਤਿਆ ਅਤੇ 31 ਹੋਰਾਂ ਨੂੰ ਜ਼ਖ਼ਮੀ ਕਰਨ ਦੇ ਮਾਮਲੇ ਵਿੱਚ ਦੋਸ਼ੀ ਸੀ। ਇਸ ਹਮਲੇ ਵਿੱਚ ਯੂਥ ਕਾਂਗਰਸ ਦਾ ਸਾਬਕਾ ਪ੍ਰਧਾਨ ਐੱਮ.ਐੱਸ. ਬਿੱਟਾ ਵੀ ਜ਼ਖ਼ਮੀ ਹੋਇਆ ਸੀ। ਇਸ ਲਈ ਉਸ ਨੂੰ ਰਿਹਾਅ ਕਰਨ ਦਾ ਸਵਾਲ ਹੀ ਨਹੀਂ ਉੱਠਦਾ। ਦਿੱਲੀ ਦੇ ਗ੍ਰਹਿ ਸਕੱਤਰ ਨੇ ਵੀ ਭੁੱਲਰ ਦੀ ਰਿਹਾਈ ਦਾ ਵਿਰੋਧ ਕਰਦਿਆਂ ਕਿਹਾ ਕਿ ਅਜਿਹੇ ਖ਼ਤਰਨਾਕ ਵਿਅਕਤੀ ਨੂੰ ਰਿਹਾਅ ਨਹੀਂ ਕੀਤਾ ਜਾਣਾ ਚਾਹੀਦਾ। ਦਿੱਲੀ ਪੁਲਿਸ ਦੇ ਸੰਯੁਕਤ ਕਮਿਸ਼ਨਰ ਨੇ ਵੀ ਸਿੱਖ ਫ਼ਾਰ ਜਸਟਿਸ ਦੀਆਂ ਪੰਜਾਬ ਵਿੱਚ ਵੱਖਵਾਦੀ ਗਤੀਵਿਧੀਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਅਜਿਹੇ ਵਿੱਚ ਜੇਕਰ ਭੁੱਲਰ ਨੂੰ ਰਿਹਾਅ ਕੀਤਾ ਜਾਂਦਾ ਹੈ ਤਾਂ ਉਹ ਐੱਸ.ਐੱਫ.ਜੇ. ਨਾਲ਼ ਮਿਲ ਕੇ ਪੰਜਾਬ ਨੂੰ ਅਸਥਿਰ ਕਰ ਸਕਦਾ ਹੈ। ਇਸੇ ਤਰਾਂ ਜ਼ਿਲਾ ਜੱਜ ਨੇ ਵੀ ਭੁੱਲਰ ਨੂੰ ਖ਼ਤਰਨਾਕ ਅਪਰਾਧੀ ਦੱਸਦਿਆਂ ਉਨਾਂ ਦੀ ਰਿਹਾਈ ਦਾ ਵਿਰੋਧ ਕੀਤਾ ਸੀ। ਭੁੱਲਰ ਇਸ ਸਮੇਂ ਅੰਮ੍ਰਿਤਸਰ ਜੇਲ ਵਿੱਚ ਬੰਦ ਹੈ। ਦਿੱਲੀ ਸਰਕਾਰ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਇਸ ਮਾਮਲੇ ਨੂੰ ਬੋਰਡ ਦੀ ਅਗਲੀ ਮੀਟਿੰਗ ਤੱਕ ਟਾਲ ਦਿੱਤਾ ਗਿਆ ਹੈ। ਯਾਦ ਰਹੇ ਕਿ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭੁੱਲਰ ਦੀ ਰਿਹਾਈ ਦੀ ਮੰਗ ਜ਼ੋਰ ਫੜ ਗਈ ਸੀ ਤੇ ਸਿੱਖ ਪੰਥ ਵੱਲੋਂ ਕੇਜਰੀਵਾਲ ਦਾ ਕਾਫ਼ੀ ਵਿਰੋਧ ਕੀਤਾ ਗਿਆ ਸੀ। ਭੁੱਲਰ ਨੂੰ 25 ਅਗਸਤ, 2001 'ਚ ਇੱਕ ਮਨੋਨੀਤ ਟਾਡਾ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਸੀ। ਸੁਪਰੀਮ ਕੋਰਟ ਵੱਲੋਂ ਮੌਤ ਦੀ ਸਜ਼ਾ ਨੂੰ ਘਟਾ ਦਿੱਤੇ ਜਾਣ ਤੋਂ ਬਾਅਦ ਉਹ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਹੈ। ਉਸ ਨੂੰ ਜੂਨ 2015 ਵਿੱਚ ਸਿਹਤ ਕਾਰਨਾਂ ਕਰਕੇ ਦਿੱਲੀ ਦੀ ਤਿਹਾੜ ਜੇਲ ਤੋਂ ਅੰਮ੍ਰਿਤਸਰ ਕੇਂਦਰੀ ਜੇਲ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਹਾਲ ਹੀ ਵਿੱਚ ਸੂਬੇ ਵਿੱਚ ਸ਼ਾਂਤੀ ਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ਼ ਭੁੱਲਰ ਦੀ ਤੁਰੰਤ ਰਿਹਾਈ ਮੰਗੀ ਸੀ। ਉਨਾਂ ਦਿੱਲੀ ਦੀ ਆਪ ਪਾਰਟੀ ਦੀ ਸਰਕਾਰ 'ਤੇ ਭੁੱਲਰ ਦੀ ਰਿਹਾਈ ਵਿੱਚ ਰੁਕਾਵਟ ਪਾਉਣ ਦਾ ਦੋਸ਼ ਲਗਾਇਆ ਸੀ। ਮੁੱਖ ਮੰਤਰੀ ਕੇਜਰੀਵਾਲ ਨੇ ਕਿਹਾ ਸੀ ਕਿ ਅਕਾਲੀ ਦਲ ਇਸ ਉੱਤੇ ਰਾਜਨੀਤੀ ਕਰ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸਿੱਖ ਬੰਦੀ ਭੁੱਲਰ ਦੀ ਰਿਹਾਈ ਵਿੱਚ ਰੋੜਾ ਬਣਨ ਵਾਲੀ ਦਿੱਲੀ ਦੀ ਕੇਜਰੀਵਾਲ ਸਰਕਾਰ ਦੀ ਸਖ਼ਤ ਸ਼ਬਦਾਂ ਵਿੱਚ ਆਲੋਚਨਾ ਕਰਦਿਆਂ ਭਾਰਤ ਸਰਕਾਰ ਨੂੰ ਕੇਜਰੀਵਾਲ ਵੱਲੋਂ ਕੀਤੀਆਂ ਜਾ ਰਹੀਆਂ ਸਿੱਖ ਵਿਰੋਧੀ ਕਾਰਵਾਈਆਂ 'ਤੇ ਰੋਕ ਲਗਾਉਣ ਲਈ ਦਖ਼ਲ ਦੇਣ ਦੀ ਮੰਗ ਕੀਤੀ ਹੈ । ਉਨਾਂ ਕਿਹਾ ਕਿ ਇੱਕ ਪਾਸੇ ਪੰਜਾਬ ਚੋਣਾਂ ਦੌਰਾਨ ਕੇਜਰੀਵਾਲ ਅਤੇ ਉਸ ਦੀ ਪਾਰਟੀ ਦੇ ਆਗੂ ਸਮੀਖਿਆ ਬੋਰਡ ਦੀ ਹੋਣ ਵਾਲੀ ਬੈਠਕ ਵਿੱਚ ਪ੍ਰੋ. ਭੁੱਲਰ ਦੀ ਰਿਹਾਈ ਬਾਰੇ ਨਿਰਣਾ ਲੈਣ ਦੀ ਗੱਲ ਕਰਦੇ ਰਹੇ, ਜਦਕਿ ਦੂਸਰੇ ਪਾਸੇ ਬੋਰਡ ਦੀ ਮੀਟਿੰਗ ਦੌਰਾਨ ਫ਼ੈਸਲਾ ਇਸ ਦੇ ਉਲਟ ਕੀਤਾ ਗਿਆ ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਰੋਕ ਕੇ ਦਿੱਲੀ ਦੇ ਮੁੱਖ ਮੰਤਰੀ ਤੇ ਆਪ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਆਖ਼ਿਰਕਾਰ ਆਪਣੀ ਸਿੱਖ ਵਿਰੋਧੀ ਤੇ ਪੰਜਾਬ ਵਿਰੋਧੀ ਪਛਾਣ ਸਾਹਮਣੇ ਰੱਖ ਦਿੱਤੀ ਹੈ ਪਰ ਅਸੀਂ ਇਸ ਮਾਨਸਿਕਤਾ ਲਈ ਉਨਾਂ ਵੱਲੋਂ ਨਤੀਜੇ ਭੁਗਤਣਾ ਯਕੀਨੀ ਬਣਾਵਾਂਗੇ। ਉਨਾਂ ਕਿਹਾ ਕਿ ਅਕਾਲੀ ਦਲ ਹਮੇਸ਼ਾ ਪ੍ਰੋ. ਭੁੱਲਰ ਦੀ ਰਿਹਾਈ ਲਈ ਯਤਨ ਜਾਰੀ ਰੱਖੇਗਾ।

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਨੇ ਮੁੱਖ ਮੰਤਰੀ ਕੇਜਰੀਵਾਲ ਨੂੰ ਚਿੱਠੀ ਲਿਖ ਕੇ ਅਪੀਲ ਕੀਤੀ ਹੈ ਕਿ ਪ੍ਰੋ. ਭੁੱਲਰ ਦੀ ਰਿਹਾਈ ਨੂੰ ਤੁਰੰਤ ਯਕੀਨੀ ਬਣਾਇਆ ਜਾਵੇ । ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਦਿੱਲੀ ਦੇ ਗ੍ਰਹਿ ਮੰਤਰੀ ਸਤੇਂਦਰ ਜੈਨ ਦੀ ਅਗਵਾਈ ਵਾਲੇ ਸਜ਼ਾ ਸਮੀਖਿਆ ਬੋਰਡ ਦੀ ਮੀਟਿੰਗ ਵਿੱਚ ਪ੍ਰੋ. ਭੁੱਲਰ ਦੀ ਰਿਹਾਈ 'ਤੇ ਫ਼ੈਸਲਾ ਇੱਕ ਵਾਰ ਫ਼ਿਰ ਅਗਲੀ ਮੀਟਿੰਗ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ।

### ਦਿਆਲਪੁਰਾ ਭਾਈਕਾ ਦੇ ਲੋਕ ਨਿਰਾਸ਼

ਪ੍ਰੋ. ਭੁੱਲਰ ਦੀ ਪੱਕੀ ਰਿਹਾਈ ਦਾ ਫ਼ੈਸਲਾ ਟਲ਼ਣ ਕਾਰਨ ਉਨਾਂ ਦੇ ਜੱਦੀ ਪਿੰਡ ਦਿਆਲਪੁਰਾ ਭਾਈਕਾ ਦੇ ਲੋਕ ਨਿਰਾਸ਼ ਹਨ। ਪਿੰਡ ਦੇ ਬਾਹਰ ਢਾਣੀ ਵਿੱਚ ਪ੍ਰੋ. ਭੁੱਲਰ ਦਾ ਜੱਦੀ ਘਰ ਹੈ। ਉਨਾਂ ਨੂੰ ਇੱਥੇ ਆਇਆਂ ਲਗਭਗ ਤਿੰਨ ਦਹਾਕੇ ਹੋ ਗਏ ਹਨ। ਜ਼ਿਕਰਯੋਗ ਹੈ ਕਿ ਇਸ ਵਾਰ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਵੀ ਪ੍ਰੋ. ਭੁੱਲਰ ਦੀ ਪੱਕੀ ਰਿਹਾਈ ਦਾ ਮੁੱਦਾ ਕਾਫ਼ੀ ਜ਼ੋਰ-ਸ਼ੋਰ ਨਾਲ਼ ਉੱਠਿਆ ਸੀ। ਪਿੰਡ ਵਾਸੀਆਂ ਦੇ ਦੱਸਣ ਮੁਤਾਬਕ ਪ੍ਰੋ. ਭੁੱਲਰ ਦੇ ਪਿਤਾ ਬਲਵੰਤ ਸਿੰਘ ਨੇ ਕਰੀਬ 45 ਸਾਲ ਪਹਿਲਾਂ ਪੱਟੀ ਤੋਂ ਇੱਥੇ ਆ ਕੇ ਇਹ ਘਰ ਬਣਾਇਆ ਸੀ। ਪ੍ਰੋ. ਭੁੱਲਰ ਤੇ ਉਨਾਂ ਦੀ ਪਤਨੀ ਬੀਬੀ ਨਵਨੀਤ ਕੌਰ ਵਿਆਹ ਤੋਂ ਬਾਅਦ ਸਿਰਫ਼ ਇੱਕ ਵਾਰ ਹੀ ਇਸ ਘਰ ਵਿੱਚ ਇਕੱਠੇ ਆਏ। ਦੋਵੇਂ ਜਣੇ ਸਵਾ ਕੁ ਮਹੀਨਾ ਹੀ ਇੱਥੇ ਰਹੇ। ਇਸ ਤੋਂ ਬਾਅਦ ਪਰਿਵਾਰਕ ਮੈਂਬਰ ਮੁੜ ਇਕੱਠੇ ਨਾ ਹੋ ਸਕੇ। ਪਹਿਲਾਂ ਪ੍ਰੋ. ਭੁੱਲਰ ਦੀ ਮਾਤਾ ਉਪਕਾਰ ਕੌਰ ਦਿੱਲੀ ਤੋਂ ਆ ਕੇ ਕਦੇ-ਕਦਾਈਂ ਘਰ ਦੀ ਸਫ਼ਾਈ ਕਰਵਾ ਦਿੰਦੇ ਸਨ ਪਰ ਪਿਛਲੇ ਸਾਲ ਉਨਾਂ ਦੇ ਦੇਹਾਂਤ ਮਗਰੋਂ ਇਸ ਘਰ ਦੀ ਇਮਾਰਤ ਹੋਰ ਵੀ ਖ਼ਸਤਾ ਹਾਲ ਹੋ ਗਈ ਹੈ। ਜਿਉਂਦੇ ਜੀਅ ਮਾਤਾ ਉਪਕਾਰ ਕੌਰ ਨੂੰ ਬੜੀਆਂ ਆਸਾਂ ਸਨ ਕਿ ਘਰ ਨੂੰ ਲੱਗਾ ਜਿੰਦਰਾ ਖੁੱਲ ਜਾਵੇ ਤੇ ਉਨਾਂ ਦਾ ਪੁੱਤਰ ਰਿਹਾਅ ਹੋ ਕੇ ਇਸ ਘਰ ਵਿੱਚ ਪੈਰ ਪਾਵੇ ਪਰ ਉਨਾਂ ਦੀ ਇਹ ਆਸ ਪੂਰੀ ਨਾ ਹੋ ਸਕੀ।

ਪ੍ਰੋ. ਭੁੱਲਰ ਦੇ ਚਚੇਰੇ ਭਰਾ ਮੁਖਤਿਆਰ ਸਿੰਘ ਭੁੱਲਰ ਨੇ ਕਿਹਾ ਕਿ ਇਸ ਘਰ ਨੇ ਪਿਛਲੇ 30 ਵਰਿਆਂ ਤੋਂ ਦੁੱਖ ਹੀ ਵੇਖੇ ਹਨ। ਕਿਤਿਓਂ ਵੀ ਕੋਈ ਠੰਢੀ ਹਵਾ ਦਾ ਬੁੱਲਾ ਨਹੀਂ ਆਇਆ। ਪ੍ਰੋ. ਭੁੱਲਰ ਦੀ ਪਤਨੀ ਨਵਰੀਤ ਕੌਰ ਅੰਮ੍ਰਿਤਸਰ ਰਹਿ ਰਹੇ ਹਨ। ਪ੍ਰੋ. ਭੁੱਲਰ ਹੋਰੀਂ ਦੋ ਭਰਾ ਹਨ। ਛੋਟਾ ਭਰਾ ਤੇਜਿੰਦਰ ਸਿੰਘ ਵਿਦੇਸ਼ ਵਿੱਚ ਹੈ। ਉਨਾਂ ਦੇ ਪਰਿਵਾਰ ਕੋਲ਼ 14 ਏਕੜ ਜ਼ਮੀਨ ਹੈ ਜੋ ਠੇਕੇ 'ਤੇ ਦਿੱਤੀ ਹੋਈ ਹੈ। ਪਿੰਡ ਦੇ ਸਾਬਕਾ ਸਰਪੰਚ ਚਤਰ ਸਿੰਘ ਗੁੱਡ ਨੇ ਦਿੱਲੀ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਦੇਰੀ ਦੇ ਪ੍ਰੋ. ਭੁੱਲਰ ਦੀ ਪੱਕੀ ਰਿਹਾਈ ਸੰਬੰਧੀ ਫ਼ੈਸਲਾ ਲਵੇ।

## ਸੁਪਰੀਮ ਕੋਰਟ ਸਾਬਕਾ ਡੀ.ਜੀ.ਪੀ. ਸੈਣੀ ਦੀ ਗ੍ਰਿਫ਼ਤਾਰੀ 'ਤੇ ਹਾਈਕੋਰਟ ਵੱਲੋਂ ਲਾਈ ਰੋਕ 'ਤੇ ਨਾਰਾਜ਼



ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਦੀ ਪਟੀਸ਼ਨ 'ਤੇ ਦੋ ਹਫ਼ਤਿਆਂ ਦੇ ਅੰਦਰ ਫ਼ੈਸਲਾ ਕਰਨ ਲਈ ਕਿਹਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਹਾਈ ਕੋਰਟ ਨੂੰ ਇਹ ਫ਼ੈਸਲਾ ਕਰਨਾ ਚਾਹੀਦਾ ਹੈ ਕਿ ਕੀ ਸੈਣੀ ਖ਼ਿਲਾਫ਼ ਸਾਰੇ ਲਟਕਦੇ ਅਪਰਾਧਿਕ ਮਾਮਲਿਆਂ ਨੂੰ ਸੀ.ਬੀ.ਆਈ. ਨੂੰ ਦੇਣਾ ਚਾਹੀਦਾ ਹੈ ਜਾਂ ਨਹੀਂ। ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਚੀਫ਼ ਜਸਟਿਸ ਨੂੰ ਕਿਹਾ ਕਿ ਉਹ ਜਾਂ ਤਾਂ ਇਸ ਮਾਮਲੇ ਦੀ ਸੁਣਵਾਈ ਖ਼ੁਦ ਕਰਨ ਜਾਂ ਕਿਸੇ ਹੋਰ ਬੈਂਚ ਨੂੰ ਰੈਫ਼ਰ ਕਰਨ। ਸੈਣੀ ਨੇ ਪਟੀਸ਼ਨ ਦਾਇਰ ਕਰਕੇ ਮੰਗ ਕੀਤੀ ਸੀ ਕਿ ਉਨਾਂ ਦੇ ਸਾਰੇ ਕੇਸ ਸੀ.ਬੀ.ਆਈ. ਨੂੰ ਟਰਾਂਸਫਰ ਕੀਤੇ ਜਾਣ। ਸੁਪਰੀਮ ਕੋਰਟ ਇਸ ਗੱਲੋਂ ਖ਼ਫ਼ਾ ਨਜ਼ਰ ਆਇਆ ਕਿ ਕਿਸੇ ਵੀ ਦਰਜ ਹੋਣ ਵਾਲੇ ਨਵੇਂ ਕੇਸ ਵਿੱਚ ਗ੍ਰਿਫ਼ਤਾਰੀ 'ਤੇ ਪਹਿਲਾਂ ਹੀ ਰੋਕ ਕਿਵੇਂ ਲਾਈ ਜਾ ਸਕਦੀ ਹੈ। ਸੁਪਰੀਮ ਕੋਰਟ ਦੀ ਟਿੱਪਣੀ ਸਾਬਕਾ ਡੀ.ਜੀ.ਪੀ. ਲਈ ਝਟਕੇ ਵਾਂਗ ਹੈ ਤੇ ਸੈਣੀ ਦੀਆਂ ਮੁਸ਼ਕਿਲਾਂ ਵਧ ਸਕਦੀਆਂ ਹਨ। ਜ਼ਿਕਰਯੋਗ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਅਰਵਿੰਦ ਸਿੰਘ ਸਾਂਗਵਾਨ ਨੇ ਸੈਣੀ ਦੀ ਗ੍ਰਿਫ਼ਤਾਰੀ 'ਤੇ 20 ਅਪ੍ਰੈਲ ਤੱਕ ਰੋਕ ਲਾਈ ਹੈ। ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਐਨ.ਵੀ. ਰਾਮੰਨਾ ਦੀ ਅਗਵਾਈ ਵਾਲੇ ਤਿੰਨ ਜੱਜਾਂ ਦੇ ਬੈਂਚ ਨੇ ਹੈਰਾਨੀ ਜ਼ਾਹਿਰ ਕੀਤੀ ਤੇ ਕਿਹਾ ਕਿ ਪੁਰਾਣੇ ਕੇਸਾਂ ਤੋਂ ਇਲਾਵਾ ਸੈਣੀ ਖ਼ਿਲਾਫ਼ ਦਰਜ ਹੋਣ ਵਾਲੇ ਨਵੇਂ ਕੇਸ ਵਿੱਚ ਵੀ ਸੈਣੀ ਦੀ ਗ੍ਰਿਫ਼ਤਾਰੀ 'ਤੇ ਅਗਾਊਂ ਹੀ ਰੋਕ ਲਾ ਦੇਣ ਵਾਲੇ ਇਹ ਹੁਕਮ ਵਾਜਬ ਨਹੀਂ ਜਾਪਦੇ, ਉਨਾਂ ਕੇਸਾਂ ਵਿੱਚ ਗ੍ਰਿਫ਼ਤਾਰੀ 'ਤੇ ਕਿਵੇਂ ਰੋਕ ਲਾਈ ਜਾ ਸਕਦੀ ਹੈ ਜੋ ਹਾਲੇ ਦਰਜ ਹੀ ਨਹੀਂ ਹੋਏ ਹਨ। ਸੁਪਰੀਮ ਕੋਰਟ ਨੇ ਇਸ ਮਾਮਲੇ ਨੂੰ ਸੁਣਵਾਈ ਯੋਗ ਸਮਝਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਆਦੇਸ਼ ਜਾਰੀ ਕੀਤੇ ਕਿ ਉਹ ਇਸ ਮਾਮਲੇ ਵਿੱਚ ਖ਼ੁਦ ਸੁਣਵਾਈ ਕਰਨ ਜਾਂ ਮਾਮਲਾ ਕਿਸੇ ਹੋਰ ਜੱਜ ਦੇ ਹਵਾਲੇ ਕਰਨ। ਇਹ ਮਾਮਲਾ ਜਸਟਿਸ ਸਾਂਗਵਾਨ ਨੂੰ ਨਾ ਦੇਣ ਲਈ ਕਿਹਾ ਗਿਆ ਹੈ। ਇਸ ਮਾਮਲੇ ਦੇ ਨਿਪਟਾਰੇ ਲਈ ਦੋ ਹਫ਼ਤਿਆਂ ਦਾ ਸਮਾਂ ਦਿੱਤਾ ਗਿਆ ਹੈ ਅਤੇ ਸੁਪਰੀਮ ਕੋਰਟ ਨੇ ਇਸ ਕੇਸ ਦੇ ਨਿਪਟਾਰੇ ਤੱਕ ਸਪੈਸ਼ਲ ਲੀਵ ਪਟੀਸ਼ਨ ਨੂੰ ਆਪਣੇ ਕੋਲ਼ ਪੈਂਡਿੰਗ ਰੱਖ ਲਿਆ ਹੈ। ਸੁਪਰੀਮ ਕੋਰਟ ਵਿੱਚ ਪੰਜਾਬ ਸਰਕਾਰ ਵੱਲੋਂ ਐਡਵੋਕੇਟ ਜਨਰਲ ਦੀਪਇੰਦਰ ਸਿੰਘ ਪਟਵਾਲੀਆ ਅਤੇ ਸੁਮੇਧ ਸਿੰਘ ਸੈਣੀ ਵੱਲੋਂ ਸੀਨੀਅਰ ਐਡਵੋਕੇਟ ਮੁਕੁਲ ਰੋਹਤਗੀ ਪੇਸ਼ ਹੋਏ। ਯਾਦ ਰਹੇ ਕਿ ਸਾਬਕਾ ਡੀ.ਜੀ.ਪੀ. ਸੈਣੀ ਦਾ ਨਾਂ ਪੰਜਾਬ ਪੁਲਿਸ ਵੱਲੋਂ ਬੇਅਦਬੀ ਮਾਮਲੇ ਨਾਲ਼ ਸੰਬੰਧਿਤ ਗੋਲੀ ਕਾਂਡ ਕੇਸ ਵਿੱਚ ਵੀ ਦਰਜ ਕੀਤਾ ਗਿਆ ਸੀ। ਬਲਵੰਤ ਸਿੰਘ ਮੁਲਤਾਨੀ ਅਗਵਾ ਤੇ ਕਤਲ ਕੇਸ ਦਾ ਮਾਮਲਾ ਪਹਿਲਾਂ ਹੀ ਸੁਪਰੀਮ ਕੋਰਟ ਵਿੱਚ ਪਿਆ ਹੈ। ਨਵਾਂ ਕੇਸ ਵਿਜੀਲੈਂਸ ਬਿਊਰੋ ਨੇ ਸੈਣੀ ਖ਼ਿਲਾਫ਼ ਦਰਜ ਕੀਤਾ ਸੀ। ਸਾਬਕਾ ਡੀ.ਜੀ.ਪੀ. ਸੈਣੀ ਕਾਰੋਬਾਰੀ ਵਿਨੋਦ ਕੁਮਾਰ, ਅਸ਼ੋਕ ਕੁਮਾਰ ਅਤੇ ਉਨਾਂ ਦੇ ਡਰਾਈਵਰ ਮੁਖ਼ਤਿਆਰ ਸਿੰਘ ਦੇ 1994 ਵਿੱਚ ਅਗਵਾ ਅਤੇ ਲਾਪਤਾ ਹੋਣ ਦੇ ਕੇਸ ਦਾ ਸਾਹਮਣਾ ਦਿੱਲੀ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਵਿੱਚ ਕਰ ਰਹੇ ਹਨ। ਕਾਨੂੰਨੀ ਸਿੱਖ ਮਾਹਿਰਾਂ ਦਾ ਮੰਨਣਾ ਹੈ ਕਿ ਕੋਰਟਾਂ ਦੇ ਕਈ ਜੱਜ ਮਨੁੱਖੀ ਅਧਿਕਾਰਾਂ ਤੇ ਘੱਟਗਿਣਤੀਆਂ ਵਿਰੋਧੀ ਫ਼ੈਸਲੇ ਦੇ ਰਹੇ ਹਨ।

## ਯੂਕਰੇਨ ਜੰਗ ਦੌਰਾਨ ਖ਼ਾਲਸਾ ਪੰਥ ਲੰਗਰ ਸੇਵਾ ਵਿੱਚ



ਸਿੱਖ ਧਰਮ ਦਾ ਮੁੱਢਲਾ ਸਿਧਾਂਤ ਸਰਬੱਤ ਦੇ ਭਲੇ 'ਤੇ ਆਧਾਰਿਤ ਹੈ। ਸਿੱਖ ਗੁਰੂਆਂ ਦੇ ਇਸੇ ਉਪਦੇਸ਼ ਨੂੰ ਅੱਗੇ ਵਧਾਉਂਦੇ ਹੋਏ ਸਿੱਖ ਧਰਮ ਨਾਲ਼ ਜੁੜੇ ਸੰਗਠਨ ਖ਼ਾਸ ਕਰਕੇ ਖ਼ਾਲਸਾ ਏਡ ਹੁਣ ਰੂਸ ਅਤੇ ਯੂਕਰੇਨ ਦਰਮਿਆਨ ਛਿੜੀ ਜੰਗ ਦੇ ਕਾਰਨ ਯੂਕਰੇਨ ਵਿੱਚ ਫਸੇ ਭਾਰਤੀ ਨਾਗਰਿਕਾਂ ਅਤੇ ਵਿਦਿਆਰਥੀਆਂ ਦੀ ਮਦਦ ਲਈ ਅੱਗੇ ਆਏ ਹਨ। ਉਨਾਂ ਨੇ ਉੱਥੇ ਰਾਹਤ ਸੇਵਾ ਸ਼ੁਰੂ ਵੀ ਕਰ ਦਿੱਤੀ ਹੈ। ਦਿੱਲੀ ਦੇ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਭਾਰਤ ਸਰਕਾਰ ਦੀ ਮਦਦ ਨਾਲ਼ ਯੂਕਰੇਨ ਦੇ ਬਾਰਡਰ 'ਤੇ ਸੇਵਾ ਕਰਨ ਜਾ ਰਹੀ ਹੈ।

ਕਮੇਟੀ ਨੇ ਪੋਲੈਂਡ ਅਤੇ ਚੈਕੋਸਲੋਵਾਕੀਆ ਦੀ ਯੋਜਨਾ ਬਣਾਈ ਹੈ। ਪਹਿਲੇ ਪੜਾਅ ਵਿੱਚ ਪੋਲੈਂਡ ਵਿੱਚ ਲੰਗਰ ਲਗਾਉਣ ਅਤੇ ਮੈਡੀਕਲ ਸੇਵਾ ਸਮੇਤ ਹੋਰ ਮਦਦ ਕਰਨ ਦੀ ਕੇਂਦਰ ਸਰਕਾਰ ਤੋਂ ਇਜਾਜ਼ਤ ਮੰਗੀ ਹੈ। ਕਮੇਟੀ ਨੇ ਇਸ ਦੇ ਲਈ ਬਕਾਇਦਾ ਕੁੱਲ 20 ਲੋਕਾਂ ਦੀਆਂ ਦੋ ਟੀਮਾਂ ਤਿਆਰ ਕੀਤੀਆਂ ਹਨ ਜੋ ਯੂਕਰੇਨ ਦੀ ਸਰਹੱਦ 'ਤੇ ਜਾ ਕੇ ਲੰਗਰ ਦੀ ਸੇਵਾ ਕਰਨਗੀਆਂ। ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਦੀ ਅਗਵਾਈ ਵਿੱਚ ਕਮੇਟੀ ਦੇ ਅਹੁਦੇਦਾਰ, ਕਰਮਚਾਰੀ ਅਤੇ ਸੇਵਾਦਾਰ ਰਾਹਤ ਸਮੱਗਰੀ ਅਤੇ ਜ਼ਰੂਰੀ ਮੈਡੀਕਲ ਸਮੱਗਰੀ ਨਾਲ਼ ਜਲਦੀ ਦਿੱਲੀ ਤੋਂ ਕੂਚ ਕਰਨਗੇ। ਇਸ ਦੇ ਲਈ ਕੇਂਦਰ ਸਰਕਾਰ ਦੇ ਵਿਦੇਸ਼ ਮੰਤਰਾਲਾ ਤੇ ਗ੍ਰਹਿ ਮੰਤਰਾਲਾ ਤੋਂ ਜ਼ਰੂਰੀ ਇਜਾਜ਼ਤ ਮੰਗੀ ਹੈ।

ਫੱਤੂ ਢੀਂਗਾ ਕਸਬੇ ਦੇ ਰਵੀ ਕੁਮਾਰ ਦੀ ਬੇਟੀ ਸੋਫ਼ੀਆ ਜੋ ਕਿ ਯੂਕਰੇਨ ਦੇ ਖਾਰਕੀਵ ਦੀ ਯੂਨੀਵਰਸਿਟੀ ਵਿੱਚ ਡਾਕਟਰੀ ਦੀ ਪੜ੍ਹਾਈ ਕਰ ਰਹੀ ਸੀ, ਦੇਸ਼ ਪਰਤ ਆਈ ਹੈ। ਸੋਫ਼ੀਆ ਨੇ ਦੱਸਿਆ ਕਿ ਉਹ ਹੋਰਨਾਂ ਵਿਦਿਆਰਥੀਆਂ ਨਾਲ਼ ਤਿੰਨ ਦਿਨ ਬੇਸਮੈਂਟ 'ਚ ਰਹੀ ਤੇ ਜਦੋਂ ਉਨਾਂ ਕੋਲ਼ ਖਾਣ ਲਈ ਕੁਝ ਨਾ ਬਚਿਆ ਤਾਂ ਉਹ ਠੰਢ ਵਿੱਚ ਪੈਦਲ ਹੀ ਹੰਗਰੀ ਦੇ ਬਾਰਡਰ ਵੱਲ ਤੁਰ ਪਏ। ਕੁਝ ਰਸਤਾ ਟਰੇਨ ਅਤੇ ਕੁੱਝ ਬੱਸ 'ਤੇ ਕਰੀਬ 200 ਕਿਲੋਮੀਟਰ ਸਫ਼ਰ ਪੈਦਲ ਕਰਨ ਤੋਂ ਬਾਅਦ ਉਹ ਹੰਗਰੀ ਪਹੁੰਚੇ। ਉਨਾਂ ਦੱਸਿਆ ਕਿ ਹੰਗਰੀ ਸਰਕਾਰ ਅਤੇ ਉੱਥੇ ਦੇ ਵਸਨੀਕਾਂ ਨੇ ਉਨਾਂ ਦੀ ਬਹੁਤ ਸਹਾਇਤਾ ਕੀਤੀ । ਹੰਗਰੀ ਦੇ ਵਸਨੀਕਾਂ ਨੇ ਦੱਸਿਆ ਕਿ ਉਹ ਸਿੱਖ ਕੌਮ ਤੋਂ ਬਹੁਤ ਪ੍ਰਭਾਵਿਤ ਹਨ, ਜਿਨਾਂ ਤੋਂ ਸਿੱਖ ਕੇ ਹੀ ਉਹ ਵੀ ਅੱਜ ਲੋੜਵੰਦਾਂ ਲਈ ਲੰਗਰ ਲਗਾ ਰਹੇ ਹਨ ।

## ਕਾਮੇਡੀਅਨ ਤੋਂ ਰਾਸ਼ਟਰਪਤੀ ਬਣੇ ਜ਼ੇਲੇਂਸਕੀ ਨੇ ਯੂਕਰੇਨ ਨੂੰ ਅਮੀਰਾਂ ਦੀ ਲੁੱਟ ਵਿੱਚੋਂ ਕੱਢਣ ਦੀ ਕੀਤੀ ਕੋਸ਼ਿਸ਼

ਵੋਲੋਦੀਮੀਰ ਜ਼ੈਲੇਂਸਕੀ ਨੇ ਪੂਰਬੀ ਯੂਕਰੇਨ ਵਿੱਚ ਸ਼ਾਂਤੀ ਹਾਸਿਲ ਕਰਨ ਦਾ ਵਾਅਦਾ ਕਰਦੇ ਹੋਏ ਰਾਸ਼ਟਰਪਤੀ ਬਣਿਆ ਸੀ। ਇੱਕ ਸਮਾਂ ਸੀ ਜਦੋਂ ਵੋਲੋਦੀਮੀਰ ਜ਼ੇਲੇਂਸਕੀ ਯੂਕਰੇਨ ਦੀ ਇੱਕ ਮਸ਼ਹੂਰ ਕਾਮੇਡੀ ਸੀਰੀਜ਼ ਵਿੱਚ ਰਾਸ਼ਟਰਪਤੀ ਦੀ ਭੂਮਿਕਾ ਵਿੱਚ ਦੇਸ਼ ਦੇ ਲੋਕਾਂ ਦੇ ਸਾਹਮਣੇ ਆਏ ਸਨ। ਫਿਰ ਅਪ੍ਰੈਲ 2019 ਵਿੱਚ ਉਹ ਸਮਾਂ ਆਇਆ ਜਦੋਂ ਉਹ ਸੱਚਮੁੱਚ ਵਿੱਚ ਹੀ ਯੂਕਰੇਨ ਦੇ ਰਾਸ਼ਟਰਪਤੀ ਚੁਣੇ ਗਏ। ਹੁਣ ਉਹ 4.4 ਕਰੋੜ ਲੋਕਾਂ ਦੀ ਰੂਸੀ ਹਮਲੇ ਦੇ ਸਾਹਮਣੇ ਅਗਵਾਈ ਕਰ ਰਹੇ ਹਨ।



'ਸਰਵੈਂਟ ਆਫ਼ ਪੀਪਲ' ਨਾਮ ਦੀ ਇਸ ਸੀਰੀਜ਼ ਵਿੱਚ ਉਨਾਂ ਨੇ ਇਤਿਹਾਸ ਦੇ ਇੱਕ ਅਧਿਆਪਕ ਦੀ ਭੂਮਿਕਾ ਨਿਭਾਈ ਜੋ ਭ੍ਰਿਸ਼ਟਾਚਾਰ ਦੇ ਖ਼ਿਲਾਫ਼ ਉਸ ਦੀ ਇੱਕ ਵੀਡੀਓ ਵਾਇਰਲ ਹੋ ਜਾਣ ਤੋਂ ਬਾਅਦ ਤੁੱਕੇ ਨਾਲ਼ ਰਾਸ਼ਟਰਪਤੀ ਚੁਣ ਲਿਆ ਜਾਂਦਾ ਹੈ। ਇਹ ਇੱਕ ਪਰੀ-ਕਹਾਣੀ ਵਰਗਾ ਸੀ ਜਿਸ ਨੇ ਰਾਜਨੀਤੀ ਤੋਂ ਦੁਖੀ ਹੋਏ ਯੂਕਰੇਨੀ ਲੋਕਾਂ ਵਿੱਚ ਉਮੀਦ ਪੈਦਾ ਕੀਤੀ। ਜਦੋਂ ਵੋਲੋਦੀਮੀਰ ਜ਼ੇਲੇਂਸਕੀ ਨੇ ਰਾਜਨੀਤੀ ਨੂੰ ਸਾਫ਼-ਸੁਥਰਾ ਕਰਨ ਅਤੇ ਦੇਸ਼ ਦੇ ਪੂਰਬੀ ਹਿੱਸੇ ਵਿੱਚ ਸ਼ਾਂਤੀ ਲਿਆਉਣ ਦੇ ਵਾਅਦੇ ਕੀਤੇ ਅਤੇ ਚੋਣ ਪ੍ਰਚਾਰ ਕੀਤਾ ਤਾਂ 'ਸਰਵੈਂਟ ਆਫ਼ ਪੀਪਲ'

**ਬਾਕੀ ਸਫ਼ਾ 27 'ਤੇ**

# ਚੋਣ ਸੁਧਾਰਾਂ ਦੀ ਮੰਗ ਸਮੇਂ ਦੀ ਮੁੱਖ ਲੋੜ

**ਐਡਵੋਕੇਟ ਦਰਸ਼ਨ ਸਿੰਘ ਰਿਆੜ**

ਵਿਸ਼ਵ ਦੇ ਵਿਕਸਿਤ ਲੋਕਰਾਜ ਵਾਲੇ ਦੇਸ਼ਾਂ ਜਿਵੇਂ ਕਿ ਅਮਰੀਕਾ, ਇੰਗਲੈਂਡ, ਕੈਨੇਡਾ ਦੀ ਗੱਲ ਕਰੀਏ ਤਾਂ ਉੱਥੇ ਦੋ ਜਾਂ ਤਿੰਨ ਪਾਰਟੀ ਸਿਸਟਮ ਹੀ ਪ੍ਰਚੱਲਤ ਰਿਹਾ ਹੈ। ਇੱਕ ਸਫ਼ਲ ਲੋਕਰਾਜ ਲਈ ਦੋ ਪਾਰਟੀ ਸਿਸਟਮ ਹੀ ਵਧੀਆ ਬਦਲ ਹੁੰਦਾ ਹੈ। ਜਿੱਥੇ ਦੋ ਹੀ ਰਾਜਨੀਤਕ ਪਾਰਟੀਆਂ ਹੁੰਦੀਆਂ ਹਨ ਉਹਨਾਂ ਨੂੰ ਹਮੇਸ਼ਾ ਲੋਕਾਂ ਦੀ ਨਬਜ਼ ਪਛਾਣ ਕੇ ਹੀ ਚੱਲਣਾ ਪੈਂਦਾ ਹੈ। ਲਿਹਾਜ਼ਾ ਲੋਕਾਂ ਨੂੰ ਸਵੱਛ ਸ਼ਾਸਨ ਪ੍ਰਣਾਲੀ ਮਿਲਦੀ ਹੈ ਅਤੇ ਕਲਿਆਣਕਾਰੀ ਕਾਰਜ ਹੁੰਦੇ ਹਨ। ਉੱਥੇ ਸੱਤਾਧਾਰੀ ਪਾਰਟੀ ਨੂੰ ਹਮੇਸ਼ਾ ਡਰ ਬਣਿਆ ਰਹਿੰਦਾ ਹੈ ਕਿ ਜੇ ਉਹ ਆਪਣੇ ਰਸਤੇ ਤੋਂ ਭਟਕੇ ਤਾਂ ਲੋਕ ਝੱਟ ਉਸਦਾ ਸਾਥ ਛੱਡ ਕੇ ਦੂਜੀ ਪਾਰਟੀ ਦਾ ਦਾਮਨ ਫੜ ਲੈਣਗੇ ਤੇ ਉਸ ਕੋਲ਼ੋਂ ਰਾਜ ਖੋਹ ਲੈਣਗੇ। ਲਗਦੀ ਵਾਹੇ ਕੋਈ ਵੀ ਸੱਤਾਧਾਰੀ ਪਾਰਟੀ ਗ਼ਲਤ ਕੰਮ ਨਹੀਂ ਕਰਦੀ। ਇੰਜ ਵਿਕਾਸ ਦਰ ਵੀ ਉੱਪਰ ਵਧਦੀ ਰਹਿੰਦੀ ਹੈ। ਦੇਸ਼ ਵੀ ਤਰੱਕੀ ਕਰਦਾ ਰਹਿੰਦਾ ਹੈ ਅਤੇ ਲੋਕ ਵੀ ਖ਼ੁਸ਼ਹਾਲ ਹੁੰਦੇ ਰਹਿੰਦੇ ਹਨ। ਅਜਿਹੇ ਦੇਸ਼ਾਂ ਵਿੱਚ ਜਦੋਂ ਲੋਕ ਸੱਤਾ ਧਿਰ ਦੀਆਂ ਨੀਤੀਆਂ ਤੋਂ ਉਕਤਾਉਂਦੇ ਹਨ ਤਾਂ ਹੀ ਸੱਤਾ ਦੂਜੀ ਪਾਰਟੀ ਦੇ ਹਿੱਸੇ ਆਉਂਦੀ ਹੈ। ਲੋਕਰਾਜ ਕਿਉਂਕਿ ਲੋਕਾਂ ਦੇ ਰਾਜ ਦੀ ਤਰਜਮਾਨੀ ਕਰਨ ਵਾਲੀ ਸ਼ਾਸਨ ਪ੍ਰਣਾਲੀ ਹੈ ਇਸ ਲਈ ਇਸ ਨੂੰ ਲੋਕਾਂ ਦਾ, ਲੋਕਾਂ ਲਈ ਅਤੇ ਲੋਕਾਂ ਦੁਆਰਾ ਸਰਕਾਰ ਵੀ ਕਿਹਾ ਜਾਂਦਾ ਹੈ। ਪਰ ਅਜਿਹੀ ਕੋਈ ਵੀ ਸਰਕਾਰ ਲੋਕਾਂ ਦੀ ਸਰਕਾਰ ਤਾਂ ਹੀ ਕਹਾਏਗੀ ਜੇ ਉਸ ਨੂੰ ਘੱਟੋ-ਘੱਟ ਅੱਧੇ ਤੋਂ ਵੱਧ ਲੋਕਾਂ ਦਾ ਸਹਿਯੋਗ ਹਾਸਲ ਹੋਵੇਗਾ। ਪਰ ਵੋਟ ਦਾ ਹੱਕ ਕਿਉਂਕਿ ਬਾਲਗ ਲੋਕਾਂ ਕੋਲ਼ ਹੀ ਹੁੰਦਾ ਹੈ ਇਸ ਲਈ ਅੱਧੇ ਤੋਂ ਵੱਧ ਵੋਟਰ ਜਿਸ ਪਾਰਟੀ ਦੇ ਹੱਕ ਵਿੱਚ ਮੱਤਦਾਨ ਕਰਨਗੇ, ਓਹੀ ਪਾਰਟੀ ਸੱਤਾ ਉੱਪਰ ਕਾਬਜ਼ ਹੋਵੇਗੀ।

ਦੋ ਪਾਰਟੀ ਸਿਸਟਮ ਵਾਲੇ ਦੇਸ਼ਾਂ ਵਿੱਚ ਜੇ ਕਿਸੇ ਹਲਕੇ ਵਿੱਚ ਇੱਕ ਲੱਖ ਵੋਟਰ ਆਪਣੇ ਮੱਤ ਅਧਿਕਾਰ ਦੀ ਵਰਤੋਂ ਕਰਦੇ ਹਨ ਤਾਂ 50000 ਵੋਟਾਂ ਤੋਂ ਵੱਧ ਵੋਟਾਂ ਲੈਣ ਵਾਲਾ ਉਮੀਦਵਾਰ ਹੀ ਜਿੱਤ ਪ੍ਰਾਪਤ ਕਰੇਗਾ। ਹੁਣ ਇੱਕ ਲੱਖ ਵੋਟਰਾਂ ਵਾਲੇ ਹਲਕੇ ਵਿੱਚਲੇ ਅੱਧੇ ਤੋਂ ਵੱਧ ਵੋਟਰਾਂ ਦਾ ਸਹਿਯੋਗ ਪ੍ਰਾਪਤ ਕਰਨ ਵਾਲਾ ਉਮੀਦਵਾਰ ਜੇ ਸੱਤਾ ਹਾਸਲ ਕਰਦਾ ਹੈ ਤਾਂ ਉਹ ਲੋਕਾਂ ਦੀ ਸਰਕਾਰ ਦਾ ਨੁਮਾਇੰਦਾ ਕਹਾਏਗਾ। ਲੋਕਰਾਜ ਦੇ ਅਸੂਲ ਅਨੁਸਾਰ ਚੁਣੇ ਜਾਣ ਉਪਰੰਤ ਉਹ ਸਮੁੱਚੇ ਹਲਕੇ ਦਾ ਹੀ ਪ੍ਰਤੀਨਿਧ ਹੋਵੇਗਾ ਅਤੇ ਬਿਨਾਂ ਕਿਸੇ ਭਿੰਨ ਭੇਦ ਆਪਣੀ ਰਾਜਨੀਤਕ ਪਾਰਟੀ ਦੀਆਂ ਪਾਬੰਦੀਆਂ ਭੁੱਲ ਕੇ ਉਹ ਹਲਕੇ ਦੇ ਸਾਰੇ ਲੋਕਾਂ ਦੇ ਹਿਤ ਵਾਚਣ ਦਾ ਪਾਬੰਦ ਹੋਵੇਗਾ। ਜੇ ਬਹੁ ਪ੍ਰਣਾਲੀ ਪ੍ਰਬੰਧ ਹੋਵੇ, ਜਿਵੇਂ ਅੱਜ ਕੱਲ ਭਾਰਤ ਦੇ ਨਾਲ਼-ਨਾਲ਼ ਇਸ ਵਾਰ ਪੰਜਾਬ ਵਿੱਚ ਵੀ ਨਜ਼ਰ ਆਇਆ ਹੈ ਤਾਂ ਹਾਲਤ ਹੋਰ ਹੀ ਤਸਵੀਰ ਪੇਸ਼ ਕਰੇਗੀ। ਛੋਟੇ ਜਿਹੇ ਪੰਜਾਬ ਵਿੱਚ ਵੀ ਇਸ ਵਾਰ ਪੰਜ-ਛੇ ਕੋਣੇ ਚੋਣ ਮੁਕਾਬਲੇ ਹੋਏ ਹਨ। ਇਸ ਤੋਂ ਵੀ ਇਲਾਵਾ ਅਜ਼ਾਦ ਉਮੀਦਵਾਰ ਵੱਖਰੇ। ਹੁਣ ਛੇ ਰਾਜਨੀਤਕ ਪਾਰਟੀਆਂ ਹੋਣ ਨਾਲ਼ ਜਿੱਥੇ ਪਾਰਟੀ ਉਮੀਦਵਾਰ ਭੰਬਲਭੂਸੇ ਦਾ ਸ਼ਿਕਾਰ ਹੋਏ ਹਨ, ਵੋਟਰਾਂ ਨੂੰ ਵੀ ਚੋਣ ਕਰਨ ਵਿੱਚ ਕਠਨਾਈ ਮਹਿਸੂਸ ਹੋਈ ਹੈ। ਇਸ ਸਥਿਤੀ ਵਿੱਚ ਜੇ ਕਿਸੇ ਹਲਕੇ ਵਿੱਚ ਇੱਕ ਲੱਖ ਵੋਟਰ ਆਪਣੀ ਵੋਟ ਦੀ ਵਰਤੋਂ ਕਰਦੇ ਹਨ ਤਾਂ ਉਹ ਵੋਟ ਦੋ ਉਮੀਦਵਾਰਾਂ ਵਿੱਚ ਵੰਡਣ ਦੀ ਥਾਂ ਛੇ ਉਮੀਦਵਾਰਾਂ ਵਿੱਚ ਵੰਡੀ ਜਾਵੇਗੀ। ਜਿਸ ਹਲਕੇ ਵਿੱਚ ਪਹਿਲਾਂ 50 ਹਜ਼ਾਰ ਵੋਟਰਾਂ ਤੋਂ ਵੀ ਵੱਧ ਵੋਟਰ ਇੱਕ ਉਮੀਦਵਾਰ ਦੇ ਹੱਕ ਵਿੱਚ ਭੁਗਤ ਕੇ ਉਸ ਨੂੰ ਆਪਣਾ ਪ੍ਰਤੀਨਿਧ ਚੁਣਦੇ ਸਨ, ਨਵੀਂ ਹਾਲਤ ਅਨੁਸਾਰ ਉਹ ਅਨੁਪਾਤ ਬਹੁਤ ਥੱਲੇ ਡਿਗ ਜਾਵੇਗਾ। ਮਹਿਜ਼ 20 ਹਜ਼ਾਰ ਵੋਟਾਂ ਵਾਲਾ ਉਮੀਦਵਾਰ ਹੀ ਵਿਧਾਇਕ ਚੁਣਿਆ ਜਾ ਸਕੇਗਾ ਕਿਉਂਕਿ 5-6 ਅਜ਼ਾਦ ਉਮੀਦਵਾਰ ਵੀ ਹਰ ਹਲਕੇ ਵਿੱਚ ਅਕਸਰ ਚੋਣ ਲੜਨ ਵਿੱਚ ਦਿਲਚਸਪੀ ਲੈਣ ਲੱਗ ਪਏ ਹਨ। ਕਈ ਸ਼ੁਗਲ ਕਰਦੇ ਹਨ ਅਤੇ ਕਈ ਕਿਸਮਤ ਅਜ਼ਮਾਈ। ਪਰ ਸੰਵਿਧਾਨ ਅਧਿਕਾਰ ਦਿੰਦਾ ਹੈ ਇਸ ਲਈ ਕੋਈ ਰੋਕ ਨਹੀਂ ਸਕਦਾ। ਕਦੇ-ਕਦੇ ਕਈ ਅਜ਼ਾਦ ਉਮੀਦਵਾਰ ਵੀ ਇੰਨੇ ਜ਼ਿਆਦਾ ਹਰਮਨ ਪਿਆਰੇ ਬਣ ਜਾਂਦੇ ਹਨ ਕਿ ਰਾਜਨੀਤਕ ਪਾਰਟੀਆਂ ਨੂੰ ਮਾਤ ਦੇ ਕੇ ਉਹ ਚੋਣ ਜਿੱਤ ਜਾਂਦੇ ਹਨ। ਜੇ ਰਾਜਨੀਤਕ ਪਾਰਟੀਆਂ ਦਾ ਹੀ ਹੜ ਆ ਜਾਵੇਗਾ ਅਤੇ ਇੱਕ ਲੱਖ ਵੋਟਰਾਂ ਵਾਲੇ ਹਲਕੇ ਵਿੱਚ ਜਿੱਥੇ ਪਹਿਲਾਂ 50 ਹਜ਼ਾਰ ਤੋਂ ਵੱਧ ਵੋਟਾਂ ਲੈਣ 'ਤੇ ਹੀ ਵਿਧਾਇਕ ਚੁਣਿਆ ਜਾਂਦਾ ਸੀ, 20-21 ਹਜ਼ਾਰ ਵੋਟਰਾਂ ਦਾ ਪ੍ਰਤੀਨਿਧ ਹੀ ਜੇ ਵਿਧਾਇਕ ਬਣ ਜਾਵੇਗਾ ਤਾਂ ਕੀ ਉਹ ਇੱਕ ਲੱਖ ਵੋਟਰਾਂ ਦਾ ਪ੍ਰਤੀਨਿਧ ਹੋਵੇਗਾ। ਕਾਨੂੰਨੀ ਤੌਰ 'ਤੇ ਤਾਂ ਉਹ ਉਸ ਹਲਕੇ ਦਾ ਪ੍ਰਤੀਨਿਧ ਹੋਵੇਗਾ ਹੀ ਪਰ ਨੈਤਿਕ ਤੌਰ 'ਤੇ ਨਹੀਂ। ਇੱਕ ਸਫ਼ਲ ਲੋਕਰਾਜ ਅਤੇ ਕਲਿਆਣਕਾਰੀ ਸਰਕਾਰ ਦੇਣ ਲਈ ਵੱਧ ਤੋਂ ਵੱਧ ਵੋਟਰਾਂ ਦਾ ਪ੍ਰਤੀਨਿਧ ਹੀ ਵਿਧਾਇਕ ਬਣਨ ਦੇ ਯੋਗ ਹੋਣਾ ਚਾਹੀਦਾ ਹੈ। ਇਸ ਲਈ ਬੜਾ ਜ਼ਰੂਰੀ ਹੈ ਕਿ ਦੇਸ਼ ਦਾ ਚੋਣ ਕਮਿਸ਼ਨ, ਸੰਸਦ ਅਤੇ ਰਾਜ ਵਿਧਾਨ ਸਭਾਵਾਂ ਦੇਸ਼ ਵਿੱਚ ਖੁੰਬਾਂ ਵਾਂਗ ਵਧ ਰਹੀਆਂ ਰਾਜਨੀਤਕ ਪਾਰਟੀਆਂ ਨੂੰ ਦੋ ਜਾਂ ਤਿੰਨ ਦੇ ਹਿੰਦਸਿਆਂ ਤੱਕ ਲਿਆਉਣ ਦਾ ਯਤਨ ਕਰਨ।

ਦੇਸ਼ ਦੀ ਸਰਵ ਉੱਚ ਅਦਾਲਤ ਅਤੇ ਬੁੱਧੀਜੀਵੀ ਵਰਗ ਨੂੰ ਵੀ ਇਸ ਸੰਬੰਧ ਵਿੱਚ ਉਪਰਾਲੇ ਕਰਨੇ ਚਾਹੀਦੇ ਹਨ। ਜੇ ਲੋਕਾਂ ਦੀ ਯੋਗ ਪ੍ਰਤੀਨਿਧਤਾ ਹੀ ਨਾ ਹੋਈ ਤਾਂ ਉਹ ਲੋਕ ਰਾਜ ਕਿਹੜੇ ਕੰਮ ਦਾ? ਪਹਿਲਾਂ ਹੀ ਸਾਡਾ ਲੋਕਤੰਤਰ ਕਈ ਤਰਾਂ ਦੀਆਂ ਬੁਰਾਈਆਂ ਦਾ ਸ਼ਿਕਾਰ ਹੋ ਰਿਹਾ ਹੈ। ਭਾਈ-ਭਤੀਜਾਵਾਦ, ਕੁਟੰਬਵਾਦ, ਅਪਰਾਧੀਕਰਣ, ਵਫ਼ਾਦਾਰੀਆਂ ਬਦਲਣ ਵਾਲੇ ਦਲਬਦਲੂ ਅਤੇ ਕਈ ਤਰਾਂ ਦੇ ਹੋਰ ਵਿਸ਼ੇਸ਼ਣ ਸਾਡੇ ਰਾਜਨੀਤਕ ਨੇਤਾਵਾਂ ਨਾਲ਼ ਚਿੰਬੜ ਚੁੱਕੇ ਹਨ। ਭ੍ਰਿਸ਼ਟਾਚਾਰ ਦੇ ਤਾਣੇ-ਬਾਣੇ ਨੇ ਲੋਕਤੰਤਰ ਨੂੰ ਭੀੜਤੰਤਰ ਵਿੱਚ ਬਦਲ ਕੇ ਰੱਖ ਦਿੱਤਾ ਹੈ। ਬੀਤੇ ਵਿੱਚ ਅਸੀਂ ਉਹ ਸਮਾਂ ਵੀ ਵੇਖਿਆ ਹੈ ਜਦੋਂ ਕੇਂਦਰ ਵਿੱਚ ਛੇ-ਛੇ ਮਹੀਨੇ ਤੋਂ ਵੀ ਘੱਟ ਕਾਰਜਕਾਲ ਵਾਲੀਆਂ ਸਰਕਾਰਾਂ ਆਈਆਂ ਸਨ। ਫਿਰ ਰਾਜਨੀਤਕ ਪਾਰਟੀਆਂ ਦੇ ਨੇਤਾਵਾਂ ਨੇ ਸਿਰ ਜੋੜ ਕੇ ਐੱਨ.ਡੀ.ਏ. ਅਤੇ ਯੂ.ਪੀ.ਏ. ਦੋ ਗਰੁੱਪ ਬਣਾਏ ਸਨ। ਦੋ ਗਰੁੱਪ ਹੋਣ ਨਾਲ਼ ਵੋਟਰਾਂ ਦਾ ਭੰਬਲਭੂਸਾ ਤਾਂ ਮੁੱਕਿਆ ਸੀ। ਰਾਜਨੀਤੀ ਦੇ ਪ੍ਰਸਿੱਧ ਹਸਤਾਖ਼ਰ ਮਹਾਨ ਅਮਰੀਕਨ ਰਾਸ਼ਟਰਪਤੀ ਦੀ ਲੋਕਰਾਜ ਦੀ ਪਰਿਭਾਸ਼ਾ ਲੋਕਾਂ ਦੀ ਸਰਕਾਰ, ਲੋਕਾਂ ਲਈ ਸਰਕਾਰ ਅਤੇ ਲੋਕਾਂ ਦੁਆਰਾ ਸਰਕਾਰ ਤਾਂ ਹੀ ਸਾਜ਼ਗਾਰ ਹੋਵੇਗੀ ਜੇ ਉਸ ਨੂੰ ਅੱਧੇ ਤੋਂ ਵੱਧ ਲੋਕਾਂ ਦੀ ਸਰਪ੍ਰਸਤੀ ਹਾਸਲ ਹੋਵੇਗੀ। ਜੇ ਪੰਜਵਾਂ ਛੇਵਾਂ ਹਿੱਸਾ ਵੋਟਰਾਂ ਦੇ ਮੱਤ ਵਾਲੀ ਹੀ ਸਰਕਾਰ ਬਣਨ ਲੱਗ ਪਈ ਤਾਂ ਉਹ ਸਮੁੱਚੇ ਲੋਕਾਂ ਦੀ ਤਰਜਮਾਨੀ ਕਿਵੇਂ ਕਰੇਗੀ?

ਇਸ ਵਾਰ ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਨੇ ਰਾਜਨੀਤਕ ਪੰਡਤਾਂ ਦੀ ਵੀ ਭੂਤਨੀ ਭੁਲਾ ਦਿੱਤੀ ਹੈ। ਇੱਕ ਤਾਂ ਦੇਸ਼ ਦੇ ਬਾਕੀ ਹਿੱਸਿਆਂ ਵਿੱਚ ਪੜਾਅਵਾਰ ਸੱਤ ਪੜਾਵਾਂ ਵਿੱਚ ਚੋਣਾਂ ਹੋਣ ਨਾਲ਼ ਚੋਣ ਪ੍ਰਕਿਰਿਆ ਲੰਬੀ ਹੋ ਗਈ ਹੈ ਅਤੇ ਦੂਜਾ ਚੋਣ ਨਤੀਜਿਆਂ ਵਿੱਚ ਲੰਬੀ ਇੰਤਜ਼ਾਰ ਨੇ ਉਮੀਦਵਾਰਾਂ ਦੇ ਵੀ ਸਾਹ ਸੂਤੇ ਹੋਏ ਹਨ। ਪੰਜਾਬ ਦੇ ਚੋਣ ਨਤੀਜਿਆਂ ਦੀ ਉਤਸੁਕਤਾ ਅਤੇ ਅਨਿਸ਼ਚਿਤਤਾ ਇਸ ਵਾਰ ਉਮੀਦਵਾਰਾਂ, ਚੋਣ ਵਿਸ਼ਲੇਸ਼ਕਾਂ, ਵੋਟਰਾਂ ਅਤੇ ਬੁੱਧੀਜੀਵੀਆਂ ਲਈ ਵੀ ਵੱਡੀ ਗੁੰਝਲ ਬਣੀ ਹੋਈ ਹੈ। ਸੱਟੇਬਾਜ਼ ਤਾਂ ਭਾਵੇਂ ਰੇਖ ਵਿੱਚ ਮੇਖ ਮਾਰੀ ਜਾਂਦੇ ਹੋਣ ਪਰ ਇਸ ਵਾਰ 10 ਮਾਰਚ ਤੋਂ ਪਹਿਲਾਂ ਕੋਈ ਪਹੁੰਚਿਆ ਹੋਇਆ ਜੋਤਿਸ਼ੀ ਵੀ ਪੱਤੇ ਖੋਲਣ ਤੋਂ ਅਸਮਰੱਥ ਹੀ ਹੋਵੇਗਾ। ਰਾਜਨੀਤਕ ਨੇਤਾਵਾਂ ਦੇ ਢੰਗ-ਤਰੀਕਿਆਂ ਅਤੇ ਬੋਲ-ਕੁਬੋਲਾਂ ਤੋਂ ਅੱਕੇ ਹੋਏ ਵੋਟਰਾਂ ਨੇ ਇਸ ਵਾਰ ਆਪਣੇ ਮੱਤ ਦੀ ਰਾਇ ਕਿਸੇ ਨਾਲ਼ ਵੀ ਸ਼ੇਅਰ ਕਰਨ ਤੋਂ ਟਾਲ਼ਾ ਵੱਟ ਕੇ ਸਭ ਨੂੰ ਹੈਰਾਨ ਜ਼ਰੂਰ ਕੀਤਾ ਹੈ। ਲੱਗਦਾ ਹੈ ਇਸ ਵਾਰ ਸਾਰੇ ਨਹੀਂ ਤਾਂ ਕਾਫ਼ੀ ਵੋਟਰਾਂ ਨੇ ਆਪਣੇ ਮੱਤ ਦੇ ਅਧਿਕਾਰ ਦੀ ਅਹਿਮੀਅਤ ਨੂੰ ਸਮਝ ਲਿਆ ਹੈ। ਦਰਅਸਲ ਸਾਲ ਭਰ ਤੋਂ ਵੀ ਲੰਬਾ ਚੱਲਿਆ ਕਿਸਾਨ-ਮਜ਼ਦੂਰ ਸੰਘਰਸ਼, ਜਿਹੜਾ ਕਿਸੇ ਵੀ ਗੁੱਟਬੰਦੀ ਦੇ ਸ਼ਿਕਾਰ ਬਣਨ ਤੋਂ ਕੋਰਾ ਰਿਹਾ ਸੀ, ਉਸ ਨੇ ਹੀ ਵੋਟਰਾਂ ਨੂੰ ਜਾਗ੍ਰਿਤ ਕੀਤਾ ਹੈ, ਨਹੀਂ ਤਾਂ ਨੇਤਾ ਲੋਕ ਤਾਂ ਐਵੇਂ ਹੀ ਸੇਵਾਦਾਰ ਦੇ ਮਖੌਟੇ ਪਾ ਕੇ ਲੋਕਾਂ ਨੂੰ ਮੂਰਖ ਬਣਾਉਂਦੇ ਰਹੇ ਸਨ। ਹੁਣ ਲੋਕ ਆਮ ਕਹਿੰਦੇ ਸੁਣੇ ਜਾਂਦੇ ਹਨ ਕਿ ਸੇਵਾ ਤਾਂ ਅਕਸਰ ਗੁਰੂਘਰਾਂ ਵਿੱਚ ਕੀਤੀ ਜਾਂਦੀ ਹੈ ਤੇ ਉਹ ਵੀ ਨਿਸ਼ਕਾਮ, ਵੱਡੀਆਂ-ਵੱਡੀਆਂ ਤਨਖ਼ਾਹਾਂ, ਸਹੂਲਤਾਂ, ਲਾਮ-ਲਸ਼ਕਰਾਂ ਅਤੇ ਪੈਨਸ਼ਨਾਂ ਦੀਆਂ ਸਹੂਲਤਾਂ ਦਾ ਅਨੰਦ ਲੈਣ ਵਾਲੇ ਭਲਾਂ ਕਾਹਦੀ ਸੇਵਾ ਕਰਦੇ ਹਨ? ਲੋਕਰਾਜ ਦੀ ਸਫ਼ਲਤਾ ਲਈ ਚੋਣ ਸੁਧਾਰਾਂ ਦੀ ਮੰਗ ਸਮੇਂ ਦੀ ਮੁੱਖ ਲੋੜ ਹੈ।

# ਡੇਰੇ ਸਿਆਸਤ ਦੇ ਗ਼ੁਲਾਮ, ਲੋਕਪੱਖੀ ਨਹੀਂ

**ਹਰਬੰਸ ਸਿੰਘ**

ਅਸੀਂ ਜਦੋਂ ਵੀ ਡੇਰਿਆਂ ਦੀ ਗੱਲ ਕਰਨੀ ਸ਼ੁਰੂ ਕਰਦੇ ਹਾਂ ਤਾਂ ਕਈ ਤਰਾਂ ਦੇ ਸਵਾਲ ਸਾਡੇ ਸਾਹਮਣੇ ਆ ਕੇ ਖੜੇ ਹੋ ਜਾਂਦੇ ਹਨ। ਜਿਵੇਂ ਕਿ ਡੇਰਿਆਂ ਦੀ ਹੋਂਦ ਦਾ ਕਾਰਨ ਕੀ ਹੈ? ਡੇਰਿਆਂ ਦਾ ਲੋਕਾਂ ਉੱਤੇ ਪ੍ਰਭਾਵ ਕੀ ਹੈ? ਕੀ ਡੇਰੇ ਲੋਕਪੱਖੀ ਕੰਮ ਕਰਦੇ ਹਨ? ਆਮ ਲੋਕਾਂ ਨੂੰ ਡੇਰੇ ਕਿੰਨਾ ਕੁ ਪ੍ਰਭਾਵਿਤ ਕਰਦੇ ਹਨ? ਧਰਮ ਦਾ ਡੇਰਿਆਂ ਨਾਲ਼ ਕੀ ਸੰਬੰਧ ਹੈ? ਡੇਰਿਆਂ ਦੇ ਪ੍ਰਫੁੱਲਿਤ ਹੋਣ ਦੇ ਕਾਰਨ ਕੀ ਹਨ? ਹੋਰ ਵੀ ਬਹੁਤ ਸਾਰੀਆਂ ਗੱਲਾਂ ਹਨ, ਜਿਨਾਂ ਉੱਤੇ ਸਾਨੂੰ ਸਾਰਿਆਂ ਨੂੰ ਡੂੰਘਾਈ ਨਾਲ਼ ਵਿਚਾਰ ਕਰਨੀ ਚਾਹੀਦੀ ਹੈ। ਜੇਕਰ ਅਸੀਂ ਪੰਜਾਬ ਦੀ ਗੱਲ ਕਰੀਏ ਤਾਂ ਸਾਨੂੰ ਪਤਾ ਲਗਦਾ ਹੈ ਕਿ ਇੱਥੇ ਪੰਜ ਸੱਤ ਪਿੰਡਾਂ ਮਗਰ ਕੋਈ ਨਾ ਕੋਈ ਛੋਟਾ ਵੱਡਾ ਡੇਰਾ ਲੋਕਾਂ ਦੀ ਸ਼ਰਧਾ ਦਾ ਕੇਂਦਰ ਜ਼ਰੂਰ ਬਣਿਆ ਹੋਇਆ ਹੈ। ਧਾਗੇ ਤਵੀਤ ਕਰਨ ਵਾਲੇ ਛੋਟੇ-ਛੋਟੇ ਡੇਰਿਆਂ ਤੋਂ ਲੈ ਕੇ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂਆਂ ਦਾ ਵੱਡਾ ਇਕੱਠ ਕਰਨ ਵਾਲੇ ਇਹਨਾਂ ਡੇਰਿਆਂ ਦੀ ਗਿਣਤੀ ਹਜ਼ਾਰਾਂ ਵਿੱਚ ਵੀ ਹੋਵੇ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਆਮ ਲੋਕਾਂ ਦਾ ਇਨਾਂ ਡੇਰਿਆਂ 'ਤੇ ਜਾਣ ਦਾ ਮੁੱਖ ਕਾਰਨ ਮਾਨਸਿਕ ਤੌਰ 'ਤੇ ਕਮਜ਼ੋਰ ਹੋਣਾ ਹੀ ਮੰਨਿਆ ਜਾ ਸਕਦਾ ਹੈ। ਇਨਾਂ ਡੇਰਿਆਂ 'ਤੇ ਅਨਪੜ ਤੋਂ ਲੈ ਕੇ ਉੱਚ ਸਿੱਖਿਅਤ ਲੋਕ ਅਤੇ ਗ਼ਰੀਬ ਤੋਂ ਲੈ ਕੇ ਬਹੁਤ ਅਮੀਰ ਤੱਕ, ਸਾਰੇ ਤਰਾਂ ਦੇ ਲੋਕ ਹੀ ਜਾਂਦੇ ਹਨ।

ਲਗਾਤਾਰ ਡੇਰੇ ਜਾਣ ਨਾਲ਼ ਲੋਕਾਂ ਦੀ ਆਸਥਾ ਡੇਰੇ ਦੇ ਮੁਖੀ ਉੱਤੇ ਰੱਬ ਦੀ ਤਰਾਂ ਪੱਕੀ ਹੋ ਜਾਂਦੀ ਹੈ। ਪਸ਼ੂ ਬੀਮਾਰ ਹੋਵੇ ਜਾਂ ਫਿਰ ਜਵਾਕ ਬੀਮਾਰ ਹੋਵੇ, ਔਰਤਾਂ ਨੂੰ ਇਹਨਾਂ ਡੇਰੇ ਵਾਲਿਆਂ ਬਾਬਿਆਂ 'ਤੇ ਬਹੁਤ ਵਿਸ਼ਵਾਸ ਹੁੰਦਾ ਹੈ ਕਿ ਇਹਨਾਂ ਬਾਬਿਆਂ ਦੇ ਅਸ਼ੀਰਵਾਦ ਨਾਲ਼ ਬੀਮਾਰੀ ਠੀਕ ਹੋ ਜਾਵੇਗੀ। ਇਹਨਾਂ ਵਿੱਚੋਂ ਕਈ ਡੇਰੇ ਨਸ਼ਿਆਂ ਤੋਂ ਦੂਰ ਰਹਿਣ ਲਈ ਵੀ ਪ੍ਰੇਰਿਤ ਕਰਦੇ ਹਨ, ਇਸ ਗੱਲ ਦਾ ਵੀ ਆਮ ਲੋਕਾਂ 'ਤੇ ਕਾਫ਼ੀ ਪ੍ਰਭਾਵ ਪੈਂਦਾ ਹੈ। ਇਨਾਂ ਡੇਰਿਆਂ ਵਿੱਚੋਂ ਕਈਆਂ ਦਾ ਸੰਬੰਧ ਸਿੱਖ ਧਰਮ ਨਾਲ਼ ਹੈ ਤੇ ਕਈਆਂ ਦਾ ਸੰਬੰਧ ਹਿੰਦੂ ਧਰਮ ਨਾਲ਼ ਹੈ। ਕਈ ਡੇਰੇ ਆਪਣੀ ਵੱਖਰੀ ਪਹਿਚਾਣ ਰੱਖਦੇ ਹਨ ਤੇ ਉਨਾਂ ਦੇ ਪੈਰੋਕਾਰ ਆਪਣੇ-ਆਪਣੇ ਧਰਮ ਨੂੰ ਮੰਨਦੇ ਹੋਏ ਵੀ ਇਨਾਂ ਡੇਰਿਆਂ ਦੇ ਪੱਕੇ ਸ਼ਰਧਾਲੂ ਬਣੇ ਹੋਏ ਹਨ।

ਪੰਜਾਬ ਦੇ ਲੋਕਾਂ ਉੱਤੇ ਵੱਧ ਪ੍ਰਭਾਵ ਰੱਖਣ ਵਾਲੇ ਡੇਰਿਆਂ ਵਿੱਚੋਂ ਅਸੀਂ ਰਾਧਾ ਸੁਆਮੀ ਡੇਰਾ ਬਿਆਸ, ਨਿਰੰਕਾਰੀ ਮਿਸ਼ਨ, ਡੇਰਾ ਸੱਚਾ ਸੌਦਾ ਸਿਰਸਾ, ਨਾਨਕਸਰ ਠਾਠ ਨਾਲ਼ ਸੰਬੰਧਿਤ ਕਈ ਸਾਰੇ ਡੇਰੇ, ਡੇਰਾ ਰੂਮੀ ਵਾਲਾ, ਨੂਰਮਹਿਲ ਵਾਲੇ ਆਸ਼ੂਤੋਸ਼ ਦਾ ਡੇਰਾ, ਡੇਰਾ ਸਚਖੰਡ ਬੱਲਾਂ ਵਾਲਿਆਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰ ਸਕਦੇ ਹਾਂ। ਜਦੋਂ ਵੀ ਚੋਣਾਂ ਦਾ ਮੌਸਮ ਆਉਂਦਾ ਹੈ ਤਾਂ ਇਹਨਾਂ ਡੇਰਿਆਂ 'ਤੇ



ਰਾਜਸੀ ਆਗੂਆਂ ਦੇ ਗੇੜੇ ਵੱਜਣੇ ਸ਼ੁਰੂ ਹੋ ਜਾਂਦੇ ਹਨ। ਪੰਚਾਇਤੀ ਚੋਣਾਂ ਤੋਂ ਲੈ ਕੇ ਵਿਧਾਨ ਸਭਾ ਅਤੇ ਲੋਕ ਸਭਾ ਦੀਆਂ ਚੋਣਾਂ ਤੱਕ ਨੂੰ ਇਹ ਡੇਰੇ ਪ੍ਰਭਾਵਿਤ ਕਰਦੇ ਹਨ। ਡੇਰਿਆਂ ਉੱਤੇ ਵੱਡੀ ਗਿਣਤੀ ਵਿੱਚ ਆਉਣ ਵਾਲੇ ਸ਼ਰਧਾਲੂਆਂ ਦੀਆਂ ਵੋਟਾਂ ਕਿਸੇ ਵੀ ਉਮੀਦਵਾਰ ਦੀ ਜਿੱਤ ਜਾਂ ਹਾਰ ਦਾ ਕਾਰਨ ਬਣ ਸਕਦੀਆਂ ਹਨ। ਮੁੱਢ ਤੋਂ ਹੀ ਪੰਜਾਬ ਦੀਆਂ ਚੋਣਾਂ ਨੂੰ ਇਹ ਡੇਰੇ ਚੁੱਪ ਚਪੀਤੇ ਪ੍ਰਭਾਵਿਤ ਕਰਦੇ ਰਹੇ ਹਨ।

ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਇਨਾਂ ਡੇਰਿਆਂ ਨੂੰ ਕੇਂਦਰ ਦੇ ਵਿੱਚ ਲੰਮਾ ਸਮਾਂ ਰਾਜ ਕਰਨ ਵਾਲੀ ਰਾਜਨੀਤਕ ਪਾਰਟੀ ਕਾਂਗਰਸ ਵੱਲੋਂ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਰਾਜਨੀਤਕ ਤੌਰ 'ਤੇ ਕਮਜ਼ੋਰ ਕਰਨ ਲਈ ਅੰਦਰੂਨੀ ਮਦਦ ਮਿਲਦੀ ਰਹੀ ਹੈ। ਸਿੱਖ ਧਰਮ ਨੂੰ ਮੰਨਣ ਵਾਲੇ ਬਹੁ-ਗਿਣਤੀ ਲੋਕ ਸ਼੍ਰੋਮਣੀ ਅਕਾਲੀ ਦਲ ਨੂੰ ਪੰਥਕ ਪਾਰਟੀ ਮੰਨ ਕੇ ਉਸਦੀ ਮਦਦ ਕਰਦੇ ਰਹੇ ਹਨ। ਡੇਰਿਆਂ ਵੱਲੋਂ 2007 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਦੇ ਵੀ ਸਾਹਮਣੇ ਆ ਕੇ ਕਿਸੇ ਵੀ ਰਾਜਸੀ ਧਿਰ ਦੀ ਮਦਦ ਨਹੀਂ ਕੀਤੀ ਗਈ ਸੀ। 2007 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਡੇਰਾ ਸੱਚਾ ਸੌਦਾ ਸਿਰਸਾ ਵੱਲੋਂ ਖੁੱਲੇ ਆਮ ਕਾਂਗਰਸ ਪਾਰਟੀ ਦੀ ਮਦਦ ਕੀਤੀ ਗਈ। ਡੇਰਾ ਪ੍ਰੇਮੀਆਂ ਦੀਆਂ ਵੋਟਾਂ ਇੱਕ ਪਾਸੜ ਜਾਣ ਕਰਕੇ ਅਕਾਲੀਆਂ ਦਾ ਗੜ ਮੰਨੇ ਜਾਂਦੇ ਮਾਲਵਾ ਖੇਤਰ ਵਿੱਚੋਂ ਕਾਂਗਰਸ ਨੂੰ ਵੱਡੀ ਜਿੱਤ ਹਾਸਲ ਹੋਈ ਸੀ। ਭਾਵੇਂ ਕਿ ਮਾਝੇ ਤੇ ਦੁਆਬੇ ਦੇ ਲੋਕਾਂ ਨੇ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਬਣਾਉਣ ਦਾ ਫ਼ਤਵਾ ਦਿੱਤਾ ਤੇ ਇਹ ਸਰਕਾਰ ਲਗਾਤਾਰ ਦਸ ਸਾਲ ਚਲਦੀ ਰਹੀ। ਡੇਰਾ ਸਿਰਸਾ ਵੱਲੋਂ ਕਾਂਗਰਸ ਨੂੰ ਖੁੱਲੀ ਹਮਾਇਤ ਦੇਣ ਦੇ ਫ਼ੈਸਲੇ ਨੇ ਸਾਰੀਆਂ ਰਾਜਸੀ ਧਿਰਾਂ ਨੂੰ ਡੇਰਿਆਂ ਦੇ ਵਧ ਰਹੇ ਰਾਜਸੀ ਦਖ਼ਲ ਨੂੰ ਮਹਿਸੂਸ ਕਰਨ ਲਈ ਮਜਬੂਰ ਕਰ ਦਿੱਤਾ। ਸਾਰੀਆਂ ਰਾਜਸੀ ਧਿਰਾਂ ਦੇ ਵੱਡੇ ਆਗੂ ਇਨਾਂ ਡੇਰਿਆਂ ਦੇ ਸਮਾਗਮਾਂ 'ਤੇ ਜਾ ਕੇ ਹਾਜ਼ਰੀ ਲਵਾਉਣ ਨੂੰ ਤਰਜੀਹ ਦੇਣ ਲੱਗ ਪਏ। ਰਾਜਸੀ ਆਗੂਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਇਨਾਂ ਡੇਰਿਆਂ ਦੇ ਪ੍ਰਬੰਧਕਾਂ ਨਾਲ਼ ਨੇੜਤਾ ਵਾਲੇ ਰਿਸ਼ਤੇ ਬਣਨੇ ਸ਼ੁਰੂ ਹੋ ਗਏ।

ਰਾਜਨੀਤਕ ਫ਼ਾਇਦੇ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰਾਂ ਵੱਲੋਂ ਇਨਾਂ ਡੇਰਿਆਂ ਦੀ ਮੁੱਢਲੇ ਦਿਨਾਂ ਵਿੱਚ ਕੀਤੀ ਗਈ ਮਦਦ ਨਾਲ਼ ਇਹ ਡੇਰੇ ਪ੍ਰਭਾਵਸ਼ਾਲੀ ਹੁੰਦੇ ਗਏ। ਡੇਰਿਆਂ ਦੇ ਸਮਾਗਮਾਂ 'ਤੇ ਜਾਣ ਵਾਲੇ ਸ਼ਰਧਾਲੂਆਂ ਨੂੰ ਆਮ ਤੌਰ 'ਤੇ ਪ੍ਰਮਾਤਮਾ ਦੇ ਨਾਲ਼ ਜੋੜਨ ਦੀ ਸਿੱਖਿਆ ਹੀ ਦਿੱਤੀ ਜਾਂਦੀ ਹੈ। ਨਸ਼ੇ ਤੋਂ ਦੂਰ ਰਹਿਣ ਅਤੇ ਇਮਾਨਦਾਰੀ ਨਾਲ਼ ਕੰਮ ਕਰਕੇ ਆਪਣੇ ਪਰਿਵਾਰ ਦੀ ਪਾਲਣਾ ਕਰਨ ਨੂੰ ਤਰਜੀਹ ਦੇਣ ਦੀ ਗੱਲ ਕੀਤੀ ਜਾਂਦੀ ਹੈ। ਡੇਰਿਆਂ ਦੇ ਪ੍ਰਬੰਧਕਾਂ ਵੱਲੋਂ ਰਾਜਨੀਤੀ ਨੂੰ ਪ੍ਰਭਾਵਿਤ ਕਰਨ ਵਾਲੀਆਂ ਗੱਲਾਂ ਦਾ ਆਮ ਤੌਰ 'ਤੇ ਭੋਲੇ-ਭਾਲੇ ਸ਼ਰਧਾਲੂਆਂ ਨੂੰ ਕੋਈ ਪਤਾ ਨਹੀਂ ਹੁੰਦਾ। ਚੋਣਾਂ ਤੋਂ ਬਾਅਦ ਸਰਕਾਰ ਬਣਾਉਣ ਵਾਲੀ ਰਾਜਸੀ ਧਿਰ ਵੱਲੋਂ ਵੋਟਾਂ ਸਮੇਂ ਵਿਰੋਧ ਕਰਨ ਵਾਲੇ ਡੇਰਿਆਂ ਦੇ ਪ੍ਰਬੰਧਕਾਂ ਨੂੰ ਕਈ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਪੰਜਾਬ ਦੀਆਂ ਮੌਜੂਦਾ ਵਿਧਾਨਸਭਾ ਚੋਣਾਂ ਮੌਕੇ ਡੇਰਾ ਸਿਰਸਾ ਦੇ ਮੁਖੀ ਨੂੰ ਹਰਿਆਣਾ ਦੀ ਭਾਜਪਾ ਸਰਕਾਰ ਦੀ ਸਿਫ਼ਾਰਸ਼ 'ਤੇ ਇੱਕੀ ਦਿਨਾਂ ਦੀ ਪੈਰੋਲ ਦੇਣ ਦੇ ਮਾਮਲੇ ਨੇ ਡੇਰਿਆਂ ਦੀ ਰਾਜਨੀਤਕ ਅਹਿਮੀਅਤ ਨੂੰ ਹੋਰ ਉਜਾਗਰ ਕਰ ਦਿੱਤਾ ਹੈ। ਰਾਜਨੀਤੀ ਕਰਨ ਵਾਲਿਆਂ ਨੂੰ ਵੋਟਾਂ ਦੀ ਲੋੜ ਹੁੰਦੀ ਹੈ ਤੇ ਡੇਰਿਆਂ ਦੇ ਪ੍ਰਬੰਧਕਾਂ ਨੂੰ ਸਰਕਾਰ ਨਾਲ਼ ਨੇੜਤਾ ਦੀ। ਅੱਜ ਦੀ ਘੜੀ ਦੋਵੇਂ ਹੀ ਇੱਕ ਦੂਜੇ ਦੇ ਪੂਰਕ ਹਨ, ਅਰਥਾਤ ਦੋਵੇਂ ਹੀ ਕਿਸੇ ਨਾ ਕਿਸੇ ਰੂਪ ਵਿੱਚ ਇੱਕ ਦੂਜੇ ਦੇ ਗ਼ੁਲਾਮ ਹਨ। ਵੋਟਾਂ ਪੈਣ ਤੋਂ ਪਹਿਲਾਂ ਸਿਆਸਤ ਡੇਰਿਆਂ ਦੀ ਗ਼ੁਲਾਮ ਹੁੰਦੀ ਹੈ ਤੇ ਸਰਕਾਰ ਬਣਨ ਤੋਂ ਬਾਅਦ ਡੇਰੇ ਸਿਆਸਤ ਦੇ ਗ਼ੁਲਾਮ ਹੋ ਜਾਂਦੇ ਹਨ।

ਭਾਰਤ ਵਿੱਚ ਧਾਰਮਿਕ ਆਸਥਾ ਅਤੇ ਜਾਤ ਦੇ ਅਸਰ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਮਨੁੱਖ ਦੀ ਫ਼ਿਤਰਤ ਹੈ ਕਿ ਉਹ ਰਾਜਸੱਤਾ ਦੇ ਨਾਲ਼ ਨੇੜਲੇ ਸੰਬੰਧ ਬਣਾ ਕੇ ਸੁਰੱਖਿਅਤ ਮਹਿਸੂਸ ਕਰਦਾ ਹੈ। ਜਿਵੇਂ-ਜਿਵੇਂ ਡੇਰਿਆਂ ਦੀ ਜਾਇਦਾਦ ਵਿੱਚ ਵਾਧਾ ਹੋਣ ਲਗਦਾ ਹੈ, ਤਿਵੇਂ-ਤਿਵੇਂ ਡੇਰੇ ਦੇ ਮੁਖੀ ਨੂੰ ਜਾਂ ਫਿਰ ਪ੍ਰਬੰਧਕਾਂ ਨੂੰ ਸਰਕਾਰ ਨਾਲ਼ ਨੇੜਤਾ ਦੀ ਲੋੜ ਮਹਿਸੂਸ ਹੋਣ ਲੱਗ ਪੈਂਦੀ ਹੈ। ਦੌਲਤ ਅਤੇ ਸ਼ੁਹਰਤ ਦਾ ਨਸ਼ਾ ਸਿਆਣੇ ਤੋਂ ਸਿਆਣੇ ਮਨੁੱਖ ਤੋਂ ਵੀ ਗ਼ਲਤੀਆਂ ਕਰਵਾ ਦਿੰਦਾ ਹੈ।

ਗ਼ਲਤੀਆਂ ਹੋ ਜਾਣ ਨਾਲ਼ ਮਨੁੱਖ ਦੇ ਅੰਦਰ ਡਰ ਪੈਦਾ ਹੋ ਜਾਂਦਾ ਹੈ। ਰਾਜਨੀਤਕ ਪਾਰਟੀਆਂ ਇਸ ਤਰਾਂ ਦੇ ਡਰ ਉੱਤੇ ਤਿੱਖੀ ਨਜ਼ਰ ਰੱਖਦੀਆਂ ਹਨ। ਰਾਜਸੀ ਆਗੂ ਡੇਰੇ ਦੇ ਮੁਖੀ ਜਾਂ ਪ੍ਰਬੰਧਕਾਂ ਨੂੰ ਇਸ ਤਰਾਂ ਦੀਆਂ ਗ਼ਲਤੀਆਂ ਕਰਕੇ ਹੀ ਰਾਜਸੱਤਾ ਦੀ ਗ਼ੁਲਾਮੀ ਕਰਨ ਲਈ ਮਜਬੂਰ ਕਰਦੇ ਹਨ।

ਬਾਕੀ ਸਫ਼ਾ 30 'ਤੇ

# ਯੂਕਰੇਨ ਅਤੇ ਰੂਸ ਵਿਚਾਲੇ ਜੰਗ ਬਾਰੂਦ ਦੇ ਧੂੰਏਂ ਦੀ ਗਰਦ ਤੇ ਮਨੁੱਖੀ ਖ਼ੂਨ ਨਾਲ਼ ਭਰੀ ਹੋਈ



**ਕ੍ਰਿਸ਼ਨ ਕੁਮਾਰ ਰੱਤੂ**

ਯੂਕਰੇਨ ਅਤੇ ਰੂਸ ਵਿਚਾਲੇ ਜੋ ਜੰਗ ਹੋ ਰਹੀ ਹੈ, ਅਸਲ ਵਿੱਚ ਪੂਰੀ ਦੁਨੀਆ ਉਸ ਵਿੱਚ ਸ਼ਾਮਲ ਹੈ। ਇਹ ਜੰਗ ਹੁਣ ਮਾਨਵੀ ਜ਼ਿੰਦਗੀਆਂ ਦਾ ਬਾਰੂਦ ਦੇ ਧੂੰਏਂ ਦੀ ਗਰਦ ਵਿੱਚ ਖ਼ੂਨ ਨਾਲ਼ ਭਰਿਆ ਹੋਇਆ ਚਿਹਰਾ ਹੈ। ਇਸ ਯੁੱਧ ਵਿੱਚ ਜਿਸ ਤਰਾਂ ਮਨੁੱਖਤਾ ਦਾ ਬੇਰਹਿਮੀ ਨਾਲ਼ ਘਾਣ ਕੀਤਾ ਜਾ ਰਿਹਾ ਹੈ, ਉਹ ਮਨੁੱਖੀ ਹੋਣੀਆਂ ਦਾ ਇੱਕ ਨਵਾਂ ਇਤਿਹਾਸ ਹੈ। ਜੰਗ ਮਨੁੱਖੀ ਸੱਭਿਅਤਾ ’ਤੇ ਕਲੰਕ ਕਹੀ ਜਾਂਦੀ ਹੈ। ਇਹ ਵੀ ਸੱਚ ਹੈ ਕਿ ਹਥਿਆਰਾਂ ਦੀ ਦੌੜ ਅਤੇ ਪਰਮਾਣੂ ਹਥਿਆਰਾਂ ਕਾਰਨ ਨਾਲ਼ ਜੰਗ ਬੇਹੱਦ ਕਹਿਰਵਾਨ ਸਿੱਧ ਹੋ ਸਕਦੀ ਹੈ। ਯੂਕਰੇਨ-ਰੂਸ ਜੰਗ ਪੂਰੀ ਦੁਨੀਆ ਲਈ ਬੇਹੱਦ ਖ਼ਤਰਨਾਕ ਮੋੜ ਹੈ। ਇਤਿਹਾਸ ਗਵਾਹ ਹੈ ਕਿ ਜ਼ਿੰਦਗੀ ਕਦੇ ਵੀ ਖ਼ਤਮ ਨਹੀਂ ਹੁੰਦੀ।

ਇਸ ਵਾਰ ਵੀ ਬਾਰੂਦ ਤੇ ਲਾਸ਼ਾਂ ਦੇ ਢੇਰ ਵਿੱਚੋਂ ਇੱਕ ਵਾਰ ਫਿਰ ਜ਼ਿੰਦਗੀ ਦੀ ਖ਼ੁਸ਼ਬੂ ਦੇ ਫੁੱਲ ਤਾਜ਼ਾ ਹੋਣਗੇ ਅਤੇ ਫਿਰ ਦੁਨੀਆ ’ਚ ਅਮਨ-ਚੈਨ ਦਾ ਇੱਕ ਨਵਾਂ ਸਵੇਰਾ ਹੋਵੇਗਾ। ਅਸਲ ਵਿੱਚ ਇਸ ਖ਼ਿੱਤੇ ਵਿੱਚ 17ਵੀਂ ਸਦੀ ਤੋਂ ਲੈ ਕੇ 19ਵੀਂ ਸਦੀ ਤੇ ਵਿਸ਼ਵ ਯੁੱਧ ਤੱਕ ਇਸੇ ਤਰਾਂ ਦੀ ਸਥਿਤੀ ਰਹੀ ਹੈ। ਚਰਚਿਤ ਏਮਿਲੀ ਦੇ ਪਿਆਰ ਦੇ ਖ਼ਤ ਅਜੇ ਵੀ ਲੰਡਨ ਦੇ ਮਿਊਜ਼ੀਅਮ ਵਿੱਚ ਰੱਖੇ ਹੋਏ ਹਨ ਜੋ ਉਸ ਨੇ ਆਪਣੇ ਪ੍ਰੇਮੀ ਨੂੰ ਪਹਿਲੇ ਵਿਸ਼ਵ ਯੁੱਧ ਵੇਲੇ ਲਿਖੇ ਸਨ।

## ਰੂਸ ਦੀ ਯੂਕਰੇਨ ਪ੍ਰਤੀ ਨ਼ਫਰਤ ਕਿਉਂ ?

ਯੂਕਰੇਨ ਦੀ ਅਦਾਕਾਰਾ ਸਵੇਤਲਾਨਾ ਨੇ ਇੰਸਟਾਗ੍ਰਾਮ ’ਤੇ ਲਿਖਿਆ ਹੈ ਕਿ ਧਰਤੀ ਉੱਤੇ ਪਿਆਰ ਕਦੇ ਖ਼ਤਮ ਨਹੀਂ ਹੋ ਸਕਦਾ। ਤੁਸੀਂ ਫੁੱਲਾਂ ਨੂੰ ਕਦੇ ਵੀ ਖ਼ਤਮ ਨਹੀਂ ਕਰ ਸਕਦੇ। ਯੂਕਰੇਨ ਦੀ ਤਹਿਜ਼ੀਬ ਫੁੱਲਾਂ ਅਤੇ ਪਿਆਰ ਦੀ ਧਰਤੀ ਵਾਲੀ ਹੈ। ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਯੂਕਰੇਨ ਅਸਲ ਵਿੱਚ ਸੂਰਜਮੁਖੀ ਦੀ ਧਰਤੀ ਹੈ ਅਤੇ ਦੁਨੀਆ ਵਿੱਚ ਸਭ ਤੋਂ ਜ਼ਿਆਦਾ ਸੂਰਜਮੁਖੀ ਇਸੇ ਧਰਤੀ ’ਤੇ ਹੀ ਉਗਾਈ ਜਾਂਦੀ ਹੈ। ਆਪਣੀ ਇੱਕ ਕਵਿਤਾ ਵਿੱਚ ਇੱਥੇ ਦੀ ਇੱਕ ਕਵਿਤਰੀ ਇਟਾਲਨਾ ਇਸ ਤਰਾਂ ਕਹਿੰਦੀ ਹੈ : ‘ਇਸ ਸੂਰਜ ਤੇ ਉਸ ਦੀ ਧੁੱਪ, ਮੇਰੇ ਲੱਖਾਂ ਸੂਰਜਮੁਖੀ ਦੇ ਫੁੱਲ, ਮੇਰੀ ਇਸ ਧਰਤੀ ਵਿੱਚ ਮੁਹੱਬਤ ਦੀ ਦਾਸਤਾਨ ਦੀ ਕਹਾਣੀ ਹੈ।’

## ਸਵਰਗੀ ਪਤਨੀ ਦੇ ਨਾਂ ਚਿੱਠੀ

ਸੂਰਜਮੁਖੀ ਦੇ ਫੁੱਲ ਤਾਂ ਧਰਤੀ ’ਤੇ ਸੂਰਜ ਦੇ ਇਸ਼ਕ ਦੀ ਦਾਸਤਾਨ ਹੈ। ਇਹ ਸੂਰਜਮੁਖੀ ਦੇ ਫੁੱਲ ਹੁੰਦੇ ਹਨ ਜੋ ਆਪਣੀ ਮਹਿਕ ਨਾਲ਼ ਪੂਰੀ ਦੁਨੀਆ ਨੂੰ ਭਰ ਦਿੰਦੇ ਹਨ। ਹੁਣ ਜਦੋਂ ਪੂਰੀ ਦੁਨੀਆ ਇਸ ਯੁੱਧ ਨੂੰ ਖ਼ਤਮ ਕਰਵਾਉਣ ਵਾਸਤੇ ਕੋਸ਼ਿਸ਼ ਕਰ ਰਹੀ ਹੈ ਪਰ ਯੂਕਰੇਨ ਦੀ ਨਵੀਂ ਪੀੜੀ ਅਤੇ ਲੋਕਾਂ ਦਾ ਜਜ਼ਬਾ ਆਪਣੀ ਧਰਤੀ ਦੀ ਅਜ਼ਾਦੀ ਤੇ ਜ਼ਿੰਦਗੀ ਲਈ ਇੱਕ ਨਵਾਂ ਦ੍ਰਿਸ਼ ਤੇ ਨਵੀਨ ਸੰਭਾਵਨਾ ਨਾਲ਼ ਭਰਿਆ ਹੋਇਆ ਹੈ। ਯੂਕਰੇਨ ਦੀ ਨਵੀਂ ਪੀੜੀ ਹਥਿਆਰਾਂ ਨਾਲ਼ ਲੈਸ ਹੈ ਅਤੇ ਅਮਨ ਦੀਆਂ ਉਮੀਦਾਂ ਨਾਲ਼ ਵੀ ਭਰੀ ਹੋਈ ਹੈ। ਇਹ ਜੰਗ ਵੀ ਅੰਤ ਵਿੱਚ ਖ਼ਤਮ ਹੋ ਜਾਵੇਗੀ ਅਤੇ ਇਹ ਧਰਤੀ ਫਿਰ ਸੂਰਜਮੁਖੀ ਦੇ ਫੁੱਲਾਂ ਨਾਲ਼ ਭਰ ਜਾਵੇਗੀ। ਹੁਣ ਯੂਕਰੇਨ ਵਿੱਚ ਹਰ ਪਲ ਮੌਤ ਦਾ ਗਵਾਹ ਹੈ। ਮਿਜ਼ਾਈਲਾਂ ਨਾਲ਼ ਆਮ ਜਨ-ਜੀਵਨ ਅਸਤ-ਵਿਅਸਤ ਹੈ ਪਰ ਫਿਰ ਵੀ ਲੋਕਾਂ ਵਿੱਚ ਜ਼ਿੰਦਗੀ ਨੂੰ ਜੀਊਣ ਦੀ ਲਾਲਸਾ ਹੈ। ਇਕੱਲਾ ਆਦਮੀ ਟੈਕਾਂ ਦੇ ਸਾਹਮਣੇ ਖੜਾ ਹੋ ਰਿਹਾ ਹੈ। ਹਰ ਆਦਮੀ ਹਥਿਆਰਾਂ ਨਾਲ਼ ਲੈਸ ਹੋ ਕੇ ਆਪਣੀ ਅਜ਼ਾਦੀ ਪ੍ਰਤੀ ਸੁਚੇਤ ਹੋ ਕੇ ਅਜ਼ਾਦੀ ਲਈ ਲੜ ਰਿਹਾ ਹੈ। ਯੂਕਰੇਨੀ ਕੁੜੀਆਂ-ਮੁੰਡੇ ਲੜਾਈ ਵਿੱਚ ਸਭ ਤੋਂ ਅੱਗੇ ਹਨ। ਇਹ ਵੀ ਹਕੀਕਤ ਹੈ ਕਿ ਖ਼ੂਨ-ਖਰਾਬੇ ਅਤੇ ਜੰਗ ਤੋਂ ਬਾਅਦ ਦੁਨੀਆ ਵਿੱਚ ਨਵੀਂ ਜ਼ਿੰਦਗੀ ਦਾ ਜਨਮ ਹੁੰਦਾ ਹੈ। ਬੇਗੁਨਾਹਾਂ ਦੇ ਖ਼ੂਨ ਨਾਲ਼ ਧਰਤੀ ਲੱਥਪਥ ਹੋ ਰਹੀ ਹੈ। ਸਾਹਿਰ ਲੁਧਿਆਣਵੀ ਦੀਆਂ ਸਤਰਾਂ ਯਾਦ ਆ ਰਹੀਆਂ ਹਨ :-

*ਖ਼ੂਨ ਅਪਨਾ ਹੋ ਯਾ ਪਰਾਇਆ, ਨਸਲ-ਏ-ਆਦਮ ਕਾ ਖ਼ੂਨ ਹੈ ਆਖ਼ਿਰ।*
*ਜੰਗ ਮਸ਼ਰਿਕ ਮੇਂ ਹੋ ਯਾ ਮ਼ਗਰਿਬ ਮੇਂ, ਅਮਨ-ਏ-ਆਲਮ ਕਾ ਖ਼ੂਨ ਹੈ ਆਖ਼ਿਰ।*
*ਜੰਗ ਤੋ ਖ਼ੁਦ ਏਕ ਮਸਲਾ ਹੈ, ਜੰਗ ਕਿਆ ਮਸਲੋਂ ਕਾ ਹਲ ਕਰੇਗੀ।*
*ਜੰਗ ਟਲਤੀ ਰਹੇ ਤੋ ਬਿਹਤਰ ਹੈ,*
*ਆਪ ਔਰ ਹਮ ਸਭੀ ਕੇ ਆਂਗਨ ਮੇਂ,*
*ਸ਼ਮਾ ਜਲਤੀ ਰਹੇ ਤੋ ਬਿਹਤਰ ਹੈ।*

ਯੂਕਰੇਨ ਦਾ ਸੱਚ ਸਵੇਤਲਾਨਾ ਦੀ ਉਸ ਕਹਾਣੀ ਵਿੱਚ ਵੀ ਹੈ ਜਿਸ ਵਿੱਚ ਉਹ ਆਪਣੇ ਮਿੱਤਰ ਦੇ ਨਾਲ਼ ਰੂਸ ਅਤੇ ਯੂਕਰੇਨ ਦੇ ਝੰਡੇ ਵਿੱਚ ਲਿਪਟੀ ਹੋਈ ਬਾਰੂਦ ਦੇ ਇਸ ਸੰਸਾਰ ਵਿੱਚ ਇਸ ਸੜਕ ’ਤੇ ਪਿਆਰ ਦੀ ਉਹ ਕਹਾਣੀ ਹੈ ਜਿਸ ਦਾ ਕੋਈ ਆਦਿ-ਅੰਤ ਨਹੀਂ ਹੈ। ਸੂਰਜ ਦੀ ਧੁੱਪ ਹੀ ਜ਼ਿੰਦਗੀ ਹੁੰਦੀ ਹੈ ਤੇ ਜ਼ਿੰਦਗੀ ਸੂਰਜਾਂ ਦੇ ਸੇਕ ਵਿੱਚ ਅੱਗੇ ਚੱਲਦੀ ਰਹੇਗੀ। ਯੂਕਰੇਨ ਦੀ ਇਸ ਲੜਾਈ ਵਿੱਚ ਜਿਸ ਤਰਾਂ ਦੇ ਹੌਸਲੇ ਨਾਲ਼ ਜੀਵੰਤ ਮੁਹੱਬਤ ਦੀਆਂ ਇਨਾਂ ਕਹਾਣੀਆਂ ਦੇ ਦ੍ਰਿਸ਼ ਮਨੁੱਖੀ ਮਨਾਂ ਨੂੰ ਹਲੂਣ ਰਹੇ ਹਨ, ਅਸਲ ਵਿੱਚ ਮੁਹੱਬਤ ਹੀ, ਜ਼ਿੰਦਗੀ ਦੀਆਂ ਕਹਾਣੀਆਂ ਹਨ ਜੋ ਮਨੁੱਖੀ ਇਤਿਹਾਸ ਦਾ ਉਹ ਸ਼ਫਾ ਬਣ ਗਈਆਂ ਹਨ ਜਿਸ ਵਿੱਚ ਯੂਕਰੇਨ ਦੀ ਇਸ ਤਰਾਂ ਦੀ ਸਥਿਤੀ ਤੇ ਲੜਾਈ ਦਾ ਦ੍ਰਿਸ਼ ਹੋਵੇਗਾ। ਜ਼ਿੰਦਗੀ ਵਿੱਚ ਲੜਨ ਵਾਲੇ ਲੋਕਾਂ ਦੀ ਇੱਕ ਨਵੀਂ ਕਹਾਣੀ ਦਾ ਜ਼ਿਕਰ ਹੋਵੇਗਾ। ਬਹੁਤ ਵਰੇ ਪਹਿਲਾਂ ਜਦੋਂ ਰੂਸੀ ਲੇਖਕ ਬੋਰਿਸ ਪੋਲੇਵਾਈ ਦੀ ‘ਅਸਲੀ ਇਨਸਾਨ ਦੀ ਕਹਾਣੀ’ ਆਈ ਸੀ, ਜੰਗ ਦੇ ਦਿਨਾਂ ਦੀ ਸੰਘਰਸ਼ ਅਤੇ ਹੌਸਲੇ ਦੀ ਕਹਾਣੀ ਨੇ ਸੰਸਾਰ ਦੇ ਬਹੁਤ ਸਾਰੇ ਲੋਕਾਂ ਨੂੰ ਜ਼ਿੰਦਗੀ ਜਿਊਣ ਦਾ ਹੌਸਲਾ ਦਿੱਤਾ। ਪ੍ਰੇਮ ਤੇ ਰੂਸ ਦੀ ਇਸ ਜੰਗ ਵਿੱਚ ਜ਼ਿੰਦਗੀ ਦੀ ਉਮੀਦ ਅਜੇ ਵੀ ਬਾਕੀ ਹੈ। ਸਵੇਤਲਾਨਾ ਦੇ ਖ਼ਤਾਂ ਦੀ ਇਬਾਰਤ ਜ਼ਿੰਦਗੀ ਦੀ ਨਵੀਂ ਪਛਾਣ ਲਿਖ ਰਹੀ ਹੈ।

ਫ਼ਿਲਸਤੀਨ ਦੇ ਮਸ਼ਹੂਰ ਕਵੀ ਮਹਿਮੂਦ ਦਰਵੇਸ਼ ਨੇ ਇੱਕ ਵਾਰੀ ਲਿਖਿਆ ਸੀ ਕਿ ਜੰਗ ਤਾਂ ਖ਼ਤਮ ਹੋ ਗਈ ਨੇਤਾਵਾਂ ਦੇ ਹੱਥ ਮਿਲਾਉਣ ਦੇ ਫੋਟੋ ਖਿਚਵਾਉਂਦੇ ਹੋਏ ਪਰ ਮਾਵਾਂ ਆਪਣੇ ਪੁੱਤਰਾਂ ਨੂੰ ਉਡੀਕਦੀਆਂ ਰਹੀਆਂ, ਸਭ ਆਪਣੇ ਲੋਕਾਂ ਨੂੰ ਉਡੀਕਦੇ ਰਹੇ ਜੋ ਜੰਗ ਵਿੱਚ ਗਏ ਸਨ ਅਤੇ ਕਦੇ ਵੀ ਵਾਪਸ ਨਹੀਂ ਆਏ।

ਜੰਗ ਦਾ ਇਹੀ ਮੰਜ਼ਰ ਹੁੰਦਾ ਹੈ। ਇਤਿਹਾਸ ਗਵਾਹ ਹੈ ਕਿ ਇਹ ਜ਼ਿੰਦਗੀ ਹੈ, ਚੱਲਦੀ ਰਹਿੰਦੀ ਹੈ। ਇਹੀ ਜੀਵਨ ਦਾ ਰਹੱਸਮਈ ਰਸਤਾ ਹੈ ਜਿੱਥੇ ਜ਼ਿੰਦਗੀ ਦੇ ਨਵੇਂ ਰਾਹ ਦੀ ਤਲਾਸ਼ ਜੰਗ ਦੇ ਮੈਦਾਨ ’ਚੋਂ, ਬਾਰੂਦ ਦੇ ਢੇਰ ’ਤੇ ਵਰਦੀਆਂ ਗੋਲ਼ੀਆਂ ਅਤੇ ਤਬਾਹੀ ਤੋਂ ਬਾਅਦ ਵੀ ਚੱਲਦੀ ਰਹਿੰਦੀ ਹੈ। ਇਹੀ ਜ਼ਿੰਦਗੀ ਦਾ ਸੱਚ ਹੈ। ਸਮੇਂ ਦਾ ਕਾਲ-ਚੱਕਰ ਤੇ ਜ਼ਿੰਦਗੀ ਦਾ ਪਹੀਆ ਘੁੰਮਦਾ ਰਹਿੰਦਾ ਹੈ। ਇਹ ਆਪਣੇ ਨਿਸ਼ਾਨ ਛੱਡ ਜਾਂਦਾ ਹੈ। ਇਹ ਇਤਿਹਾਸ ਬਣ ਜਾਂਦਾ ਹੈ। ਯੂਕਰੇਨ ਦੀ ਇਹ ਲੜਾਈ ਵੀ ਖ਼ਤਮ ਹੋ ਜਾਵੇਗੀ ਤੇ ਫਿਰ ਸਵੇਤਲਾਨਾ ਦਾ ਇੱਕ ਵਾਰ ਫਿਰ ਖ਼ੁਸ਼ਬੂ ਨਾਲ਼ ਭਰਿਆ ਹੋਇਆ ਯੂਕਰੇਨ ਸਾਹਮਣੇ ਆਵੇਗਾ। ਪਿਆਰ ਅਤੇ ਜ਼ਿੰਦਗੀ ਇੱਕ ਗੁਲਦਸਤਾ ਹੈ ਅਤੇ ਪੂਰੀ ਦੁਨੀਆ ਨੂੰ ਅਮਨ ਦੀਆਂ ਉਮੀਦਾਂ ਨਾਲ਼ ਫਿਰ ਤੋਂ ਜੀਵਤ ਕਰ ਦੇਵੇਗਾ ਕਿਉਂਕਿ ਦੁਨੀਆ ਵਿੱਚ ਉਮੀਦ ਹੀ ਜ਼ਿੰਦਗੀ ਹੈ।

# ਯੁੱਧ ਨਰੇਟਿਵ ਨਾਲ਼ ਲੜੇ ਤੇ ਜਿੱਤੇ ਜਾਂਦੇ ਨੇ



**ਪ੍ਰੋ.ਫ਼ੈਸਰ ਬਲਵਿੰਦਰ ਪਾਲ ਸਿੰਘ**

ਨਵੇਂ ਜ਼ਮਾਨੇ ਵਿੱਚ, ਯੁੱਧ ਮਿਜ਼ਾਈਲ ਅਤੇ ਬਰੂਦ ਦੇ ਨਾਲ਼ ਨਹੀਂ ਲੜੇ ਜਾਂਦੇ, ਯੁੱਧ ਨਰੇਟਿਵ ਨਾਲ਼ ਲੜੇ ਤੇ ਜਿੱਤੇ ਜਾਂਦੇ ਹਨ ਅਤੇ ਰੂਸ ਨਰੇਟਿਵ ਦੀ ਇਸ ਲੜਾਈ ਵਿੱਚ ਹਾਰਦਾ ਦਿਖ ਰਿਹਾ ਹੈ।ਉਹ ਸੋਸ਼ਲ ਮੀਡੀਆ ’ਤੇ ਸੰਸਾਰ ਵਿੱਚ ਅਲੱਗਲੂਲੂ-ਥਲੱਗ ਪੈ ਗਿਆ ਹੈ। ਤਬਾਹੀ ਜ਼ਰੂਰ ਯੂਕਰੇਨ ਦੀ ਦਿਖ ਰਹੀ ਹੈ, ਪਰ ਅੰਦਰ ਹੀ ਅੰਦਰ ਰੂਸ ਖੋਖਲਾ ਦਿਖ ਰਿਹਾ ਹੈ। ਰੂਬਲ ਦੀ ਕੀਮਤ ਦੇ ਨਾਲ਼ ਉਸ ਦੀ ਸ਼ਾਖ਼ ਕ੍ਰੈਡਿਟ ਦੋਨੋਂ ਤੇਜ਼ੀ ਨਾਲ਼ ਥੱਲੇ ਡਿੱਗ ਰਹੇ ਹਨ। ਇਸ ਲਈ ਬੇਬਸ ਰੂਸ ਹਰ ਦੂਜੇ ਦਿਨ ਪ੍ਰਮਾਣੂ ਹਮਲਿਆਂ ਦੀ ਧਮਕੀ ਦੇ ਰਿਹਾ ਹੈ। ਰੂਸ ਦੀ ਇਹ ਹਾਲਤ ਉਸ ਦੀ ਆਤਮਿਕ ਕਮਜ਼ੋਰੀ ਨੂੰ ਦਰਸਾ ਰਹੀ ਹੈ। ਰੂਸੀ ਫ਼ੌਜ ਦੀ ਸਭ ਤੋਂ ਵੱਡੀ ਹਾਰ ਇਹ ਹੈ ਕਿ ਉਹ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਫ਼ੌਜੀ ਸ਼ਕਤੀ ਹੋਣ ਦੇ ਬਾਵਜੂਦ ਅੱਜ ਦਸਵੇਂ ਦਿਨ ਵੀ ਯੂਕਰੇਨ ਦੇ ਲੋਕਾਂ ਦੇ ਜਜ਼ਬੇ ਨੂੰ ਨਹੀਂ ਤੋੜ ਸਕੀ। ਯੂਕਰੇਨ ਦੇ ਲੋਕ ਆਪਣੇ ਦੇਸ਼ ਦੇ ਨਾਲ਼ ਹਨ। ਉਹ ਮਰਨ ਲਈ ਤਿਆਰ ਹਨ ਪਰ ਝੁਕਣ ਲਈ ਤਿਆਰ ਨਹੀਂ ਹਨ। ਯੂਕਰੇਨ ਦੀਆਂ ਔਰਤਾਂ ਬੰਬ ਬਣਾ ਰਹੀਆਂ ਹਨ। ਨੌਜਵਾਨ ਫ਼ੌਜ ਵਿੱਚ ਭਰਤੀ ਹੋ ਰਹੇ ਹਨ। ਯੂਕਰੇਨ ਦੇ ਕਈ ਹੋਰ ਕਲਾਕਾਰ ਵੀ ਹਥਿਆਰ ਚੁੱਕਣ ਬਾਰੇ ਸੋਚ ਰਹੇ ਹਨ।

ਪੌਪ-ਰੌਕ ਬੈਂਡ ਬੂਮਬੌਕਸ ਦੇ ਆਂਡਰੀ ਖ਼ਲਿਵਨਯੁਕ ਦਾ ਕਹਿਣਾ ਹੈ, ‘ਮੈਂ ਆਪਣੇ ਬੱਚਿਆਂ ਨੂੰ ਸੁਰੱਖਿਅਤ ਥਾਂ ਤੇ ਪਹੁੰਚਾ ਕੇ ਵਾਪਸ ਮੁੜਾਂਗਾ ਅਤੇ ਸਰਕਾਰੀ ਹੁਕਮਾਂ ਦੀ ਪਾਲਣਾ ਕਰਦਾ ਫ਼ੌਜੀ ਬਣਾਂਗਾ।’ ‘ਉਸ ਨੇ ਕਿਹਾ ਕਲਾਕਾਰ ਸ਼ਾਂਤੀ ਦੂਤ ਹੁੰਦੇ ਹਨ ਪਰ ਇਹ ਸਮਾਂ ਗਿਟਾਰ ਵਜਾਉਣ ਦਾ ਨਹੀਂ ਰਾਫ਼ਲਾਂ ਚੁੱਕਣ ਦਾ ਹੈ। ਸਾਡੇ ਕੋਲ਼ ਹੋਰ ਕੋਈ ਰਾਹ ਨਹੀਂ ਹੈ।’

ਪੱਛਮੀ ਵਿਸ਼ਲੇਸ਼ਕਾਂ ਸਮੇਤ ਹਰ ਕਿਸੇ ਨੂੰ ਯਕੀਨ ਸੀ ਕਿ ਰੂਸ ਨੂੰ ਯੂਕਰੇਨ ਉੱਪਰ ਕਬਜ਼ਾ ਕਰਨ ਵਿੱਚ ਦੋ ਦਿਨ ਲੱਗਣਗੇ। ਹ਼ਫਤੇ ਤੋਂ ਵੱਧ ਬੀਤ ਗਿਆ ਹੈ ਯੁੱਧ ਚੱਲ ਰਿਹਾ ਹੈ ਤੇ ਯੂਕਰੇਨੀ ਅਜੇ ਵੀ ਖੜੇ ਹਨ। ਨਿਹੱਥੇ ਟੈਕਾਂ ਨੂੰ ਰੋਕ ਰਹੇ ਹਨ। ਯੂਕਰੇਨ ਨੇ ਦਾਅਵਾ ਕੀਤਾ ਹੈ ਕਿ ਜੰਗ ਲੱਗਣ ਤੋਂ ਹੁਣ ਤੱਕ ਉਨਾਂ 10 ਹਜ਼ਾਰ ਰੂਸੀ ਸੈਨਿਕਾਂ ਨੂੰ ਹਲਾਕ ਕੀਤਾ ਹੈ। ਯੂਕਰੇਨੀ ਹਥਿਆਰਬੰਦ ਬਲਾਂ ਮੁਤਾਬਕ 269 ਰੂਸੀ ਟੈਂਕ, 945 ਬਖ਼ਤਰਬੰਦ ਵਾਹਨ, 105 ਆਰਟਿਲਰੀ ਸਿਸਟਮ, 50 ਐੱਮ.ਐੱਲ.ਆਰ.’ਜ਼, 19 ਏਅਰ ਡਿਫ਼ੈਂਸ, 39 ਜਹਾਜ਼, 40 ਹੈਲੀਕਾਪਟਰ ਤਬਾਹ ਕਰ ਦਿੱਤੇ ਗਏ ਹਨ। ਯੂਕਰੇਨੀ ਬਲਾਂ ਦੇ ਜਨਰਲ ਸਟਾਫ਼ ਨੇ ਦੱਸਿਆ ਕਿ ਰੂਸੀ ਸੈਨਿਕਾਂ ਦੀ ਹਿੰਮਤ ਟੁੱਟ ਰਹੀ ਹੈ, ਸੈਨਿਕ ਤੇ ਅਧਿਕਾਰੀ ਸਮਰਪਣ ਕਰ ਰਹੇ ਹਨ, ਹਥਿਆਰ ਤੇ ਹੋਰ ਚੀਜ਼ਾਂ ਛੱਡ ਕੇ ਭੱਜ ਰਹੇ ਹਨ। ਯੂਕਰੇਨ ਦੇ ਰੱਖਿਆ ਮੰਤਰੀ ਨੇ ਦਾਅਵਾ ਕੀਤਾ ਕਿ ਰੂਸੀ ਫ਼ੌਜ ਦਾ ਅਸਲਾ ਖ਼ਤਮ ਹੋ ਰਿਹਾ ਹੈ। ਰੂਸ ਨੇ ਕਿਹਾ ਕਿ ਉਨਾਂ ਯੂਕਰੇਨ ਦੇ 2037 ਫ਼ੌਜੀ ਟਿਕਾਣੇ ਤਬਾਹ ਕਰ ਦਿੱਤੇ ਹਨ। ਯੂਰਪ ਦੇ ਵੱਡੇ ਸ਼ਹਿਰਾਂ ਰੂਸ ਦੇ ਹਮਲੇ ਖ਼ਿਲਾਫ਼ ਵੀਏਨਾ, ਤਬਿਲਸੀ, ਪਰਾਗ, ਫ਼ਰੈਂਕਫ਼ਰਟ, ਵਿਲਨੀਅਸ, ਲਿਓਨ ਤੇ ਬਰਾਟੀਸਲਾਵਾ ਵਿੱਚ ਰੋਸ ਪ੍ਰਗਟਾ ਰਹੇ ਹਜ਼ਾਰਾਂ ਮੁਜ਼ਾਹਰਾਕਾਰੀਆਂ ਨੂੰ ਆਨਲਾਈਨ ਸੰਬੋਧਨ ਕਰਦਿਆਂ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਨੇ ਕਿਹਾ ਸੀ ਕਿ ਜੇ ਉਨਾਂ ਦਾ ਦੇਸ਼ ਰੂਸ ਅੱਗੇ ਹਾਰ ਗਿਆ ਤਾਂ ਪੂਰੇ ਦਾ ਪੂਰਾ ਯੂਰਪੀ ਮਹਾਂਦੀਪ ਵੀ ਹਾਰ ਜਾਵੇਗਾ। ਜ਼ੇਲੈਂਸਕੀ ਨੇ ਕਿਹਾ, ‘ਚੁੱਪ ਨਾ ਰਹੋ। ਬਾਹਰ ਸੜਕਾਂ ’ਤੇ ਨਿਕਲੋ। ਯੂਕਰੇਨ ਦਾ ਸਾਥ ਦਿਓ। ਸਾਡੀ ਅਜ਼ਾਦੀ ਦਾ ਸਾਥ ਦਿਓ।’

ਯੂਕਰੇਨੀ ਕਲਾਕਾਰਾਂ ਦਾ ਮੰਨਣਾ ਹੈ ਕਿ ਰੂਸੀ ਫ਼ੌਜੀਆਂ ਕੋਲ਼ ਸਿਰਫ਼ ਹੁਕਮ ਹਨ ਸਾਡੇ ਕੋਲ਼ ਪ੍ਰੇਰਨਾ ਹੈ ਅਤੇ ਰੂਸ ਵਿੱਚ ਹਮਲੇ ਦਾ ਵਿਰੋਧ ਹੋ ਰਿਹਾ ਹੈ ਕਿਉਂਕਿ ਯੂਕਰੇਨ ਦੇ ਲੋਕ ਵੀ ਰੂਸੀ ਸਭਿਅਤਾ ਨਾਲ਼ ਜੁੜੇ ਹਨ। ਰੂਸੀ ਆਪਣੇ ਲੋਕਾਂ ਨੂੰ ਕਿਵੇਂ ਮਰਦਾ ਦੇਖਣ। ਰੂਸੀ ਮੀਡੀਆ ਇਸ ਜੰਗ ਵਿਰੁੱਧ ਹੈ। ਇਸ ਕਾਰਨ ਰੂਸ ਨੇ ਮੀਡੀਆ ਉੱਪਰ ਪਾਬੰਦੀਆਂ ਲਗਾ ਦਿੱਤੀਆਂ ਹਨ। ਰੂਸ ਨੇ ਫੇਸਬੁੱਕ ’ਤੇ ਪਾਬੰਦੀ ਲਗਾ ਦਿੱਤੀ ਹੈ, ਯੂ-ਟਿਊਬ ਤੇ ਟਵਿੱਟਰ ’ਤੇ ਵੀ ਪਾਬੰਦੀ ਲਗਾ ਦਿੱਤੀ ਗਈ ਹੈ ਤਾਂ ਜੋ ਜੰਗ ਦੀ ਸਹੀ ਰਿਪੋਰਟ ਲੋਕਾਂ ਤੱਕ ਨਾ ਪਹੁੰਚੇ। ਇਸ ਤੋਂ ਇਲਾਵਾ ਰੂਸ ਨੇ ਬੀ.ਬੀ.ਸੀ., ਵੁਆਇਸ ਆਫ਼ ਅਮੈਰਿਕਾ ਤੇ ਰੇਡੀਓ ਫ਼੍ਰੀ ਯੂਰੋਪ/ਰੇਡੀਓ ਲਿਬਰਟੀ, ਜਰਮਨ ਬਰਾਡਕਾਸਟਰ ਡਿਊਸ਼ ਵੈਲੇ (ਡੀ.ਡਬਲਿਊ) ਤੇ ਹੋਰਾਂ ਖ਼ਿਲਾਫ਼ ਵੀ ਕਾਰਵਾਈ ਕੀਤੀ ਹੈ। ਰੂਸੀ ਸਰਕਾਰ ਨੇ ਉਨਾਂ ਅਦਾਰਿਆਂ ਖ਼ਿਲਾਫ਼ ਹੋਰ ਵੀ ਸਖ਼ਤ ਕਾਰਵਾਈ ਦਾ ਫ਼ੈਸਲਾ ਕੀਤਾ ਹੈ ਜੋ ਰੂਸੀ ਭਾਸ਼ਾ ਵਿੱਚ ਪ੍ਰੋਗਰਾਮ ਪ੍ਰਸਾਰਿਤ ਕਰਦੇ ਹਨ ਕਿਉਂਕਿ ਉਨਾਂ ਨੂੰ ਘਰੇਲੂ ਪੱਧਰ ’ਤੇ ਵਿਰੋਧ ਖੜਾ ਹੋਣ ਦੀ ਵੀ ਚਿੰਤਾ ਹੈ। ਇਨਾਂ ਅਦਾਰਿਆਂ ਨੇ ਵੀ ਰੂਸ ਵਿੱਚ ਆਪਣਾ ਕੰਮ ਬੰਦ ਕਰ ਦਿੱਤਾ ਹੈ।

ਪੁਤਿਨ ਇਹ ਜੰਗ ਲੜ ਰਿਹਾ ਹੈ, ਰੂਸ ਨਹੀਂ। ਅੱਧੇ ਰੂਸੀ ਲੋਕ ਪੁਤਿਨ ਦਾ ਵਿਰੋਧ ਕਰਨ ਲਈ ਸੜਕਾਂ ’ਤੇ ਉੱਤਰ ਰਹੇ ਹਨ ਅਤੇ ਜੇਲ ਜਾ ਰਹੇ ਹਨ। ਖ਼ਬਰਾਂ ਅਨੁਸਾਰ ਰੂਸ ਦੇ ਵੱਖ-ਵੱਖ ਸ਼ਹਿਰਾਂ ਵਿੱਚ ਜੰਗ ਦਾ ਵਿਰੋਧ ਕਰ ਰਹੇ 3500 ਤੋਂ ਵੱਧ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਰੂਸ ਦੇ ਇੱਕ ਸੰਗਠਨ ਨੇ ਦੱਸਿਆ ਕਿ 49 ਸ਼ਹਿਰਾਂ ਵਿੱਚ ਲੋਕ ਪੁਤਿਨ ਦੀ ਕਾਰਵਾਈ ਖ਼ਿਲਾਫ਼ ਰੋਸ ਮੁਜ਼ਾਹਰੇ ਕਰ ਰਹੇ ਸਨ। ਹਜ਼ਾਰਾਂ ਲੋਕਾਂ ਨੇ ‘ਜੰਗ ਰੋਕੋ’ ਤੇ ‘ਸ਼ਰਮ ਕਰੋ’ ਦੇ ਨਾਅਰੇ ਲਾਏ। ਸੋਸ਼ਲ ਮੀਡੀਆ ’ਤੇ ਪੋਸਟ ਵੀਡੀਓਜ਼ ਵਿੱਚ ਲੋਕ ਨਾਅਰੇ ਲਾਉਂਦੇ ਨਜ਼ਰ ਆ ਰਹੇ ਹਨ। ਕੁਝ ਲੋਕਾਂ ਨੂੰ ਪੁਲੀਸ ਨੇ ਕੁੱਟਿਆ ਵੀ ਹੈ। ਯੂਰਾਲਸ ਸ਼ਹਿਰ ਵਿੱਚ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਇੱਕ ਤਸਵੀਰ ਉੱਤੇ ਕਾਲ਼ੀ ਸਿਆਹੀ ਲਾ ਦਿੱਤੀ ਗਈ। ਸੰਗਠਨ ‘ਓਵੀਡੀ-ਇਨਫ਼ੋ’ ਨੇ ਕਿਹਾ ਕਿ ਰੂਸ ਵਿੱਚ ਸਖ਼ਤ ਫ਼ੌਜੀ ਸੈਂਸਰਸ਼ਿਪ ਲਾਈ ਗਈ ਹੈ। ਉਨਾਂ ਕਿਹਾ ਕਿ ਸਾਇਬੇਰੀਆ ਵਿੱਚ ਵੀ ਜ਼ੋਰਦਾਰ ਵਿਰੋਧ ਹੋ ਰਿਹਾ ਹੈ। ਪੁਲਿਸ ਲਾਊਡ ਸਪੀਕਰ ਲਾ ਕੇ ਲੋਕਾਂ ਨੂੰ ਮੁਜ਼ਾਹਰਿਆਂ ਵਿੱਚ ਸ਼ਾਮਲ ਨਾ ਹੋਣ ਲਈ ਕਹਿ ਰਹੀ ਹੈ। ਸਰਕਾਰ ਲੋਕਾਂ ਨੂੰ ਚਿਤਾਵਨੀ ਦੇ ਰਹੀ ਹੈ ਕਿ ਰੋਸ ਮੁਜ਼ਾਹਰਾ ਹੋਣ ’ਤੇ ਕਾਰਵਾਈ ਕੀਤੀ ਜਾਵੇਗੀ ਤੇ ਪ੍ਰਬੰਧਕਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਇਸ ਤੋਂ ਜ਼ਾਹਿਰ ਹੈ ਕਿ ਪੁਤਿਨ ਜੰਗ ਹਾਰ ਰਿਹਾ ਹੈ। ਕਿਉਂਕਿ ਜੇ ਤੁਸੀਂ ਮਿਜ਼ਾਈਲ ਦੇ ਆਧਾਰ ’ਤੇ ਜਿੱਤੋਗੇ ਤਾਂ ਤੁਸੀਂ ਇਤਿਹਾਸ ਵਿੱਚ ਹਾਰੋਗੇ। ਜੰਗ ਜਜ਼ਬੇ ਤੇ ਲੋਕਾਂ ਨਾਲ਼ ਜਿੱਤੀ ਜਾਂਦੀ ਹੈ। ਰੂਸੀ ਯੂਕਰੇਨ ਨਾਲ਼ ਜੰਗ ਨਹੀਂ ਚਾਹੁੰਦੇ। ਰੂਸ ਨੂੰ ਅਮਰੀਕਾ ਜਾਂ ਨਾਟੋ ਨਹੀਂ ਹਰਾਏਗਾ। ਰੂਸ ਦੇ ਪੁਤਿਨ ਨੂੰ ਰੂਸੀ ਹਰਾਉਣਗੇ।


ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

ਅੰਮ੍ਰਿਤਸਰ ਟਾਈਮਜ਼ AMRITSAR TIMES

09 ਮਾਰਚ 2022 ਤੋਂ 15 ਮਾਰਚ 2022

# ਬਣਾਉਟੀ ਸੰਘਰਸ਼ਾਂ ਦਾ ਸ਼ੋਰ

ਮਨ ਭਾਵੇਂ ਚੇਤਨ ਤੌਰ ’ਤੇ ਸ਼ਾਂਤੀ ਦੀ ਚਾਹਤ ਰੱਖਦਾ ਹੈ ਪਰ ਅਵਚੇਤਨ ਤੌਰ ਉੱਤੇ ਸਦਾ ਉਹ ਸੰਘਰਸ਼ ਦੀ ਭਾਲ ਵਿੱਚ ਰਹਿੰਦਾ ਹੈ। ਜਿਵੇਂ-ਜਿਵੇਂ ਸਾਡੀ ਜ਼ਿੰਦਗੀ ’ਚੋਂ ਅਸਲ ਸੰਘਰਸ਼ ਦੇ ਤੱਤ ਖ਼ਤਮ ਹੁੰਦੇ ਜਾਂਦੇ ਹਨ, ਅਸੀਂ ਉਤਨਾ ਹੀ ਬਣਾਉਟੀ ਸੰਘਰਸ਼ ਕਰਨ ਲਈ ਉਤਾਵਲੇ ਹੁੰਦੇ ਜਾਂਦੇ ਹਾਂ। ਜਦੋਂ ਸਾਡੀ ਜ਼ਿੰਦਗੀ ਵਿੱਚ ਅਸਲ ਸੰਘਰਸ਼ ਕਰਨ ਦੀ ਪ੍ਰੇਰਨਾ ਜਾਂ ਹਿੰਮਤ ਜਾਂ ਮੌਕਾ ਨਾ ਮਿਲੇ ਤਾਂ ਮਨ ਬੇਲੋੜੇ ਜਾਂ ਬਣਾਉਟੀ ਸੰਘਰਸ਼ ਵਿੱਢ ਕੇ ਆਪਣੀ ਇਹ ਖ਼ੁਰਾਕ ਪੂਰੀ ਕਰਦਾ ਰਹਿੰਦਾ ਹੈ। ਜਿਵੇਂ ਕਿਸੇ ਵਿਦਵਾਨ ਵੱਲੋਂ ਅਟੁੱਟ ਮਿਹਨਤ ਅਤੇ ਲਗਨ ਨਾਲ਼ ਕੀਤੇ ਕਿਸੇ ਬੌਧਿਕ ਵਿਸ਼ਲੇਸ਼ਣ ਵਿੱਚੋਂ ਨਿਕਲੇ ਸੰਕਲਪ ਜੋ ਮਨੋਵਿਗਿਆਨਕ ਤਸੱਲੀ ਬਖ਼ਸ਼ਦੇ ਹਨ, ਉਹ ਰੂਹਾਨੀ ਪ੍ਰਾਪਤੀ ਦਾ ਭੁਲੇਖਾ ਪਾ ਸਕਦੇ ਹਨ ਉਵੇਂ ਹੀ ਬਿਜਲ-ਸੱਥ ਉੱਤੇ ਪ੍ਰਚਾਰ ਦੇ ਜ਼ੋਰ ਉੱਤੇ ਕੌਮਾਂ ਦੀ ਤਕਦੀਰ ਬਦਲਣ ਦੀ ਕਵਾਇਦ ਵੀ ਬੌਧਿਕ ਜ਼ਿੱਦ ’ਚੋਂ ਨਿਕਲਿਆ ਵਰਤਾਰਾ ਹੀ ਹੈ ਜਿਸ ਵਿੱਚ ਨਿੱਤ-ਨਵੇਂ ਸੰਘਰਸ਼ ਵਿੱਢ ਕੇ ਪੰਥ ਦੀ ਸੇਵਾ ਕਰਨ ਦਾ ਭੁਲੇਖਾ ਸਾਨੂੰ ਅੰਦਰੋਂ ਹੀ ਅੰਦਰੋਂ ਖਾਈ ਜਾ ਰਿਹਾ ਹੈ।

ਇਹ ਜ਼ਮੀਨ ਉੱਤੇ ਕੁਝ ਨਾ ਕਰ ਪਾਉਣ ਕਾਰਨ ਸਾਡੇ ਮਨ ਵਿੱਚ ਪੈਦਾ ਹੋਏ ਖਲਾਅ ਨੂੰ ਸੋਸ਼ਲ ਮੀਡੀਆ ਦੀ ਨੁਮਾਇਸ਼ੀ ਅਤੇ ਬੜਬੋਲੀ ਜੱਦੋ-ਜਹਿਦ ਨਾਲ਼ ਭਰਨ ਦਾ ਭਰਮਪੂਰਨ ਯਤਨ ਹੈ, ਜਿਸ ਵਿੱਚੋਂ ਸਾਡਾ ਮਨ ਜਿਉਣ ਜੋਗਾ ਮਨੋਵਿਗਿਆਨਕ ਸੰਤੁਲਨ ਲੱਭਦਾ ਰਹਿੰਦਾ ਹੈ। ਮਨੁੱਖ ਆਪਣੇ ਅੰਦਰ ਇੱਕ ਤਰਾਂ ਦਾ ਮਨੋਵਿਗਿਆਨਕ ਸੰਤੁਲਨ ਬਣਾ ਕੇ ਹੀ ਦੁਨੀਆ ਵਿੱਚ ਜਿਉਂ ਸਕਦਾ ਹੈ ਕਿਉਂਕਿ ਅਗਰ ਐਸਾ ਨਾ ਕਰ ਸਕੇ ਤਾਂ ਉਸਦੇ ਅੰਦਰ ਦਿਮਾਗ਼ੀ ਦਬਾਅ, ਉਦਾਸੀਨਤਾ, ਅਹਿਸਾਸ ਕਮਤਰੀ ਜਾਂ ਬੌਧਕ ਸੰਤੁਲਨ ਵਿਗੜਨ ਦੀ ਨੌਬਤ ਆ ਸਕਦੀ ਹੈ।

ਜਦੋਂ ਇਨਾਂ ਬਣਾਉਟੀ ਸੰਘਰਸ਼ਾਂ ਦੇ ਵਰਤਾਰੇ ਨਾਲ਼ ਸਮਾਜ ਅਤੇ ਕੌਮਾਂ ਦਾ ਵੱਡਾ ਹਿੱਸਾ ਡੰਗਿਆ ਜਾਵੇ ਤਾਂ ਸਮੂਹਿਕ ਤੌਰ ਉੱਤੇ ਕੌਮਾਂ ਨੂੰ ਮੁਖ਼ਾਤਿਬ ਹੋਣਾ ਅਤੇ ਅੰਦਰੂਨੀ ਜਾਂ ਬਾਹਰਲੇ ਵਰਤਾਰਿਆਂ ਉੱਤੇ ਵਾਜਿਬ ਸੰਵਾਦ ਰਚਾਉਣਾ ਕਠਿਨ ਹੋ ਜਾਂਦਾ ਹੈ। ਵੈਸੇ ਤਾਂ ਕੌਮਾਂ ਨੂੰ ਭਟਕਾਉਣ ਖ਼ਾਤਿਰ ਇਸ ਤਰਾਂ ਦੇ ਬਣਾਉਟੀ ਸੰਘਰਸ਼ ਅਤੇ ਬੇਲੋੜੀਆਂ ਜ਼ਿੱਦਾਂ ਤੋਂ ਪੈਦਾ ਕੀਤੀ ਜੱਦੋ-ਜਹਿਦ ਸਦਾ ਹੀ ਸਮਾਜ ਵਿੱਚ ਪਣਪਦੇ ਰਹੇ ਹਨ ਜਿਨਾਂ ਵਿੱਚ ਕੌਮ ਦੀ ਸ਼ਕਤੀ ਅਤੇ ਸਮਾਂ ਖ਼ਚਿਤ ਕਰਕੇ ਹੁਕਮਰਾਨ ਧਿਰਾਂ ਫ਼ਾਇਦਾ ਚੁੱਕਦੀਆਂ ਰਹੀਆਂ ਹਨ ਪਰ ਸੋਸ਼ਲ ਮੀਡੀਆ ਦੇ ਸੰਸਾਰ ਪੱਧਰ ਦੇ ਵਰਤਾਰੇ ਕਰਕੇ ਸਮਾਜ ਉੱਤੇ ਪਏ ਪ੍ਰਭਾਵਾਂ ਨਾਲ਼ ਇਸ ਤਰਾਂ ਦੇ ਬਣਾਉਟੀ ਸੰਘਰਸ਼ਾਂ ਨੂੰ ਜਨਮ ਦੇਣ ਵਾਲੇ ਅਤੇ ਲੜਨ ਵਾਲਿਆਂ ਦੀ ਸੰਖਿਆ ਬਹੁਤ ਵਧ ਗਈ ਹੈ।

ਬੀਤੇ ਸਮੇਂ ਵਿੱਚ ਗੁਰੂ ਖ਼ਾਲਸਾ ਪੰਥ ਦੇ ਸਦੀਵੀ ਸਿਧਾਂਤਾਂ ਉੱਤੇ ਹੁੰਦੇ ਸੰਘਰਸ਼ ਨੂੰ ਛੋਟੀਆਂ ਲੜਾਈਆਂ ’ਚ ਬੰਨਣ ਦਾ ਯਤਨ ਕਰਨਾ, ਆਮ ਮਨੁੱਖਾਂ ਨੂੰ ਨਾਇਕ ਦੇ ਤੌਰ ਉੱਤੇ ਸਥਾਪਿਤ ਕਰਨਾ ਅਤੇ ਵੱਖ-ਵੱਖ ਸੰਘਰਸ਼ਾਂ ਦੇ ਉੱਘੇ ਨਾਇਕਾਂ (ਜੋ ਆਮ ਹਾਲਾਤਾਂ ਵਿੱਚ ਵੀ ਸਤਿਕਾਰਿਤ ਹੀ ਰਹਿਣਗੇ) ਨੂੰ ਇੱਕ ਬੇਲੋੜੀ ਜ਼ਿੱਦ ’ਚੋਂ ਸੰਤ-ਮਹਾਂਪੁਰਸ਼ਾਂ-ਸ਼ਹੀਦਾਂ ਦੇ ਤੌਰ ਉੱਤੇ ਸਥਾਪਿਤ ਕਰਨ ਦੀ ਜੱਦੋ-ਜਹਿਦ ਵਿੱਚ ਕੌਮ ਦੀ ਊਰਜਾ ਨੂੰ ਖ਼ਚਿਤ ਕਰਨ ਦੀ ਕਵਾਇਦ ਇਸੇ ਸੋਸ਼ਲ ਮੀਡੀਆ ਦੇ ਬੇਲਗ਼ਾਮ ਵਰਤਾਰੇ ਦੀ ਦੇਣ ਹੈ।

ਖ਼ਾਲਸੇ ਦਾ ਨਿਸ਼ਾਨਾ ਸੁਤੰਤਰ ਹਸਤੀ ਦਾ ਹੈ, ਸਰਬੱਤ ਦੇ ਭਲੇ ਦਾ ਹੈ, ਗ਼ਰੀਬ ਦੀ ਰੱਖਿਆ ਅਤੇ ਜਰਵਾਣੇ ਦੀ ਭੱਖਿਆ ਦਾ ਹੈ, ਗੁਰ ਖ਼ਾਲਸਾ ਪੰਥ ਦੀ ਪਾਤਸ਼ਾਹੀ ਦਾ ਹੈ। ਇਨਾਂ ਨਿਸ਼ਾਨਿਆਂ ਵੱਲ ਵਧਦੇ ਛੋਟੇ-ਛੋਟੇ ਕਦਮ ਹੀ ਅਸਲ ਸੰਘਰਸ਼ ਹਨ ਅਤੇ ਇਸ ਤੋਂ ਛੁੱਟ ਹੋਰ ਮੁੱਦੇ ਬਣਾਉਟੀ ਸੰਘਰਸ਼ ਹਨ ਜੋ ਸਾਡੀ ਸਮੂਹਿਕ ਚੇਤਨਾ ਆਪਣਾ ਮਨੋਵਿਗਿਆਨਕ ਸੰਤੁਲਨ ਬਣਾਈ ਰੱਖਣ ਲਈ ਅਤੇ ਆਪਣੇ ਆਪ ਨੂੰ ਗੁਰੂ ਖ਼ਾਲਸਾ ਪੰਥ ਦੇ ਵਾਰਿਸ ਹੋਣ ਦੇ ਦਾਅਵੇ ਚ ਰੱਖਣ ਲਈ, ਨਿੱਤ ਘੜਦੀ ਰਹਿੰਦੀ ਹੈ।

ਸੋਸ਼ਲ ਮੀਡੀਆ ਦੇ ਬੇਲਗ਼ਾਮ ਵਰਤਾਰੇ ਵਿੱਚ ਇਨਾਂ ਸਾਰੇ ਨੁਕਤਿਆਂ ਦਾ ਖ਼ਿਆਲ ਰੱਖ ਕੇ ‘ਅਸਲ’ ਗੱਲ ਕਰਨਾ ਔਖਾ ਹੈ, ਇਸੇ ਕਰਕੇ ਇਸਦਾ ਸਾਰਾ ਫ਼ਾਇਦਾ ਉਹ ਤਬਕੇ ਜਾਂ ਧਿਰਾਂ ਚੁੱਕ ਰਹੀਆਂ ਹਨ ਜਿਹੜੀਆਂ ਬਗ਼ੈਰ ਕਿਸੇ ਜ਼ਿੰਮੇਵਾਰੀ ਦੇ ਅਤੇ ਪੰਥ ਪ੍ਰਤੀ ਕੋਈ ਵੀ ਜਵਾਬਦੇਹੀ ਰੱਖੇ ਬਿਨਾਂ ਕੁਝ ਵੀ ਬੋਲ ਸਕਦੀਆਂ ਹਨ, ਕੁਝ ਵੀ ਲਿਖ ਸਕਦੀਆਂ ਹਨ। ਇਨਾਂ ਦਾ ਲਿਖਿਆ-ਬੋਲਿਆ ਜ਼ਮੀਨ ਉੱਤੇ ਕੀ ਪ੍ਰਭਾਵ ਪਾਉਂਦਾ ਹੈ ਅਤੇ ਉਸ ਪ੍ਰਭਾਵ ’ਚੋਂ ਨਿਕਲੇ ਅਮਲ ਦਾ ਕਰਮ/ਪ੍ਰਤੀਕਰਮ ਕੀ ਹੋਵੇਗਾ ਅਤੇ ਉਸਦੇ ਜਵਾਬ ਵਿੱਚ ਕੀ ਕਰਨਾ ਪਏਗਾ-ਇਹ ਸਭ ਇਨਾਂ ਸੋਸ਼ਲ ਮੀਡੀਆ ਉੱਤੇ ਸੰਘਰਸ਼ ਵਿੱਢ ਰਹੇ ਜੁਝਾਰੂਆਂ ਨੂੰ ਨਾ ਤਾਂ ਪਤਾ ਹੈ ਅਤੇ ਨਾ ਹੀ ਉਸ ਜ਼ਿੰਮੇਵਾਰੀ ਨੂੰ ਚੁੱਕਣ ਦੀ ਇਨਾਂ ਦੀ ਨੀਅਤ ਹੈ। ਇਹ ਗ਼ੈਰ-ਜ਼ਿੰਮੇਵਾਰ ਸੋਸ਼ਲ ਮੀਡੀਆ ਦੇ ਜਾਂਬਾਜ਼ ਨਿੱਤ ਨਵੇਂ ਬੇਲੋੜੇ ਮੁੱਦੇ ਕੌਮ ਦੇ ਸਿਰ ਮੜ ਜਾਂਦੇ ਹਨ ਅਤੇ ਇਸ ਤਰਾਂ ਕੌਮੀ ਊਰਜਾ ਦਾ ਬਣਾਉਟੀ ਬੌਧਿਕ ਅਤੇ ਸਰੀਰਕ ਜੱਦੋ-ਜਹਿਦ ਵਿੱਚ ਲਗਾਤਾਰ ਰਹਿਣ ਨਾਲ਼ ਥੱਕ-ਥੱਕ ਕੇ ਹੀ ਪਤਨ ਹੁੰਦਾ ਜਾਂਦਾ ਹੈ।

ਜਿਨਾਂ ਨੇ ਸਿਰਫ਼ ਬੇਲੋੜੀ ਜੱਦੋ-ਜਹਿਦ ’ਚੋਂ ਮਨੋਵਿਗਿਆਨਕ ਤਸੱਲੀ ਹਾਸਿਲ ਕਰਨੀ ਹੈ, ਉਹ ਹਰ ਗੱਲ ਜਨਤਕ ਕਰਨ ਅਤੇ ਹਰ ਤੁਹਮਤ ਲਗਾਉਣ ਲਈ ਅਜ਼ਾਦ ਹਨ। ਪੰਥ ਦੇ ਸੁਹਿਰਦ ਸੇਵਕ ਇਸ ਗੱਲ ਨੂੰ ਸਮਝਦੇ ਵੀ ਹਨ ਅਤੇ ਇਸ ਗੱਲ ਉੱਤੇ ਖੜੇ ਵੀ ਰਹਿੰਦੇ ਹਨ। ਉਨਾਂ ਦੀ ਖ਼ਾਮੋਸ਼ੀ ਕਮਜ਼ੋਰੀ ਦਾ ਨਹੀਂ ਬਲਕਿ ਪੰਥ ਪ੍ਰਤੀ ਉਨਾਂ ਦੀ ਜ਼ਿੰਮੇਵਾਰੀ ਦਾ ਪ੍ਰਤੀਕ ਹੁੰਦੀ ਹੈ। ਅਸਲ ਸੰਘਰਸ਼ਾਂ ਵਿੱਚ ਲੜਨ ਵਾਲਿਆਂ ਨੂੰ ਕੌਮਾਂ ਨੂੰ ਬਣਾਉਟੀ ਸੰਘਰਸ਼ਾਂ ਤੋਂ ਬਚਾਉਣ ਖ਼ਾਤਿਰ ਬੜਾ ਕੁਝ ਜਰਨਾ ਪੈਂਦਾ ਹੈ। ਇਸ ਲਈ ਆਮ ਤੌਰ ਉੱਤੇ ਸ਼ੋਰਗੁਲ ਵਿੱਚ ਆਪਣੀ ਬੀਨ ਵਜਾਉਣਾ ਸੁਹਿਰਦ ਸੇਵਕਾਂ ਦਾ ਕਿਰਦਾਰ ਨਹੀਂ ਪਰ ਕਦੇ ਕਦੇ ਸ਼ੋਰ ਨੂੰ ਠੱਲਣ ਲਈ ਉਸ ਤੋਂ ਵੀ ਉੱਚਾ ਖੜਾਕ ਜ਼ਰੂਰੀ ਹੋ ਜਾਂਦਾ ਹੈ। ਸਹੀ ਸਮੇਂ ਉੱਤੇ ਫ਼ੈਸਲਾ ਲੈਣਾ ਗੁਰੂ ਖ਼ਾਲਸਾ ਪੰਥ ਦਾ ਇਖ਼ਤਿਆਰ ਵੀ ਹੈ ਅਤੇ ਜ਼ਿੰਮੇਵਾਰੀ ਵੀ।

ਫ਼ਿਲਹਾਲ ਇਸ ਗੱਲ ਦਾ ਧਿਆਨ ਸਾਰਿਆਂ ਨੂੰ ਹੀ ਰੱਖਣਾ ਚਾਹੀਦਾ ਹੈ ਕਿ ਕੋਈ ਵੀ ਆਪਣੇ ਤੌਰ ਉੱਤੇ ਉੱਠ ਕੇ ਕੌਮ ਦੇ ਸਿਰ ਨਿੱਤ ਨਵੇਂ ਬਣਾਉਟੀ ਸੰਘਰਸ਼ ਨਾ ਥੋਪ ਸਕੇ ਅਤੇ ਅਸੀਂ ਆਮ ਸਮਾਜ ਵਿੱਚ ਰਹਿਣ ਵਾਲੇ ਸਿੱਖ ਅਸਲ ਸੰਘਰਸ਼ ਤੋਂ ਭਟਕ ਕੇ ਹਾਕਮ ਧਿਰਾਂ ਵੱਲੋਂ ਉਭਾਰੇ ਜਾ ਰਹੇ ਇਨਾਂ ਸੋਸ਼ਲ ਮੀਡੀਆ ਦੀਆਂ ਬਹਿਸਾਂ ਤੋਂ ਬਚੀਏ। ਇਨਾਂ ਦੇ ਅਧਾਰ ਉੱਤੇ ਸਿਰਜੇ ਬਣਾਉਟੀ ਸੰਘਰਸ਼ਾਂ ਵਿੱਚ ਆਪਣੀ ਊਰਜਾ ਨੂੰ ਵਿਅਰਥ ਕਰਨਾ ਸਾਡੇ ਲਈ ਹਾਨੀਕਾਰਕ ਸਾਬਿਤ ਹੋ ਸਕਦਾ ਹੈ ਅਤੇ ਹਰ ਗੱਲ ਦਾ ਜਨਤਕ ਤੌਰ ਉੱਤੇ ਖਿਲਾਰਾ ਪਾ ਕੇ ਜਾਂ ਸਪਸ਼ਟੀਕਰਨ ਦੇਣ ਦੇ ਸਵਾਦ ਤੋਂ ਬਚ ਕੇ ਹੀ ਸਾਡਾ ਅਸਲ ਸੰਘਰਸ਼ ਵੱਲ ਅਗਰਸਰ ਹੋਣ ਦਾ ਰਾਹ ਨਿਕਲਦਾ ਹੈ।

# ਪੰਜਾਬ ਦਾ ਆਰਥਿਕ ਸੰਕਟ ਨਵੀਂ ਸਰਕਾਰ ਲਈ ਚੁਣੌਤੀ ਹੋਵੇਗਾ

**ਡਾ. ਸੁਖਪਾਲ ਸਿੰਘ**

ਪੰਜਾਬ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਸਰਕਾਰ ਭਾਵੇਂ ਕਿਸੇ ਵੀ ਪਾਰਟੀ ਦੀ ਬਣੇ ਪਰ ਇੱਕ ਗੱਲ ਸਾਫ਼ ਹੈ ਕਿ ਸਰਕਾਰ ਨੂੰ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਸੰਘਵਾਦ (ਫ਼ੈਡਰਲਿਜ਼ਮ), ਭਾਸ਼ਾਵਾਂ ਅਤੇ ਪਾਣੀਆਂ ਦੇ ਮੁੱਦੇ ਤਾਂ ਇੱਕ ਪਾਸੇ; ਸੂਬੇ ਦੀ ਖੇਤੀ, ਉਦਯੋਗ ਅਤੇ ਸੇਵਾਵਾਂ ਦੇ ਖੇਤਰ ਦੇ ਸੰਕਟ ਦੇ ਨਾਲ਼-ਨਾਲ਼ ਬੇਰੁਜ਼ਗਾਰੀ, ਅਰਧ-ਬੇਰੁਜ਼ਗਾਰੀ, ਵਿਦੇਸ਼ਾਂ ਵੱਲ ਪਰਵਾਸ, ਮਜ਼ਦੂਰਾਂ ਦੀ ਮਾੜੀ ਹਾਲਤ, ਸਿਹਤ ਅਤੇ ਸਿੱਖਿਆ ਖੇਤਰ ਦੁਆਰਾ ਲੋਕਾਂ ਦੀ ਲੁੱਟ ਵਰਗੇ ਅਹਿਮ ਮੁੱਦੇ ਸਰਕਾਰ ਦੇ ਸਨਮੁੱਖ ਹੋਣਗੇ। ਪੰਜਾਬ ਮੁੱਖ ਰੂਪ ਵਿੱਚ ਖੇਤੀ ਆਧਾਰਿਤ ਸੂਬਾ ਹੈ ਜੋ ਵੱਡੇ ਸੰਕਟ ਦੀ ਮਾਰ ਹੇਠ ਹੈ। ਤਿੰਨ ਖੇਤੀ ਕਾਨੂੰਨ ਮਨਸੂਖ਼ ਕਰਵਾ ਕੇ ਜਿੱਥੇ ਕਿਸਾਨੀ ਸੰਘਰਸ਼ ਨੇ ਖੇਤੀ ਵਿੱਚੋਂ ਕਾਰਪੋਰੇਟ ਦਾ ਹੋਣ ਵਾਲਾ ਗ਼ਲਬਾ ਖ਼ਤਮ ਕਰਾਇਆ ਉੱਥੇ ਇਸ ਦੇ ਬਦਲ ਵਜੋਂ ਕੀ ਕਰਨਾ ਹੈ, ਇਹ ਨਵੀਂ ਸਰਕਾਰ ਦੇ ਸਨਮੁਖ ਚੁਣੌਤੀਆਂ ਹੋਣਗੀਆਂ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਿੰਨ ਕਾਨੂੰਨ ਮਨਸੂਖ਼ ਕਰਦਿਆਂ ਕਿਹਾ ਕਿ ਖੇਤੀ ਬਾਬਤ ਕਮੇਟੀ ਬਣਾਈ ਜਾਵੇਗੀ। ਅਸਲ ਵਿੱਚ ਉਨਾਂ ਦਾ ਕਮੇਟੀ ਬਣਾਉਣ ਦਾ ਮੁੱਖ ਮਨੋਰਥ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਦੇਣ ਦਾ ਨਹੀਂ ਸੀ; ਉਸ ਤੋਂ ਬਾਅਦ ਸਗੋਂ ਉਨਾਂ ਇਸ ਗੱਲ ਤੋਂ ਟਾਲ਼ਾ ਹੀ ਵੱਟਿਆ ਅਤੇ ਕਿਹਾ ਕਿ ਮੁਲਕ ਵਿੱਚ ‘ਜ਼ੀਰੋ ਬਜਟ ਕੁਦਰਤੀ ਖੇਤੀ’ ਸ਼ੁਰੂ ਕੀਤੀ ਜਾਵੇਗੀ। ਹੁਣੇ-ਹੁਣੇ ਕੇਂਦਰ ਸਰਕਾਰ ਨੇ ਮੁਲਕ ਦੀਆਂ ਖੇਤੀ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਵਿੱਚ ਕੁਦਰਤੀ ਖੇਤੀ ਨੂੰ ਗ੍ਰੈਜੂਏਸ਼ਨ ਅਤੇ ਪੋਸਟ-ਗ੍ਰੈਜੂਏਸ਼ਨ ਕਲਾਸਾਂ ਵਿੱਚ ਸਿਲੇਬਸ ਵਜੋਂ ਪੜਾਉਣ ਅਤੇ ਇਸ ਵਿਸ਼ੇ ਬਾਰੇ ਖੋਜ ਦੀਆਂ ਹਦਾਇਤਾਂ ਕੀਤੀਆਂ ਹਨ। ਇਹ ਸਮਝਣਾ ਜ਼ਰੂਰੀ ਹੈ ਕਿ ਕੇਂਦਰ ਸਰਕਾਰ ਦਾ ਜ਼ੀਰੋ ਬਜਟ ਕੁਦਰਤੀ ਖੇਤੀ ਸ਼ੁਰੂ ਕਰਨ ਦਾ ਮਨੋਰਥ ਕੀ ਹੈ ? ਮੌਜੂਦਾ ਦੌਰ ਵਿੱਚ ਜ਼ੀਰੋ ਬਜਟ ਕੁਦਰਤੀ ਖੇਤੀ ਦੇ ਹੰਭਲੇ ਨਾਲ਼ ਸਰਕਾਰ ਤਿੰਨ ਅਹਿਮ ਉਦੇਸ਼ ਪੂਰੇ ਕਰਨਾ ਚਾਹੁੰਦੀ ਹੈ। ਪਹਿਲਾ, ਕੁਦਰਤੀ ਖੇਤੀ ਉੱਪਰ ਕੋਈ ਖ਼ਰਚਾ ਨਹੀਂ ਹੁੰਦਾ। ਇਸ ਕਰਕੇ ਸਰਕਾਰ ਨੂੰ ਖੇਤੀ ਸੈਕਟਰ ਨੂੰ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ, ਰਾਹਤਾਂ ਤੇ ਹੋਰ ਸਹੂਲਤਾਂ ਬੰਦ ਕਰਨੀਆਂ ਸੌਖੀਆਂ ਹੋ ਜਾਣਗੀਆਂ। ਕਾਰਪੋਰੇਟ ਵੀ ਇਹੀ ਚਾਹੁੰਦੇ ਹਨ। ਦੂਸਰਾ, ਇਸ ਨਾਲ਼ ਫ਼ਸਲੀ ਉਤਪਾਦਨ ਘਟ ਜਾਵੇਗਾ ਜਿਸ ਨਾਲ਼ ਸਰਕਾਰ ਨੂੰ ਖੇਤੀ ਮੰਡੀਕਰਨ ਅਤੇ ਅਨਾਜ ਦੀ ਸਾਂਭ-ਸੰਭਾਲ ਤੋਂ ਭੱਜਣਾ ਆਸਾਨ ਹੋ ਜਾਵੇਗਾ ਲੇਕਿਨ ਸਰਕਾਰ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਹੁਣੇ-ਹੁਣੇ ਰਸਾਇਣ ਖੇਤੀ ਬੰਦ ਕਰਨ ਕਰਕੇ ਸ੍ਰੀਲੰਕਾ ਭੁਖਮਰੀ ਕੰਢੇ ਪੁੱਜ ਗਿਆ ਹੈ। ਤੀਸਰਾ ਤੇ ਅਹਿਮ ਉਦੇਸ਼ ਹੈ ਕਾਰਪੋਰੇਟ ਖੇਤੀ ਦਾ ਵਿਸਥਾਰ। ਅੱਜ ਅਸੀਂ ਆਪਣੀ ਛੋਟੀ ਤਕਨੀਕ ਨਾਲ਼ ਖੇਤੀ ਕਰ ਰਹੇ ਹਾਂ ਜਦੋਂ ਕੁਦਰਤੀ ਖੇਤੀ ਨਾਲ਼ ਇਹ ਵਿਵਸਥਾ ਖ਼ਤਮ ਹੋ ਗਈ ਤਾਂ ਕਾਰਪੋਰੇਟ ਖੇਤੀ ਦਾ ਮਾਡਲ ਵਿਕਸਤ ਕੀਤਾ ਜਾਵੇਗਾ ਜਿਸ ਵਿੱਚ ਮਨਸੂਈ ਬੌਧਿਕਤਾ (ਆਰਟੀਫੀਸ਼ੀਅਲ ਇੰਟੈਲੀਜੈਂਸ) ਰਾਹੀਂ ਖੇਤੀ ਕੀਤੀ ਜਾਵੇਗੀ। ਸਰਕਾਰ ਨੂੰ ਸਾਡੇ ਮੌਜੂਦਾ ਮਾਲਕੀ ਖੇਤੀ ਸਿਸਟਮ ਨੂੰ ਕਾਰਪੋਰੇਟ ਖੇਤੀ ਵਿੱਚ ਤਬਦੀਲ ਕਰਨਾ ਸੁਖਾਲਾ ਰਹੇਗਾ। ਕੀ ਸਾਡੀਆਂ ਰਾਜ ਸਰਕਾਰਾਂ ਇਸ ਕਾਰਪੋਰੇਟ ਸਿਸਟਮ ਦੇ ਮੁਕਾਬਲੇ ਕੋਈ ਆਪਣਾ ਕੋਆਪ੍ਰੇਟਿਵ ਜਾਂ ਸਰਕਾਰੀ ਖੇਤੀ ਮਾਡਲ ਵਿਕਸਿਤ ਕਰਨ ਦੇ ਕਾਬਲ ਹਨ? ਹਰਗਿਜ਼ ਨਹੀਂ।

ਮੌਜੂਦਾ ਦੌਰ ਵਿੱਚ ਪੰਜਾਬ ਦਾ ਅਰਥਚਾਰਾ ਦਿਉਕੱਦ ਆਰਥਿਕ ਸਮੱਸਿਆਵਾਂ ਨਾਲ਼ ਭਰਿਆ ਪਿਆ ਹੈ। ਅਰਥਚਾਰੇ ਦੇ ਤਿੰਨੇ ਖੇਤਰ-ਖੇਤੀ, ਉਦਯੋਗ ਤੇ ਸੇਵਾਵਾਂ ਵੱਡੇ ਸੰਕਟ ਵਿੱਚੋਂ ਗੁਜ਼ਰ ਰਹੇ ਹਨ। ਖੇਤੀ ਖੇਤਰ ਨੂੰ ਉਤਪਾਦਨ ਅਤੇ ਮੰਡੀਕਰਨ ਦੀਆਂ ਸਮੱਸਿਆਵਾਂ ਨਾਲ਼ ਜੂਝਣਾ ਪੈ ਰਿਹਾ ਹੈ। ਬਾਵਜੂਦ ਇਸ ਦੇ ਕਿ ਪੰਜਾਬ ਵਿੱਚ ਕਣਕ-ਝੋਨੇ ਦੀ ਉਤਪਾਦਕਤਾ ਦੁਨੀਆ ਵਿੱਚ ਸਭ ਤੋਂ ਵੱਧ ਹੈ, ਫਿਰ ਵੀ ਕਿਸਾਨਾਂ ਦੀ ਆਰਥਿਕ ਦਸ਼ਾ ਬਹੁਤ ਖ਼ਰਾਬ ਹੈ। ਪੰਜਾਬ ਦੇ ਖੇਤੀ ਸੈਕਟਰ ਉੱਪਰ ਇੱਕ ਲੱਖ ਕਰੋੜ ਰੁਪਏ ਦਾ ਕਰਜ਼ਾ ਹੈ ਅਤੇ ਹਰ ਪਰਿਵਾਰ ਸਿਰ ਔਸਤਨ ਦਸ ਲੱਖ ਰੁਪਏ ਕਰਜ਼ ਹੈ। ਇਸੇ ਤਰਾਂ ਖੇਤ ਮਜ਼ਦੂਰ ਪਰਿਵਾਰ ਸਿਰ ਵੀ ਔਸਤਨ 80 ਹਜ਼ਾਰ ਰੁਪਏ ਕਰਜ਼ ਹੈ। ਛੋਟੀ ਕਿਸਾਨੀ ਖੇਤੀ ਵਿੱਚੋਂ ਬਾਹਰ ਹੋ ਰਹੀ ਹੈ। ਆਰਥਿਕ ਸੰਕਟ ਦੀ ਮਾਰ ਨਾ ਝੱਲਦਿਆਂ ਪਿਛਲੇ ਦੋ ਦਹਾਕਿਆਂ ਤੋਂ ਪੰਜਾਬ ਵਿੱਚ ਹਰ ਰੋਜ਼ ਔਸਤਨ ਦੋ ਕਿਸਾਨ ਅਤੇ ਇੱਕ ਖੇਤ ਮਜ਼ਦੂਰ ਖ਼ੁਦਕੁਸ਼ੀ ਕਰ ਰਹੇ ਹਨ। ਅੱਜ ਲੋੜ ਹੈ, ਨਵੀਂ ਸਰਕਾਰ ਖੇਤੀ ਸੰਕਟ ਨਜਿੱਠਣ ਲਈ ਹੰਭਲੇ ਮਾਰੇ। ਦੇਖਣਾ ਇਹ ਹੋਵੇਗਾ ਕਿ ਨਵੀਂ ਸਰਕਾਰ ਸੱਚਮੁੱਚ ਅਜਿਹੀ ਪਾਏਦਾਰ ਨੀਤੀ ਬਣਾਵੇਗੀ ਜਿਸ ਨਾਲ਼ ਫ਼ਸਲੀ ਉਤਪਾਦਨ ਦੀਆਂ ਸਮੱਸਿਆਵਾਂ ਹੱਲ ਕੀਤੀਆਂ ਜਾ ਸਕਣ ਅਤੇ ਖੇਤੀ ਮੰਡੀਕਰਨ ਵਿਵਸਥਾ ਨੂੰ ਕੁਸ਼ਲ ਬਣਾਇਆ ਜਾ ਸਕੇ। ਇਸੇ ਤਰਾਂ ਪਾਣੀ ਦੇ ਡੂੰਘੇ ਹੋ ਰਹੇ ਪੱਧਰ, ਮਿੱਟੀ ਦੀ ਨਿੱਘਰਦੀ ਸਿਹਤ ਅਤੇ ਵਾਤਾਵਰਨ ਵਿੱਚ ਆਏ ਵਿਗਾੜਾਂ ਨੂੰ ਠੀਕ ਕੀਤਾ ਜਾ ਸਕੇ। ਇਨਾਂ ਸਭ ਸਮੱਸਿਆਵਾਂ ਨਾਲ਼ ਨਜਿੱਠਣ ਲਈ ਸਾਨੂੰ ਫ਼ਸਲੀ ਵੰਨ-ਸੁਵੰਨਤਾ ਅਤੇ ਕਿਸਾਨਾਂ ਦੇ ਆਰਥਿਕ ਲਾਹੇ ਵੱਲ ਸੋਚਣ ਦੀ ਲੋੜ ਪਵੇਗੀ ਪਰ ਅਫ਼ਸੋਸ ਕਿ ਪਿਛਲੇ ਲਗਭਗ ਚਾਰ ਦਹਾਕਿਆਂ ਤੋਂ ਫ਼ਸਲੀ ਵੰਨ-ਸੁਵੰਨਤਾ ਅਤੇ ਕੁਸ਼ਲ ਨੀਤੀਆਂ ਦੀਆਂ ਗੱਲਾਂ ਤਾਂ ਕੀਤੀਆਂ ਜਾ ਰਹੀਆਂ ਹਨ ਪਰ ਕੋਈ ਠੋਸ ਨੀਤੀਗਤ ਫ਼ੈਸਲੇ ਨਹੀਂ ਕੀਤੇ ਗਏ। ਇਸ ਪ੍ਰਸੰਗ ਵਿੱਚ ਨਵੀਂ ਸਰਕਾਰ ਨੂੰ ਲੋਕ-ਪੱਖੀ ਖੇਤੀ ਨੀਤੀਆਂ ਬਣਾਉਣ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ।

ਕੇਂਦਰ ਸਰਕਾਰ ਦੇ ਤਾਜ਼ਾ ਬਜਟ ਤੋਂ ਸਾਫ਼ ਨਜ਼ਰ ਆਉਂਦਾ ਹੈ ਕਿ ਇਸ ਨੇ ਖੇਤੀ ਵਿੱਚ ਪੂੰਜੀ ਲਾਉਣ ਤੋਂ ਆਪਣੇ ਹੱਥ ਕਾਫ਼ੀ ਪਿੱਛੇ ਖਿੱਚੇ ਹਨ। ਖੇਤੀ ਵਿੱਚ ਰੱਖੀ ਰਾਸ਼ੀ ਪਿਛਲੇ ਸਾਲ ਕੁੱਲ ਬਜਟ ਦਾ 4.23 ਫ਼ੀਸਦ ਸੀ ਜੋ ਇਸ ਸਾਲ 3.84 ਫ਼ੀਸਦ ਰਹਿ ਗਈ। ਪੇਂਡੂ ਵਿਕਾਸ ਲਈ ਰੱਖੀ ਰਾਸ਼ੀ ਵੀ ਪਿਛਲੇ ਸਾਲ ਨਾਲ਼ੋਂ ਘਟਾ ਦਿੱਤੀ ਗਈ। ਫ਼ਸਲਾਂ ਦੀ ਖ਼ਰੀਦ ਲਈ ਰਾਸ਼ੀ ਪਿਛਲੇ ਸਾਲ 2.84 ਲੱਖ ਕਰੋੜ ਰੁਪਏ ਤੋਂ ਘਟਾ ਕੇ 2.37 ਲੱਖ ਕਰੋੜ ਰੁਪਏ ਕਰ ਦਿੱਤੀ ਗਈ ਜਦੋਂਕਿ 23 ਫ਼ਸਲਾਂ ਦੀ ਐੱਮ.ਐੱਸ.ਪੀ. ਦੇਣ ਲਈ 8 ਲੱਖ ਕਰੋੜ ਰੁਪਏ ਚਾਹੀਦੇ ਹਨ। ਪਿਛਲੇ ਸਾਲ ਪਰਾਲੀ ਦੀ ਸਾਂਭ ਸੰਭਾਲ ਲਈ ਵੀ 700 ਕਰੋੜ ਰੁਪਏ ਰੱਖੇ ਸਨ ਪਰ ਇਸ ਸਾਲ ਕੋਈ ਰਾਸ਼ੀ ਨਹੀਂ ਰੱਖੀ। ਇਸੇ ਤਰਾਂ ‘ਮਗਨਰੇਗਾ’ ਸਕੀਮ ਉੱਪਰ ਪਿਛਲੇ ਸਾਲ 97 ਹਜ਼ਾਰ ਕਰੋੜ ਰੁਪਏ ਖ਼ਰਚੇ ਸਨ ਜੋ ਹੁਣ ਘਟਾ ਕੇ 72 ਹਜ਼ਾਰ ਕਰੋੜ ਰੁਪਏ ਕਰ ਦਿੱਤੇ ਹਨ। ਲੱਗਦਾ ਹੈ, ਕੇਂਦਰ ਸਰਕਾਰ ਫ਼ਸਲਾਂ ਦੀ ਐੱਮ.ਐੱਸ.ਪੀ. ਉੱਪਰ ਸਰਕਾਰੀ ਖ਼ਰੀਦ ਤੋਂ ਪਿੱਛੇ ਹਟੇਗੀ ਜਿਸ ਨਾਲ਼ ਸੂਬਾ ਸਰਕਾਰ ਦੀਆਂ ਮੁਸ਼ਕਿਲਾਂ ਵਿੱਚ ਹੋਰ ਵਾਧਾ ਹੋਵੇਗਾ।

ਪੰਜਾਬ ਦੇ ਅਰਥਚਾਰੇ ਦਾ ਸੰਕਟ ਗੰਭੀਰ ਹੈ। ਇਸ ਵਕਤ ਸੂਬੇ ਸਿਰ ਤਿੰਨ ਲੱਖ ਕਰੋੜ ਰੁਪਏ ਦਾ ਕਰਜ਼ਾ ਹੈ ਜਦੋਂ ਕਿ ਇੱਥੋਂ ਦੀ ਕੁੱਲ ਘਰੇਲੂ ਆਮਦਨ (ਜੀ.ਡੀ.ਪੀ.) 5.4 ਲੱਖ ਕਰੋੜ ਰੁਪਏ ਹੈ। ਸਪੱਸ਼ਟ ਹੈ ਕਿ ਕਰਜ਼ਾ ਜੀ.ਡੀ.ਪੀ. ਦਾ 55 ਫ਼ੀਸਦ ਹੈ। ਸੂਬੇ ਉੱਪਰ ਜਿੱਡਾ ਵੱਡਾ ਸੰਕਟ ਹੈ, ਉਸ ਨੂੰ ਨਜਿੱਠਣ ਲਈ ਸਰਕਾਰ ਕੋਲ਼ ਆਮਦਨ ਚਾਹੀਦੀ ਹੈ ਪਰ ਨਵ-ਉਦਾਰਵਾਦ ਅਧੀਨ ਨਿੱਜੀਕਰਨ ਦੀਆਂ ਨੀਤੀਆਂ ਨੇ ਸਰਕਾਰੀ ਵਿਭਾਗਾਂ ਦਾ ਖ਼ਾਤਮਾ ਕਰਕੇ ਖ਼ਜ਼ਾਨਾ ਖ਼ਾਲੀ ਕਰ ਦਿੱਤਾ ਹੈ। ਪੰਜਾਬ ਦੀ ਜੀ.ਡੀ.ਪੀ. ਵਿੱਚ ਕੁੱਲ ਪੂੰਜੀ ਨਿਰਮਾਣ ਦੀ ਦਰ ਭਾਰਤ ਪੱਧਰ (29.3%) ਨਾਲ਼ੋਂ ਅੱਧੀ ਹੈ। ਇਸੇ ਲਈ ਇੱਥੇ ਨਾ ਖੇਤੀ ਵਿਕਸਤ ਹੋ ਰਹੀ ਹੈ, ਨਾ ਉਦਯੋਗ ਅਤੇ ਨਾ ਹੀ ਸੇਵਾਵਾਂ ਦਾ ਖੇਤਰ। ਸਿੱਟੇ ਵਜੋਂ ਬੇਰੁਜ਼ਗਾਰੀ ਵਿੱਚ ਬੇਤਹਾਸ਼ਾ ਵਾਧਾ ਹੋ ਰਿਹਾ ਹੈ। ਪੰਜਾਬ ਵਿੱਚ ਬੇਰੁਜ਼ਗਾਰੀ ਦੀ ਦਰ 7.8 ਫ਼ੀਸਦ ਹੈ ਜੋ ਕੌਮੀ ਪੱਧਰ ’ਤੇ 6.1 ਫ਼ੀਸਦ ਹੈ। ਪੰਜਾਬ ਵਿੱਚ ਪੜੇ ਲਿਖੇ ਨੌਜਵਾਨਾਂ ਦੀ ਬੇਰੁਜ਼ਗਾਰੀ ਹੋਰ ਵੀ ਜ਼ਿਆਦਾ ਹੈ, ਇੱਥੇ ਗ੍ਰੈਜੂਏਟ ਅਤੇ ਉੱਚ ਵਿੱਦਿਆ ਵਾਲੇ 16 ਫ਼ੀਸਦ ਲੋਕ ਬੇਰੁਜ਼ਗਾਰ ਹਨ। ਪੰਜਾਬ ਦਾ ਉਦਯੋਗਿਕ ਖੇਤਰ ਵੀ ਸੰਕਟ ਦਾ ਸ਼ਿਕਾਰ ਹੈ। ਸੂਬੇ ਵਿੱਚ 2007-2015 ਦੌਰਾਨ ਲਗਭਗ 19 ਹਜ਼ਾਰ ਉਦਯੋਗਿਕ ਯੂਨਿਟ ਬੰਦ ਹੋ ਚੁੱਕੇ ਹਨ, ਭਾਵ, ਹਰ ਰੋਜ਼ ਛੇ ਉਦਯੋਗ ਬੰਦ ਹੋ ਰਹੇ ਹਨ, ਮੁੱਖ ਤੌਰ ’ਤੇ ਛੋਟੇ ਉਦਯੋਗ ਜੋ ਕਿਰਤ ਪ੍ਰਧਾਨ ਹਨ, ਮਨੁੱਖੀ ਕਿਰਤ ਨੂੰ ਕੁਝ ਰੁਜ਼ਗਾਰ ਮੁਹੱਈਆ ਕਰਦੇ ਹਨ। ਖੇਤੀ ਵਿੱਚ ਦੋ ਫ਼ਸਲੀ ਪ੍ਰਣਾਲੀ ਅਤੇ ਮਸ਼ੀਨਰੀਕਰਨ ਕਰਕੇ ਕਿਰਤ ਸ਼ਕਤੀ ਵਿਹਲੀ ਹੋ ਰਹੀ ਹੈ ਅਤੇ ਵਿਹਲੀ ਹੋਈ ਇਸ ਕਿਰਤ ਸ਼ਕਤੀ ਨੂੰ ਉਦਯੋਗ ਰੁਜ਼ਗਾਰ ਨਹੀਂ ਦੇ ਰਹੇ। ਸੰਸਾਰੀਕਰਨ ਦੀਆਂ ਨੀਤੀਆਂ ਕਰਕੇ ਬਾਹਰੀ ਮਾਲ/ਵਸਤੂਆਂ ਨੇ ਉਦਯੋਗਾਂ ਨੂੰ ਵੱਡੀ ਸੱਟ ਮਾਰੀ ਹੈ। ਸਾਡੀਆਂ ਸਰਕਾਰਾਂ ਕੋਲ਼ ਸੂਬੇ ਵਿੱਚ ਉਦਯੋਗੀਕਰਨ ਲਈ ਕੋਈ ਨੀਤੀ ਨਹੀਂ ਹੈ।

ਚੋਣਾਂ ਦੌਰਾਨ ਸਾਰੀਆਂ ਹੀ ਪਾਰਟੀਆਂ ਨੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ, ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਅਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦੇ ਦਾਅਵੇ ਕੀਤੇ ਸਨ। ਇਸੇ ਤਰਾਂ ਸਮੂਹ ਲੋਕਾਈ ਨੂੰ ਵਧੇਰੇ ਰਿਆਇਤਾਂ, ਆਮਦਨ ਸਕੀਮਾਂ ਅਤੇ ਮੁਫ਼ਤ ਸਹੂਲਤਾਂ ਦੇ ਵਾਅਦੇ ਕਰਕੇ ਲੋਕਾਂ ਤੋਂ ਵੋਟਾਂ ਮੰਗੀਆਂ ਸਨ। ਅਸਲ ਵਿੱਚ ਸਰਕਾਰ ਕੋਲ਼ ਅਰਥਚਾਰਾ ਠੀਕ ਕਰਨ ਦੀ ਨਾ ਨੀਅਤ ਹੈ, ਨਾ ਨੀਤੀ ਅਤੇ ਨਾ ਹੀ ਸਾਧਨ। ਸਰਕਾਰੀ ਖ਼ਜ਼ਾਨਾ ਖ਼ਾਲੀ ਹੀ ਨਹੀਂ ਬਲਕਿ ਕਰਜ਼ ਨਾਲ਼ ਭਰਿਆ ਪਿਆ ਹੈ। ਲੋਕਾਂ ਉੱਪਰ ਟੈਕਸ ਦਾ ਬੋਝ ਪਹਿਲਾਂ ਹੀ ਵਧੇਰੇ ਲੱਦਿਆ ਹੋਇਆ ਹੈ। ਰੀਅਲ ਅਸਟੇਟ ਮਾਫ਼ੀਆ, ਰੇਤ ਮਾਫ਼ੀਆ, ਕੇਬਲ ਮਾਫ਼ੀਆ ਤੇ ਡਰੱਗ ਮਾਫ਼ੀਆ ਰੋਕਣ ਨਾਲ਼ ਕੁਝ ਸਾਧਨ ਜੁਟਾਏ ਜਾ ਸਕਦੇ ਹਨ ਪਰ ਸਾਡੀ ਸਰਕਾਰ ਲਈ ਇਹ ਕਾਰਜ ਮੁਸ਼ਕਿਲ ਜਾਪਦਾ ਹੈ। ਸਰਕਾਰ ਕੋਲ਼ ਸਰਕਾਰੀ ਅਦਾਰਿਆਂ ਦੇ ਨਿੱਜੀਕਰਨ, ਮੁਦਰੀਕਰਨ ਅਤੇ ਲੋਕਾਂ ਉੱਪਰ ਟੈਕਸਾਂ ਦਾ ਹੋਰ ਬੋਝ ਲੱਦਣ ਤੋਂ ਬਿਨਾਂ ਕੋਈ ਚਾਰਾ ਦਿਖਾਈ ਨਹੀਂ ਦਿੰਦਾ। ਨਤੀਜੇ ਵਜੋਂ ਲੋਕਾਂ ਦੀ ਆਰਥਿਕ ਦਸ਼ਾ ਹੋਰ ਮਾੜੀ ਹੋ ਜਾਵੇਗੀ ਜਿਸ ਨਾਲ਼ ਉਨਾਂ ਦੀ ਬੇਚੈਨੀ ਵਿੱਚ ਵਾਧਾ ਹੋਵੇਗਾ। ਇਹ ਸਰਕਾਰ ਲਈ ਚੁਣੌਤੀ ਬਣੇਗਾ।

ਅਰਥਚਾਰੇ ਦਾ ਸੰਕਟ ਨਜਿੱਠਣ ਲਈ ਬਹੁ-ਤਰਫ਼ੀ ਨੀਤੀ ਬਣਾਉਣੀ ਪਵੇਗੀ। ਖੇਤੀ ਸੈਕਟਰ ਵਿੱਚ ਆਰਥਿਕ ਲਾਹਾ ਵਧਾਉਣਾ ਅਤੇ ਕਿਸਾਨਾਂ ਮਜ਼ਦੂਰਾਂ ਵਿੱਚ ਕਰਜ਼ੇ ਤੇ ਖ਼ੁਦਕੁਸ਼ੀਆਂ ਦੀ ਅਲਾਮਤ ਖ਼ਤਮ ਕਰਨ ਲਈ ਖੇਤੀ ਦਾ ਮੁਹਾਂਦਰਾ ਬਦਲਣਾ ਪਵੇਗਾ। ਇਹ ਕੰਮ ਨਵੀਆਂ ਫ਼ਸਲਾਂ ਦੀ ਲਾਭਦਾਇਕ ਕੀਮਤ ਅਤੇ ਕੁਸ਼ਲ ਮੰਡੀਕਰਨ ਤੋਂ ਬਿਨਾਂ ਨਹੀਂ ਹੋ ਸਕਦਾ। ਇਸ ਕੰਮ ਲਈ ਖੇਤੀ ਦੇ ਪਿਛਾਊਂ ਸੰਬੰਧਾਂ (ਬੀਜ, ਖਾਦਾਂ, ਰਸਾਇਣ, ਪੂੰਜੀ, ਤਕਨੀਕ ਆਦਿ) ਅਤੇ ਅਗਾਊਂ ਸੰਬੰਧਾਂ (ਪ੍ਰਾਸੈਸਿੰਗ, ਮੁੱਲ ਵਾਧਾ, ਮੰਡੀਕਰਨ ਆਦਿ) ਨੂੰ ਵਿਕਸਤ ਕਰਨਾ ਪਵੇਗਾ। ਐਗਰੋ-ਇੰਡਸਟਰੀ ਰਾਹੀਂ ਖੇਤੀ ਉਤਪਾਦਨ ਦੀ ਪ੍ਰਾਸੈਸਿੰਗ ਪਿੰਡ/ਬਲਾਕ ਪੱਧਰ ਉੱਪਰ ਸਰਕਾਰੀ/ਸਹਿਕਾਰੀ ਅਦਾਰਿਆਂ ਵਿੱਚ ਕਰਕੇ ਕਿਰਤ ਸ਼ਕਤੀ ਨੂੰ ਲੋਕਲ ਪੱਧਰ ਉੱਪਰ ਰੁਜ਼ਗਾਰ ਮੁਹੱਈਆ ਕੀਤਾ ਜਾ ਸਕਦਾ ਹੈ। ਇਸ ਤੋਂ ਬਾਅਦ ਅਰਥਚਾਰੇ ਵਿੱਚ ਉੱਚ ਪਾਏ ਦੀ ਤਕਨੀਕ ਵਾਲੇ ਉਦਯੋਗੀਕਰਨ ਦੀ ਜ਼ਰੂਰਤ ਹੈ। ਇਸੇ ਤਰਾਂ ਸੇਵਾਵਾਂ ਦੇ ਖੇਤਰ (ਸਿਹਤ, ਸਿੱਖਿਆ, ਆਵਾਜਾਈ, ਸੰਚਾਰ, ਬੈਂਕਿੰਗ, ਬੀਮਾ) ਨੂੰ ਸਹਿਕਾਰੀ/ਸਰਕਾਰੀ ਖੇਤਰ ਅਧੀਨ ਹੀ ਵਿਕਸਤ ਕੀਤਾ ਜਾਵੇ। ਇਸ ਨਾਲ਼ ਕਿਰਤ ਸ਼ਕਤੀ ਨੂੰ ਗੁਣਾਤਮਕ ਅਤੇ ਗਿਣਾਤਮਕ ਤੌਰ ’ਤੇ ਸਿਹਤਮੰਦ ਰੁਜ਼ਗਾਰ ਮਿਲੇਗਾ। ਇਹ ਕਾਰਜ ਸਿਰਫ਼ ਲੋਕ-ਪੱਖੀ ਸਰਕਾਰ ਹੀ ਕਰ ਸਕਦੀ ਹੈ, ਕਾਰਪੋਰੇਟ-ਪੱਖੀ ਸਰਕਾਰ ਨਹੀਂ।

# ਯੂਕਰੇਨ ਵਿੱਚ ਪ੍ਰਮਾਣੂ ਪਲਾਂਟ ’ਤੇ ਰੂਸੀ ਹਮਲੇ ਕਾਰਨ 3 ਸੈਨਿਕ ਹਲਾਕ, 2 ਜ਼ਖ਼ਮੀ

## ✪ ਕੀਵ, ਚੇਰਨੀਗਿਵ ਸਮੇਤ ਕਈ ਸ਼ਹਿਰ ਹੋ ਚੁੱਕੇ ਨੇ ਤਬਾਹ ✪ ਰੂਸ ਵੱਲੋਂ ਯੂਕਰੇਨ ਦੇ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ ਦੇ ਇਲਜ਼ਾਮ ਦੀ ਜਾਂਚ ਕੌਮਾਂਤਰੀ ਅਪਰਾਧਿਕ ਅਦਾਲਤ ਨੇ ਕੀਤੀ ਸ਼ੁਰੂ

**ਕੀਵ/ਏ.ਟੀ.ਨਿਊਜ਼ :-** ਬੀਤੇ ਦਿਨ ਰੂਸ ਨੇ ਯੂਕਰੇਨ ਵਿੱਚ ਸਥਿਤ ਯੂਰਪ ਦੇ ਸਭ ਤੋਂ ਵੱਡੇ ਪ੍ਰਮਾਣੂ ਪਲਾਂਟ ’ਤੇ ਹਮਲਾ ਕਰਕੇ ਕਬਜ਼ਾ ਕੀਤਾ ਜਾ ਚੁੱਕਾ ਹੈ । ਰੂਸ ਵੱਲੋਂ ਯੂਕਰੇਨ ’ਤੇ ਕੀਤੇ ਹਮਲੇ ਦੌਰਾਨ ਹੁਣ ਤੱਕ ਕੀਵ, ਚੇਰਨੀਗਿਵ ਸਮੇਤ ਕਈ ਸ਼ਹਿਰ ਤਬਾਹ ਹੋ ਚੁੱਕੇ ਹਨ। ਯੂਕਰੇਨ ਦੇ ਅਧਿਕਾਰੀਆਂ ਨੇ ਦੱਸਿਆ ਕਿ ਦੇਸ਼ ਵਿੱਚ ਸਥਿਤ ਯੂਰਪ ਦੇ ਸਭ ਤੋਂ ਵੱਡੇ ਪ੍ਰਮਾਣੂ ਪਲਾਂਟ ਵਿੱਚ ਰੂਸੀ ਗੋਲਾਬਾਰੀ ਨਾਲ਼ ਲੱਗੀ ਅੱਗ ’ਤੇ ਕਾਬੂ ਪਾ ਲਿਆ ਗਿਆ ਹੈ ਅਤੇ ਇਸ ਪਲਾਂਟ ’ਤੇ ਰੂਸੀ ਬਲਾਂ ਨੇ ਕਬਜ਼ਾ ਕਰ ਲਿਆ ਹੈ। ਯੂਕਰੇਨ ਦੇ ਐਨਰਹੋਦਰ ਸ਼ਹਿਰ ਵਿੱਚ ਸਥਿਤ ਜਪੋਰਿਜ਼ੀਆ ਪ੍ਰਮਾਣੂ ਪਲਾਂਟ ਵਿੱਚ ਹਮਲੇ ਦੇ ਬਾਅਦ ਕੋਈ ਰੇਡੀਏਸ਼ਨ ਨਹੀਂ ਹੋਈ ਹੈ। ਸੰਯੁਕਤ ਰਾਸ਼ਟਰ ਦੀ ਪ੍ਰਮਾਣੂ ਨਿਗਰਾਨੀ ਏਜੰਸੀ ਦੇ ਮੁਖੀ ਨੇ ਦੱਸਿਆ ਕਿ ਉਹ ਪ੍ਰਮਾਣੂ ਪਲਾਂਟ ਦੇ ਪ੍ਰਬੰਧਕਾਂ ਅਤੇ ਯੂਕਰੇਨੀ ਪ੍ਰਮਾਣੂ ਰੈਗੂਲੇਟਰ ਏਜੰਸੀ ਦੇ ਸੰਪਰਕ ਵਿੱਚ ਹਨ। ਪ੍ਰਮਾਣੂ ਪਲਾਂਟ ’ਤੇ ਕਬਜ਼ੇ ਦੇ ਬਾਅਦ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਿਕੀ ਦੀ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡਨ ਤੇ ਦੂਸਰੇ ਦੇਸ਼ਾਂ ਦੇ ਆਗੂਆਂ ਨਾਲ਼ ਫ਼ੋਨ ’ਤੇ ਗੱਲਬਾਤ ਹੋਈ ਹੈ। ਅਮਰੀਕਾ ਦੇ ਊਰਜਾ ਵਿਭਾਗ ਨੇ ਸਾਵਧਾਨੀ ਵਜੋਂ ਆਪਣੀ ਪ੍ਰਮਾਣੂ ਪ੍ਰਤੀਕਿਰਿਆ ਟੀਮ ਨੂੰ ਚੌਕਸ ਰਹਿਣ ਲਈ ਕਿਹਾ ਹੈ। ਇਸ ਤੋਂ ਪਹਿਲਾਂ ਪ੍ਰਮਾਣੂ ਪਲਾਂਟ ਦੇ ਬੁਲਾਰੇ ਐਂਡਰੀ ਤੁਜ਼ ਨੇ ਦੱਸਿਆ ਕਿ ਰੂਸੀ ਗੋਲੇ ਸਿੱਧੇ ਪ੍ਰਮਾਣੂ ਪਲਾਂਟ ’ਤੇ ਡਿੱਗੇ ਅਤੇ ਇਸ ਦੇ ਛੇ ਰਿਐਕਟਰਾਂ ’ਚੋਂ ਇੱਕ ਵਿੱਚ ਅੱਗ ਲੱਗ ਗਈ। ਉਨਾਂ ਕਿਹਾ ਕਿ ਰਿਐਕਟਰ ਦਾ ਨਵੀਨੀਕਰਨ ਚੱਲ ਰਿਹਾ ਹੈ ਅਤੇ ਇਹ ਕੰਮ ਨਹੀਂ ਕਰ ਰਿਹਾ। ਯੂਕਰੇਨ ਦੀ ਸਰਕਾਰੀ ਪ੍ਰਮਾਣੂ ਕੰਪਨੀ ਨੇ ਦੱਸਿਆ ਪ੍ਰਮਾਣੂ ਪਲਾਂਟ ’ਤੇ ਹੋਏ ਰੂਸੀ ਹਮਲੇ ਵਿੱਚ ਯੂਕਰੇਨ ਦੇ 3 ਸੈਨਿਕ ਮਾਰੇ ਗਏ ਅਤੇ 2 ਜ਼ਖ਼ਮੀ ਹੋ ਗਏ ।

ਸੰਯੁਕਤ ਰਾਸ਼ਟਰ ਦੀ ਪ੍ਰਮਾਣੂ ਨਿਗਰਾਨੀ ਏਜੰਸੀ ਦੇ ਮੁਖੀ ਨੇ ਸਪੱਸ਼ਟ ਕੀਤਾ ਕਿ ਯੂਕਰੇਨ ਵਿੱਚ ਹਮਲੇ ਦਾ ਸ਼ਿਕਾਰ ਹੋਏ ਪ੍ਰਮਾਣੂ ਪਲਾਂਟ ’ਚੋਂ ਕੋਈ ਰੇਡੀਏਸ਼ਨ ਨਹੀਂ ਹੋਈ ਹੈ। ਅੰਤਰਰਾਸ਼ਟਰੀ ਪ੍ਰਮਾਣੂ ਊਰਜਾ ਏਜੰਸੀ ਦੇ ਨਿਰਦੇਸ਼ਕ ਜਨਰਲ ਰਾਫ਼ੇਲ ਮਾਰਿਯਾਨੋ ਨੇ ਦੱਸਿਆ ਕਿ ਉਨਾਂ ਦੀ ਏਜੰਸੀ ਸੰਬੰਧਿਤ ਪ੍ਰਮਾਣੂ ਪਲਾਂਟ ਦੇ ਪ੍ਰਬੰਧਕਾਂ ਅਤੇ ਯੂਕਰੇਨੀ ਪ੍ਰਮਾਣੂ ਰੈਗੂਲੇਟਰ ਏਜੰਸੀ ਦੇ ਸੰਪਰਕ ਵਿੱਚ ਹੈ। ਉਨਾਂ ਦੱਸਿਆ ਕਿ ਪ੍ਰਮਾਣੂ ਪਲਾਂਟ ਦੇ ਸੰਚਾਲਕ ਅਤੇ ਰੈਗੂਲੇਟਰ ਏਜੰਸੀ ਕਹਿ ਰਹੀ ਹੈ ਕਿ ਉੱਥੇ ਹਾਲਾਤ ਬੇਹੱਦ ਤਣਾਅਪੂਰਨ ਬਣੇ ਹੋਏ ਹਨ। ਪਲਾਂਟ



ਦਾ ਕੇਵਲ ਇੱਕ ਰਿਐਕਟਰ ਕੰਮ ਕਰ ਰਿਹਾ ਹੈ ਅਤੇ ਉਹ ਵੀ ਲਗਭਗ 60 ਫ਼ੀਸਦੀ ਸਮਰੱਥਾ ਦੇ ਨਾਲ਼ ।

ਸੰਯੁਕਤ ਰਾਸ਼ਟਰ ਤੇ ਇਸ ਦੇ ਸਾਥੀ ਮੁਲਕ ਰੂਸ ਤੋਂ ਔਖੇ

ਸੰਯੁਕਤ ਰਾਸ਼ਟਰ ਤੇ ਇਸ ਦੇ ਸਾਥੀ ਮੁਲਕਾਂ ਨੇ ਰੂਸ ’ਤੇ ਯੂਕਰੇਨ ਦੇ ਸਭ ਤੋਂ ਵੱਡੇ ਪ੍ਰਮਾਣੂ ਊਰਜਾ ਪਲਾਂਟ ਨੂੰ ਨਿਸ਼ਾਨਾ ਬਣਾਉਣ ਦਾ ਦੋਸ਼ ਲਾਇਆ ਹੈ। ਉਨਾਂ ਕਿਹਾ ਕਿ ਰੂਸ ਲੱਖਾਂ ਯੂਰਪੀਅਨ ਲੋਕਾਂ ਦੀ ਜ਼ਿੰਦਗੀ ਦਾਅ ’ਤੇ ਲਾ ਰਿਹਾ ਹੈ ਕਿਉਂਕਿ ਰੈਡੀਏਸ਼ਨ ਫੈਲਣ ਨਾਲ਼ ਵੱਡਾ ਨੁਕਸਾਨ ਹੋ ਸਕਦਾ ਹੈ। ਪਰ ਰੂਸ ਨੇ ਇਸ ਲਈ ਯੂਕਰੇਨ ਦੇ ਇੱਕ ਗਰੁੱਪ ਨੂੰ ਜ਼ਿੰਮੇਵਾਰ ਠਹਿਰਾਇਆ ਹੈ ਤੇ ਕਿਹਾ ਹੈ ਕਿ ਉਨਾਂ ਪਲਾਂਟ ਨੇੜਲੇ ਸਿਖ਼ਲਾਈ ਕੇਂਦਰ ਨੂੰ ਅੱਗ ਲਾਈ ਹੈ। ਕੌਮਾਂਤਰੀ ਪ੍ਰਮਾਣੂ ਊਰਜਾ ਏਜੰਸੀ ਨੇ ਹਾਲੇ ਤੱਕ ਅੱਗ ਲੱਗਣ ਲਈ ਕਿਸੇ ਦੀ ਜ਼ਿੰਮੇਵਾਰੀ ਤੈਅ ਨਹੀਂ ਕੀਤੀ ਹੈ। ਯੂਕਰੇਨ ਤੇ ਪੱਛਮੀ ਮੁਲਕਾਂ ਨੇ ਇਸ ਲਈ ਰੂਸ ਨੂੰ ਹੀ ਜ਼ਿੰਮੇਵਾਰ ਦੱਸਿਆ।

ਫ਼ਰਾਂਸ ਨੇ ਕਿਹਾ ਕਿ ਉਹ ਯੂਕਰੇਨ ਦੇ ਪੰਜ ਪ੍ਰਮੁੱਖ ਪ੍ਰਮਾਣੂ ਟਿਕਾਣਿਆਂ ਦੀ ਸੁਰੱਖਿਆ ਤੇ ਰਾਖੀ ਲਈ ਜਲਦੀ ਠੋਸ ਕਦਮ ਚੁੱਕੇਗਾ। ਇਸ ਲਈ ਕੌਮਾਂਤਰੀ ਪ੍ਰਮਾਣੂ ਊਰਜਾ ਏਜੰਸੀ ਵੱਲੋਂ ਮਿੱਥੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇਗੀ। ਫ਼ਰਾਂਸ ਦੇ ਰਾਸ਼ਟਰਪਤੀ ਇਮੈਨੁਏਲ ਮੈਕਰੋਂ ਨੇ ਯੂਕਰੇਨੀ ਪ੍ਰਮਾਣੂ ਟਿਕਾਣਿਆਂ ਲਈ ਬਣੇ ਖ਼ਤਰਿਆਂ ’ਤੇ ਡੂੰਘੀ ਚਿੰਤਾ ਜ਼ਾਹਿਰ ਕੀਤੀ ਹੈ। ਉਨਾਂ ਕਿਹਾ ਕਿ ਰੂਸ ਦੇ ਹਮਲੇ ਤੋਂ ਬਾਅਦ ਖ਼ਤਰਾ ਬਹੁਤ ਵਧ ਗਿਆ ਹੈ ਤੇ ਮਾਸਕੋ ਨੂੰ ਤੁਰੰਤ ਖ਼ਤਰਨਾਕ ਫ਼ੌਜੀ ਕਾਰਵਾਈ ਰੋਕਣੀ ਚਾਹੀਦੀ ਹੈ। ਯੂਕਰੇਨੀ ਅਥਾਰਿਟੀ ਨੂੰ ਦੇਸ਼ ਵਿੱਚ ਸਥਿਤ ਸਾਰੇ ਪ੍ਰਮਾਣੂ ਕੇਂਦਰਾਂ ਦਾ ਕੰਟਰੋਲ ਸੌਂਪਿਆ ਜਾਣਾ ਚਾਹੀਦਾ ਹੈ।

**ਰੂਸ ਦੇ ਨਿਸ਼ਾਨੇ ਉੱਪਰ ਯੂਕਰੇਨ ਦੇ ਨਾਗਰਿਕ**

ਰੂਸ ਅਤੇ ਯੂਕਰੇਨ ਦੀ ਜੰਗ ਦਰਮਿਆਨ ਰੂਸ ਉੱਪਰ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ ਦੇ ਇਲਜ਼ਾਮ ਲੱਗੇ ਹਨ। ਇਸ ਮਾਮਲੇ ਵਿੱਚ ਸੰਭਾਵਿਤ ਜੰਗੀ ਅਪਰਾਧਾਂ ਦੀ ਜਾਂਚ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਦੀ ਜਾਂਚ ਕੌਮਾਂਤਰੀ ਅਪਰਾਧਿਕ ਅਦਾਲਤ ਨੇ ਸ਼ੁਰੂ ਕੀਤੀ ਹੈ।

ਕੌਮਾਂਤਰੀ ਅਪਰਾਧਿਕ ਅਦਾਲਤ ਦੇ ਮੁੱਖ ਵਕੀਲ ਨੇ ਆਖਿਆ ਹੈ ਕਿ ਨਸਲਕੁਸ਼ੀ, ਕਥਿਤ ਜੰਗੀ ਅਪਰਾਧ ਅਤੇ ਮਨੁੱਖੀ ਅਧਿਕਾਰਾਂ ਖ਼ਿਲਾਫ਼ ਰੂਸ ਦੇ ਅਪਰਾਧਾਂ ਸੰਬੰਧੀ ਸਬੂਤ ਇਕੱਠੇ ਕੀਤੇ ਜਾ ਰਹੇ ਹਨ। ਰੂਸ ਦੇ ਖ਼ਿਲਾਫ਼ 39 ਦੇਸ਼ਾਂ ਵੱਲੋਂ ਜਾਂਚ ਦੀ ਮੰਗ ਕੀਤੀ ਗਈ ਸੀ। ਆਪਣੇ ਉੱਪਰ ਲੱਗੇ ਇਨਾਂ ਇਲਜ਼ਾਮਾਂ ਨੂੰ ਰੂਸ ਨੇ ਖ਼ਾਰਜ ਕੀਤਾ ਹੈ।

ਯਾਦ ਰਹੇ ਕਿ ਜਨੇਵਾ ਕਨਵੈਨਸ਼ਨ ਤਹਿਤ ਉਹ ਕਾਨੂੰਨ ਆਉਂਦੇ ਹਨ, ਜੋ ਜੰਗੀ ਅਪਰਾਧਾਂ ਦੀ ਪਰਿਭਾਸ਼ਾ ਤੈਅ ਕਰਦੇ ਹਨ। ਜਨੇਵਾ ਕਨਵੈਨਸ਼ਨ ਅਜਿਹੇ ਕਈ ਸਮਝੌਤਿਆਂ ਦੀ ਲੜੀ ਹੈ, ਜੋ ਇਹ ਤੈਅ ਕਰਦੀਆਂ ਹਨ ਕਿ ਜੰਗ ਦੌਰਾਨ ਇਨਸਾਨਾਂ ਨਾਲ਼ ਕਿਸ ਤਰਾਂ ਦਾ ਵਿਹਾਰ ਹੋਣਾ ਚਾਹੀਦਾ ਹੈ। 1949 ਦੇ ਜਨੇਵਾ ਕਨਵੈਨਸ਼ਨ ਦਾ ਰੂਸ ਸਮੇਤ ਸਾਰੇ ਮੈਂਬਰ ਦੇਸ਼ਾਂ ਨੇ ਸਮਰਥਨ ਕੀਤਾ ਸੀ। ਜਾਣ ਬੁੱਝ ਕੇ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣਾ, ਜਿਸ ਦਾ ਆਮ ਲੋਕਾਂ ਦੀ ਜਾਨ ਅਤੇ ਮਾਲ ਨੂੰ ਨੁਕਸਾਨ ਹੋਵੇ, ਇਮਾਰਤਾਂ ਸ਼ਹਿਰਾਂ ਅਤੇ ਪਿੰਡਾਂ ਉੱਪਰ ਹਮਲੇ ਅਤੇ ਬੰਬਾਰੀ ਹੋਵੇ, ਧਰਮ, ਹਸਪਤਾਲ ਅਤੇ ਸਿੱਖਿਆ ਕੇਂਦਰ ਨੂੰ ਨਿਸ਼ਾਨਾ ਨਾ ਬਣਾਇਆ ਜਾਵੇ। ਇਸ ਨੂੰ ਅਪਰਾਧ ਮੰਨਿਆ ਜਾਂਦਾ ਹੈ।

ਨੀਦਰਲੈਂਡ ਦੇ ਹੇਗ ਵਿੱਚ ਸਥਿਤ ਆਈ.ਸੀ.ਸੀ. (ਇੰਟਰਨੈਸ਼ਨਲ ਕ੍ਰਿਮੀਨਲ ਕੋਰਟ) ਦੀ ਸਥਾਪਨਾ 1998 ਵਿੱਚ ਕੀਤੀ ਗਈ ਸੀ। ਇਹ ਇੱਕ ਅਜਿਹੀ ਸੰਸਥਾ ਹੈ ਜੋ ਅੰਤਰਰਾਸ਼ਟਰੀ ਪੱਧਰ ਤੇ ਕੰਮ ਕਰਦੀ ਹੈ ਅਤੇ ਅਜਿਹੇ ਅਪਰਾਧਾਂ ਦੇ ਫ਼ੈਸਲੇ ਕਰਦੀ ਹੈ ਜੋ ਮਨੁੱਖਤਾ ਦੇ ਖ਼ਿਲਾਫ਼ ਹੋਣ। ਇਨਾਂ ਵਿੱਚ ਜੰਗੀ ਅਪਰਾਧ, ਨਸਲਕੁਸ਼ੀ ਸ਼ਾਮਿਲ ਹਨ। ਇਸ ਅਦਾਲਤ ਕੋਲ਼ ਆਪਣੀ ਪੁਲਿਸ ਨਹੀਂ ਹੈ ਅਤੇ ਗ੍ਰਿਫ਼ਤਾਰੀਆਂ ਲਈ ਇਹ ਦੂਸਰੇ ਦੇਸ਼ਾਂ ਉੱਤੇ ਨਿਰਭਰ ਹੈ। ਇਸ ਅਦਾਲਤ ਵੱਲੋਂ ਸਜ਼ਾ ਦੇ ਤੌਰ ’ਤੇ ਜੁਰਮਾਨੇ ਅਤੇ ਜੇਲ ਹੋ ਸਕਦੀ ਹੈ। ਰੂਸ ਅਤੇ ਯੂਕਰੇਨ ਦੋਵੇਂ ਇਸ ਦੇ ਮੈਂਬਰ ਨਹੀਂ ਹਨ ਪਰ ਯੂਕਰੇਨ ਨੇ ਇਸ ਦੇ ਅਧਿਕਾਰ ਖੇਤਰ ਨੂੰ ਮੰਨਿਆ ਹੈ ਜਿਸ ਤੋਂ ਬਾਅਦ ਰੂਸ ਉੱਪਰ ਲੱਗੇ ਇਲਜ਼ਾਮਾਂ ਦੀ ਜਾਂਚ ਹੋ ਸਕਦੀ ਹੈ। ਯੂਕਰੇਨ ਦੇ ਰਾਸ਼ਟਰਪਤੀ ਨੇ ਰੂਸ ਉੱਪਰ ਇਲਜ਼ਾਮ ਲਗਾਏ ਹਨ ਕਿ ਖਾਰਕੀਵ ਉੱਪਰ ਹੋਏ ਹਵਾਈ ਹਮਲਿਆਂ ਨੇ ਬਹੁਤ ਸਾਰੇ ਯੂਕਰੇਨੀ ਨਾਗਰਿਕ ਮਾਰੇ ਹਨ। ਉਨਾਂ ਮੁਤਾਬਿਕ ਇਹ ਜੰਗੀ ਅਪਰਾਧ ਹਨ। 2008 ਵਿੱਚ ਹੋਏ ਸਮਝੌਤੇ ਤੋਂ ਬਾਅਦ ਕਲੱਸਟਰ ਬੰਬਾਂ ਦੀ ਵਰਤੋਂ ਉੱਪਰ ਬਹੁਤ ਸਾਰੇ ਦੇਸ਼ਾਂ ਵਿੱਚ ਰੋਕ ਲੱਗੀ ਹੈ। ਮਨੁੱਖੀ ਅਧਿਕਾਰਾਂ ਨਾਲ਼ ਸੰਬੰਧਿਤ ਸੰਸਥਾਵਾਂ ਅਤੇ ਸੰਯੁਕਤ ਰਾਸ਼ਟਰ ਵਿੱਚ ਯੂਕਰੇਨ ਦੇ ਰਾਜਦੂਤ ਨੇ ਵੀ ਆਖਿਆ ਹੈ ਕਿ ਯੂਕਰੇਨ ਦੇ ਉੱਤਰ ਪੂਰਬ ਵਿੱਚ ਮੌਜੂਦ ਇੱਕ ਸ਼ਹਿਰ ਉੱਪਰ ਰੂਸ ਨੇ ਵੈਕਿਊਮ ਬੰਬ ਵਰਤੇ ਹਨ। ਵੈਕਿਊਮ ਬੰਬ ਅਜਿਹੇ ਹਥਿਆਰ ਹਨ ਜਿਨਾਂ ਵਿੱਚੋਂ ਅਜਿਹੇ ਕਣ ਨਿਕਲਦੇ ਹਨ ਜੋ ਭਾਰੀ ਤਬਾਹੀ ਕਰਦੇ ਹਨ। ਵੈਕਿਊਮ ਬੰਬ ਖ਼ਿਲਾਫ਼ ਰੋਕ ਲਈ ਕੋਈ ਅੰਤਰਰਾਸ਼ਟਰੀ ਕਾਨੂੰਨ ਨਹੀਂ ਹੈ ਪਰ ਜੇਕਰ ਇਸ ਦੀ ਵਰਤੋਂ ਸਕੂਲ ਹਸਪਤਾਲ ਜਾਂ ਨਾਗਰਿਕਾਂ ਦੇ ਰਹਿਣ ਵਾਲੇ ਇਲਾਕੇ ਵਿੱਚ ਹੁੰਦੀ ਹੈ ਤਾਂ ਇਸ ਨੂੰ ਅਪਰਾਧ ਮੰਨਿਆ ਜਾ ਸਕਦਾ ਹੈ। 1907, 1999 ਵਿੱਚ ਹੋਈ ਕਨਵੈਨਸ਼ਨ ਅਧੀਨ ਇਹ ਹੋ ਸਕਦਾ ਹੈ। ਵੈਕਿਊਮ ਬੰਬ ਅਤੇ ਕਲੱਸਟਰ ਬੰਬਾਂ ਦੀ ਵਰਤੋਂ ਦੇ ਇਲਜ਼ਾਮਾਂ ਨੂੰ ਵੀ ਰੂਸ ਨੇ ਗ਼ਲਤ ਖ਼ਬਰਾਂ ਕਰਾਰ ਦਿੱਤਾ ਹੈ।

# ਉੱਤਰ ਪ੍ਰਦੇਸ਼ ਵਿੱਚ ਭਾਜਪਾ ਤੇ ਸਮਾਜਵਾਦੀ ਪਾਰਟੀ ਦਰਮਿਆਨ ਹੈ ਚੋਣ ਮੁਕਾਬਲਾ

**ਅਭੈ ਦੂਬੇ**

ਇੱਕ ਭਾਰਤੀ ਜਨਤਾ ਪਾਰਟੀ ਦੇ ਸਮਰਥਕ ਟਿੱਪਣੀਕਾਰ ਨੇ ਦਾਅਵਾ ਕੀਤਾ ਹੈ ਕਿ ਉੱਤਰ ਪ੍ਰਦੇਸ਼ ’ਚ ਆਦਿੱਤਿਆਨਾਥ ਸਰਕਾਰ ਦੇ ਪੱਖ ’ਚ ਕੁਝ ਉਹੋ ਜਿਹੀ ਲਹਿਰ ਚੱਲ ਰਹੀ ਹੈ, ਜਿਹੋ ਜਿਹੀ 1977 ਵਿੱਚ ਜਨਤਾ ਪਾਰਟੀ ਦੇ ਪੱਖ ਵਿੱਚ, ਜਾਂ 1984 ਵਿੱਚ ਕਾਂਗਰਸ ਦੇ ਪੱਖ ਵਿੱਚ ਚੱਲੀ ਸੀ। ਜੇਕਰ ਉਨਾਂ ਦਾ ਇਹ ਦਾਅਵਾ ਸਹੀ ਹੈ ਤਾਂ ਭਾਜਪਾ ਨੂੰ ਵਿਧਾਨ ਸਭਾ ’ਚ ਦੁਬਾਰਾ ਤਿੰਨ ਸੌ ਤੋਂ ਵੱਧ ਸੀਟਾਂ ਮਿਲ ਜਾਣੀਆਂ ਚਾਹੀਦੀਆਂ ਹਨ। ਦਿਲਚਸਪ ਗੱਲ ਇਹ ਹੈ ਕਿ ਇਹ ਟਿੱਪਣੀਕਾਰ ਮੰਨਦੇ ਹਨ ਕਿ ਇਸ ਵਾਰ ਸਮਾਜਵਾਦੀ ਪਾਰਟੀ ਦੀਆਂ ਸੀਟਾਂ ਵਧਣਗੀਆਂ, ਪਰ ਜੇਕਰ ਅਖਿਲੇਸ਼ ਯਾਦਵ ਦੀਆਂ ਸੀਟਾਂ ਵਧਣਗੀਆਂ ਤਾਂ ਉਨਾਂ ਦੀਆਂ ਵੋਟਾਂ ਕਿੱਥੋਂ ਆਉਣਗੀਆਂ ? ਉੱਚੀਆਂ ਜਾਤੀਆਂ ਤਾਂ ਸਮਾਜਵਾਦੀ ਪਾਰਟੀ ਨੂੰ ਵੋਟਾਂ ਪਾ ਨਹੀਂ ਰਹੀਆਂ। ਇਸ ਤਰਾਂ ਬਹੁਜਨ ਸਮਾਜ ਪਾਰਟੀ ਦੇ ਵੱਡੇ ਸਮਰਥਕ ਜਾਟਵ ਸਮਾਜ ਤੋਂ ਤਾਂ ਸਪਾ ਨੂੰ ਵੱਡਾ ਸਮਰਥਨ ਮਿਲਣ ਦੀ ਉਮੀਦ ਨਹੀਂ ਹੈ। ਸਿਰਫ਼ ਯਾਦਵ-ਮੁਸਲਮਾਨ ਵੋਟਾਂ ਰਾਹੀਂ ਤਾਂ ਸਪਾ ਦੀ ਵਿਸ਼ੇਸ਼ ਬਰਕਤ ਹੋ ਨਹੀਂ ਸਕਦੀ। ਇਹ ਸਮਝਣਾ ਸੌਖਾ ਹੈ ਕਿ ਜੇਕਰ ਸਪਾ ਬਿਹਤਰ ਨਤੀਜੇ ਕੱਢੇਗੀ ਤਾਂ ਸਿਰਫ਼ ਉਦੋਂ, ਜਦੋਂ ਉਹ ਗ਼ੈਰ-ਯਾਦਵ ਜਾਤੀਆਂ ਤੇ ਭਾਈਚਾਰੇ ਉਸ ਨੂੰ ਸਮਰਥਨ ਦੇਣਗੇ, ਜਿਨਾਂ ਨੇ ਪਿਛਲੀ ਵਾਰ ਭਾਜਪਾ ਨੂੰ ਵੋਟਾਂ ਪਾਈਆਂ ਸਨ। ਉੱਤਰ ਪ੍ਰਦੇਸ਼ ਵਿੱਚ ਇਹ ਵੋਟਰ-ਮੰਡਲ ਬਹੁਤ ਵੱਡਾ ਅਤੇ ਪ੍ਰਭਾਵੀ ਹੈ। ਜੇਕਰ ਇਹ ਭਾਈਚਾਰੇ ਇਸ ਵਾਰ ਸਪਾ ਨੂੰ ਆਪਣੀ ਪਾਰਟੀ ਦੇ ਤੌਰ ’ਤੇ ਦੇਖ ਰਹੇ ਹਨ ਤਾਂ ਇਹ ਤੱਥ ਹੀ ਭਾਜਪਾ ਦੇ ਪੱਖ ’ਚ ਕਿਸੇ ਲਹਿਰ ਦੇ ਦਾਅਵੇ ਦਾ ਖੰਡਨ ਕਰਨ ਲਈ ਕਾਫ਼ੀ ਹੈ। ਇਸੇ ਤਰਾਂ ਪੱਛਮੀ ਉੱਤਰ ਪ੍ਰਦੇਸ਼ ’ਚ ਜਾਟ ਵੋਟਾਂ ਦਾ ਭਾਜਪਾ ਨਾਲ਼ੋਂ ਟੁੱਟਣਾ ਵੀ ਇਸ ਤਰਾਂ ਦੀ ਲਹਿਰ ਦੇ ਦਾਅਵਿਆਂ ’ਤੇ ਸਵਾਲੀਆਂ ਨਿਸ਼ਾਨ ਲਗਾ ਦਿੰਦਾ ਹੈ।

ਭਾਜਪਾ ਦੇ ਰਣਨੀਤੀਕਾਰਾਂ ਨੂੰ ਇੱਕ ਯਕੀਨ ਇਹ ਵੀ ਹੈ ਕਿ ਜੇਕਰ ਉਹ 2012 ਤੋਂ 2017 ਦਰਮਿਆਨ ਅਖਿਲੇਸ਼ ਯਾਦਵ ਦੀ ਅਗਵਾਈ ਵਿੱਚ ਚੱਲੀ ਸਮਾਜਵਾਦੀ ਪਾਰਟੀ ਦੀ ਸਰਕਾਰ ਦੀ ਨਕਾਰਾਤਮਿਕ ਤਸਵੀਰ ਪੇਸ਼ ਕਰ ਸਕਣਗੇ ਤਾਂ ਉਸ ਦੇ ਜ਼ਰੀਏ ਉਹ ਭਾਜਪਾ ਦੀ ਆਦਿੱਤਿਆਨਾਥ ਸਰਕਾਰ ਦੇ ਖ਼ਿਲਾਫ਼ ਮੌਜੂਦ ਐਂਟੀ-ਇਨਕੰਬੈਂਸੀ (ਸੱਤਾ ਵਿਰੋਧੀ ਭਾਵਨਾਵਾਂ) ਦਾ ਮੁਕਾਬਲਾ ਕਰ ਸਕਣਗੇ। ਅਖਿਲੇਸ਼ ਦੇ ਪੰਜ ਸਾਲ ਦੇ ਮੁੱਖ ਮੰਤਰੀ ਕਾਰਜਕਾਲ ਨੂੰ ਇੱਕ ਦੁਸ਼ਟ ਸਰਕਾਰ ਦੇ ਰੂਪ ਵਿੱਚ ਚਿਤਰਿਤ ਕਰਨ ਦੇ ਭਾਜਪਾ ਨੂੰ ਦੋ ਲਾਭ ਹੋਰ ਹੋਣਗੇ। ਉਹ ਨਿਰੰਤਰ ਪ੍ਰਾਪੇਗੰਡਾ ਕਰਕੇ ਸਮਾਜਵਾਦੀ ਪਾਰਟੀ ਦੇ ਮੁੱਖ ਆਧਾਰ ਯਾਦਵ ਅਤੇ ਮੁਸਲਮਾਨ ਸਮਾਜ ਨੂੰ ‘ਸੱਤਾਧਾਰੀ ਪੀੜਤਾਂ’, ਅਸਮਾਜਿਕ ਤੱਤਾਂ ਅਤੇ ਰਾਸ਼ਟਰ ਵਿਰੋਧੀ ਅੱਤਵਾਦੀ ਤੱਤਾਂ ਦੇ ਨਾਲ਼ ਸਾਜ਼ਬਾਜ਼ ਕਰਨ ਵਾਲਿਆਂ ਦੀ ਤਰਾਂ ਪੇਸ਼ ਕਰ ਦੇਣਗੇ। ਭਾਜਪਾ ਇਹ ਜੁਗਤ ਪਹਿਲੀ ਵਾਰ ਨਹੀਂ ਸਗੋਂ ਚੌਥੀ ਵਾਰ ਅਜ਼ਮਾ ਰਹੀ ਹੈ। 2014 ਦੀਆਂ ਲੋਕ ਸਭਾ ਚੋਣਾਂ ’ਚ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅਤੇ 2019 ਦੀਆਂ ਲੋਕ ਸਭਾ ਚੋਣਾਂ ’ਚ ਉਸ ਨੇ ਇਹੀ ਕੀਤਾ ਸੀ। ਬਦਲੇ ਵਿੱਚ ਉਸ ਨੂੰ ਅਸਾਧਾਰਨ ਨਤੀਜੇ ਮਿਲੇ ਸਨ। ਇਨਾਂ ਤਿੰਨ ਸ਼ਾਨਦਾਰ ਜਿੱਤਾਂ ਵਿੱਚ ਯਾਦਵਾਂ, ਮੁਸਲਮਾਨਾਂ ਅਤੇ ਜਾਟਵਾਂ ਦੇ ਖ਼ਿਲਾਫ਼ ਭਾਵ ‘ਤਿੰਨ ਜਾਤਾਂ ਦੇ ਖ਼ਿਲਾਫ਼ ਸਭ ਜਾਤਾਂ’ ਦਾ ਇੱਕ ਅਜਿਹਾ ਨਾਅਰਾ ਦਿੱਤਾ ਗਿਆ ਸੀ, ਜਿਸ ਨੂੰ ਮੰਚ ਤੋਂ ਤਾਂ ਨਹੀਂ ਲਗਾਇਆ ਜਾਂਦਾ ਸੀ, ਪਰ ਹਿੰਦੂ ਵੋਟਾਂ (ਉੱਚੀਆਂ ਜਾਤੀਆਂ, ਗ਼ੈਰ-ਯਾਦਵ ਪਛੜੀਆਂ ਜਾਤਾਂ ਅਤੇ ਗ਼ੈਰ-ਜਾਟਵ ਦਲਿਤ ਜਾਤੀਆਂ) ਦੀ ਪ੍ਰਤੀਕਿਰਿਆਤਮਿਕ ਗੋਲਬੰਦੀ (ਚਾਲੀ ਤੋਂ ਪੰਜਾਹ ਫ਼ੀਸਦੀ ਦੀ ਵਿਸ਼ਾਲ ਏਕਤਾ) ਇਸੇ ਜ਼ਰੀਏ ਕੀਤੀ ਗਈ ਸੀ। ਕੀ ਚੋਣਾਵੀ ਰਣਨੀਤੀ ਦਾ ਇਹ ਘੜਾ ਚੌਥੀ ਵਾਰ ਵੀ ਆਪਣੇ ਅੰਦਰ ਜਿੱਤ ਦਾ ਪਕਵਾਨ ਪਕਾਏਗਾ ਜਾਂ ਇਸ ਵਾਰ ਇਹ ਗ਼ਲਤ ਸਾਬਤ ਹੋਵੇਗਾ ?

ਇਸ ਸਵਾਲ ਦਾ ਉੱਤਰ ਦੋ ਵੱਖਰੇ ਤਰਾਂ ਦੇ ਸਵਾਲਾਂ ਜ਼ਰੀਏ ਦਿੱਤਾ ਜਾ ਸਕਦਾ ਹੈ। ਕੀ 2022 ਦੇ ਅਖਿਲੇਸ਼ ਯਾਦਵ ਉਹੀ ਹਨ, ਜੋ ਪਿਛਲੀਆਂ ਤਿੰਨ ਚੋਣਾਂ ’ਚ ਸਨ ? ਅਤੇ ਕੀ 2022 ਦਾ ਸਮਾਂ ਇਨਾਂ ਲੰਘੀਆਂ ਹੋਈਆਂ ਚੋਣਾਂ ਵਾਂਗ ਹੀ ਹੈ ਜਾਂ ਇਸ ਵਿਚਾਲੇ ਕੋਈ ਫ਼ਰਕ ਪਿਆ ਹੈ ? 2014 ਦੇ ਅਖਿਲੇਸ਼ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਜ਼ਰੂਰ ਸਨ, ਪਰ ਹਕੀਕਤ ਇਹ ਸੀ ਕਿ ਉਨਾਂ ਦੇ ਨਾਲ਼ ਉਨਾਂ ਦੇ ਦੋ ਚਾਚੇ (ਸ਼ਿਵਪਾਲ ਸਿੰਘ ਅਤੇ ਰਾਮਗੋਪਾਲ) ਅਤੇ ਪਿਤਾ (ਮੁਲਾਇਮ ਸਿੰਘ ਯਾਦਵ) ਦੇ ਪ੍ਰਭਾਵ ਨੇ ਪ੍ਰਦੇਸ਼ ਦੀ ਸੱਤਾ ਨੂੰ ਬਹੁਕੇਂਦਰੀ ਬਣਾ ਦਿੱਤਾ ਸੀ। ਰਾਜਨੀਤਕ ਅਗਵਾਈ ਵੀ ਚਾਰ ਜਗਾ ਵੰਡੀ ਹੋਈ ਸੀ। ਕੁੱਲ ਮਿਲਾ ਕੇ ਅਖਿਲੇਸ਼ ਦੀ ਕੋਈ ਖ਼ਾਸ ਔਕਾਤ ਨਹੀਂ ਸੀ। 2017 ਤੱਕ ਆਉਂਦੇ-ਆਉਂਦੇ ਅਖਿਲੇਸ਼ ਨੇ ਜਦੋਂ ਆਪਣੀ ਸੁਤੰਤਰ ਦਾਅਵੇਦਾਰੀ ਸ਼ੁਰੂ ਕੀਤੀ ਤਾਂ ਉਨਾਂ ਦੇ ਪਰਿਵਾਰ ’ਚ ਫੁੱਟ ਪੈ ਗਈ। ਪਾਰਟੀ ਦਾ ਯਾਦਵ ਸਮਰਥਨ ਆਧਾਰ ਵੀ ਵੰਡਿਆ ਗਿਆ। ਇਹ ਫੁੱਟ ਜਨਤਕ ਮੰਚ ’ਤੇ ਇੱਕ-ਦੂਜੇ ਨੂੰ ਗਾਲੀ-ਗਲੋਚ ਦੇ ਰੂਪ ’ਚ ਦੇਖੀ ਜਾ ਸਕਦੀ ਸੀ। ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ’ਚ ਉਨਾਂ ਨੇ ਕਾਂਗਰਸ ਅਤੇ ਬਸਪਾ ਨਾਲ਼ ਗੱਠਜੋੜ ਕੀਤੇ, ਪਰ ਇਸ ਦਾ ਉਨਾਂ ਨੂੰ ਕੋਈ ਲਾਭ ਨਹੀਂ ਹੋਇਆ। ਪਾਰਟੀ ਦੀਆਂ ਸੀਟਾਂ ਅਤੇ ਵੋਟ ਘਟਦੇ ਚਲੇ ਗਏ। ਹੋਂਦ ਦਾ ਸੰਕਟ ਪੈਦਾ ਹੋ ਗਿਆ। 2019 ਦੀ ਹਾਰ ਤੋਂ ਬਾਅਦ ਉਹ ਲਗਭਗ ਪਿਛੋਕੜ ’ਚ ਚਲੇ ਗਏ। ਸੰਸਦ ਦੇ ਕੇਂਦਰੀ ਹਾਲ ’ਚ ਉਨਾਂ ਬਾਰੇ ਕਿਹਾ ਜਾਣ ਲੱਗਾ ਕਿ ਉਹ ‘ਫਾਈਵ ਪੀ.ਐਮ. ਟੈਨਿਸ ਕਲੱਬ’ ਦੇ ਮੈਂਬਰ ਹਨ। ਕੁੱਲ ਮਿਲਾ ਕੇ ਹਾਲਾਤ ਇਹ ਸਨ ਕਿ ਭਾਜਪਾ ਹਿੰਦੂ ਵੋਟਾਂ ਦੀ ਏਕਤਾ ਵਧਾਉਂਦੀ ਜਾ ਰਹੀ ਸੀ ਅਤੇ ਅਖਿਲੇਸ਼ ਦੀਆਂ ਯਾਦਵ ਵੋਟਾਂ ਵੀ ਵੰਡੀਆਂ ਜਾ ਰਹੀਆਂ ਸਨ ਅਤੇ ਮੁਸਲਮਾਨ ਵੋਟਾਂ ਵੀ। ਰਣਨੀਤਕ ਰੂਪ ’ਚ ਵਿਚਾਰ ਕਰਨ ’ਤੇ ਨਹੀਂ ਸੀ ਲਗਦਾ ਕਿ ਅਖਿਲੇਸ਼ ਦੀਆਂ ਉਂਗਲੀਆਂ ਰਾਜਨੀਤੀ ਦੀ ਨਬਜ਼ ’ਤੇ ਰੱਖੀਆਂ ਹੋਈਆਂ ਹਨ। ਉਹ ਇੱਕ ਬੇਕਾਰ ਵਿਰੋਧੀ ਨੇਤਾ ਵਾਂਗ ਲੱਗ ਰਹੇ ਸਨ। ਉਨਾਂ ਕੋਲ਼ ਆਪਣੇ ਪਿਤਾ ਦੀ ਸ਼ਾਨਦਾਰ ਰਾਜਨੀਤਕ ਵਿਰਾਸਤ ਸੀ, ਪਰ ਉਹ ਉਨਾਂ ਵਰਗੇ ਯੋਗ ਅਗਵਾਈਕਾਰ ਦੀ ਭੂਮਿਕਾ ਨਿਭਾਉਣ ’ਚ ਅਸਮਰੱਥ ਲੱਗ ਰਹੇ ਸਨ।

ਇੱਥੇ ਵਰਨਣਯੋਗ ਹੈ ਕਿ 2022 ਦੀਆਂ ਚੋਣਾਂ ਦੀ ਪੇਸ਼ਬੰਦੀ ਕਰਨ ਸਮੇਂ ਜਿਸ ਅਖਿਲੇਸ਼ ਦਾ ਅਵਤਾਰ ਹੋਇਆ, ਉਹ ਹੈਰਾਨੀਜਨਕ ਤੌਰ ’ਤੇ ਪਿਛਲੀਆਂ ਤਿੰਨਾਂ ਚੋਣਾਂ ਦੇ ਅਖਿਲੇਸ਼ ਤੋਂ ਇਕਦਮ ਵੱਖਰਾ ਸੀ। ਏਨਾ ਵੱਖਰਾ ਜਿਵੇਂ ਕਿ ਉਨਾਂ ਦਾ ਪੁਨਰਜਨਮ ਹੋਇਆ ਹੋਵੇ। ਉਨਾਂ ਨੇ ਕਿਸਾਨ ਅੰਦੋਲਨ ਨਾਲ਼ ਪੱਛਮੀ ਉੱਤਰ ਪ੍ਰਦੇਸ਼ ’ਚ ਪੈਦਾ ਹੋਈ ‘ਐਂਟੀ-ਇਨਕੰਬੈਂਸੀ’ ਦਾ ਲਾਭ ਉਠਾਉਂਦਿਆਂ ਪਹਿਲਾਂ ਤਾਂ ਜੈਅੰਤ ਚੌਧਰੀ ਦੀ ਪਾਰਟੀ (ਜਾਟ ਬਿਰਾਦਰੀ) ਨਾਲ਼ ਗੱਠਜੋੜ ਕੀਤਾ। ਇਸ ਤਰਾਂ ਪੱਛਮ ’ਚ ਜਾਟ-ਮੁਸਲਮਾਨ-ਯਾਦਵ ਦਾ ‘ਵੋਟਿੰਗ ਬਲਾਕ’ ਬਣਿਆ। ਇਸ ਦੇ ਕਾਰਨ ਗੁੱਜਰਾਂ ਅਤੇ ਸੈਣੀਆਂ ਵਰਗੇ ਵੋਟਰਾਂ ਲਈ ਵੀ ਆਪਣੇ ਭਾਜਪਾ ਸਮਰਥਨ ’ਤੇ ਪੁਨਰਵਿਚਾਰ ਕਰਨ ਦੀਆਂ ਸੰਭਾਵਨਾਵਾਂ ਬਣੀਆਂ। ਫਿਰ ਕਾਂਗਰਸ ਜਾਂ ਬਸਪਾ ਵਰਗੀਆਂ ਪਾਰਟੀਆਂ ਨਾਲ਼ ਗੱਠਜੋੜ ਦੀਆਂ ਸੰਭਾਵਨਾਵਾਂ ਨੂੰ ਨਕਾਰਦਿਆਂ ਹੋਇਆਂ ਅਖਿਲੇਸ਼ ਨੇ ਪਛੜੇ ਵਰਗ ਦੀਆਂ ਛੋਟੀਆਂ-ਛੋਟੀਆਂ ਪਾਰਟੀਆਂ ਦੇ ਨਾਲ਼ ਓ.ਬੀ.ਸੀ. ਰਾਜਨੀਤੀ ਦਾ ਇੱਕ ਗੁਲਦਸਤਾ ਬਣਾਉਣ ਦਾ ਫ਼ੈਸਲਾ ਕੀਤਾ। ਇਹ ਨਵੀਂ ਤਰਾਂ ਦਾ ਰਣਨੀਤਕ ਰਵੱਈਆ ਸੀ। ਗ਼ੈਰ-ਯਾਦਵ ਓ.ਬੀ.ਸੀ. ਬਰਾਦਰੀਆਂ (ਰਾਜਭਰ, ਬਿੰਦ, ਨਿਸ਼ਾਦ, ਕੁਰਮੀ, ਨੋਨੀਆ-ਚੌਹਾਨ, ਮੌਰੀਆ, ਸ਼ਾਂਚਯ ਆਦਿ) ਦੇ ਰਾਜਨੀਤਕ ਨੁਮਾਇੰਦੇ ਇਸੇ ਪਲ ਦੀ ਉਡੀਕ ਕਰ ਰਹੇ ਸਨ। ਉਹ ਭਾਜਪਾ ਦੀ ਸਰਕਾਰ ’ਚ ਰਹਿ ਕੇ ਆਦਿੱਤਿਆਨਾਥ ਪ੍ਰਸ਼ਾਸਨ ਵੱਲੋਂ ਚਲਾਏ ਜਾ ਰਹੇ ਰਾਜਪੂਤਵਾਦ ਦਾ ਕੌੜਾ ਸਵਾਦ ਚੱਖ ਚੁੱਕੇ ਸਨ। ਉਂਜ ਵੀ ਉਨਾਂ ਦੀ ਜ਼ਬਰਦਸਤ ਨਜ਼ਰਅੰਦਾਜ਼ੀ ਹੋਈ ਸੀ। ਉਹ ਉੱਥੇ ਸਿਰਫ਼ ਨਾਂ ਦੇ ਮੰਤਰੀ ਸਨ। ਓਮ ਪ੍ਰਕਾਸ਼ ਰਾਜਭਰ ਤਾਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਹੀ ਬਾਹਰ ਆ ਗਏ ਸਨ। ਸਵਾਮੀ ਪ੍ਰਸਾਦ ਮੌਰੀਆ ਅਤੇ ਹੋਰ ਨੇਤਾ ਵਿਧਾਨ ਸਭਾ ਚੋਣਾਂ ਦੀ ਉਡੀਕ ਕਰ ਰਹੇ ਸਨ। ਇਹ ਇੱਕ ਰਣਨੀਤਕ ਅਤੇ ਸਾਕਾਰਾਤਮਿਕ ਦਲਬਦਲ ਸੀ। ਜਿਵੇਂ ਹੀ ਓ.ਬੀ.ਸੀ. ਦਾ ਗੁਲਦਸਤਾ ਤਿਆਰ ਹੋਇਆ, ਮੁਸਲਮਾਨ ਵੋਟਾਂ ਨੂੰ ਲੱਗਿਆ ਕਿ ਅਖਿਲੇਸ਼ ਦੇ ਕੋਲ਼ ਪ੍ਰਭਾਵੀ ਜਮਾਂ-ਪੂੰਜੀ ਹੈ। ਉਹ ਸਮਾਜਵਾਦੀ ਪਾਰਟੀ ’ਤੇ ਦਾਅ ਲਗਾ ਕੇ ਆਪਣੀਆਂ ਵੋਟਾਂ ਦੀ ਗੁਆਚੀ ਹੋਈ ਰਾਜਨੀਤਕ ਕੁਸ਼ਲਤਾ ਵਾਪਸ ਪ੍ਰਾਪਤ ਕਰ ਸਕਦੇ ਹਨ। ਜਿਵੇਂ ਹੀ ਇਹ ਵਿਸ਼ਵਾਸ ਪੈਦਾ ਹੋਇਆ, ਮੁਸਲਮਾਨ ਵੋਟਰਾਂ ਦੀ ਦਿਲਚਸਪੀ ਮਾਇਆਵਤੀ ਅਤੇ ਓਵੈਸੀ ਵਰਗੇ ਨੇਤਾਵਾਂ ’ਚੋਂ ਖ਼ਤਮ ਹੋ ਗਈ।

ਅਖਿਲੇਸ਼ ਦੀ ਇਹ ਰਣਨੀਤੀ ‘ਗੇਮ ਚੇਂਜਰ’ (ਖੇਡ ਬਦਲਣ ਵਾਲੀ) ਸਾਬਤ ਹੋਈ। ਕਿਸਾਨ ਅੰਦੋਲਨ ਤੋਂ ਪਹਿਲਾਂ ਉੱਤਰ ਪ੍ਰਦੇਸ਼ ਦਾ ਰਾਜਨੀਤਕ ਮੁਕਾਬਲਾ ਇੱਕ ਘੋੜੇ (ਭਾਜਪਾ) ਦੀ ਦੌੜ ਵਰਗਾ ਦਿਖਾਈ ਦੇ ਰਿਹਾ ਸੀ, ਪਰ ਉਸ ਨੇ ਇਸ ਨੂੰ ਦੋ ਘੋੜਿਆਂ ਦੀ ਦੌੜ ’ਚ ਬਦਲ ਦਿੱਤਾ। ਹਾਲਾਤ ਇਹ ਹਨ ਕਿ ਇਸ ਸਮੇਂ ਉੱਤਰ ਪ੍ਰਦੇਸ਼ ਦੀਆਂ ਚੋਣਾਂ ਦੋ ਸਮਾਜਿਕ ਗੱਠਜੋੜਾਂ ਵਿਚਕਾਰ ਮੁਕਾਬਲਾ ਬਣ ਚੁੱਕੀਆਂ ਹਨ। ਇੱਕ ਪਾਸੇ ਰਾਸ਼ਟਰੀ ਜਨਤਾਂਤਰਿਕ ਗੱਠਜੋੜ (ਐਨ.ਡੀ.ਏ.) ਹੈ ਅਤੇ ਦੂਜੇ ਪਾਸੇ ਸਮਾਜਵਾਦੀ ਪਾਰਟੀ ਦਾ ਓ.ਬੀ.ਸੀ.-ਜਾਟ-ਮੁਸਲਮਾਨ ਗੱਠਜੋੜ ਹੈ। ਖੇਡ ਜਾਰੀ ਹੈ। ਦੇਖਦੇ ਹਾਂ ਕੌਣ ਜਿੱਤਦਾ ਹੈ।

# ਰੂਸ-ਯੂਕਰੇਨ ਜੰਗ ਵਿੱਚ ਖ਼ਲਨਾਇਕ ਕੌਣ ?

**ਲੋਕਮਿੱਤਰ**

ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਮਹੀਨਿਆਂ ਤੋਂ ਯੂਕਰੇਨ ’ਤੇ ਹਮਲੇ ਦੀ ਕਿਸੇ ਵੀ ਸੰਭਾਵਨਾ ਤੋਂ ਲਗਾਤਾਰ ਇਨਕਾਰ ਕਰ ਰਹੇ ਸਨ। ਹਾਲਾਂਕਿ ਫ਼ੌਜੀ ਮਾਹਰ ਵਾਰ-ਵਾਰ ਚਿਤਾਵਨੀ ਜਤਾ ਰਹੇ ਸਨ ਕਿ ਪੁਤਿਨ ਝੂਠ ਬੋਲ ਰਹੇ ਹਨ, ਉਹ ਹਮਲਾ ਕੀਤੇ ਬਿਨਾਂ ਨਹੀਂ ਮੰਨਣਗੇ ਅਤੇ ਅਖ਼ੀਰ ਓਹੀ ਹੋਇਆ। 24 ਫ਼ਰਵਰੀ, 2022 ਨੂੰ ਭਾਰਤੀ ਸਮੇਂ ਮੁਤਾਬਿਕ ਸਵੇਰੇ ਕਰੀਬ 5 ਵਜੇ ਰੂਸ ਨੇ ਯੂਕਰੇਨ ’ਤੇ ਹਮਲਾ ਕਰ ਦਿੱਤਾ। ਪੁਤਿਨ ਨੇ ਦੇਸ਼ ਦੇ ਨਾਂ ਇੱਕ ਲਾਈਵ ਟੀ.ਵੀ. ਪ੍ਰੋਗਰਾਮ ਦੌਰਾਨ ਯੂਕਰੇਨ ਵਿੱਚ ‘ਵਿਸ਼ੇਸ਼ ਮਿਲਟਰੀ ਆਪ੍ਰੇਸ਼ਨ’ ਦਾ ਐਲਾਨ ਕਰ ਦਿੱਤਾ। ਇਸ ਤੋਂ ਬਾਅਦ ਕੀ ਹੋਇਆ ਦੁਨੀਆ ਜਾਣਦੀ ਹੈ। ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜੇਲੇਂਸਕੀ ਨੇ ਖ਼ੁਦ ਟੀ.ਵੀ. ’ਤੇ ਆ ਕੇ ਦੱਸਿਆ ਕਿ ਰੂਸ ਨੇ ਸਾਡੇ ਖ਼ਿਲਾਫ਼ ਦੂਜੀ ਵਿਸ਼ਵ ਜੰਗ ਤੋਂ ਬਾਅਦ ਯੂਰਪ ਵਿੱਚ ਹੋਈ ਕਿਸੇ ਵੀ ਫ਼ੌਜੀ ਕਾਰਵਾਈ ਤੋਂ ਜ਼ਿਆਦਾ ਤਾਕਤਵਰ ਢੰਗ ਨਾਲ਼ ਹਮਲਾ ਬੋਲ ਦਿੱਤਾ ਹੈ।

ਰੂਸ ਦੇ ਇਸ ਹਮਲੇ ਦੀ ਬਰਤਾਨੀਆ, ਫ਼ਰਾਂਸ ਅਤੇ ਅਮਰੀਕਾ ਸਮੇਤ ਬਹੁਤ ਸਾਰੇ ਦੇਸ਼ਾਂ ਨੇ ਨਿੰਦਾ ਕੀਤੀ ਹੈ। ਬਰਤਾਨੀਆ ਨੇ ਪੁਤਿਨ ਨੂੰ ਵਹਿਸ਼ੀ ਦੱਸਿਆ ਹੈ। ਅਮਰੀਕਾ ਨੇ ਉਸ ਨੂੰ ਗ਼ੈਰ-ਭਰੋਸੇਯੋਗ ਅਤੇ ਆਯੋਗ ਰਾਜਨੇਤਾ ਦੱਸਿਆ। ਜ਼ਿਆਦਾਤਰ ਯੂਰਪੀ ਦੇਸ਼ਾਂ ਨੇ ਰੂਸ ਦੀ ਖ਼ੂਬ ਬਦਨਾਮੀ ਕੀਤੀ, ਪਰ ਭਾਰਤ ਚੁੱਪ ਰਿਹਾ ਅਤੇ ਕੁਝ ਘੰਟਿਆਂ ਬਾਅਦ ਜਦੋਂ ਚੀਨ ਨੇ ਰੂਸ ਦੇ ਫ਼ੌਜੀ ਆਪ੍ਰੇਸ਼ਨ ਨੂੰ ਯੂਕਰੇਨ ’ਤੇ ਹਮਲਾ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਯੂਕਰੇਨ ਦੇ ਭਾਰਤ ਸਥਿਤ ਰਾਜਦੂਤ ਨੇ ਹਿੰਦੁਸਤਾਨ ਨੂੰ ਇਸ ਮਾਮਲੇ ਵਿੱਚ ਦਖ਼ਲ ਦੇਣ ਦੀ ਗੁਹਾਰ ਲਗਾਈ ਤਾਂ ਪਹਿਲਾਂ ਰੱਖਿਆ ਮੰਤਰੀ ਰਾਜਨਾਥ ਸਿੰਘ ਦਾ ਇਹ ਬਿਆਨ ਆਇਆ ਕਿ ਗੱਲਬਾਤ ਨਾਲ਼ ਮਸਲੇ ਦਾ ਹੱਲ ਕੱਢਿਆ ਜਾਣਾ ਚਾਹੀਦਾ ਹੈ। ਫਿਰ ਕੁਝ ਘੰਟਿਆਂ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਰੂਸ ਦੇ ਰਾਸ਼ਟਰਪਤੀ ਪੁਤਿਨ ਨਾਲ਼ ਗੱਲ ਕੀਤੀ। ਪ੍ਰਧਾਨ ਮੰਤਰੀ ਦਫ਼ਤਰ ਮੁਤਾਬਿਕ ਕਰੀਬ ਅੱਧੇ ਘੰਟੇ ਤੱਕ ਟੈਲੀਫ਼ੋਨ ’ਤੇ ਇਹ ਗੱਲਬਾਤ ਚੱਲੀ। ਹਾਲਾਂਕਿ ਗੱਲਬਾਤ ਕੀ ਹੋਈ, ਇਸ ਦਾ ਕੋਈ ਵਿਸਥਾਰਤ ਵੇਰਵਾ ਨਹੀਂ ਹੈ, ਪਰ ਸਾਰ ਰੂਪ ਵਿੱਚ ਇਹੀ ਕਿਹਾ ਗਿਆ ਕਿ ਪ੍ਰਧਾਨ ਮੰਤਰੀ ਮੋਦੀ ਨੇ ਰਾਸ਼ਟਰਪਤੀ ਪੁਤਿਨ ਨੂੰ ਸੰਜਮ ਵਰਤਣ ਅਤੇ ਗੱਲਬਾਤ ਰਾਹੀਂ ਮਸਲੇ ਦਾ ਹੱਲ ਕੱਢਣ ਦਾ ਸੁਝਾਅ ਦਿੱਤਾ।



ਪਰ ਹਮਲੇ ਦੇ ਕੁਝ ਦਿਨਾਂ ਦੇ ਅੰਦਰ ਹੀ ਇਸ ਪੂਰੇ ਘਟਨਾਕ੍ਰਮ ਦੀ ਤਸਵੀਰ ਯੂਕਰੇਨ ਲਈ ਕਾਫ਼ੀ ਖ਼ੌਫ਼ਨਾਕ ਬਣ ਗਈ। ਯੂਕਰੇਨ ਦੇ ਰਾਸ਼ਟਰਪਤੀ ਨੇ ਸੰਯੁਕਤ ਰਾਸ਼ਟਰ ਤੋਂ ਤਤਕਾਲ ਮਨੁੱਖੀ ਅਧਿਕਾਰ ਪ੍ਰੀਸ਼ਦ ਦੀ ਬੈਠਕ ਬੁਲਾਉਣ ਦੀ ਮੰਗ ਕੀਤੀ। ਦੋਵਾਂ ਪੱਖਾਂ ਵੱਲੋਂ ਵੱਖ-ਵੱਖ ਦਾਅਵੇ ਕੀਤੇ ਜਾ ਰਹੇ ਹਨ। ਯੂਕਰੇਨ ਨੇ ਕਿਹਾ ਹੈ ਕਿ ਹੁਣ ਤੱਕ ਉਸ ਦੇ ਸੈਂਕੜੇ ਲੋਕ ਇਸ ਜੰਗ ਵਿੱਚ ਆਪਣੀ ਜਾਨ ਗਵਾ ਚੁੱਕੇ ਹਨ ਅਤੇ ਖ਼ਤਰਨਾਕ ਚੇਰੋਨੋਬਿਲ ਪ੍ਰਮਾਣੂ ਪਲਾਂਟ ਵੀ ਹੁਣ ਤੱਕ ਰੂਸ ਦੇ ਕਬਜ਼ੇ ’ਚ ਜਾ ਚੁੱਕਾ ਹੈ। ਰੂਸ ਵੱਲੋਂ ਖ਼ੁਦ ਇਸ ਜੰਗ ਦੇ ਦੂਜੇ ਦਿਨ ਮੀਡੀਆ ਨਾਲ਼ ਜੋ ਤਾਜ਼ਾ ਜਾਣਕਾਰੀ ਸਾਂਝੀ ਕੀਤੀ ਗਈ ਹੈ, ਉਸ ਮੁਤਾਬਿਕ ਰੂਸ ਨੇ ਯੂਕਰੇਨ ਦੇ 70 ਫ਼ੀਸਦੀ ਤੋਂ ਵੱਧ ਮਿਲਟਰੀ ਬੇਸ ’ਤੇ ਕਬਜ਼ਾ ਕਰ ਲਿਆ ਹੈ। ਰੂਸ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਯੂਕਰੇਨ ਦੇ ਸੈਨਿਕ ਹਥਿਆਰ ਛੱਡ ਕੇ ਭੱਜ ਰਹੇ ਹਨ। ਜਿਸ ਯੂਕਰੇਨ ਤੋਂ ਪੱਛਮ ਦੇ ਦੇਸ਼ ਖ਼ਾਸਕਰ ਅਮਰੀਕਾ ਅਤੇ ਬਰਤਾਨੀਆ ਵਾਰ-ਵਾਰ ਚੀਕ-ਚੀਕ ਕੇ ਕਹਿ ਰਹੇ ਸਨ ਕਿ ਤੁਸੀਂ ਅੱਗੇ ਵਧੋ, ਅਸੀਂ ਤੁਹਾਡੇ ਨਾਲ਼ ਹਾਂ, ਉਹ ਅਜੇ ਤੱਕ ਸਿਰਫ਼ ਨਿੰਦਾ ਪ੍ਰਸਤਾਵ ਅਤੇ ਆਰਥਿਕ ਪਾਬੰਦੀਆਂ ਦਾ ਐਲਾਨ ਕਰ ਰਹੇ ਹਨ, ਜਦੋਂ ਕਿ ਦੁਨੀਆ ਜਾਣਦੀ ਹੈ ਕਿ ਰੂਸ ’ਤੇ ਜਿਸ ਤਰਾਂ ਦੀਆਂ ਆਰਥਿਕ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ, ਅਜਿਹੀਆਂ ਪਾਬੰਦੀਆਂ ਕਰੀਬ ਇੱਕ ਦਹਾਕੇ ਤੋਂ ਉਹ ਝੱਲ ਰਿਹਾ ਹੈ।

ਇਸ ਤਰਾਂ ਦੀਆਂ ਪਾਬੰਦੀਆਂ ਨਾਲ਼ ਜਦੋਂ ਈਰਾਨ ਵਰਗੇ ਦੇਸ਼ ’ਤੇ ਵੀ ਕੋਈ ਫ਼ਰਕ ਨਹੀਂ ਪੈਂਦਾ, ਤਾਂ ਰੂਸ ’ਤੇ ਕੀ ਫ਼ਰਕ ਪਵੇਗਾ ? ਅਜਿਹੇ ਵਿੱਚ ਯੂਕਰੇਨ ਨੂੰ ਵੀ ਹੁਣ ਲੱਗਣ ਲੱਗਾ ਹੈ ਕਿ ਉਹ ਪੱਛਮੀ ਦੇਸ਼ਾਂ ਦੇ ਉਕਸਾਵੇ ਵਿੱਚ ਆ ਕੇ ਬੇਵਕੂਫ਼ ਬਣ ਗਿਆ, ਸ਼ਾਇਦ ਇਹੀ ਕਾਰਨ ਹੈ ਕਿ ਰਾਸ਼ਟਰਪਤੀ ਜੇਲੇਂਸਕੀ ਨੇ ਬਹੁਤ ਹੀ ਦੁਖੀ ਹੋ ਕੇ ਕਿਹਾ ਕਿ ਦੁਨੀਆ ਨੇ ਸਾਨੂੰ ਰੂਸ ਦੇ ਨਾਲ਼ ਲੜਾਈ ਵਿੱਚ ਇਕੱਲਾ ਛੱਡ ਦਿੱਤਾ ਹੈ। ਸ਼ਾਇਦ ਇਹ ਉਨਾਂ ਦੀ ਨਿਰਾਸ਼ਾ ਹੀ ਹੈ, ਜਿਸ ਕਾਰਨ ਉਹ ਦੇਸ਼ ਵਾਸੀਆਂ ਨੂੰ ਅਪੀਲ ਕਰ ਰਹੇ ਹਨ ਕਿ ਉਹ ਹਥਿਆਰ ਚੁੱਕਣ ਅਤੇ ਰੂਸੀ ਸੈਨਿਕਾਂ ਨੂੰ ਮੂੰਹ-ਤੋੜ ਜਵਾਬ ਦੇਣ। ਯੂਕਰੇਨ ਦੇ ਰਾਸ਼ਟਰਪਤੀ ਦੀ ਭਾਸ਼ਾ ਅਤੇ ਉਨਾਂ ਦੇ ਸਰੀਰਕ ਹਾਵ-ਭਾਵ ਤੋਂ ਠੱਗੇ ਜਾਣ ਦਾ ਅਹਿਸਾਸ ਹੋ ਰਿਹਾ ਹੈ। ਯੂਕਰੇਨ ਜਿਨਾਂ ਪੱਛਮੀ ਦੇਸ਼ਾਂ ਦੇ ਬਲ ’ਤੇ ਲਗਾਤਾਰ ਰੂਸ ਦੀ ਹਰ ਤਰਾਂ ਦੀ ਧਮਕੀ ਅਤੇ ਇਰਾਦੇ ਨੂੰ ਖ਼ਤਮ ਕਰਨ ਦੀ ਗੱਲ ਕਰ ਰਿਹਾ ਸੀ, ਉਹ ਹੁਣ ਇਸ ਹਕੀਕਤ ਨੂੰ ਸਮਝਣ ਲੱਗਾ ਹੈ ਕਿ ਉਹ ਬੁਰੀ ਤਰਾਂ ਨਾਲ਼ ਫਸ ਗਿਆ ਹੈ ਅਤੇ ਕੋਈ ਵੀ ਪੱਛਮੀ ਦੇਸ਼ ਜਾਂ ਨਾਟੋ ਉਸ ਨੂੰ ਇਸ ਸਥਿਤੀ ਵਿਚੋਂ ਕੱਢਣ ਲਈ ਆਪਣੇ ਪੁਰਾਣੇ ਦਾਅਵੇ ’ਤੇ ਨਹੀਂ ਟਿਕੇਗਾ।

ਸਵਾਲ ਇਹ ਹੈ ਆਖ਼ਰ ਇਸ ਬਹੁ-ਚਿੰਤਾਵਾਨ ਖ਼ੂਨੀ ਕਥਾ ਦਾ ਮੁੱਖ ਜ਼ਿੰਮੇਵਾਰ ਜਾਂ ਖ਼ਲਨਾਇਕ ਕੌਣ ਹੈ ? ਕੀ ਵਾਕਈ ਜਿਵੇਂ ਕਿ ਪੱਛਮੀ ਮੀਡੀਆ ਲਗਾਤਾਰ ਇੱਕ ਰਾਏ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਉਸ ਮੁਤਾਬਿਕ ਪੁਤਿਨ ਦੀ ਲਾਲਸਾ ਅਤੇ ਰੂਸ ਦਾ ਵਿਸਥਾਰਵਾਦੀ ਰਵੱਈਆ ਹੀ ਇਸ ਦੇ ਲਈ ਜ਼ਿੰਮੇਵਾਰ ਹਨ ? ਜਾਂ ਫਿਰ ਇਸ ਖ਼ੂਨੀ ਕਹਾਣੀ ਦੇ ਰਚੇ ਜਾਣ ਵਿੱਚ ਅਮਰੀਕਾ ਦੀ ਅਗਵਾਈ ਵਾਲੇ ਪੱਛਮੀ ਦੇਸ਼ਾਂ ਦਾ ਲਗਾਤਾਰ ਯੂਕਰੇਨ ਨੂੰ ਰੂਸ ਦੇ ਖ਼ਿਲਾਫ਼ ਉਕਸਾਉਣਾ ਜ਼ਿੰਮੇਵਾਰ ਹੈ ? ਦਰਅਸਲ ਰੂਸ ਅਤੇ ਯੂਕਰੇਨ ਵਿਚਾਲੇ ਇਹ ਕੋਈ ਰਾਤੋ-ਰਾਤ ਪੈਦਾ ਹੋਇਆ ਤਣਾਅ ਜਾਂ ਝਗੜਾ ਨਹੀਂ ਹੈ। ਇਸ ਦੀ ਨੀਂਹ ਤਾਂ ਅਸਲ ਵਿੱਚ ਸਾਲ 1991 ਵਿੱਚ ਹੀ ਰੱਖੀ ਗਈ ਸੀ, ਜਦੋਂ ਤਤਕਾਲੀ ਸੋਵੀਅਤ ਸੰਘ ਟੁੱਟ ਕੇ ਵੰਡਿਆ ਗਿਆ ਸੀ ਅਤੇ ਦੁਨੀਆ ਦੇ ਨਕਸ਼ੇ ’ਤੇ ਰੂਸ, ਯੂਕਰੇਨ ਤੇ 15 ਨਵੇਂ ਦੇਸ਼ਾਂ ਦਾ ਉਦੇ ਹੋਇਆ ਸੀ। ਉਸ ਸਮੇਂ ਇਹ ਇੱਕ ਅਣ-ਐਲਾਨਿਅ ਸਮਝੌਤਾ ਹੋਇਆ ਸੀ ਕਿ ਸੋਵੀਅਤ ਸੰਘ ਨਾਲ਼ੋਂ ਟੁੱਟ ਕੇ ਬਣੇ ਨਵੇਂ ਦੇਸ਼ਾਂ ਨੂੰ ਨਾਟੋ ਨਾ ਤਾਂ ਫ਼ੌਜੀ ਸੰਗਠਨ ਦਾ ਮੈਂਬਰ ਬਣਾਏਗਾ ਅਤੇ ਨਾ ਹੀ ਆਪਣਾ ਵਿਸਥਾਰ ਰੂਸ ਦੀਆਂ ਭੂਗੋਲਿਕ ਸਰਹੱਦਾਂ ਤੱਕ ਕਰੇਗਾ, ਪਰ ਜਿਵੇਂ ਕਿ ਅਮਰੀਕਾ ਅਤੇ ਉਸ ਦੇ ਕਈ ਪੱਛਮੀ ਸਾਥੀ ਦੇਸ਼ਾਂ ਦਾ ਰਵੱਈਆ ਹੁੰਦਾ ਹੈ ਕਿ ਉਹ ਸਮਝੌਤਾ ਕਰ ਤਾਂ ਲੈਂਦੇ ਹਨ, ਪਰ ਉਸ ਨੂੰ ਅਮਲ ਵਿੱਚ ਲਿਆਉਣ ਦੀ ਖੇਚਲ ਨਹੀਂ ਕਰਦੇ, ਇੱਥੇ ਵੀ ਠੀਕ ਓਹੀ ਹੋਇਆ।

ਭਾਵੇਂ ਸੀਤ ਯੁੱਧ ਦੇ ਖ਼ਾਤਮੇ ’ਤੇ ਰੂਸ ਨੂੰ ਇਹ ਭਰੋਸਾ ਦਿੱਤਾ ਗਿਆ ਸੀ ਕਿ ਉਸ ਦੀਆਂ ਭੂਗੋਲਿਕ ਸਰਹੱਦਾਂ ਤੱਕ ਨਾਟੋ ਨਹੀਂ ਜਾਵੇਗਾ, ਪਰ ਸੋਵੀਅਤ ਸੰਘ ਦੇ ਪਤਨ ਦੇ 5 ਸਾਲਾਂ ਦੇ ਅੰਦਰ ਹੀ ਨਾਟੋ ਦਾ ਵਿਸਥਾਰ ਉਨਾਂ ਕਈ ਦੇਸ਼ਾਂ ਤੱਕ ਹੋ ਗਿਆ, ਜੋ ਪਹਿਲਾਂ ਸੋਵੀਅਤ ਸੰਘ ਦਾ ਹਿੱਸਾ ਸਨ। ਇਹੀ ਨਹੀਂ ਉਦੋਂ ਤੋਂ ਲਗਾਤਾਰ ਅਮਰੀਕਾ, ਬਰਤਾਨੀਆ ਅਤੇ ਦੂਜੇ ਪ੍ਰਮੁੱਖ ਨਾਟੋ ਦੇਸ਼ ਯੂਕਰੇਨ ਦੀ ਭਲਾਈ ਦੇ ਨਾਂ ’ਤੇ ਉਸ ਨੂੰ ਰੂਸ ਦੇ ਖ਼ਿਲਾਫ਼ ਮਜ਼ਬੂਤ ਦੁਸ਼ਮਣ ਦੇ ਰੂਪ ਵਿੱਚ ਵਿਕਸਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਰੂਸ ਲਗਾਤਾਰ ਇਨਾਂ ਗੱਲਾਂ ਦਾ ਵਿਰੋਧ ਕਰ ਰਿਹਾ ਸੀ। ਇੱਥੋਂ ਤੱਕ ਕਿ ਸਾਲ 2014 ਵਿੱਚ ਜਦੋਂ ਉਸ ਨੇ ਕ੍ਰੀਮੀਆ ’ਤੇ ਕਬਜ਼ਾ ਕਰ ਲਿਆ, ਉਦੋਂ ਵੀ ਉਸ ਨੇ ਯੂਕਰੇਨ ਨੂੰ ਇਸ਼ਾਰਿਆਂ ਵਿੱਚ ਹੀ ਨਹੀਂ, ਸਗੋਂ ਸਾਫ਼-ਸਾਫ਼ ਸ਼ਬਦਾਂ ਵਿੱਚ ਕਹਿ ਦਿੱਤਾ ਸੀ ਕਿ ਜੇਕਰ ਯੂਕਰੇਨ ਪੱਛਮੀ ਦੇਸ਼ਾਂ ਦੇ ਇਸ਼ਾਰਿਆਂ ’ਤੇ ਰੂਸ ਦੀ ਨੀਂਦ ਹਰਾਮ ਕਰੇਗਾ ਤਾਂ ਇਸ ਦਾ ਬਹੁਤ ਬੁਰਾ ਅੰਜਾਮ ਹੋਵੇਗਾ।

ਬਾਕੀ ਸਫ਼ਾ 30 ’ਤੇ

# ਰੂਸ-ਯੂਕਰੇਨ ਜੰਗ ਕਾਰਨ ਭਾਰਤੀ ਆਰਥਿਕਤਾ ਸੰਕਟ ਵਿੱਚ



**ਡਾ. ਐੱਸ. ਐੱਸ. ਛੀਨਾ**

ਅੱਜ-ਕੱਲ ਦੁਨੀਆ ਸੰਸਾਰਿਕ ਪਿੰਡ ਬਣ ਚੁੱਕੀ ਹੈ। ਇੱਕ ਦੇਸ਼ ਵਿੱਚ ਵਾਪਰੀ ਘਟਨਾ ਦਾ ਪ੍ਰਭਾਵ ਦੂਸਰੇ ਦੇਸ਼ਾਂ ’ਤੇ ਵੀ ਪੈਣਾ ਸੁਭਾਵਿਕ ਹੈ। ਰੂਸ, ਯੂਕਰੇਨ ਦੀ ਜੰਗ ਜਿੱਥੇ ਉਨਾਂ ਦੋਵਾਂ ਦੇਸ਼ਾਂ ਨੂੰ ਪ੍ਰਤੱਖ ਤੌਰ ’ਤੇ ਪ੍ਰਭਾਵਿਤ ਕਰ ਰਹੀ ਹੈ, ਉੱਥੇ ਉਸ ਨਾਲ਼ ਹਰ ਦੇਸ਼ ਪ੍ਰਭਾਵਿਤ ਹੋ ਰਿਹਾ ਹੈ, ਜਿਨਾਂ ਵਿੱਚ ਭਾਰਤ ਵੱਖਰਾ ਨਹੀਂ ਰਹਿ ਸਕਦਾ, ਸਗੋਂ ਇਹ ਜੰਗ ਭਾਰਤ ਦੀ ਆਰਥਿਕਤਾ ਨੂੰ ਵੀ ਪ੍ਰਭਾਵਿਤ ਕਰ ਰਹੀ ਹੈ। ਦੇਸ਼ ਦੀਆਂ 83 ਫ਼ੀਸਦੀ ਤੇਲ ਦੀਆਂ (ਪੈਟਰੋਲ, ਡੀਜ਼ਲ) ਲੋੜਾਂ ਦਰਾਮਦ ਨਾਲ਼ ਪੂਰੀਆਂ ਕੀਤੀਆਂ ਜਾਂਦੀਆਂ ਹਨ। ਇਸ ਜੰਗ ਨਾਲ਼ ਤੇਲ ਦੀ ਦਰਾਮਦ ਵਿੱਚ ਕਮੀ ਆਏਗੀ ਜਿਸ ਨਾਲ਼ ਕੀਮਤਾਂ ਵਧਣਗੀਆਂ ਅਤੇ ਤੇਲ ਦੀਆਂ ਵਧਦੀਆਂ ਕੀਮਤਾਂ ਨਾਲ਼ ਢੁਆਈ ਅਤੇ ਆਵਾਜਾਈ ਦੀ ਲਾਗਤ ਵਧੇਗੀ ਅਤੇ ਇੱਕਦਮ ਮਹਿੰਗਾਈ ਦਾ ਦੌਰ ਸ਼ੁਰੂ ਹੋ ਜਾਏਗਾ ਅਤੇ ਇਸ ਮਹਿੰਗਾਈ ਦਾ ਵਪਾਰੀਆਂ ਵੱਲੋਂ ਫ਼ਾਇਦਾ ਲਿਆ ਜਾਵੇਗਾ। ਜਿਸ ਅਨੁਪਾਤ ਨਾਲ਼ ਤੇਲ ਦੀਆਂ ਕੀਮਤਾਂ ਵਧਣਗੀਆਂ, ਉਸ ਅਨੁਪਾਤ ਤੋਂ ਕਿਤੇ ਜ਼ਿਆਦਾ ਵਸਤੂਆਂ ਅਤੇ ਸੇਵਾਵਾਂ ਵੀ ਮਹਿੰਗੀਆਂ ਹੋ ਜਾਣਗੀਆਂ ਅਤੇ ਦੇਸ਼ ਵਿੱਚ ਮਹਿੰਗਾਈ ਦਰ ਵਿੱਚ ਵੱਡਾ ਵਾਧਾ ਹੋਵੇਗਾ।

1960 ਤੋਂ ਲੈ ਕੇ ਲਗਾਤਾਰ ਭਾਰਤ ਵਿੱਚ ਮਹਿੰਗਾਈ ਦਰ ਵਿਕਸਿਤ ਦੇਸ਼ਾਂ ਤੋਂ ਕਿਤੇ ਜ਼ਿਆਦਾ ਰਹੀ ਹੈ ਅਤੇ ਕਈ ਸਾਲਾਂ ਵਿੱਚ ਇਹ 10 ਫ਼ੀਸਦੀ ਦੇ ਕਰੀਬ, ਜਿਸ ਦਾ ਅਰਥ ਹੈ ਕਿ ਕੀਮਤਾਂ ਵਿੱਚ ਵਾਧਾ 10 ਫ਼ੀਸਦੀ ਪ੍ਰਤੀ ਸਾਲ ਤੱਕ ਹੋ ਜਾਂਦਾ ਰਿਹਾ ਹੈ ਪਰ ਇਸ ਦਾ ਕਾਰਨ ਉਸ ਪੂਰਤੀ ਦੀ ਕਮੀ ਹੈ ਜਿਹੜੀ ਵਿਦੇਸ਼ਾਂ ਤੋਂ ਦਰਾਮਦ ਕਰਕੇ ਪੂਰੀ ਕੀਤੀ ਜਾਂਦੀ ਹੈ। ਜਿਨਾਂ ਦੇਸ਼ਾਂ ਵਿੱਚ ਆਤਮ-ਨਿਰਭਰਤਾ ਹੈ ਜਾਂ ਵਸਤੂਆਂ ਅਤੇ ਸੇਵਾਵਾਂ ਉਨਾਂ ਦੇ ਆਪਣੇ ਦੇਸ਼ ਵਿੱਚ ਹੀ ਕਾਫ਼ੀ ਹਨ ਜਾਂ ਬਹੁਤ ਥੋੜੀ ਮਾਤਰਾ ਵਿੱਚ ਮੰਗਵਾਉਣੀਆਂ ਪੈਂਦੀਆਂ ਹਨ, ਉੱਥੇ ਮਹਿੰਗਾਈ ਘਟ ਹੁੰਦੀ ਹੈ। ਇਹੋ ਵਜਾ ਹੈ ਕਿ ਯੂਰਪੀਨ ਅਤੇ ਵਿਕਸਿਤ ਦੇਸ਼ਾਂ ਵਿੱਚ ਮਹਿੰਗਾਈ ਦਰ ਬਹੁਤ ਮਾਮੂਲੀ ਰਹੀ ਹੈ ਅਤੇ ਕੀਮਤਾਂ ਜ਼ਿਆਦਾਤਰ ਸਥਿਰ ਰਹੀਆਂ ਹਨ। ਭਾਰਤ ਨੂੰ ਧਾਤਾਂ, ਤੇਲ ਅਤੇ ਖਾਣ ਵਾਲੇ ਤੇਲਾਂ ਦੀ ਦਰਾਮਦ ’ਤੇ ਨਿਰਭਰ ਹੋਣਾ ਪੈਂਦਾ ਹੈ। ਇਸ ਕਰਕੇ ਜਦੋਂ ਵੀ ਇਨਾਂ ਦੀ ਦਰਾਮਦ ਵਿੱਚ ਕਮੀ ਆਏਗੀ, ਉਦੋਂ ਹੀ ਕੀਮਤਾਂ ਵਿੱਚ ਵਾਧਾ ਹੋਵੇਗਾ, ਜਿਸ ਨਾਲ਼ ਮਹਿੰਗਾਈ ਵਧੇਗੀ ਅਤੇ ਉਸ ਦਾ ਪ੍ਰਭਾਵ ਉਨਾਂ ਲੋਕਾਂ ’ਤੇ ਜ਼ਿਆਦਾ ਪਵੇਗਾ, ਜਿਨਾਂ ਦੀ ਪਹਿਲਾਂ ਹੀ ਸੀਮਤ ਆਮਦਨ ਹੈ। ਇਸ ਜੰਗ ਦੇ 4 ਦਿਨਾਂ ਵਿੱਚ ਹੀ ਭਾਰਤ ਵਿੱਚ ਲੋਹੇ ਦੀਆਂ ਕੀਮਤਾਂ ਵਿੱਚ 4000 ਰੁਪਏ ਪ੍ਰਤੀ ਟਨ ਦਾ ਵਾਧਾ ਹੋ ਗਿਆ ਹੈ। ਇਸ ਨਾਲ਼ ਉਹ ਉਦਯੋਗ ਜਿਹੜੇ ਲੋਹੇ ਨੂੰ ਕੱਚੇ ਮਾਲ ਦੇ ਤੌਰ ’ਤੇ ਵਰਤਦੇ ਹਨ ਜਾਂ ਜਿਹੜੇ ਲੋਹੇ ਦੀਆਂ ਵਸਤੂਆਂ ਬਣਾਉਂਦੇ ਹਨ, ਉਨਾਂ ਦੇ ਕੰਮ ਵਿੱਚ ਕਮੀ ਆਏਗੀ। ਕਿਰਤੀਆਂ ਦੀ ਲੋੜ ਘਟੇਗੀ, ਕਿਰਤੀਆਂ ਦੀਆਂ ਤਨਖ਼ਾਹਾਂ ਘਟਣਗੀਆਂ ਜਿਸ ਨਾਲ਼ ਉਨਾਂ ਲੋਕਾਂ ਦੀਆਂ ਮੁਸ਼ਕਿਲਾਂ ਵਿੱਚ ਵਾਧਾ ਹੋਵੇਗਾ, ਜਿਹੜੇ ਸਿਰਫ਼ ਕਿਰਤ ਦੀ ਕਮਾਈ ’ਤੇ ਨਿਰਭਰ ਕਰਦੇ ਹਨ। ਜਦੋਂ ਜੰਗ ਲੱਗਦੀ ਹੈ ਤਾਂ ਵਸਤੂਆਂ ਅਤੇ ਸੇਵਾਵਾਂ ਦੀ ਢੋਆ-ਢੁਆਈ ਘਟਦੀ ਹੈ, ਅਸੁਰੱਖਿਆ ਦੀ ਭਾਵਨਾ ਨਾਲ਼ ਵਸਤੂਆਂ ਨੂੰ ਬੰਦਰਗਾਹਾਂ ’ਤੇ ਨਹੀਂ ਭੇਜਿਆ ਜਾਂਦਾ। ਕਈ ਵਾਰ ਜੰਗ ਲੱਗਣ ਦੀ ਹਾਲਤ ਵਿੱਚ ਕੁਝ ਦੇਸ਼ ਵਸਤੂਆਂ ਨੂੰ ਭੇਜਣ ’ਤੇ ਪਾਬੰਦੀ ਲਾ ਦਿੰਦੇ ਹਨ। ਇਸ ਨਾਲ਼ ਜਿਨਾਂ ਦੇਸ਼ਾਂ ਵਿੱਚ ਉਨਾਂ ਵਸਤੂਆਂ ਨੂੰ ਕੱਚੇ ਮਾਲ ਦੇ ਤੌਰ ’ਤੇ ਵਰਤਣਾ ਹੁੰਦਾ ਹੈ, ਉਨਾਂ ਦੇਸ਼ਾਂ ਵਿੱਚ ਉਦਯੋਗਿਕ ਕੰਮ ਘਟ ਜਾਂਦੇ ਹਨ। ਕਾਰਖ਼ਾਨਿਆਂ ਵਿੱਚ ਉਤਪਾਦਨ ਘਟਦਾ ਹੈ, ਜਿਸ ਕਰਕੇ ਵਸਤੂਆਂ ਦੀ ਥੁੜ ਆਉਂਦੀ ਹੈ। ਇੱਕ ਪਾਸੇ ਬੇਰੁਜ਼ਗਾਰੀ ਵਧਦੀ ਹੈ, ਦੂਜੇ ਪਾਸੇ ਵਸਤੂਆਂ ਦੀ ਪੂਰਤੀ ਘਟਣ ਕਰਕੇ ਮਹਿੰਗਾਈ ਵਧਦੀ ਹੈ। ਭਾਰਤ ਯੂਕਰੇਨ ਅਤੇ ਰੂਸ ਤੋਂ ਚਮੜੇ ਦੀ ਦਰਾਮਦ ਕਰਦਾ ਹੈ। ਜੰਗ ਨਾਲ਼ ਚਮੜੇ ਦੀ ਦਰਾਮਦ ਘਟੇਗੀ ਅਤੇ ਉਹ ਉਦਯੋਗਿਕ ਇਕਾਈਆਂ ਜਿਹੜੀਆਂ ਚਮੜੇ ਦਾ ਮਾਲ ਬਣਾਉਂਦੀਆਂ ਹਨ, ਉਨਾਂ ਦਾ ਕੰਮ ਘਟੇਗਾ, ਕਿਰਤੀਆਂ ਦੀ ਮੰਗ ਘਟੇਗੀ, ਚਮੜੇ ਦੀਆਂ ਵਸਤੂਆਂ ਦੇ ਘੱਟ ਉਤਪਾਦਨ ਨਾਲ਼ ਉਨਾਂ ਵਸਤੂਆਂ ਦੀਆਂ ਕੀਮਤਾਂ ਵਧਣਗੀਆਂ।

ਭਾਵੇਂ ਭਾਰਤ ਇੱਕ ਖੇਤੀ ਪ੍ਰਧਾਨ ਦੇਸ਼ ਹੈ ਪਰ ਬਹੁਤ ਸਾਰੀਆਂ ਖੇਤੀ ਵਸਤੂਆਂ ਵਿੱਚ ਵੀ ਆਤਮ-ਨਿਰਭਰਤਾ ਨਹੀਂ। ਖਾਣ ਵਾਲੇ ਤੇਲ ਵੀ ਭਾਰਤ ਯੂਕਰੇਨ ਅਤੇ ਰੂਸ ਤੋਂ ਮੰਗਵਾਉਂਦਾ ਹੈ। ਜੰਗ ਦੀ ਹਾਲਤ ਵਿੱਚ ਇਹ ਦਰਾਮਦ ਰੁਕ ਜਾਵੇਗੀ, ਜਿਸ ਨਾਲ਼ ਖਾਣ ਵਾਲੇ ਤੇਲ ਜਿਹੜੇ ਹਰ ਘਰ ਦੀ ਵਰਤੋਂ ਵਿੱਚ ਆਉਂਦੇ ਹਨ, ਉਨਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਵੇਗਾ। ਪਰ ਇਸ ਦੇ ਨਾਲ਼ ਹੀ ਉਹ ਤੇਲ ਜਿਹੜੇ ਭਾਵੇਂ ਆਪਣੇ ਦੇਸ਼ ਵਿੱਚ ਪੈਦਾ ਹੁੰਦੇ ਹਨ ਪਰ ਜਦੋਂ ਦਰਾਮਦ ਵਾਲੇ ਤੇਲਾਂ ਦੀਆਂ ਕੀਮਤਾਂ ਵਧਣਗੀਆਂ ਤਾਂ ਦੇਸ਼ ਵਿੱਚ ਪੈਦਾ ਹੋਣ ਵਾਲੇ ਤੇਲਾਂ ਦੀਆਂ ਕੀਮਤਾਂ ਦੀ ਮੰਗ ਵਧੇਗੀ ਅਤੇ ਉਨਾਂ ਦੀਆਂ ਕੀਮਤਾਂ ਵੀ ਵਧਣਗੀਆਂ। ਬੰਗਾਲ ਵਿੱਚ ਪੈਦਾ ਹੋਣ ਵਾਲੀ ਚਾਹ ਰੂਸ, ਯੂਕਰੇਨ ਅਤੇ ਉਨਾਂ ਦੇ ਨਾਲ਼ ਲਗਦੇ ਹੋਰ ਦੇਸ਼ਾਂ ਨੂੰ ਬਰਾਮਦ ਕੀਤੀ ਜਾਂਦੀ ਹੈ ਜਿਸ ਤੋਂ ਵੱਡੀ ਮਾਤਰਾ ਵਿੱਚ ਵਿਦੇਸ਼ੀ ਮੁਦਰਾ ਕਮਾਈ ਜਾਂਦੀ ਹੈ। ਜਦੋਂ ਜੰਗ ਦੀ ਹਾਲਤ ਹੈ ਤਾਂ ਉਹ ਬਰਾਮਦ ਬੰਦ ਹੋ ਜਾਵੇਗੀ। ਜਿੱਥੇ ਭਾਰਤ ਵੱਲੋਂ ਕਮਾਈ ਜਾਣ ਵਾਲੀ ਵਿਦੇਸ਼ੀ ਮੁਦਰਾ ਵਿੱਚ ਕਮੀ ਆਏਗੀ, ਉੱਥੇ ਨਾਲ਼ ਹੀ ਚਾਹ ਦੇ ਕਾਰੋਬਾਰ ਵਿੱਚ ਲੱਗੇ ਕਿਰਤੀਆਂ ਦੀ ਮੰਗ ਘਟੇਗੀ ਕਿਉਂਕਿ ਜੇ ਪਹਿਲਾਂ ਹੀ ਮਾਲ ਜਮਾ ਪਿਆ ਰਹੇਗਾ ਤਾਂ ਨਵੇਂ ਉਤਪਾਦਨ ਦੀ ਲੋੜ ਨਹੀਂ ਰਹੇਗੀ, ਜਿਹੜੀ ਫਿਰ ਉਨਾਂ ਕਿਰਤੀਆਂ ਦੀਆਂ ਮੁਸ਼ਕਿਲਾਂ ਵਿੱਚ ਵਾਧਾ ਕਰੇਗੀ। ਦਰਾਮਦ ਅਤੇ ਬਰਾਮਦ ਦੋਵਾਂ ਦੇ ਘਟਣ ਨਾਲ਼ ਦੇਸ਼ ਦੀ ਆਰਥਿਕਤਾ ਵੱਡੀ ਮਾਤਰਾ ਵਿੱਚ ਪ੍ਰਭਾਵਿਤ ਹੁੰਦੀ ਹੈ। ਜੰਗ ਕਰਕੇ ਇਹ ਦਰਾਮਦ ਅਤੇ ਬਰਾਮਦ ਦੋਵੇਂ ਘਟਦੀਆਂ ਹਨ। ਇਸ ਦੇ ਨਾਲ਼ ਹੀ ਜਿਨਾਂ ਦੇਸ਼ਾਂ ਵੱਲੋਂ ਦਰਾਮਦ ਜਾਂ ਬਰਾਮਦ ’ਤੇ ਪਾਬੰਦੀ ਲਾਈ ਜਾਂਦੀ ਹੈ, ਉਨਾਂ ਕਰਕੇ ਅੰਤਰਰਾਸ਼ਟਰੀ ਵਪਾਰ ਵਿੱਚ ਆਈ ਕਮੀ ਕਰਕੇ ਇੱਕ ਪਾਸੇ ਮਹਿੰਗਾਈ ਅਤੇ ਦੂਜੇ ਪਾਸੇ ਕਿਰਤੀਆਂ ਦੀ ਮੰਗ ਦੋਵੇਂ ਘਟਦੀਆਂ ਹਨ ਅਤੇ ਇਹ ਆਮ ਆਦਮੀ ਨੂੰ ਜ਼ਿਆਦਾ ਪ੍ਰਭਾਵਿਤ ਕਰਦੀਆਂ ਹਨ। ਜੰਗ ਦੇ ਦਿਨਾਂ ਵਿੱਚ ਅਫ਼ਵਾਹਾਂ ਕਰਕੇ ਵਪਾਰੀ ਲੋਕਾਂ ਵੱਲੋਂ ਕੁਝ ਵਸਤੂਆਂ ਦੀ ਆਰਜ਼ੀ ਥੁੜ ਪੈਦਾ ਕਰ ਦਿੱਤੀ ਜਾਂਦੀ ਹੈ। ਭਾਵੇਂ ਉਨਾਂ ਵਸਤੂਆਂ ਦੀ ਥੁੜ ਹੁੰਦੀ ਨਹੀਂ ਪਰ ਪ੍ਰਭਾਵ ਇਹ ਦਿੱਤਾ ਜਾਂਦਾ ਹੈ ਕਿ ਇਹ ਵਸਤੂਆਂ ਭਵਿੱਖ ਵਿੱਚ ਨਹੀਂ ਮਿਲਣਗੀਆਂ, ਜਿਸ ਕਰਕੇ ਆਮ ਲੋਕ ਉਨਾਂ ਵਸਤੂਆਂ ਦੀ ਲੋੜ ਤੋਂ ਵੱਧ ਖ਼ਰੀਦਦਾਰੀ ਕਰਦੇ ਹਨ, ਜਿਨਾਂ ਲਈ ਖ਼ਰੀਦਣ ਵਾਲਾ ਉੱਚੀਆਂ ਕੀਮਤਾਂ ਦੇਣ ਲਈ ਤਿਆਰ ਹੋ ਜਾਂਦਾ ਹੈ। ਭਾਰਤ ਨੂੰ ਜ਼ਿਆਦਾ ਦਰਾਮਦ ਲਈ ਭੁਗਤਾਨ ਡਾਲਰਾਂ ਵਿੱਚ ਕਰਨਾ ਪੈਂਦਾ ਹੈ। ਜੰਗ ਦੇ ਦਿਨਾਂ ਵਿੱਚ ਅੰਤਰਰਾਸ਼ਟਰੀ ਕਰੰਸੀ ਜਿਵੇਂ ਕਿ ਡਾਲਰਾਂ ਦੀ ਮੰਗ ਵਧ ਜਾਂਦੀ ਹੈ। ਜਦੋਂ ਡਾਲਰ ਮਹਿੰਗਾ ਹੁੰਦਾ ਹੈ ਤਾਂ ਉਸ ਲਈ ਸਥਾਨਕ ਕਰੰਸੀ ਵਿੱਚ ਜ਼ਿਆਦਾ ਕੀਮਤ ਅਦਾ ਕਰਨੀ ਪੈਂਦੀ ਹੈ ਜਿਵੇਂ ਜੇ ਪਹਿਲਾਂ ਡਾਲਰ 75 ਰੁਪਏ ਦਾ ਸੀ ਤਾਂ ਮਹਿੰਗਾ ਹੋਣ ਨਾਲ਼ 77 ਰੁਪਏ ਦਾ ਹੋ ਸਕਦਾ ਹੈ। ਇਸ ਨਾਲ਼ ਵਿਦੇਸ਼ੀ ਵਪਾਰੀ ਭਾਰਤ ਤੋਂ ਜ਼ਿਆਦਾ ਵਸਤੂਆਂ ਖ਼ਰੀਦਣ ਲਈ ਉਤਸੁਕ ਹੁੰਦੇ ਹਨ ਜਿਸ ਨਾਲ਼ ਉਨਾਂ ਵਸਤੂਆਂ ਦੀ ਆਪਣੇ ਦੇਸ਼ ਵਿੱਚ ਥੁੜ ਵਾਲੀ ਸਥਿਤੀ ਬਣਦੀ ਹੈ। ਦੂਜੇ ਪਾਸੇ ਜਿਹੜੀਆਂ ਵਸਤੂਆਂ ਬਾਹਰੋਂ ਮੰਗਵਾਈਆਂ ਜਾਂਦੀਆਂ ਹਨ, ਉਹ ਪਹਿਲਾਂ ਤੋਂ ਮਹਿੰਗੀਆਂ ਹੋ ਜਾਂਦੀਆਂ ਹਨ, ਭਾਵੇਂ ਕਿ ਇਸ ਨਾਲ਼ ਵਪਾਰੀਆਂ ਨੂੰ ਤਾਂ ਲਾਭ ਹੁੰਦਾ ਹੈ ਪਰ ਆਮ ਆਦਮੀ ਦੀਆਂ ਮੁਸ਼ਕਿਲਾਂ ਵਧਦੀਆਂ ਹਨ। ਇਸ ਦੇ ਨਾਲ਼ ਹੀ ਕੱਚਾ ਮਾਲ ਜਿਵੇਂ ਤੇਲ ਦੀ ਦਰਾਮਦ ਲਈ ਜਦੋਂ ਡਾਲਰਾਂ ਦੀ ਸ਼ਕਲ ਵਿੱਚ ਵੱਧ ਕੀਮਤ ਦੇਣੀ ਪਵੇਗੀ ਤਾਂ ਤੇਲ ਦੀ ਕੀਮਤ ਵਿੱਚ ਵਾਧੇ ਤੋਂ ਇਲਾਵਾ ਡਾਲਰਾਂ ਦੀ ਮਹਿੰਗਾਈ ਕਰਕੇ ਵੀ ਮਹਿੰਗਾ ਹੋ ਜਾਏਗਾ। ਇਸ ਤਰਾਂ ਇਹ ਮਹਿੰਗਾਈ ਵਿੱਚ ਹੋਰ ਵਾਧਾ ਕਰ ਦੇਵੇਗਾ। ਅੰਤਰਰਾਸ਼ਟਰੀ ਵਪਾਰ ਵਿਕਾਸ ਦਾ ਇੰਜਣ ਤਾਂ ਹੈ ਪਰ ਜਿਹੜੇ ਦੇਸ਼ ਬਰਾਮਦ ਜ਼ਿਆਦਾ ਅਤੇ ਦਰਾਮਦ ਘੱਟ ਕਰਦੇ ਹਨ, ਉਨਾਂ ਨੂੰ ਅੰਤਰਰਾਸ਼ਟਰੀ ਕੀਮਤਾਂ ਵਧਣ ਨਾਲ਼ ਲਾਭ ਮਿਲਦਾ ਹੈ ਪਰ

ਬਾਕੀ ਸਫ਼ਾ 30 ’ਤੇ

# ਨਾਰੀਵਾਦੀ ਕਿਤਾਬਾਂ ਦੇ ਪੰਜਾਬੀ ਅਨੁਵਾਦਾਂ ਵਿੱਚ (ਅ)ਬੌਧਿਕ ਚਲਾਕੀਆਂ

**ਅਰਸ਼**
**95921 90794**

ਪੱਛਮ ਤੋਂ ਪੂਰਬ ਤੇ ਪੂਰਬ ਤੋਂ ਪੱਛਮ ਵੱਲ ਵਿਚਾਰਾਂ ਦਾ ਅਦਾਨ ਪ੍ਰਦਾਨ ਸਦੀਆਂ ਤੋਂ ਚੱਲਿਆ ਆ ਰਿਹਾ ਹੈ। ਇਸ ਅਦਲਾ-ਬਦਲੀ ਦਾ ਸਾਧਨ ਮੁੱਖ ਰੂਪ ਵਿੱਚ ਅਨੁਵਾਦ ਹੈ। ਅਨੁਵਾਦ ਨੇ ਜਿੱਥੇ ਦੁਨੀਆਂ ਭਰ ਦੇ ਵਿਚਾਰਾਂ ਵਿੱਚ ਪੁਲ ਦਾ ਕੰਮ ਕੀਤਾ ਹੈ ਉੱਥੇ ਹੀ ਗ਼ਲਤ ਅਨੁਵਾਦ ਕਾਰਨ ਬਹੁਤ ਸਾਰੀਆਂ ਰਚਨਾਵਾਂ ਦੇ ਮੂਲ ਭਾਵ ਦਾ ਘਾਣ ਵੀ ਹੋਇਆ ਹੈ। ਇਹ ਗ਼ਲਤ ਅਨੁਵਾਦ ਕਰਨ ਤੇ ਕਰਵਾਉਣ ਦਾ ਰੁਝਾਨ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਵੀ ਪ੍ਰਚਲਿਤ ਹੈ। ਇਸ ਰੁਝਾਨ ਨੇ ਬਹੁਤ ਸਾਰੇ ਵਿਚਾਰਾਂ ਅਤੇ ਸਿਧਾਂਤਾਂ ਦਾ ਘਾਣ ਕੀਤਾ ਹੈ। ਇਸ ਰੁਝਾਨ ਦੀ ਬਲੀ ਚੜਨ ਵਾਲੇ ਵਿਚਾਰਾਂ ਦੀ ਸੂਚੀ ਵਿੱਚ ਨਾਰੀਵਾਦ ਵੀ ਸ਼ਾਮਿਲ ਹੈ। ਪੰਜਾਬੀ ਵਿੱਚ ਅਨੁਵਾਦ ਹੋਈਆਂ ਤੇ ਹੋ ਰਹੀਆਂ ਬਹੁਤ ਸਾਰੀਆਂ ਕਿਤਾਬਾਂ ਜੋ ਕਿਵੇਂ ਨਾ ਕਿਵੇਂ ਔਰਤ ਦੇ ਮਸਲੇ ਨਾਲ਼ ਜੁੜੀਆਂ ਹੋਈਆਂ ਹਨ, ਉਹ ਭਾਵੇਂ ਨਾਰੀਵਾਦੀ ਸਿਧਾਂਤ ਦੀ ਕਿਤਾਬ ਹੋਵੇ ਜਾਂ ਔਰਤ ਦੇ ਮਸਲੇ ਬਾਰੇ ਕੋਈ ਸਾਹਿਤਕ ਕਿਤਾਬ ਹੋਵੇ, ਉਨਾਂ ਦੇ ਅਨੁਵਾਦਾਂ ਵਿੱਚ ਹੇਰ-ਫੇਰ ਅਤੇ ਗੰਭੀਰ ਗ਼ਲਤੀਆਂ ਹਨ। ਇੰਨਾਂ ਵਿੱਚੋਂ ਪਹਿਲਾ ਨਾਮ 'ਦ ਸੈਕੰਡ ਸੈਕਸ' ਕਿਤਾਬ ਦਾ ਹੈ। ਇਹ ਕਿਤਾਬ ਜਿੰਨੀ ਮਹੱਤਵਪੂਰਨ ਹੈ ਓਨੀਆਂ ਹੀ ਇਸਦੇ ਅਨੁਵਾਦ ਵਿੱਚ ਗ਼ਲਤੀਆਂ ਹਨ।

'ਸਿਮੋਨ ਦ ਬੋਵੁਆ' **(Simone de Beauvoir)** ਦੀ ਇਹ ਵਿਸ਼ਵ ਪ੍ਰਸਿੱਧ ਫ਼ਰੈਂਚ ਕਿਤਾਬ **Le Deuxième Sexe** (ਦ ਸੈਕੰਡ ਸੈਕਸ) 1949 ਵਿੱਚ ਛਪੀ। 1953 ਵਿੱਚ ਇੱਕ ਜੀਵ ਵਿਗਿਆਨੀ **H. M. Parshley** ਨੇ ਇਸਦਾ ਅੰਗਰੇਜ਼ੀ ਅਨੁਵਾਦ ਕੀਤਾ, ਜਿਸਦੇ ਅਧਿਕਾਰ **Alfred A. Knopf, Inc.** ਕੋਲ਼ ਸਨ। ਬਹੁਤ ਸਾਰੇ ਆਲੋਚਕਾਂ ਨੇ ਇਸ ਅਨੁਵਾਦ ਨੂੰ ਗ਼ਲਤ ਠਹਿਰਾਇਆ ਤੇ ਕਈ ਸਾਲ ਇਸ ਗੱਲ ਉੱਤੇ ਬਹਿਸ ਵੀ ਚਲਦੀ ਰਹੀ। ਇੱਥੋਂ ਤੱਕ ਲੇਖਿਕਾ ਨੇ 1985 ਦੇ ਇੱਕ ਇੰਟਰਵਿਊ ਦੌਰਾਨ ਖ਼ੁਦ ਵੀ ਇਸ ਬਾਰੇ ਪ੍ਰਕਾਸ਼ਕ ਨੂੰ ਦਰਖ਼ਵਾਸਤ ਕੀਤੀ ਕਿ ਇਸ ਅਨੁਵਾਦ ਨੂੰ ਠੀਕ ਕੀਤਾ ਜਾਵੇ। ਤਕਰੀਬਨ 55 ਸਾਲ ਬਾਅਦ 2009 ਵਿੱਚ ਦੁਬਾਰਾ ਇਸਦਾ ਅਨੁਵਾਦ ਦੋ ਫ਼ਿਲਾਸਫ਼ੀ ਦੀਆਂ ਪ੍ਰੋਫ਼ੈਸਰਾਂ **Constance Borde ਅਤੇ Sheila Malovany-Chevallier** ਵੱਲੋਂ ਕੀਤਾ ਗਿਆ। ਜਿਸਨੂੰ ਹੁਣ ਤੱਕ ਦਾ ਸਭ ਤੋਂ ਸਹੀ ਅਨੁਵਾਦ ਮੰਨਿਆ ਗਿਆ ਹੈ। ਇਸ ਕਿਤਾਬ ਦਾ ਇੱਕ ਹਿੰਦੀ ਅਨੁਵਾਦ 'ਸ੍ਤ੍ਰੀ उपेक्षिता' ਦੇ ਨਾਮ ਹੇਠ ਪ੍ਰਭਾ ਖੇਤਾਨ ਵੱਲੋਂ 1992 ਵਿੱਚ ਕੀਤਾ ਗਿਆ ਜੋ ਕਿ ਅਧੂਰਾ ਹੈ, 'ਹਿੰਦੀ ਸਾਹਿਤ ਗਦ ਕੋਸ਼' ਅਨੁਸਾਰ ਇਸਦੇ ਸਿਰਫ਼ 103 ਹੀ ਸਫ਼ੇ ਹਨ। ਇਹ 2009 ਦੇ ਸਹੀ ਅੰਗਰੇਜ਼ੀ ਅਨੁਵਾਦ ਤੋਂ ਪਹਿਲਾਂ ਹੋਇਆ ਸੀ ਇਸ ਕਰਕੇ ਵੀ ਇਸਨੂੰ ਠੀਕ ਨਹੀਂ ਮੰਨਿਆ ਜਾ ਸਕਦਾ ਅਤੇ ਪ੍ਰਭਾ ਖੇਤਾਨ ਵੱਲੋਂ ਇਸਨੂੰ ਫ਼ਰੈਂਚ ਵਿੱਚੋਂ ਅਨੁਵਾਦ ਕਰਨ ਦਾ ਕੋਈ ਸਬੂਤ ਕਿਤੇ ਨਹੀਂ ਮਿਲਦਾ। ਇਸ ਕਿਤਾਬ ਦਾ ਪੰਜਾਬੀ ਅਨੁਵਾਦ 'ਜਸਵੀਰ ਕੌਰ' ਨੇ ਕੀਤਾ ਹੈ। ਜੋ ਕਿ ਅੰਗਰੇਜ਼ੀ ਵਾਲੇ ਸਹੀ ਅਨੁਵਾਦ ਤੋਂ 5 ਸਾਲ ਬਾਅਦ 2014 ਵਿੱਚ 'ਤਰਕਭਾਰਤੀ ਪ੍ਰਕਾਸ਼ਨ' ਵੱਲੋਂ ਛਾਪਿਆ ਗਿਆ, ਇਸ ਅਨੁਵਾਦ ਵਿੱਚ ਅਜਿਹੀਆਂ ਗ਼ਲਤੀਆਂ ਹਨ, ਜਿਨਾਂ ਨੇ ਇਸ ਕਿਤਾਬ ਦੇ ਮੁੱਢਲੇ ਸਿਧਾਂਤ ਅਤੇ ਉਦੇਸ਼ ਨੂੰ ਕਮਜ਼ੋਰ ਕਰ ਦਿੱਤਾ ਹੈ।

ਸਿਮੋਨ ਆਪਣੀ ਕਿਤਾਬ ਦੀ ਸ਼ੁਰੂਆਤ ਵਿੱਚ ਹੀ ਲਿਖਦੀ ਹੈ ਕਿ ਜੋ ਗੱਲ ਉਹ ਕਰਨ ਜਾ ਰਹੀ ਹੈ ਉਹ ਕੋਈ ਨਵੀਂ ਗੱਲ ਨਹੀਂ ਹੈ। ਭਾਵ ਕਿ ਸਿਮੋਨ ਤੋਂ ਪਹਿਲਾਂ ਵੀ ਇਸ ਗੱਲ ਦਾ ਆਧਾਰ ਕਿਤੇ ਪਿਆ ਹੈ। ਪਰ ਪੰਜਾਬੀ ਅਨੁਵਾਦ ਵਿੱਚ ਇਸ ਕਿਤਾਬ ਦੇ ਅਖ਼ੀਰ ਉੱਤੇ ਦਿੱਤੇ ਗਏ ਹਵਾਲੇ ਅਤੇ ਸਰੋਤਾਂ ਨੂੰ ਸ਼ਾਮਿਲ ਨਾ ਕਰਕੇ, ਇਸ ਕਿਤਾਬ ਪਿੱਛੇ ਲੇਖਿਕਾ ਦੀ ਮਿਹਨਤ ਦੇ ਮਹੱਤਵ ਨੂੰ ਘਟਾ ਦਿੱਤਾ ਹੈ ਅਤੇ ਇਸ ਕਿਤਾਬ ਦੀ ਇੱਕ ਇਤਿਹਾਸਕ ਪੜਾਅ ਵਜੋਂ ਤਸਵੀਰ ਨੂੰ ਵੀ ਧੁੰਦਲਾ ਕੀਤਾ ਹੈ।

"ਸ਼ਬਦ 'ਮਾਦਾ' ਚੁੱਭਵਾਂ ਹੈ ਇਸ ਲਈ ਨਹੀਂ ਕਿ ਕੁਦਰਤ ਵਿੱਚ ਔਰਤ ਦੀ ਬੁਨਿਆਦੀ ਮੌਜੂਦਗੀ ਦਾ ਸੰਕੇਤ ਹੈ, ਸਗੋਂ ਇਸ ਲਈ ਕਿ ਇਹ ਉਸਨੂੰ ਉਸਦੇ ਲਿੰਗ ਵਿੱਚ ਬੰਨਦਾ




ਹੈ, ਅਤੇ ਜੇ ਇਹ ਲਿੰਗ, ਇੱਥੋਂ ਤੱਕ ਕਿ ਜਾਨਵਰਾਂ ਵਿੱਚ ਵੀ, ਆਦਮੀ ਨੂੰ ਘ੍ਰਿਣਾਯੋਗ ਅਤੇ ਦੁਸ਼ਮਣ ਲੱਗਦਾ ਹੈ, ਤਾਂ ਇਹ ਉਸ ਬੇਚੈਨ ਕਰਨ ਵਾਲੇ ਵੈਰ ਕਰਕੇ ਹੈ ਜੋ ਇੱਕ ਔਰਤ ਮਰਦ ਅੰਦਰ ਪੈਦਾ ਕਰਦੀ ਹੈ। ਫੇਰ ਵੀ ਉਹ ਆਪਣੀ ਇਸ ਭਾਵਨਾ ਲਈ ਜੀਵ-ਵਿਗਿਆਨ ਵਿੱਚ ਸਪਸ਼ਟੀਕਰਨ ਲੱਭਦਾ ਹੈ।"

ਇਹ ਗੱਲ ਹੈ ਜੋ ਸਿਮੋਨ ਕਹਿਣਾ ਚਾਹੁੰਦੀ ਹੈ। ਪਰ ਜੋ ਗੱਲ ਉਸ ਤੋਂ ਪੰਜਾਬੀ ਵਿੱਚ ਅਖਵਾਈ ਗਈ ਹੈ ਉਹ ਹੈ:

"ਔਰਤ ਸ਼ਬਦ ਇਸ ਲਈ ਅਪਮਾਨਜਨਕ ਨਹੀਂ ਹੈ ਕਿ ਔਰਤ ਦਾ ਹੋਣਾ ਆਦਮੀ ਲਈ ਇੱਕ ਵੈਰ ਪੂਰਨ ਸਥਿਤੀ ਹੈ। ਇਸ ਭਾਸ਼ਾ ਦੀ ਉਚਿਤਤਾ ਆਦਮੀ ਜੀਵ-ਵਿਗਿਆਨ 'ਚੋਂ ਲੱਭਣਾ ਚਾਹੁੰਦਾ ਹੈ।"

ਦੋਵਾਂ ਗੱਲਾਂ ਵਿੱਚ ਵਿਚਾਰ ਬਿਲਕੁਲ ਵੱਖਰਾ ਹੋ ਜਾਂਦਾ ਹੈ ਇੱਥੋਂ ਤੱਕ ਕਿ ਦੂਜੀ ਸਥਿਤੀ ਵਿੱਚ ਤਾਂ ਗੱਲ ਸਮਝ ਵੀ ਨਹੀਂ ਆਉਂਦੀ। ਇਹ ਕਿਤਾਬ ਇਸ ਤਰਾਂ ਦੀਆਂ ਸੈਂਕੜੇ ਗ਼ਲਤੀਆਂ ਨਾਲ਼ ਭਰੀ ਹੋਈ ਹੈ।

ਅੰਗਰੇਜ਼ੀ ਅਨੁਵਾਦ, ਜਿਸਨੂੰ ਸਹੀ ਮੰਨਿਆ ਜਾਂਦਾ ਹੈ, ਦੇ 822 ਸਫ਼ੇ ਹਨ। ਜੇ ਉਸ ਵਿੱਚੋਂ ਹਵਾਲੇ, ਸਰੋਤ ਅਤੇ ਟਿੱਪਣੀਆਂ ਨੂੰ ਅੱਡ ਕਰ ਦਈਏ ਤਾਂ ਵੀ 782 ਸਫ਼ੇ ਬਚਦੇ ਹਨ। ਪੰਜਾਬੀ ਵਿੱਚ ਨਾ ਤਾਂ ਹਵਾਲੇ, ਸਰੋਤ ਅਤੇ ਟਿੱਪਣੀਆਂ ਨੂੰ ਜ਼ਰੂਰੀ ਸਮਝਿਆ ਗਿਆ ਤੇ ਨਾ ਹੀ ਸ਼ਾਮਿਲ ਕੀਤਾ ਗਿਆ ਅਤੇ 782 ਸਫ਼ੇ ਪੰਜਾਬੀ ਵਿੱਚ 512 ਹੀ ਰਹਿ ਗਏ ਹਨ।

ਜਦੋਂ ਕੋਈ ਲੇਖਕ ਪੈਰਾ ਬਦਲਦਾ ਹੈ, ਕੋਈ ਵਿਰਾਮ ਲਾਉਂਦਾ ਹੈ ਤਾਂ ਉਸਦੇ ਆਪਣੇ ਅਰਥ ਹੁੰਦੇ ਹਨ। ਪਰ ਇਸ ਕਿਤਾਬ ਦੇ ਅਨੁਵਾਦ ਵਿੱਚ ਅਨੁਵਾਦਕ ਨੇ ਆਪਣੀ ਮਰਜ਼ੀ ਅਨੁਸਾਰ ਪੈਰੇ ਬਦਲ ਦਿੱਤੇ ਹਨ, ਵਾਕਾਂ ਵਿੱਚ ਵਿਰਾਮ ਦਾ ਕੋਈ ਖ਼ਿਆਲ ਨਹੀਂ ਰੱਖਿਆ। ਜਿਸ ਕਾਰਨ ਇਸ ਕਿਤਾਬ ਵਿੱਚੋਂ ਸਿਮੋਨ ਗ਼ਾਇਬ ਹੈ, ਸਿਮੋਨ ਦਾ ਵਿਚਾਰ ਗ਼ਾਇਬ ਹੈ, ਔਰਤ ਦਾ ਮਸਲਾ ਗ਼ਾਇਬ ਹੈ ਅਤੇ ਕਿਤਾਬ ਦੀ ਆਤਮਾ ਗ਼ਾਇਬ ਹੈ।

ਇਸ ਕਰਕੇ ਇਹ ਅਨੁਵਾਦ ਨਾ ਸਿਰਫ਼ ਅਧੂਰਾ ਅਤੇ ਬੁਰਾ ਹੈ, ਸਗੋਂ ਗ਼ਲਤ ਵੀ ਹੈ।

ਇਹ ਕਿਤਾਬ ਕਿਸ ਭਾਸ਼ਾ ਤੋਂ, ਕਿਸ ਕਿਤਾਬ ਦੇ ਕਿਸ ਐਡਿਸ਼ਨ, ਕਿਸ ਅੰਗਰੇਜ਼ੀ ਅਨੁਵਾਦਕ ਦੇ ਅਨੁਵਾਦ ਤੋਂ ਅਨੁਵਾਦ ਕੀਤੀ ਹੈ, ਨਹੀਂ ਪਤਾ, ਸਿਰਫ਼ "...ਫਰੈਂਚ ਕਿਤਾਬ ਦਾ ਅਨੁਵਾਦ" ਲਿਖ ਕੇ ਗੱਲ ਗੋਲ ਕਰ ਦਿੱਤੀ ਹੈ, (ਮੈਂ ਇਸਨੂੰ ਭੁੱਲ ਨਹੀਂ ਮੰਨਦਾ)। ਲੇਖਿਕਾ 'ਸਿਮੋਨ' ਦਾ ਨਾਮ ਤੱਕ ਅੰਗਰੇਜ਼ੀ ਅਤੇ ਪੰਜਾਬੀ ਦੋਨਾਂ ਵਿੱਚ ਹੀ ਗ਼ਲਤ ਲਿਖਿਆ ਹੈ। ਤਤਕਰੇ ਵਿੱਚ ਵੀ ਹੇਰ-ਫੇਰ ਕੀਤੀ ਗਈ ਹੈ। ਕਿਤਾਬ ਦੇ ਪਹਿਲੇ ਭਾਗ ਦੇ ਤੀਜੇ ਹਿੱਸੇ ਵਿੱਚ ਦੂਜੇ ਅਧਿਆਇ ਦੇ 6 ਉਪਭਾਗ ਹਨ ਤੇ ਪੰਜਾਬੀ ਵਿੱਚ ਗ਼ਾਇਬ। ਦੂਜੇ ਭਾਗ ਦਾ ਨਾਮ **Òlived experienceÓ** ਹੈ ਜੋ ਪੰਜਾਬੀ ਵਿੱਚ 'ਅੱਜ ਦੀ ਔਰਤ' ਹੋ ਗਿਆ ਹੈ। ਦੋਨਾਂ ਭਾਗਾਂ ਦੀਆਂ ਵੱਖ-ਵੱਖ ਭੂਮਿਕਾਵਾਂ ਹਨ ਜਿਨਾਂ ਦੀ ਸਾਡੀ ਅਨੁਵਾਦਕ ਦੀ ਨਜ਼ਰ ਵਿੱਚ ਕੋਈ 'ਭੂਮਿਕਾ' ਹੀ ਨਹੀਂ ਹੈ।

ਇਹ ਕਹਾਣੀ ਪੰਜਾਬੀ ਵਿੱਚ ਨਵੀਂ ਅਨੁਵਾਦ ਹੋ ਰਹੀ ਹਰ ਦੂਜੀ ਕਿਤਾਬ ਦੀ ਹੈ। ਉਹ ਕਿਤਾਬਾਂ ਜਿਨਾਂ ਨੇ ਸਾਡੇ ਸਮਾਜ ਨੂੰ ਕੋਈ ਚੰਗੀ ਸੇਧ ਦੇਣੀ ਹੈ ਅਤੇ ਬਰਾਬਰੀ ਦੇ ਸਮਾਜ ਦਾ ਕੋਈ ਨਕਸ਼ਾ ਤਿਆਰ ਕਰਨ ਵਿੱਚ ਸਹਾਈ ਹੋਣਾ ਹੈ। ਉਨਾਂ ਨਾਲ਼ ਅਨੁਵਾਦ ਦੇ ਨਾਮ ਉੱਤੇ 'ਤਜਰਬੇ' **(Experiment)** ਕੀਤੇ ਜਾ ਰਹੇ ਹਨ।

ਇਸ ਤਰਾਂ ਦਾ ਇੱਕ ਤਜਰਬਾ ਔਰਤ ਦੀ ਸਥਿਤੀ ਦੇ ਬਾਰੇ ਇੱਕ ਬਹੁਤ ਹੀ ਜਿਉਂਦੀ ਜਾਗਦੀ ਕਿਤਾਬ 'ਅਜ਼ਾਦੀ ਮੇਰਾ ਬ੍ਰਾਂਡ' ਨਾਲ਼ ਕੀਤਾ ਗਿਆ। ਇਸ ਕਿਤਾਬ ਦੇ 'ਸੰਪਾਦਕ' 'ਡਾ. ਕੁਮਾਰ ਸੁਸ਼ੀਲ' ਹਨ। ਉਨਾਂ ਇਹ ਕਿਤਾਬ ਆਪਣੇ 'ਵੀਹ' ਵਿਦਿਆਰਥੀਆਂ ਤੋਂ ਅਨੁਵਾਦ ਕਰਵਾਈ ਹੈ। ਕਿਤਾਬ ਦੇ ਕੁੱਲ 13 ਅਧਿਆਇ ਹਨ ਅਤੇ ਇੱਕ ਭੂਮਿਕਾ (ਜੋ ਕਿ ਅਨੁਵਾਦ ਨਹੀਂ ਕੀਤੀ ਗਈ)। ਪ੍ਰਤੀ ਵਿਅਕਤੀ ਇੱਕ ਅਧਿਆਇ ਵੀ ਨਹੀਂ ਆਉਂਦਾ। ਇਸ ਕਿਤਾਬ ਨੂੰ ਹਿੰਦੀ ਵਿੱਚ ਪੜਦਿਆਂ ਜੋ ਸੁਆਦ ਹੈ ਉਹ ਪੰਜਾਬੀ ਵਿੱਚ ਕਿਤੇ ਵੀ ਨਹੀਂ ਹੈ।

ਅਜ਼ਾਦੀ ਮੇਰਾ ਬ੍ਰਾਂਡ ਕੋਈ ਨਾਰੀਵਾਦੀ ਸਿਧਾਂਤ ਨਹੀਂ ਹੈ। ਇਹ ਬਹੁਤ ਜੀਵਿਆ ਹੋਇਆ ਸੱਚ ਹੈ ਜੋ ਅਸਲ ਜ਼ਿੰਦਗੀ ਦੇ ਬਹੁਤ ਨੇੜੇ ਹੈ। ਇਹ ਕਿਤਾਬ ਆਪਣੀ ਸ਼ੈਲੀ ਅਤੇ ਭਾਸ਼ਾ ਦੇ ਸਿਰ 'ਤੇ ਖੜੀ ਹੈ। ਜੋ ਗੱਲ ਅਨੁਰਾਧਾ ਬੇਨੀਵਾਲ ਕਹਿ ਰਹੀ ਹੈ ਉਹ ਪਹਿਲਾਂ ਵੀ ਕਹੀ ਜਾ ਚੁੱਕੀ ਹੈ। ਪਰ ਜਿਸ ਤਰੀਕੇ ਨਾਲ਼ ਉਹ ਕਹਿ ਰਹੀ ਹੈ ਉਹ ਤਰੀਕਾ ਵੱਖਰਾ ਤੇ ਨਵਾਂ ਹੈ। ਉਹ ਤਜਰਬਾ ਵੱਖਰਾ ਹੈ। ਉਹ ਨਜ਼ਰੀਆ ਵੱਖਰਾ ਹੈ। ਇਹ ਕਿਤਾਬ ਜਵਾਬ ਨਹੀਂ ਦਿੰਦੀ। ਸਵਾਲ ਕਰਦੀ ਹੈ। ਇਸਦੇ ਸਵਾਲ ਨੂੰ ਸਮਝਣਾ ਹੀ ਇਸਦਾ ਤੱਤ ਹੈ। ਇਹ ਸੰਵਾਦ ਕਰਦੀ ਹੈ। ਸੰਵਾਦ ਵਿੱਚ ਹੀ ਇਸਦਾ ਵਾਦ ਹੈ। ਇਹ ਗੱਲ ਕਰਦੀ ਹੈ। ਉਪਦੇਸ਼ ਨਹੀਂ ਦਿੰਦੀ।

ਪਰ ਇਸਦੇ ਪੰਜਾਬੀ ਅਨੁਵਾਦ ਵਿੱਚ ਸਭ ਤੋਂ ਪਹਿਲਾਂ ਤਾਂ ਇਸਦੀ ਭਾਸ਼ਾ ਨੂੰ ਸਿਧਾਂਤ ਦੀ ਭਾਸ਼ਾ ਬਣਾ ਦਿੱਤਾ ਗਿਆ ਹੈ। ਅੰਗਰੇਜ਼ੀ ਦੇ ਸ਼ਬਦ 'ਸੇਫ਼' **(Safe)** ਲਈ ਹਿੰਦੀ ਵਿੱਚ ਵੀ ਸ਼ਬਦ ਹੈ ਪਰ ਜੇ ਅਨੁਰਾਧਾ ਬੇਨੀਵਾਲ ਨੇ ਇਸਨੂੰ ਅੰਗਰੇਜ਼ੀ ਵਾਲਾ 'ਸੇਫ਼' ਲਿਖਿਆ ਹੈ ਤਾਂ ਉਸਦੇ ਆਪਣੇ ਮਾਅਨੇ ਹਨ। ਇਸੇ ਤਰਾਂ 'ਇਮੋਸ਼ਨਲ', 'ਵੀਕੈਂਡ', 'ਲੌਂਗ-ਡਿਸਟੈਂਸ' ਵਰਗੇ ਹੋਰ ਵੀ ਕਈ ਸ਼ਬਦ ਮੂਲ ਕਿਤਾਬ ਵਿੱਚ ਅੰਗਰੇਜ਼ੀ ਉਚਾਰਨ ਅਨੁਸਾਰ ਹੀ ਰੱਖੇ ਹਨ ਜਿਸ ਦਾ ਅਰਥ ਸਿੱਧਾ-ਸਿੱਧਾ ਇਹ ਹੈ ਕਿ ਲੇਖਿਕਾ ਆਪਣੀ ਗੱਲ ਆਮ ਬੋਲ ਚਾਲ ਦੀ ਭਾਸ਼ਾ ਵਿੱਚ ਕਰਨਾ ਚਾਹੁੰਦੀ ਹੈ। ਲੇਖਿਕਾ ਖ਼ੁਦ ਇਹ ਗੱਲ ਆਖਦੀ ਹੈ ਕਿ ਉਹ ਆਪਣੇ ਆਪ ਨੂੰ ਕੋਈ ਲੇਖਿਕਾ ਨਹੀਂ ਮੰਨਦੀ। ਉਹ ਆਪਣੀ ਕਿਤਾਬ ਰਾਹੀਂ ਕੋਈ ਸਿਧਾਂਤ ਨਹੀਂ ਦੇਣਾ ਚਾਹੁੰਦੀ। ਉਸਦੀ ਵਾਕ ਬਣਤਰ ਬਹੁਤ ਸਾਦੀ ਅਤੇ ਆਮ ਬੋਲ ਚਾਲ ਦੇ ਨੇੜੇ ਹੈ। ਇਹ ਕਿਤਾਬ ਲਿਖਣ ਵਾਸਤੇ ਨਹੀਂ ਲਿਖੀ ਗਈ ਲਗਦੀ, ਸਗੋਂ ਗੱਲ ਕਰਨ ਵਾਸਤੇ ਲਿਖੀ ਗਈ ਲਗਦੀ ਹੈ। ਇਸ ਕਿਤਾਬ ਦੀ ਹਿੰਦੀ ਭੂਮਿਕਾ ਵਿੱਚ ਵੀ ਲਿਖਿਆ ਹੈ ਕਿ "ਭਾਵੇਂ ਪਿੱਠ 'ਤੇ ਸਮਾਨ ਲੱਦੀ, ਸ਼ਾਰਟਸ ਪਾਈ ਉਹ ਯੂਰੋਪ ਘੁੰਮ ਰਹੀ ਹੈ। ਪਰ ਉਸਦਾ ਸੰਵਾਦ ਉਸੇ ਛੋਟੇ ਸ਼ਹਿਰ ਦੀ ਆਪਣੀ ਸਹੇਲੀ ਨਾਲ਼ ਚੱਲ ਰਿਹਾ ਹੈ ਜਿਹੜੀ ਕਿਤੇ ਰੋਹਤਕ ਜਾਂ ਹਿਸਾਰ ਵਿੱਚ ਹੈ।" ਪਰ ਪੰਜਾਬੀ ਅਨੁਵਾਦ ਦੇ ਵਿੱਚ ਇੰਨਾ ਗੱਲਾਂ ਨੂੰ ਨਜ਼ਰਅੰਦਾਜ਼ ਕਰਕੇ ਕਿਤਾਬ ਨੂੰ ਬਿਲਕੁਲ ਮਕਾਨਕੀ ਕਰ ਦਿੱਤਾ ਗਿਆ ਹੈ।

ਪੈਰੇ ਇਸ ਕਿਤਾਬ ਵਿੱਚ ਵੀ 'ਅਨੁਵਾਦਕਾਂ' ਨੇ ਆਪਣੀ ਮਰਜ਼ੀ ਨਾਲ਼ ਹੀ ਬਦਲੇ ਹਨ। ਵਿਰਾਮ ਦਾ ਕੋਈ ਖ਼ਾਸ ਖ਼ਿਆਲ ਨਹੀਂ ਰੱਖਿਆ ਗਿਆ ਜਿਸ ਕਰਕੇ ਕਿਤਾਬ ਦੀ ਸ਼ੈਲੀ ਬਿਲਕੁਲ ਵੀ ਸੁਹਜਮਈ ਨਹੀਂ ਰਹੀ। ਜਿਸ ਕਾਰਨ ਇਸ ਕਿਤਾਬ ਦਾ ਮੁੱਢਲਾ ਉਦੇਸ਼ 'ਸੰਵਾਦ' ਪਿੱਛੇ ਰਹਿ ਜਾਂਦਾ ਹੈ। ਅਨੁਵਾਦਕਾਂ ਅਤੇ ਸੰਪਾਦਕ ਨੇ ਬਹੁਤ ਹੀ ਗ਼ੈਰ-ਜ਼ਿੰਮੇਵਾਰੀ ਨਾਲ਼ ਕਿਤਾਬ ਦੇ ਸਮੁੱਚੇ ਪ੍ਰਭਾਵ ਨੂੰ ਮੱਧਮ ਕਰ ਦਿੱਤਾ ਹੈ।

ਜਦੋਂ ਸਮਾਜ ਵਿੱਚ ਇੱਕ ਦਬੀ ਹੋਈ ਧਿਰ ਦੇ ਹੱਕ ਵਿੱਚ ਦਬਾਉਣ ਵਾਲੀ ਧਿਰ ਵਿੱਚੋਂ ਕੋਈ ਖੜਦਾ ਹੈ, ਤਾਂ ਇਹ ਇੱਕ ਇਤਿਹਾਸਕ ਮਹੱਤਵ ਵਾਲੀ ਘਟਨਾ ਹੁੰਦੀ ਹੈ। ਇਸਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ। ਚਾਹੇ ਉਹ ਭਾਰਤ ਦੀ ਅਜ਼ਾਦੀ ਦੀ ਲੜਾਈ ਵਿੱਚ ਉਹ ਅੰਗਰੇਜ਼ ਹੋਣ ਜਿਨਾਂ ਨੇ ਹਿੰਦੁਸਤਾਨੀ ਲੋਕਾਂ ਦੇ ਹੱਕਾਂ ਦੀ ਗੱਲ ਕੀਤੀ ਜਾਂ ਅੱਜ ਦਲਿਤਾਂ ਦੀ ਤੀਜੇ ਹਿੱਸੇ ਦੀ ਜ਼ਮੀਨ ਦੀ ਲੜਾਈ ਵਿੱਚ ਜ਼ਿਮੀਂਦਾਰ ਜਾਂ ਹੋਰ ਗ਼ੈਰ-ਦਲਿਤ ਲੋਕ ਹੋਣ ਜਾਂ ਔਰਤਾਂ ਦੇ ਮਸਲਿਆਂ ਬਾਰੇ ਆਵਾਜ਼ ਚੱਕ ਰਹੇ 'ਮਰਦ' ਹੋਣ।

ਪਰ ਅਜ਼ਾਦੀ ਮੇਰਾ ਬ੍ਰਾਂਡ ਕਿਤਾਬ ਦੀ ਭੂਮਿਕਾ ਜੋ ਕਿ ਇੱਕ 'ਮਰਦ' ਵੱਲੋਂ ਲਿਖੀ ਗਈ ਹੈ, ਜੋ ਹਿੰਦੁਸਤਾਨ ਦਾ ਇੱਕ ਵੱਡਾ ਗੀਤਕਾਰ ਅਤੇ ਕਵੀ ਹੈ, ਨੂੰ ਪੰਜਾਬੀ ਅਨੁਵਾਦ ਵਿੱਚ ਸ਼ਾਮਿਲ ਨਹੀਂ ਕੀਤਾ ਗਿਆ। 'ਸਵਾਨੰਦ ਕਿਰਕਰੇ' ਹਿੰਦੀ ਸਾਹਿਤ ਦਾ ਇੱਕ ਬਹੁਤ ਵੱਡਾ ਨਾਮ ਹੈ। ਪਰ ਪੰਜਾਬੀ ਵਿੱਚ ਕਿਤਾਬ ਦਾ 'ਸੰਪਾਦਨ' ਕਰਨ ਵੇਲੇ 'ਸੰਪਾਦਕ' ਨੇ ਆਪਣੀ ਭੂਮਿਕਾ ਦਰਜ ਕੀਤੀ ਹੈ, ਸਵਾਨੰਦ ਕਿਰਕਰੇ ਦੀ ਨਹੀਂ। ਸਵਾਨੰਦ ਕਿਰਕਰੇ ਨੇ ਭੂਮਿਕਾ ਵਿੱਚ ਇੱਕ ਜਗਾ ਲਿਖਿਆ ਹੈ-

"ਮੈਂ ਇੱਧਰ-ਉੱਧਰ ਕਈ ਨਾਰੀ ਲੇਖਕਾਵਾਂ ਨੂੰ ਪੜਿਆ ਹੈ। ਉਨਾਂ ਦੀ ਲੇਖਣੀ ਵਿੱਚ ਗ਼ੁੱਸਾ ਹੈ। ਹੋਣਾ ਵੀ ਚਾਹੀਦਾ ਹੈ। ਉਨਾਂ ਉੱਤੇ ਮੇਰਾ ਇਤਰਾਜ਼ ਨਹੀਂ ਪਰ ਕਈ ਵਾਰ ਇਹ ਗ਼ੁੱਸਾ ਨਿਰਾਰਥਕ ਜਾਂ ਬੇਤੁਕਾ (ਤਦ੍ਦੰਡ) ਬਣ ਜਾਂਦਾ ਹੈ ਅਤੇ ਮੁੱਦਾ ਪਿੱਛੇ ਛੱਡ ਵਿਰੋਧੀਆਂ ਨੂੰ ਉਨਾਂ ਨੂੰ ਗ਼ਲਤ ਸਾਬਿਤ ਕਰਨ ਦੀ ਚੰਗੀ-ਭਲੀ ਥਾਂ ਦੇ ਦਿੰਦਾ ਹੈ।"

ਇੱਕ ਔਰਤ ਦੇ ਮਸਲਿਆਂ ਬਾਰੇ ਲਿਖੀ ਗਈ ਕਿਤਾਬ ਨੂੰ ਤੁਸੀਂ ਇਸ ਵਾਕ ਤੋਂ ਬਿਨਾਂ ਤਸੱਵਰ ਕਰੋ। ਕੀ ਤੁਹਾਨੂੰ ਨਹੀਂ ਲੱਗਦਾ ਕਿ ਇੱਕ 'ਮਰਦ' ਵੱਲੋਂ ਇੱਕ ਔਰਤ ਦੀ ਔਰਤਾਂ ਬਾਰੇ ਲਿਖੀ ਕਿਤਾਬ ਦੀ ਸ਼ੁਰੂਆਤ ਵਿੱਚ ਇਸ ਵਾਕ ਦੇ ਬਹੁਤ ਸੰਜੀਦਾ ਅਰਥ ਹਨ। ਇੱਥੇ ਮੇਰੀ ਇਹ ਗੱਲ ਕਿਸੇ ਨੂੰ ਬੁਰੀ ਲੱਗ ਸਕਦੀ ਹੈ ਪਰ ਇਹ ਗ਼ਲਤੀ ਨਹੀਂ ਲੱਗਦੀ, ਚਲਾਕੀ ਲੱਗਦੀ ਹੈ।

ਔਰਤਾਂ ਦੇ ਮਸਲਿਆਂ ਬਾਰੇ ਹੀ ਇੱਕ ਹੋਰ ਕਿਤਾਬ ਜੋ ਹਿੰਦੀ ਤੋਂ ਪੰਜਾਬੀ ਵਿੱਚ ਅਨੁਵਾਦ ਹੋਈ ਹੈ, ਉਹ ਹੈ ਨੀਤੂ ਅਰੋੜਾ ਵੱਲੋਂ ਅਨੁਵਾਦ ਕੀਤੀ ਗਈ 'ਸਪਨਾ ਚਾਮੜੀਆ' ਦੀ ਕਿਤਾਬ 'ਮੈਨੂੰ ਛੁੱਟੀ ਚਾਹੀਦੀ ਹੈ'। ਇਸ ਕਿਤਾਬ ਵਿੱਚ ਵੀ ਇਸੇ ਤਰਾਂ ਲੇਖਿਕਾ ਦੇ ਪਤੀ ਵੱਲੋਂ ਲਿਖੀ ਹੋਈ ਭੂਮਿਕਾ ਸ਼ਾਮਿਲ ਨਹੀਂ ਕੀਤੀ ਗਈ ਸੀ। ਪਰ ਬਾਅਦ ਵਿੱਚ ਇਸ ਗੱਲ ਉੱਤੇ ਵਿਵਾਦ ਛਿੜਨ ਉੱਤੇ ਇਸਦੇ ਨਵੇਂ ਐਡਿਸ਼ਨ ਵਿੱਚ ਇਸ ਭੂਮਿਕਾ ਨੂੰ ਸ਼ਾਮਿਲ ਕਰ ਲਿਆ ਗਿਆ ਸੀ।

ਜੇ ਕਿਸੇ ਕਿਤਾਬ ਦਾ ਨਾਮ ...ਰੋਜ ਵਾਲੀ ਸ੍ਤ੍ਰੀ (ਡਾਯਰੀ)'' ਹੋਵੇ ਤਾਂ ਇਸ ਨੂੰ ਸੁਣ ਜਾਂ ਪੜ ਕੇ ਤੁਹਾਡੇ ਮਨ ਅੰਦਰ ਕਿਸ ਤਰਾਂ ਦੀ ਭਾਵਨਾ ਪੈਦਾ ਹੁੰਦੀ ਹੈ ? ਅਤੇ ਇੱਕ ਕਿਤਾਬ 'ਮੈਨੂੰ ਛੁੱਟੀ ਚਾਹੀਦੀ ਹੈ (ਇੱਕ ਔਰਤ ਦੀ ਡਾਇਰੀ)' ਦਾ ਨਾਮ ਸੁਣ ਕੇ ਕਿਸ ਤਰਾਂ ਦੀ ? ਇਸ ਕਿਤਾਬ ਦਾ ਹਿੰਦੀ ਨਾਮ 'ਰੋਜ ਵਾਲੀ ਸ੍ਤ੍ਰੀ' ਹੈ ਜੋ ਇੱਕ ਔਰਤ ਦੀ ਡਾਇਰੀ ਜਾਂ ਇੱਕ ਸਧਾਰਨ ਨਾਮ ਲੱਗਦਾ ਹੈ। ਪਰ ਜਦੋਂ ਇਸਦਾ ਨਾਮ 'ਮੈਨੂੰ ਛੁੱਟੀ ਚਾਹੀਦੀ ਹੈ' ਕਰ ਦਿੱਤਾ ਜਾਂਦਾ ਹੈ ਤਾਂ ਇਸ ਵਿੱਚ ਇੱਕ ਘੁਟਣ, ਇੱਕ ਦਬਾਅ ਦੀ ਭਾਵਨਾ ਨਜ਼ਰ ਆਉਂਦੀ ਹੈ ਅਤੇ ਦੂਜੀ ਧਿਰ (ਮਰਦ) ਪ੍ਰਤੀ ਥੋੜਾ ਗ਼ੁੱਸਾ ਵੀ ਝਲਕਦਾ ਹੈ।

ਇਸ ਥਾਂ 'ਤੇ ਆ ਕੇ 'ਸਵਾਨੰਦ ਕਿਰਕਰੇ' ਦੀ ਗੱਲ ਇਸ ਕਿਤਾਬ ਉੱਤੇ ਢੁੱਕ ਜਾਂਦੀ ਹੈ ਕਿ ਜੋ ਕਿਤਾਬ ਬਹੁਤ ਸਹਿਜ ਭਾਵ ਨਾਲ਼ ਆਪਣੀ ਗੱਲ ਕਹਿ ਰਹੀ ਹੈ ਤੁਸੀਂ ਆਪਣੀ ਮਰਜ਼ੀ ਨਾਲ਼ ਉਸਦਾ ਨਾਮ ਬਦਲ ਕੇ ਉਸ ਵਿੱਚ ਇੱਕ ਗ਼ੁੱਸੇ ਅਤੇ ਨਫ਼ਰਤ ਦੇ ਭਾਵ ਨੂੰ ਪੈਦਾ ਕਰ ਦਿੱਤਾ ਹੈ।

ਪੰਜਾਬੀ ਵਿੱਚ ਅਨੁਵਾਦ ਹੋ ਰਹੀਆਂ ਕਿਤਾਬਾਂ ਵਿੱਚ ਇਹ ਬਹੁਤ ਵੱਡੀ ਸਮੱਸਿਆ ਹੈ ਕਿ ਅਨੁਵਾਦਕ ਆਪਣੀ ਮਰਜ਼ੀ ਨਾਲ਼ ਜਿੱਥੇ ਮਨ ਕਰੇ ਪੈਰਾ ਬਦਲ ਦਿੰਦਾ ਹੈ, ਕਿਤਾਬ ਦਾ ਨਾਮ ਬਦਲ ਦਿੰਦਾ ਹੈ, ਵਾਕ ਬਣਤਰ ਅਤੇ ਸ਼ੈਲੀ ਵਿੱਚ ਬੇਲੋੜੀਆਂ ਤਬਦੀਲੀਆਂ ਕਰਕੇ ਮੂਲ ਲੇਖਕ ਦੀ ਸ਼ੈਲੀ ਨੂੰ ਖ਼ਤਮ ਕਰ ਦਿੰਦਾ ਹੈ, ਜਿੱਥੋਂ ਮਨ ਕਰੇ ਚੀਜ਼ਾਂ ਕੱਟ ਦਿੰਦਾ ਹੈ, ਗੱਲ ਦੇ ਭਾਵ ਨੂੰ ਬਦਲ ਦਿੰਦਾ ਹੈ, ਮਤਲਬ ਕਿਤਾਬ ਦੀ ਆਤਮਾ ਨੂੰ ਮਾਰ ਦਿੰਦਾ ਹੈ। ਕਿਤਾਬ ਦੇ ਅਨੁਵਾਦ ਤੋਂ ਲੈ ਕੇ ਛਪਣ ਤੱਕ ਕੋਈ ਵੀ ਵਿਅਕਤੀ ਕਿਸੇ ਵੀ ਗੱਲ ਦੀ ਜ਼ਿੰਮੇਵਾਰੀ ਲੈਣ ਲਈ ਤਿਆਰ ਨਹੀਂ ਹੁੰਦਾ। ਬਹਾਨੇਬਾਜ਼ੀ ਨਾਲ਼ ਬਚਣ ਦੇ ਰਾਹ ਲੱਭਣੇ ਆਮ ਗੱਲ ਹੈ। ਇਸ ਤੋਂ ਵੀ ਅੱਗੇ ਉਹ ਲੋਕ ਹਨ ਜਿੰਨਾਂ ਦੀ ਗ਼ਲਤੀ ਦੱਸਣ ਉੱਤੇ ਉਹ ਅੱਗੋਂ 'ਚੈਲੰਜ' ਕਰ ਦਿੰਦੇ ਨੇ ਕਿ "ਜੇ ਤੈਨੂੰ ਬਾਹਲਾ ਪਤਾ ਤਾਂ ਆਪ ਕਰਕੇ ਦਿਖਾ!"

ਮੈਨੂੰ ਲੱਗਦਾ ਹੈ ਕਿ ਉਹ ਲੋਕ ਜੋ ਕਿਤਾਬਾਂ ਨੂੰ 'ਧੰਦਾ' ਤੇ ਅਨੁਵਾਦ ਨੂੰ 'ਸ਼ੁਗਲ' ਸਮਝਦੇ ਹਨ। ਜਿਨਾਂ ਲਈ ਕਿਤਾਬਾਂ ਮਹਿਜ 'ਜਿਣਸ' ਹਨ ਅਤੇ ਹੋਰ ਚੀਜ਼ਾਂ ਵਾਂਗੂ ਇਸ ਪਾਸੇ ਵੀ 'ਜਾਅਲੀ' ਬ੍ਰੈਂਡ ਰੱਖ **ਬਾਕੀ ਸਫ਼ਾ 30 'ਤੇ**

# ਦਿੱਲੀ ਫ਼ਤਹਿ ਦਿਵਸ

## ਜਦੋਂ ਖ਼ਾਲਸਾ ਪੰਥ ਦਾ ਪਵਿੱਤਰ ਨਿਸ਼ਾਨ ਸਾਹਿਬ ਲਾਲ ਕਿਲੇ 'ਤੇ ਲਹਿਰਾਇਆ ਗਿਆ



ਜ਼ੋਰਾਵਰ ਸਿੰਘ ਤਰਸਿੱਕਾ

ਇਹ 1783 ਦਾ ਸਾਲ ਸੀ ਜਦੋਂ ਸਿੱਖ ਆਗੂ ਬਾਬਾ ਬਘੇਲ ਸਿੰਘ ਜੀ ਨੇ ਮੁਗ਼ਲ ਬਾਦਸ਼ਾਹ ਸ਼ਾਹ ਆਲਮ ਤੋਂ ਦਿੱਲੀ ਵਾਪਸ ਜਿੱਤ ਲਈ ਸੀ। 11 ਮਾਰਚ 1783 ਨੂੰ ਸਿੱਖ ਫ਼ੌਜ ਨੇ ਘੋੜਿਆਂ ਅਤੇ ਹਾਥੀਆਂ 'ਤੇ ਸਵਾਰ ਹੋ ਕੇ ਬਹਾਦਰੀ ਨਾਲ਼ ਦਿੱਲੀ ਵੱਲ ਕੂਚ ਕੀਤਾ ਅਤੇ ਲਾਲ ਕਿਲੇ 'ਤੇ ਨਿਸ਼ਾਨ ਸਾਹਿਬ ਲਹਿਰਾਇਆ। ਤਵਾਰੀਖ਼ ਦੇ ਪੰਨਿਆਂ ਵਿੱਚ ਸਾਡੇ ਪੁਰਖਿਆਂ ਨੇ ਕਦੋਂ-ਕਦੋਂ ਦਿੱਲੀ 'ਤੇ ਹਮਲੇ ਕੀਤੇ ਤੇ ਦਿੱਲੀ ਫ਼ਤਹਿ ਕੀਤੀ ਇਸ ਨੂੰ ਜਾਨਣ ਲਈ ਉਸ ਸਮੇਂ ਦਾ ਵਿਸਥਾਰ ਪੂਰਵਕ ਵਰਨਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ :-

1- 9 ਜਨਵਰੀ 1765 ਈ.
2- ਅਪ੍ਰੈਲ 1766 ਈ.
3- ਜਨਵਰੀ 1770 ਈ.
4- 18 ਜਨਵਰੀ 1774 ਈ.
5- ਅਕਤੂਬਰ 1774 ਈ.
6- ਜੁਲਾਈ 1775 ਈ.
7- ਅਕਤੂਬਰ 1776 ਈ.
8- ਮਾਰਚ 1778 ਈ.
9- ਸਤੰਬਰ 1778 ਈ.
10- 1 ਅਕਤੂਬਰ 1778 ਈ.
11- ਜਨਵਰੀ 1779 ਈ.
12- 16 ਅਪ੍ਰੈਲ 1781 ਈ.
13- 11 ਮਾਰਚ 1783 ਈ.
14- 23 ਜੁਲਾਈ 1787 ਈ.
15- 23 ਅਗਸਤ 1787 ਈ.

ਸ਼ਾਹ ਆਲਮ ਸਾਨੀ ਨੇ ਰਾਇਸੀਨਾ ਤੇ ਰਕਾਬ ਗੰਜ ਖੇਤਰ ਦੀ 1200 ਏਕੜ ਜ਼ਮੀਨ ਸ. ਬਘੇਲ ਸਿੰਘ ਜੀ ਨੂੰ ਨਜ਼ਰਾਨੇ ਵਜੋਂ ਭੇਟ ਕੀਤੀ। ਸ਼ਾਹ ਆਲਮ ਸਾਨੀ ਦੇ ਦਸਤਖ਼ਤਾਂ ਵਾਲਾ ਫ਼ਾਰਸੀ ਵਿੱਚ ਲਿਖਿਆ ਹੁਕਮਨਾਮਾ, ਅੱਜ ਵੀ ਦਿੱਲੀ ਦੇ ਨੈਸ਼ਨਲ ਆਰਕਾਈਵ ਵਿੱਚ ਸੁਰੱਖਿਅਤ ਪਿਆ ਹੈ।

ਦਿੱਲੀ ਦੇ ਹਾਕਮਾਂ ਨੇ 7 ਸੋਨੇ ਦੇ ਪੱਤਰਿਆਂ ਉੱਤੇ ਸਿੱਖਾਂ ਦੇ ਬਾਰੇ ਜੋ ਲਿਖ ਕੇ ਦਿੱਤਾ ਸੀ ਉਹ ਇੱਕ ਵੱਖਰੀ ਗਾਥਾ ਹੈ। ਬਾਬਾ ਬਘੇਲ ਸਿੰਘ ਨੇ ਸਿੱਖ ਫ਼ੌਜਾਂ ਸਮੇਤ 6 ਮਹੀਨੇ ਦਿੱਲੀ ਰਹਿ ਕੇ 8 ਗੁਰਦੁਆਰਾ ਸਾਹਿਬਾਨ ਦੀ ਸਥਾਪਨਾ ਕਰਵਾਈ। ਜੇ ਉਸ ਸਮੇਂ ਗੱਲਾਂ ਬਾਤਾਂ ਕਰਕੇ ਖ਼ਾਲੀ ਹੱਥ ਮੁੜ ਆਉਂਦੇ ਨਾ ਗੁਰਦੁਆਰੇ ਬਣਨੇ ਸੀ, ਨਾ ਨਜ਼ਰਾਨੇ ਮਿਲਦੇ ਸਗੋਂ ਮੁਫ਼ਤ ਦੀਆਂ ਗੱਲਾਂ ਹੋਇਆ ਕਰਨੀਆਂ ਸਨ। ਬਘੇਲ ਸਿੰਘ (1730-1802) ਇੱਕ ਪੰਜਾਬੀ ਸਿੱਖ ਜਰਨੈਲ ਸੀ। ਉਸਦਾ ਜਨਮ ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਝਬਾਲ ਵਿੱਚ ਇੱਕ ਸਿੱਖ ਪਰਿਵਾਰ ਵਿੱਚ ਹੋਇਆ। 1765 ਵਿੱਚ ਓਹ ਕਰੋੜ ਸਿੰਘੀਆ ਮਿਸਲ ਦਾ ਸਰਦਾਰ ਬਣਿਆ। ਮੁਗ਼ਲ ਫ਼ੌਜ ਨੂੰ ਹਰਾਉਣ ਮਗਰੋਂ ਬਘੇਲ ਸਿੰਘ ਅਤੇ ਉਸਦੀ ਪੰਜਾਬੀ ਫ਼ੌਜ ਨੇ 11 ਮਾਰਚ 1783 ਨੂੰ ਲਾਲ ਕਿਲਾ (ਦਿੱਲੀ) 'ਤੇ ਕਬਜ਼ਾ ਕੀਤਾ। ਮੁਗ਼ਲ ਬਾਦਸ਼ਾਹ ਸ਼ਾਹ ਆਲਮ ਦੂਜੇ ਨੇ ਟੈਕਸ ਵਿੱਚ ਰੁਪਏ 'ਚੋਂ ਛੇ ਆਨੇ ਬਘੇਲ ਸਿੰਘ ਨੂੰ ਦੇਣਾ ਮੰਨਿਆ। ਸਿੰਘਾਂ ਨੇ ਦਿੱਲੀ ਦੇ ਸਿੱਖਾਂ ਲਈ ਪਵਿੱਤਰ ਥਾਵਾਂ ਅਤੇ 5 ਗੁਰਦਵਾਰੇ ਵੀ ਬਣਵਾਏ।

ਜਦੋਂ ਸ. ਬਘੇਲ ਸਿੰਘ ਨੇ ਦਿੱਲੀ ਫ਼ਤਿਹ ਕੀਤੀ ਇਤਿਹਾਸਿਕ ਝਰੋਖੇ ਵਿੱਚੋਂ 11 ਮਾਰਚ 1783 ਨੂੰ ਸ. ਬਘੇਲ ਸਿੰਘ ਲਾਲ ਕਿਲੇ ਅੰਦਰ ਦਾਖ਼ਲ ਹੋਇਆ। ਜਦੋਂ ਸ: ਬਘੇਲ ਸਿੰਘ ਨੇ ਦਿੱਲੀ ਫ਼ਤਹਿ ਕੀਤੀ। ਸ: ਬਘੇਲ ਸਿੰਘ ਦੀ ਗਿਣਤੀ 18ਵੀਂ ਸਦੀ ਦੇ ਉਨ੍ਹਾਂ ਮਹਾਨ ਸਿੱਖ ਨਾਇਕਾਂ ਵਿੱਚ ਕੀਤੀ ਜਾਂਦੀ ਹੈ ਜੋ ਅਹਿਮਦਸ਼ਾਹ ਅਬਦਾਲੀ ਦੇ ਖ਼ੂਨੀ ਹਮਲਿਆਂ ਦਾ ਮੁਕਾਬਲਾ ਕਰਦੇ ਹੋਏ 19ਵੀਂ ਸਦੀ ਦੇ ਮੱਧ ਤੱਕ ਕਾਇਮ ਰਹੇ, ਜਿਸ ਨੇ ਸਿੱਖ ਰਾਜ ਦੀ ਬੁਨਿਆਦ ਉਸਾਰਨ ਵਿੱਚ ਅਹਿਮ ਯੋਗਦਾਨ ਪਾਇਆ। ਸ. ਬਘੇਲ ਸਿੰਘ ਇੱਕ ਦਲੇਰ ਅਤੇ ਮਹਾਨ ਯੋਧਾ, ਨੀਤੀਵਾਨ ਅਤੇ ਦੂਰਦਰਸ਼ੀ ਪੰਥਕ ਨੇਤਾ ਸਨ। ਉਨ੍ਹਾਂ ਦੀ ਅਗਵਾਈ ਹੇਠ ਕਰੋੜ ਸਿੰਘੀਆ ਮਿਸਲ ਨੇ ਬਹੁਤ ਉੱਨਤੀ ਕੀਤੀ। ਉਨ੍ਹਾਂ ਦਾ ਜ਼ਿਕਰ ਕੀਤੇ ਬਗ਼ੈਰ 18ਵੀਂ ਸਦੀ ਦਾ ਗੰਗਾ ਯਮੁਨਾ ਦੁਆਬ ਵਿੱਚ ਕਾਇਮ ਰਹੇ ਸਿੱਖ ਦਬਦਬੇ ਦਾ ਇਤਿਹਾਸ ਅਧੂਰਾ ਹੀ ਰਹੇਗਾ। ਪ੍ਰਿੰਸੀਪਲ ਸਤਿਬੀਰ ਸਿੰਘ ਅਨੁਸਾਰ ਗੰਗਾ ਜਮਨਾ ਦੁਆਬ ਦਾ ਕੋਈ ਵੀ ਅਜਿਹਾ ਇਲਾਕਾ ਨਹੀਂ ਸੀ, ਜਿਸ ਨੂੰ ਸ: ਬਘੇਲ ਸਿੰਘ ਨੇ ਨਾ ਲਤਾੜਿਆ ਹੋਵੇ। ਜਲੰਧਰ ਤੋਂ ਲੈ ਕੇ ਪੀਲੀਭੀਤ ਤੱਕ ਅਤੇ ਅੰਬਾਲੇ ਤੋਂ ਲੈ ਕੇ ਅਲੀਗੜ੍ਹ ਤੱਕ ਇਨ੍ਹਾਂ ਦਾ ਸਿੱਕਾ ਚੱਲਦਾ ਸੀ, ਪਰ ਉਨ੍ਹਾਂ ਦੀ ਸਭ ਤੋਂ ਵੱਡੀ ਇਤਿਹਾਸਕ ਪ੍ਰਾਪਤੀ ਦਿੱਲੀ ਦੀ ਫ਼ਤਹਿ ਅਤੇ ਉੱਥੇ ਗੁਰਦੁਆਰਿਆਂ ਦੀ ਉਸਾਰੀ ਗਿਣੀ ਜਾਂਦੀ ਹੈ। ਸ. ਬਘੇਲ ਸਿੰਘ 40 ਹਜ਼ਾਰ ਸਿੱਖ ਫ਼ੌਜਾਂ ਨੂੰ ਲੈ ਕੇ 8 ਮਾਰਚ 1783 ਨੂੰ ਦਰਿਆ ਯਮੁਨਾ ਬਰਾੜੀ ਘਾਟ ਨੂੰ ਪਾਰ ਕਰ ਕੇ ਦਿੱਲੀ ਵਿੱਚ ਦਾਖ਼ਲ ਹੋਏ। ਉਸ ਸਮੇਂ ਦਿੱਲੀ ਤਖ਼ਤ ਉੱਤੇ ਸ਼ਾਹ ਆਲਮ ਦੂਜਾ ਬਿਰਾਜਮਾਨ ਸੀ। ਭਾਈ ਬਘੇਲ ਸਿੰਘ ਨਾਲ਼ ਸ. ਜੱਸਾ ਸਿੰਘ ਆਹਲੂਵਾਲੀਆ ਵੀ ਸਨ। ਸਿੱਖ ਹਮਲੇ ਦੀ ਖ਼ਬਰ ਸੁਣ ਕੇ ਦਰਬਾਰੀ ਅਤੇ ਸ਼ਾਹ ਆਲਮ ਟਾਕਰਾ ਕਰਨ ਦੀ ਥਾਂ ਕਿਲੇ ਦੇ ਅੰਦਰਲੇ ਭਾਗਾਂ ਵਿੱਚ ਲੁਕ ਗਏ। ਸ਼ਾਹ ਆਲਮ ਨੇ ਸ. ਬਘੇਲ ਸਿੰਘ ਨਾਲ ਗੱਲਬਾਤ ਕਰਨ ਲਈ ਇੱਕ ਤੇਜ ਸੰਦੇਸ਼ਵਾਹਕ ਨੂੰ ਭੇਜ ਕੇ ਸਰਧਨਾ ਦੀ ਸ਼ਾਸਕ ਬੇਗਮ ਸਮਰੂ ਨੂੰ ਸੱਦ ਲਿਆ। ਬੇਗਮ ਸਮਰੂ ਦਾ ਜਿੱਥੇ ਮੁਗ਼ਲ ਦਰਬਾਰ ਵਿੱਚ ਚੰਗਾ ਰਸੂਖ਼ ਸੀ ਉੱਥੇ ਉਸਨੇ ਸ. ਬਘੇਲ ਸਿੰਘ ਨੂੰ ਭਰਾ ਬਣਾਇਆ ਹੋਇਆ ਸੀ। ਇਸੇ ਦੌਰਾਨ ਸਿੱਖ ਫ਼ੌਜਾਂ ਨੇ ਦਿੱਲੀ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਨੂੰ ਆਪਣੇ ਕਬਜ਼ੇ ਵਿੱਚ ਕਰਨਾ ਜਾਰੀ ਰੱਖਿਆ ਅਤੇ ਲੁੱਟਿਆ ਹੋਇਆ ਮਾਲ ਮਜਨੂੰ ਕਾ ਟੀਲਾ ਵਿਖੇ ਸਖ਼ਤ ਹਿਫ਼ਾਜ਼ਤ ਵਿੱਚ ਜਮਾਂ ਕਰਵਾ ਦਿੱਤਾ। ਉਸੇ ਮੌਕੇ ਸ. ਜੱਸਾ ਸਿੰਘ ਰਾਮਗੜ੍ਹੀਆ ਵੀ ਹਿਸਾਰ ਤੋਂ ਦਿੱਲੀ ਪੁੱਜ ਗਏ। ਸ. ਬਘੇਲ ਸਿੰਘ ਆਪਣੀ ਜੇਤੂ ਫ਼ੌਜ ਨਾਲ 11 ਮਾਰਚ 1783 ਨੂੰ ਲਾਲ ਕਿਲੇ ਵਿੱਚ ਦਾਖ਼ਲ ਹੋਏ। ਲਾਹੌਰ ਦਰਵਾਜ਼ਾ, ਮੀਨਾ ਬਾਜ਼ਾਰ ਅਤੇ ਨਕਾਰ ਖ਼ਾਨਾ ਲੰਘ ਕੇ ਉਹ ਦੀਵਾਨ-ਏ-ਆਮ ਵਿੱਚ ਪਹੁੰਚੇ ਜਿੱਥੇ ਕਦੇ ਸ਼ਾਹਜਹਾਨ, ਔਰੰਗਜ਼ੇਬ ਅਤੇ ਬਹਾਦਰ ਸ਼ਾਹ ਵਰਗੇ ਮੁਗ਼ਲ ਦਰਬਾਰ ਲਗਾਇਆ ਕਰਦੇ ਸਨ। ਦੀਵਾਨ-ਏ-ਆਮ 'ਤੇ ਕਬਜ਼ਾ ਕਰ ਲੈਣ ਮਗਰੋਂ ਕਿਲੇ ਦੇ ਮੁੱਖ ਦਵਾਰ ਉੱਤੇ ਕੇਸਰੀ ਝੰਡਾ ਝੁਲਾਇਆ ਗਿਆ। ਜਿਸ ਕਿਲੇ ਵਿੱਚੋਂ ਬਾਦਸ਼ਾਹ ਫ਼ਰੁਖ਼ਸ਼ੀਅਰ ਦੇ ਹੁਕਮ ਨਾਲ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸਦੇ 740 ਸਾਥੀ ਸਿੰਘਾਂ ਨੂੰ ਭਾਰੀ ਅੱਤਿਆਚਾਰ ਕਰਕੇ ਸ਼ਹੀਦ ਕੀਤਾ ਗਿਆ ਸੀ । ਅੱਜ ਉਹੀ ਲਾਲ ਕਿਲਾ ਖ਼ਾਲਸੇ ਦੇ ਕਦਮਾਂ ਵਿੱਚ ਸੀ ਅਤੇ ਇੱਥੋਂ ਦਾ ਮੁਗ਼ਲ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ ਦੇ ਵਾਰਸ ਸਿੱਖਾਂ ਕੋਲੋਂ ਆਪਣੀ ਜਾਨ ਅਤੇ ਰਾਜ ਦੀ ਸਲਾਮਤੀ ਦੀ ਭੀਖ ਮੰਗ ਰਿਹਾ ਸੀ। ਉੱਧਰ ਦੀਵਾਨ-ਏ-ਆਮ ਵਿੱਚ ਦਰਬਾਰ ਲਗਾ ਕੇ ਜੱਸਾ ਸਿੰਘ ਆਹਲੂਵਾਲੀਆ ਨੂੰ ਸੁਲਤਾਨ ਐਲਾਨ ਕੇ ਦਿੱਲੀ ਤਖ਼ਤ 'ਤੇ ਬਿਠਾਇਆ ਗਿਆ। ਦੂਜੇ ਪਾਸੇ ਬੇਗਮ ਸਮਰੂ 12 ਮਾਰਚ 1783 ਨੂੰ ਦਿੱਲੀ ਪਹੁੰਚ ਗਈ। ਉਸਨੇ ਸ. ਬਘੇਲ ਸਿੰਘ ਦੇ ਤੀਸ ਹਜ਼ਾਰੀ ਸਥਿਤ ਡੇਰੇ ਉੱਤੇ ਗੱਲਬਾਤ ਤੋਰੀ। ਬੇਗਮ ਸਮਰੂ ਨੇ ਸ. ਬਘੇਲ ਸਿੰਘ ਤੋਂ ਦੋ ਗੱਲਾਂ ਦੀ ਮੰਗ ਕੀਤੀ। ਇੱਕ, ਸ਼ਾਹ ਆਲਮ ਦੂਜੇ ਦੀ ਜ਼ਿੰਦਗੀ ਨੂੰ ਨੁਕਸਾਨ ਨਾ ਪਹੁੰਚਾਇਆ ਜਾਵੇ, ਦੂਜਾ ਲਾਲ ਕਿਲੇ 'ਤੇ ਸ਼ਾਹ ਆਲਮ ਦੂਜੇ ਦਾ ਅਧਿਕਾਰ ਬਣਿਆ ਰਹਿਣ ਦਿੱਤਾ ਜਾਵੇ। ਸ. ਬਘੇਲ ਸਿੰਘ ਇੱਕ ਅਜਿਹੀ ਸ਼ਖ਼ਸੀਅਤ ਸਨ ਜਿਨ੍ਹਾਂ ਤੋਂ ਸਿੱਖਾਂ ਵੱਲੋਂ ਗੱਲਬਾਤ ਕਰਨ ਲਈ ਸਰਬ ਪ੍ਰਵਾਨਿਤ ਪ੍ਰਤੀਨਿਧ ਵਜੋਂ ਸਹਿਮਤੀ ਬਣਦੀ ਸੀ ਅਤੇ ਉਨ੍ਹਾਂ ਨੂੰ ਸਿੱਖਾਂ ਵੱਲੋਂ ਗੱਲਬਾਤ ਕਰਨ ਦਾ ਜ਼ਿੰਮਾ ਸੌਂਪਿਆ ਗਿਆ। ਸ. ਬਘੇਲ ਸਿੰਘ ਨੇ ਆਪਣੀ ਤੀਖਣ ਬੁੱਧੀ ਸਦਕਾ ਇਸ ਜਿੱਤ ਦਾ ਵੱਧ ਤੋਂ ਵੱਧ ਫ਼ਾਇਦਾ ਪ੍ਰਾਪਤ ਕਰਨ ਲਈ ਦ੍ਰਿਸ਼ਟੀ ਨਾਲ ਸੰਧੀ ਵਿੱਚ ਅਜਿਹੀਆਂ ਸ਼ਰਤਾਂ ਮਨਵਾਉਣ ਵਿੱਚ ਸਫ਼ਲਤਾ ਹਾਸਿਲ ਕੀਤੀ, ਜਿਹੜੀ ਸੰਧੀ ਸਮੂਹ ਸਿੱਖ ਸਰਦਾਰਾਂ ਵੱਲੋਂ ਸਰਬ ਪ੍ਰਵਾਨਿਤ ਹੋ ਸਕੇ। ਜੋ ਬੇਗਮ ਸਮਰੂ ਵਲੋਂ ਰੱਖੀਆਂ ਦੋ ਸ਼ਰਤਾਂ ਦੇ ਮੁਕਾਬਲੇ ਸ. ਬਘੇਲ ਸਿੰਘ ਨੇ ਜੋ ਸ਼ਰਤਾਂ ਸ਼ਾਹ ਆਲਮ ਅੱਗੇ ਰੱਖੀਆਂ ਉਨ੍ਹਾਂ ਵਿੱਚ ਪਹਿਲੀ ਦਿੱਲੀ ਦੀਆਂ ਉਹ ਸਾਰੀਆਂ ਥਾਵਾਂ ਸਿੱਖਾਂ ਨੂੰ ਸੌਂਪ ਦਿੱਤੀਆਂ ਜਾਣ, ਜਿਨ੍ਹਾਂ ਦਾ ਸਬੰਧ ਸਿੱਖ ਗੁਰੂ ਸਾਹਿਬਾਨ ਦੀ ਦਿੱਲੀ ਫੇਰੀ ਜਾਂ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨਾਲ ਜੁੜਿਆ ਹੋਵੇ। ਦੂਜੀ, ਉਪਰੋਕਤ ਸਥਾਨਾਂ ਦੀ ਨਿਸ਼ਾਨਦੇਹੀ ਹੋ ਜਾਣ ਉਪਰੰਤ ਸ਼ਾਹੀ ਫ਼ਰਮਾਨ ਜਾਰੀ ਕੀਤਾ ਜਾਵੇ ਕਿ ਪੰਥ ਨੂੰ ਆਪਣੇ ਗੁਰੂ ਸਾਹਿਬਾਨ ਦੀਆਂ ਯਾਦਗਾਰਾਂ ਉਸਾਰਨ ਦੀ ਆਗਿਆ ਦਿੱਤੀ ਜਾਵੇ। ਤੀਜੀ, ਸ਼ਹਿਰ ਦੀ ਕੋਤਵਾਲੀ ਖ਼ਾਲਸੇ ਦੇ ਸਪੁਰਦ ਕੀਤੀ ਜਾਵੇ ਅਤੇ ਦਿੱਲੀ ਵਿੱਚ ਮਾਲ ਦੀ ਵਿਕਰੀ ਤੋਂ ਇਕੱਠੀ ਹੋਣ ਵਾਲੀ ਚੁੰਗੀ ਵਿੱਚੋਂ 37.5% ਦੇ ਹਿਸਾਬ ਨਾਲ ਸਿੱਖਾਂ ਨੂੰ ਪੈਸਾ ਦਿੱਤਾ ਜਾਵੇ। ਇਹੀ ਪੈਸਾ ਗੁਰਦੁਆਰਿਆਂ ਦੀ ਉਸਾਰੀ ਅਤੇ ਫ਼ੌਜ ਦੀਆਂ ਤਨਖ਼ਾਹਾਂ ਆਦਿ 'ਤੇ ਖ਼ਰਚ ਕੀਤਾ ਜਾਣਾ ਸੀ। ਸ. ਬਘੇਲ ਸਿੰਘ ਨੇ ਗੁਰਦੁਆਰਾ ਮੋਤੀ ਬਾਗ਼ ਸਾਹਿਬ ਦੀ ਉਸਾਰੀ ਕਰਵਾਈ, ਜਿੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਲੀ ਆਮਦ ਸਮੇਂ ਆਪਣਾ ਨਿਵਾਸ ਰੱਖਿਆ ਸੀ। ਇਸ ਤੋਂ ਬਾਅਦ ਮਜਨੂੰ ਕਾ ਟਿੱਲਾ ਵਿਖੇ ਗੁਰਦੁਆਰੇ ਦੀ ਉਸਾਰੀ ਕੀਤੀ ਗਈ ਜਿੱਥੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣਾ ਨਿਵਾਸ ਰੱਖਿਆ ਸੀ। ਉੱਥੇ ਜਿੰਨੇ ਵੀ ਗੁਰਦੁਆਰੇ ਬਣੇ ਉਹ ਬਘੇਲ ਸਿੰਘ ਨੇ ਅੱਠ ਮਹੀਨਿਆਂ ਦੌਰਾਨ ਉੱਥੇ ਰਹਿ ਕੇ ਉਸਾਰੇ ਸ਼ਾਹ ਆਲਮ ਨੇ ਉਮਰ ਭਰ ਲਈ ਦਿੱਲੀ ਦੀ ਚੁੰਗੀ ਦਾ ਅੱਠਵਾਂ ਹਿੱਸਾ ਸ. ਬਘੇਲ ਸਿੰਘ ਦੇ ਨਾ ਕਰ ਦਿੱਤਾ। ਸ. ਬਘੇਲ ਸਿੰਘ ਨੇ ਨਵੰਬਰ 1783 ਦੇ ਅਖ਼ੀਰ ਤੱਕ ਸਾਰੇ ਗੁਰਦੁਆਰਿਆਂ ਦੀ ਉਸਾਰੀ ਮੁਕੰਮਲ ਕਰ ਦਿੱਤੀ। ਜਦੋਂ ਸ. ਬਘੇਲ ਸਿੰਘ ਗੁਰਦੁਆਰਿਆਂ ਦੀ ਉਸਾਰੀ ਕਰਕੇ ਦਸੰਬਰ ਦੇ ਅਰੰਭ ਵਿੱਚ ਪੰਜਾਬ ਨੂੰ ਮੁੜਨ ਲੱਗੇ ਤਾਂ ਸ਼ਹਿਨਸ਼ਾਹ ਆਲਮ ਦੂਜੇ ਨੇ ਸ. ਬਘੇਲ ਸਿੰਘ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ ਅਤੇ ਆਪਣੇ ਵਜ਼ੀਰ ਨੂੰ ਮੁਲਾਕਾਤ ਦਾ ਪ੍ਰਬੰਧ ਕਰਨ ਲਈ ਸ. ਬਘੇਲ ਸਿੰਘ ਕੋਲ਼ ਭੇਜਿਆ। ਇਸ ਤੋਂ ਪਹਿਲਾਂ ਸ. ਬਘੇਲ ਸਿੰਘ ਦੀ ਸ਼ਹਿਨਸ਼ਾਹ ਆਲਮ ਦੂਜੇ ਦੀ ਆਪਸੀ ਗੱਲਬਾਤ ਨਹੀਂ ਸੀ ਹੋਈ। ਜਦ ਸ. ਬਘੇਲ ਸਿੰਘ ਲਾਲ ਕਿਲੇ ਵੱਲ ਸ਼ਹਿਨਸ਼ਾਹ ਨੂੰ ਮਿਲਣ ਲਈ ਚੱਲੇ ਤਾਂ ਬਹੁਤ ਹੀ ਬਚਿੱਤਰ ਦ੍ਰਿਸ਼ ਸੀ ਅੱਗੇ-ਅੱਗੇ ਨਕੀਬ ਬੋਲਦਾ ਜਾਂਦਾ ਸੀ, ਖ਼ਾਲਸਾ ਜੀਓ ਆ ਰਹੇ ਹਨ' ਇੰਝ ਲੱਗਦਾ ਸੀ ਕਿ ਸਿੰਘਾਂ ਦੀ ਸ਼ਾਨ ਨਾਲ਼ ਸੂਰਜ ਵੀ ਮੂੰਹ ਛਿਪਾ ਬੈਠਾ ਹੈ। ਸ. ਬਘੇਲ ਸਿੰਘ ਪੂਰੀ ਤਰਾਂ ਸ਼ਸਤਰਬੱਧ ਹੋ ਕੇ ਹਾਥੀ ਦੇ ਹੌਦੇ ਉੱਪਰ ਬੈਠੇ ਸਨ। ਕਿਲੇ ਕੋਲ਼ ਪੁੱਜਦੇ ਹੀ ਵੱਡੇ ਵਜ਼ੀਰ ਨੇ ਇਸਤਕਬਾਲ ਕੀਤਾ। ਹਾਥੀ ਛੱਡ ਸ. ਬਘੇਲ ਸਿੰਘ ਘੋੜੇ 'ਤੇ ਸਵਾਰ ਹੋਏ ਅਤੇ ਇਸ ਤਰਾਂ ਚੜ੍ਹੇ ਚੜ੍ਹਾਏ ਹੀ ਕਿਲੇ ਅੰਦਰ ਦਾਖ਼ਲ ਹੋਏ। ਜਦੋਂ ਉੱਤਰੇ ਤਾਂ ਹੋਰ ਵਜ਼ੀਰ ਕਤਾਰ ਵਿੱਚ ਖੜੇ ਸਨ। ਉਨ੍ਹਾਂ ਨਾਲ਼ ਸ. ਦੂਲਚਾ ਸਿੰਘ ਅਤੇ ਸ. ਸਦਾ ਸਿੰਘ ਵੀ ਸਨ। ਸ. ਬਘੇਲ ਸਿੰਘ ਨੇ ਦਰਬਾਰ ਪਹੁੰਚ ਕੇ ਗੱਜ ਕੇ ਫ਼ਤਹਿ ਬੁਲਾਈ। ਸ. ਬਘੇਲ ਸਿੰਘ ਨੇ ਸ਼ਾਹੀ ਦਰਬਾਰ ਵਿੱਚ ਵੀ ਆਪਣੀ ਸ਼ਾਹੀ ਸਿੱਖ ਮਰਿਆਦਾ ਵੀ ਕਾਇਮ ਰੱਖੀ ਅਤੇ ਸ਼ਾਹੀ ਅਦਬ ਲਿਹਾਜ਼ ਦਾ ਪਾਲਣ ਨਹੀਂ ਕੀਤਾ। ਸ. ਬਘੇਲ ਸਿੰਘ ਨੂੰ ਸਲਾਮੀ (ਗਾਰਡ ਆਫ਼ ਆਨਰ) ਦਿੱਤੀ ਗਈ ਤਾਂ ਸ਼ਹਿਨਸ਼ਾਹ ਨੇ ਦੋਵੇਂ ਹੱਥ ਉਤਾਂਹ ਚੁੱਕ ਲਏ। ਕੁਰਸੀ ਸ਼ਹਿਨਸ਼ਾਹ ਨੇ ਨਾਲ਼ ਲਗਵਾਈ ਸੀ, ਪਰ ਸ. ਬਘੇਲ ਸਿੰਘ ਨੇ ਸਾਹਮਣੇ ਲਗਵਾਈ। ਬਾਕੀ ਸਰਦਾਰਾਂ ਨੂੰ ਵੀ ਮਾਣ ਸਤਿਕਾਰ ਦੀਆਂ ਕੁਰਸੀਆਂ ਦਿੱਤੀਆਂ ਗਈਆਂ। ਸ਼ਾਹ ਤੇ ਬਘੇਲ ਸਿੰਘ ਪੁਰਾਣੇ ਮਿੱਤਰਾਂ ਵਾਂਗ ਵਿਚਾਰਾਂ ਕਰਦੇ ਰਹੇ ਅਤੇ ਸ਼ਹਿਨਸ਼ਾਹ ਨੇ ਕਿਹਾ ਕਿ ਇਹ ਗੱਲ ਕਿਸੇ ਨੇ ਉਡਾਈ ਲੱਗਦੀ ਹੈ ਕਿ ਸਿੰਘ ਲੁਟੇਰੇ ਹਨ। ਉਹ ਬਘੇਲ ਸਿੰਘ ਤੋਂ ਅਤੇ ਹੋਰ ਸਰਦਾਰਾਂ ਤੋਂ ਬਹੁਤ ਪ੍ਰਭਾਵਿਤ ਹੋਇਆ। ਸ਼ਹਿਨਸ਼ਾਹ ਨੇ ਪੰਜ ਹਜ਼ਾਰ ਰੁਪਏ ਕੜਾਹ ਪ੍ਰਸ਼ਾਦਿ ਲਈ ਦੇ ਕੇ ਸ. ਬਘੇਲ ਸਿੰਘ ਨੂੰ ਬੜੇ ਆਦਰ ਤੇ ਸਤਿਕਾਰ ਨਾਲ਼ ਰੁਖ਼ਸਤ ਕੀਤਾ।





ਸਿੱਖ ਇਤਿਹਾਸ ਬਹਾਦਰੀ ਦੇ ਝਲਕਾਰੇ ਪਾ ਸਿੱਖ ਕੌਮ ਨੂੰ ਰੁਸ਼ਨਾਉਂਦਾ ਹੈ, ਪਰ ਜਦੋਂ ਅਸੀਂ ਭਾਰਤੀ ਇਤਿਹਾਸ ਦੀ ਗੱਲ ਕਰਦੇ ਹਾਂ, ਖ਼ਾਸ ਕਰਕੇ ਬ੍ਰਿਟਿਸ਼ ਯੁੱਗ ਤੋਂ ਪਹਿਲਾਂ, ਅਸੀਂ ਸਿੱਖਾਂ ਦੇ ਗੌਰਵਮਈ ਇਤਿਹਾਸ ਨੂੰ ਕਿਉਂ ਛੱਡ ਦਿੰਦੇ ਹਾਂ? ਇਸਲਾਮ ਵਿੱਚ ਜ਼ਬਰਦਸਤੀ ਧਰਮ ਪਰਿਵਰਤਨ ਵਿਰੁੱਧ ਖੜੇ ਹੋਣ ਦੀ ਉਨ੍ਹਾਂ ਦੀ ਹਿੰਮਤ? ਜ਼ਾਲਮ ਮੁਗ਼ਲਾਂ ਹੱਥੋਂ ਸਿੱਖਾਂ ਨਾਲ਼ ਹੋਇਆ ਵਹਿਸ਼ੀ ਸਲੂਕ? ਦੇਸ਼ ਭਰ ਦੇ ਸਕੂਲਾਂ ਦੇ ਸਿਲੇਬਸ ਵਿੱਚ ਮੁਗ਼ਲ ਇਤਿਹਾਸ ਨੂੰ ਚਿੱਟਾ ਕਰਕੇ ਕਿਉਂ ਪੜ੍ਹਾਇਆ ਜਾਂਦਾ ਹੈ ਅਤੇ ਸਿੱਖ ਇਤਿਹਾਸ ਨੂੰ ਪਿਛੋਕੜ ਵਿੱਚ ਕਿਉਂ ਧੱਕਿਆ ਜਾਂਦਾ ਹੈ? ਆਓ ਅਸੀਂ ਆਪਣੇ ਨਾਇਕਾਂ ਬਾਰੇ ਥੋੜਾ ਹੋਰ ਪੜ੍ਹਨ ਅਤੇ ਗੱਲ ਕਰਨ ਦਾ ਪ੍ਰਣ ਕਰੀਏ, ਕਿਤੇ ਇਹ ਭੁੱਲ ਨਾ ਜਾਵੇ। ਜੇ ਅਸੀਂ ਅੱਜ ਆਪਣਾ ਇਤਿਹਾਸ ਸੰਭਾਲਣ ਵਿੱਚ ਯੋਗਦਾਨ ਪਾਵਾਂਗੇ ਤਾਂ ਹੀ ਸਾਡੀਆਂ ਆਉਣ ਵਾਲੀਆਂ ਪੀੜੀਆਂ ਇਸ ਨੂੰ ਅੱਗੇ ਲੈ ਕੇ ਜਾਣਗੀਆਂ।

# ਪੀ.ਵੀ. ਸਿੰਧੂ ਨੇ ਰਚਿਆ ਇਤਿਹਾਸ

## ਇੰਟਰਨੈਸ਼ਨਲ ਟੂਰਨਾਮੈਂਟ ਦੂਜੀ ਵਾਰ ਜਿੱਤਿਆ

**ਪ੍ਰੋ.ਫ਼ੈਸਰ ਜਤਿੰਦਰ ਸਿੰਘ**

ਜਦੋਂ ਕੋਈ ਖਿਡਾਰੀ ਕੋਈ ਸਫ਼ਲਤਾ ਵਾਰ-ਵਾਰ ਦੁਹਰਾਉਂਦਾ ਹੈ ਤਾਂ ਲੋਕ ਇਸ ਤੱਥ ਨੂੰ ਸਵੀਕਾਰ ਕਰ ਲੈਂਦੇ ਹਨ ਕਿ ਉਹ ਆਪਣੀ ਖੇਡ ਵਿੱਚ ਪ੍ਰਵੀਨ ਹੈ ਤੇ ਇਹ ਵਿਸ਼ੇਸ਼ਤਾ ਸਦਾ ਲਈ ਉਸ ਨਾਲ਼ ਜੁੜ ਜਾਂਦੀ ਹੈ। ਇਸ ਸਾਲ ਮੁਲਤਵੀ ਹੋਈਆਂ ਉਲੰਪਿਕ ਖੇਡਾਂ ਵਿੱਚ ਪੀ.ਵੀ. ਸਿੰਧੂ ਹੋਣਹਾਰ ਮੁਟਿਆਰ ਨੇ ਉਲੰਪਿਕ ਵਿੱਚ ਆਪਣਾ ਪ੍ਰਦਰਸ਼ਨ ਸੁਧਾਰ ਲਿਆ ਸੀ, ਉਹ ਇੱਕ ਤੋਂ ਦੋ ਤਮਗੇ ਜਿੱਤਣ ਵਾਲੀ ਭਾਰਤ ਦੀ ਪਹਿਲੀ ਔਰਤ ਬਣ ਗਈ। ਹੁਣ ਉਸ ਨੇ ਮੋਦੀ ਇੰਟਰਨੈਸ਼ਨਲ ਟੂਰਨਾਮੈਂਟ ਜਿੱਤ ਕੇ ਆਪਣੇ ਨਾਂ ਨਾਲ਼ ਜੋੜ ਕੇ 'ਹੱਥ ਕੰਗਣ ਨੂੰ ਆਰਸੀ ਕੀ' ਨੂੰ ਸੱਚ ਸਾਬਤ ਕਰਨ ਲਈ ਸਬੂਤ ਪੇਸ਼ ਕਰ ਦਿੱਤਾ ਹੈ। ਮੋਦੀ ਇੰਟਰਨੈਸ਼ਨਲ ਟੂਰਨਾਮੈਂਟ ਭਾਰਤ ਵਿੱਚ ਹੋਣ ਵਾਲਾ ਇੱਕ ਅਜਿਹਾ ਟੂਰਨਾਮੈਂਟ ਹੈ, ਜਿਸ ਦੀ ਮਾਨਤਾ ਵਿਸ਼ਵ ਪੱਧਰ 'ਤੇ ਸਵੀਕਾਰ ਕੀਤੀ ਜਾਂਦੀ ਹੈ।

ਸਿੰਧੂ ਨੂੰ ਮੋਦੀ ਟੂਰਨਾਮੈਂਟ ਵਿੱਚ ਥਾਈਲੈਂਡ ਦੇ ਗਰੁੱਪ ਮੈਚ ਨੂੰ ਜਿੱਤਣ ਲਈ ਕਾਫ਼ੀ ਸੰਘਰਸ਼ ਕਰਨਾ ਪਿਆ। ਪਹਿਲੀ ਗੇਮ ਵਿੱਚ ਥਾਈਲੈਂਡ ਦੀ ਖਿਡਾਰਨ ਨੇ 21-11 ਨਾਲ਼ ਜਿੱਤ ਪ੍ਰਾਪਤ ਕੀਤੀ ਤੇ ਸਿੰਧੂ ਨੂੰ ਇੱਕ ਚੈਲੰਜ ਦਿੱਤਾ ਕਿ ਉਹ ਮੈਚ ਅਗਲੀਆਂ ਦੋ ਗੇਮਾਂ ਜੇਕਰ ਜਿੱਤੇਗੀ ਤਾਂ ਉਹ ਜੇਤੂ ਬਣ ਸਕਦੀ ਹੈ। ਭਾਰਤ ਦੀ ਇਸ ਹੋਣਹਾਰ ਮੁਟਿਆਰ ਨੇ ਥਾਈਲੈਂਡ ਦੀ ਇਸ ਚੁਣੌਤੀ ਨੂੰ ਬਾਖ਼ੂਬੀ ਸਵੀਕਾਰ ਕੀਤਾ ਤੇ ਦੂਜੀ ਗੇਮ ਭਾਰਤੀ ਖਿਡਾਰਨ ਨੇ 21-11 ਨਾਲ਼ ਬਰਾਬਰ ਕਰ ਲਈ। ਇਸ ਨਾਲ਼ ਮੈਚ ਤੀਸਰੀ ਗੇਮ ਵਿੱਚ ਚਲਾ ਗਿਆ। ਤੀਸਰੀ ਗੇਮ ਬੜੇ



ਆਤਮ ਵਿਸ਼ਵਾਸ ਨਾਲ਼ ਖੇਡੀ ਗਈ। ਇਸ ਤੀਸਰੀ ਗੇਮ ਵਿੱਚ ਥਾਈਲੈਂਡ ਦੀ ਖਿਡਾਰਨ ਨੇ ਬਹੁਤ ਸੰਘਰਸ਼ਪੂਰਨ ਮੁਕਾਬਲਾ ਕੀਤਾ ਪਰ ਨਵੀਂ ਊਰਜਾ ਨਾਲ਼ ਭਰੀ ਹੋਈ ਪੀ.ਵੀ. ਸਿੰਧੂ ਅੱਗੇ ਉਸ ਦੀ ਇੱਕ ਨਾ ਚੱਲੀ ਤੇ ਮੈਚ ਭਾਰਤ ਨੇ 21-17 ਨਾਲ਼ ਜਿੱਤ ਲਿਆ। ਪਾਰਖੂਆਂ ਅਨੁਸਾਰ ਇਹ ਮੈਚ ਭਾਰਤ ਨੂੰ ਬਹੁਤ ਰਾਸ ਆਇਆ ਤੇ ਭਾਰਤ ਅਗਲੀ ਮੰਜ਼ਿਲ ਵੱਲ ਵਧਿਆ। ਸੈਮੀਫ਼ਾਈਨਲ ਵਿੱਚ ਸਿੰਧੂ ਦਾ ਮੁਕਾਬਲਾ ਰੂਸ ਦੀ ਇਵਜੋਨੀਆ ਨਾਲ਼ ਸੀ। ਭਾਰਤੀ ਖਿਡਾਰਨ ਨੇ ਬਹੁਤ ਹੀ ਆਰਾਮ ਨਾਲ਼ ਪਹਿਲੀ ਗੇਮ 21-11 ਨਾਲ਼ ਜਿੱਤ ਲਈ। ਦੂਜੀ ਗੇਮ ਰੂਸੀ ਖਿਡਾਰਨ ਰੀਟਾਇਰਡ ਹਰਟ ਹੋਣ ਕਾਰਨ ਖੇਡ ਹੀ ਨਾ ਸਕੀ। ਇਸ ਤਰਾਂ ਦੇ ਹਾਦਸੇ ਇਸ ਖੇਡ ਵਿੱਚ ਵੀ ਹੁਣ ਆਮ ਹੋ ਗਏ ਹਨ ਤੇ ਕਈ ਵੱਡੇ ਟੂਰਨਾਮੈਂਟਾਂ ਦਾ ਫ਼ੈਸਲਾ ਇਸ ਤਰਾਂ ਵਾਕ ਓਵਰ ਮਿਲਣ ਕਰਕੇ ਹੁੰਦਾ ਹੈ। ਇਸ ਸਮੇਂ ਖੇਡ ਪ੍ਰੇਮੀਆਂ ਨੂੰ ਯਾਦ ਆਉਂਦਾ ਹੈ ਕਿ ਇੱਥੋਂ ਤੱਕ ਸਾਡੀ ਸਾਇਨਾ ਨਹੇਵਾਲ ਨੇ ਵੀ ਲੰਡਨ ਉਲੰਪਿਕ 2012 ਵਿੱਚ ਇਸ ਤਰਾਂ ਮੈਚ ਜਿੱਤਿਆ ਸੀ ਤੇ ਕਾਂਸੀ ਦਾ ਤਮਗ਼ਾ ਉਸ ਨੂੰ ਮਿਲਿਆ ਸੀ।

ਮੋਦੀ ਟੂਰਨਾਮੈਂਟ ਵਿੱਚ ਵੀ ਇਹ ਵਾਕ ਓਵਰ ਦੇਖਣ ਨੂੰ ਮਿਲਿਆ ਤੇ ਭਾਰਤੀ ਖਿਡਾਰਨ ਨੂੰ ਇਸ ਦਾ ਲਾਭ ਮਿਲਿਆ। ਫਿਰ ਇਹ ਟੂਰਨਾਮੈਂਟ ਕੇਵਲ ਇੱਕ ਉਪਚਾਰਿਕਤਾ ਬਣ ਕੇ ਰਹਿ ਗਿਆ ਤੇ ਕੇਵਲ ਭਾਰਤੀ ਖਿਡਾਰੀਆਂ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ ਜੋ ਕਦੇ ਕਦਾਈਂ ਹੀ ਹੁੰਦਾ ਹੈ। ਭਾਰਤ ਦੀ ਹੀ ਨਵੀਂ ਉਭਰਦੀ ਖਿਡਾਰਨ ਮਾਲਵਿਕਾ ਨੇ ਫਿਰ ਆਪਣੀ ਹਮਵਤਨ ਪੀ.ਵੀ. ਸਿੰਧੂ ਨਾਲ਼ ਫ਼ਾਈਨਲ ਮੈਚ ਖੇਡਿਆ। ਪਰ ਇੱਕ ਖ਼ਾਸ ਮੈਚ ਸਾਇਨਾ ਨਹੇਵਾਲ ਜੋ ਇੱਕ ਸਮੇਂ ਵਿਸ਼ਵ ਦੀ ਉੱਪਰਲੇ ਪਹਿਲੇ 5 ਖਿਡਾਰੀਆਂ ਵਿੱਚ ਸ਼ੁਮਾਰ ਕੀਤੀ ਜਾਂਦੀ ਸੀ ਤੇ ਭਾਰਤ ਦੀ ਪਹਿਲੀ ਮਹਿਲਾ ਉਲੰਪਿਕ ਤਮਗ਼ਾ ਜਿੱਤਣ ਵਾਲੀ ਬਣੀ ਨਾਲ਼ ਮੈਚ ਗਰੁੱਪ ਵਿੱਚ ਖੇਡਿਆ। ਇਹ ਇਸ ਮੋਦੀ ਟੂਰਨਾਮੈਂਟ ਦਾ ਸਭ ਤੋਂ ਸ੍ਰੇਸ਼ਠ ਮੈਚ ਬਣਿਆ, ਜਿਸ ਵਿੱਚ ਜਿਸ ਤਰਾਂ ਮਾਲਵਿਕਾ ਨੇ ਜ਼ਬਰਦਸਤ ਮੁਕਾਬਲਾ ਕਰ ਕੇ ਸਾਇਨਾ ਕੋਲ਼ੋਂ ਇਹ ਮੈਚ ਖੋਹਿਆ, ਉਸ ਦੀ ਦਾਦ ਦੇਣੀ ਬਣਦੀ ਹੈ। ਫਿਰ ਮਾਲਵਿਕਾ ਨੇ ਆਪਣੀ ਇੱਕ ਹੋਰ ਹਮਵਤਨੀ ਅਨੁਪਮਾ ਨੂੰ 19-21, 21-19, 21-7 ਨਾਲ਼ ਹਾਰ ਦਿੱਤੀ। ਫ਼ਾਈਨਲ ਮੈਚ ਇਸ ਤਰਾਂ ਪੀ.ਵੀ. ਸਿੰਧੂ ਤੇ ਮਾਲਵਿਕਾ ਦੋ ਦਿੱਗਜ ਖਿਡਾਰੀਆਂ ਵਿਚਕਾਰ ਖੇਡਿਆ ਗਿਆ, ਜਿਸ ਤੋਂ ਪੂਰੀ ਆਸ ਸੀ ਕਿ ਇਹ ਟੱਕਰ ਬਹੁਤ ਸੰਘਰਸ਼ਪੂਰਨ ਹੋਵੇਗੀ ਪਰ ਅਜਿਹਾ ਨਹੀਂ ਹੋਇਆ। ਖੇਡ ਬਹੁਤ ਦਿਲਚਸਪ ਢੰਗ ਨਾਲ਼ ਆਰੰਭ ਹੋਈ। ਪਹਿਲੇ ਸੱਤ ਅੰਕਾਂ ਵਿੱਚ ਕੋਈ ਵੀ ਅੰਕ ਮਾਲਵਿਕਾ ਨਾ ਲੈ ਸਕੀ, ਦਰਸ਼ਕ ਸੋਚਣ ਲੱਗੇ ਕਿੱਥੇ ਗਈ ਕੁੜੀ ਜਿਸ ਨੇ ਸਾਇਨਾ ਨੂੰ ਹਰਾਇਆ ਸੀ। ਇਹ ਕਦੇ ਕਦਾਈਂ ਹੀ ਹੁੰਦਾ ਹੈ ਕਿ ਮੱਧ ਦੀ ਬ੍ਰੇਕ ਵਿੱਚ ਸਕੋਰ 11-1 ਹੋਵੇ, ਇਸ ਤੋਂ ਬਾਅਦ ਮਾਲਵਿਕਾ ਨੇ ਖੇਡਣਾ ਆਰੰਭ ਕੀਤਾ ਤੇ ਪਹਿਲੀ ਗੇਮ ਸਸਤੇ ਵਿੱਚ ਹੀ 21-13 'ਤੇ ਮਾਲਵਿਕਾ ਹਾਰ ਗਈ। ਦੂਸਰੀ ਗੇਮ ਵਿੱਚ ਪਹਿਲੀ ਕਹਾਣੀ ਹੀ ਦੁਹਰਾਈ ਗਈ। ਇਸ ਤਰਾਂ ਪੀ.ਵੀ. ਸਿੰਧੂ ਨੇ ਕੋਈ ਦੋ ਸਾਲ ਬਾਅਦ ਆਪਣਾ ਦੂਸਰਾ ਮੋਦੀ ਟੂਰਨਾਮੈਂਟ ਆਪਣੇ ਹੀ ਦਰਸ਼ਕਾਂ ਸਾਹਮਣੇ ਜਿੱਤਿਆ।

# ਪਿੰਡਾਂ ਵਿੱਚ ਹਾਕੀ ਦੀ ਲਹਿਰ ਉਭਾਰਨ ਲਈ ਵੱਧ ਤੋਂ ਵੱਧ ਹਾਕੀ ਕਲੱਬ ਬਣਾਓ

**ਪ੍ਰੋ.ਫ਼ੈਸਰ ਪਰਮਜੀਤ ਸਿੰਘ ਰੰਧਾਵਾ**

ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਅਤੇ 'ਭਾਰਤੀ ਹਾਕੀ ਦੇ ਰਾਜਦੂਤ' ਵਜੋਂ ਜਾਣੇ ਜਾਂਦੇ ਧਨਰਾਜ ਪਿੱਲੇ ਅਕਸਰ ਇਹੋ ਕਹਿੰਦੇ ਹਨ ਕਿ ਹਾਕੀ ਦੇ ਮੈਦਾਨ ਵਿੱਚ ਪਿੰਡਾਂ ਦੇ ਖਿਡਾਰੀ ਬਿਹਤਰੀਨ ਪ੍ਰਦਰਸ਼ਨ ਕਰਦੇ ਆਏ ਹਨ ਤੇ ਕਰਦੇ ਰਹਿਣਗੇ। ਉਨਾਂ ਦੇ ਵਿਚਾਰ ਸੱਚਮੁੱਚ ਤਰਕ ਆਧਾਰਿਤ ਹਨ। ਜਦੋਂ ਵੀ ਦੇਸ਼ ਦੀ ਕੌਮੀ ਟੀਮ ਬਣੀ, ਪੇਂਡੂ ਪਿਛੋਕੜ ਰੱਖਣ ਵਾਲਿਆਂ ਨੇ ਬੜੇ ਮਾਣ ਤੇ ਸਤਿਕਾਰ ਨਾਲ਼ ਇਸ ਵਿੱਚ ਥਾਂ ਬਣਾਈ। ਇਸ ਲਈ ਪਿੰਡਾਂ ਵਿੱਚ ਵੱਧ ਤੋਂ ਵੱਧ ਹਾਕੀ ਕਲੱਬ ਹੋਂਦ ਵਿੱਚ ਲਿਆਉਣ ਦੀ ਲੋੜ ਹੈ ਤਾਂ ਕਿ ਇਸ ਖੇਤਰ ਵਿੱਚ ਵੱਧ ਤੋਂ ਵੱਧ ਹਾਕੀ ਪ੍ਰਤੀ ਪ੍ਰਤਿਭਾ ਪੈਦਾ ਕੀਤੀ ਜਾ ਸਕੇ ਅਤੇ ਉਸ ਦਾ ਫ਼ਾਇਦਾ ਵੀ ਲਿਆ ਜਾ ਸਕੇ। ਪਿੰਡ ਪ੍ਰਧਾਨ ਪੰਜਾਬ ਵਿੱਚ ਹੁਣ ਇਸ ਪੱਖੋਂ ਗੰਭੀਰ ਅਤੇ ਸੁਚੇਤ ਹੋਣ ਦੀ ਜ਼ਰੂਰਤ ਹੈ। ਦੇਸ਼ ਦੀ ਕੌਮੀ ਟੀਮ ਨੇ ਬੇਸ਼ੱਕ ਪਿਛਲੇ ਦਹਾਕਿਆਂ ਤੋਂ ਬਹੁਤ ਬੁਰਾ ਦੌਰ ਵੀ ਵੇਖਿਆ ਪਰ ਸੱਚ ਇਹ ਵੀ ਹੈ ਕਿ ਪੇਂਡੂ ਲੋਕਾਂ ਦੇ ਹਾਕੀ ਪ੍ਰੇਮ ਨੇ ਹਾਕੀ ਦਾ ਬੂਟਾ ਕੁਮਲਾਉਣ ਨਹੀਂ ਦਿੱਤਾ। ਜੇ ਅਸੀਂ ਪੰਜਾਬ ਵਿੱਚ ਹੀ ਉਦਾਹਰਨ ਲੈਣੀ ਹੋਵੇ ਤਾਂ ਮਾਝਾ ਮਾਲਵੇ ਅਤੇ ਦੁਆਬੇ ਦੇ ਪਿੰਡਾਂ ਵਿੱਚ ਗਿਣੇ-ਚੁਣਵੇਂ ਹਾਕੀ ਕਲੱਬ ਹਮੇਸ਼ਾ ਪੇਂਡੂ ਹਾਕੀ ਟੂਰਨਾਮੈਂਟ ਆਯੋਜਨ ਕਰਵਾਉਣ ਦਾ ਹੀਅ ਕਰਦੇ ਹੀ ਰਹੇ ਹਨ। ਇਹ ਵੱਖਰੀ ਗੱਲ ਹੈ ਕਿ ਨਾ ਤਾਂ ਪੰਜਾਬ ਵਿੱਚ ਇਨਾਂ ਹਾਕੀ ਕਲੱਬਾਂ ਦੀ ਗਿਣਤੀ ਹੀ ਜ਼ਿਆਦਾ ਰਹੀ ਅਤੇ ਨਾ ਹੀ ਟੂਰਨਾਮੈਂਟਾਂ ਦਾ ਆਯੋਜਨ ਹੀ ਲਗਾਤਾਰ ਚੱਲਦਾ ਰਿਹਾ। 1955 ਤੋਂ ਬਾਅਦ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਕਾਫ਼ੀ ਹਾਕੀ ਦੇ ਕਲੱਬ ਬਣੇ। ਪਰ ਸਰਕਾਰੀ ਸਹਾਇਤਾ ਨਾ ਮਿਲਣ ਕਾਰਨ ਦਮ ਤੋੜਦੇ ਚਲੇ ਗਏ। ਕਈ ਨਵਿਆਂ ਕਲੱਬਾਂ ਨੇ ਫਿਰ ਆਪਣੀ ਹੋਂਦ ਵਿਖਾਉਣ ਦੀ ਕੋਸ਼ਿਸ਼ ਕੀਤੀ। ਕਈ ਪਿੰਡਾਂ 'ਚ ਸਿਰਫ਼ ਟੂਰਨਾਮੈਂਟਾਂ ਦਾ ਆਯੋਜਨ ਹੀ ਹੁੰਦਾ ਰਿਹਾ ਫਿਰ ਹੌਲ਼ੀ-ਹੌਲ਼ੀ 1985 ਤੋਂ ਬਾਅਦ ਇਨਾਂ ਦਾ ਕੰਮ ਵੀ ਠੰਢਾ ਪੈ ਗਿਆ। 1990 ਤੋਂ ਬਾਅਦ ਹੌਲ਼ੀ-ਹੌਲ਼ੀ ਪਿੰਡਾਂ ਵਿੱਚ ਕ੍ਰਿਕਟ ਦਾ ਕ੍ਰੇਜ ਵੀ ਵਧਦਾ ਗਿਆ ਅਤੇ ਕੁਝ ਲੋਕਾਂ ਨੇ ਜਾਂ ਕਹਿ ਲਵੋ ਨੌਜਵਾਨ ਵਰਗ ਪੇਂਡੂ ਕ੍ਰਿਕਟ ਟੂਰਨਾਮੈਂਟਾਂ ਦਾ ਵੀ ਪ੍ਰਬੰਧ ਕਰਨ ਲੱਗ ਪਿਆ। ਇਹ ਉਹ ਕਾਰਨ ਹੈ ਜਿਸ ਨੇ ਪੰਜਾਬ ਦੀ ਧਰਤੀ ਤੇ ਹਾਕੀ ਪਿਆਰ ਨੂੰ ਥੋੜੀ ਜਿਹੀ ਠੇਸ ਜ਼ਰੂਰ ਪਹੁੰਚਾਈ। ਹਮੇਸ਼ਾ ਹਾਕੀ ਲਈ ਮਸ਼ਹੂਰ ਰਹੀ ਪੰਜਾਬ ਦੀ ਧਰਤੀ ਨੂੰ ਉਸ ਵਕਤ 'ਹਾਕੀ ਕ੍ਰਾਂਤੀ'



ਲਿਆਉਣ ਲਈ ਸਰਕਾਰ, ਪਿੰਡ ਦੇ ਸਰਪੰਚਾਂ, ਪੰਚਾਂ ਅਤੇ ਕ੍ਰਾਂਤੀਕਾਰੀ ਹਾਕੀ ਪ੍ਰੇਮੀਆਂ ਦੀ ਲੋੜ ਸੀ, ਜੋ ਹਾਕੀ ਲਈ ਮਸੀਹਾ ਬਣਦੇ ਪਰ ਇੰਜ ਹੋ ਨਹੀਂ ਸਕਿਆ, ਪੂਰੀ ਸ਼ਿੱਦਤ ਦੇ ਨਾਲ਼। ਪਿੰਡਾਂ ਵਿੱਚ ਹਾਕੀ ਦੀ ਲਹਿਰ ਉਭਾਰਨ ਲਈ, ਹਾਕੀ ਕ੍ਰਾਂਤੀ ਲਿਆਉਣ ਲਈ ਵੱਧ ਤੋਂ ਵੱਧ ਹਾਕੀ ਕਲੱਬ ਬਣਾਏ ਜਾਣ ਦੀ ਜ਼ਰੂਰਤ ਹੈ। ਇਹੀ ਕਲੱਬ ਬਾਅਦ ਵਿੱਚ ਹਾਕੀ ਟੂਰਨਾਮੈਂਟ ਕਰਵਾਉਣ ਤਾਂ ਕੋਈ ਕਾਰਨ ਨਹੀਂ ਕਿ ਸਾਰਾ ਸਾਲ ਸਵੇਰੇ-ਸ਼ਾਮ ਪਿੰਡਾਂ 'ਚ ਹਾਕੀ ਦਾ ਬੋਲਬਾਲਾ ਨਾ ਹੋਵੇ। ਇਸ ਤਰਾਂ ਪਿੰਡਾਂ 'ਚੋਂ ਨਿਕਲਣ ਵਾਲੀ ਹਾਕੀ ਪ੍ਰਤਿਭਾ ਵਿੱਚ ਹੋਰ ਨਿਖਾਰ ਵੀ ਹੋਵੇਗਾ। ਪਿੰਡਾਂ 'ਚ ਜੂਨੀਅਰ ਅਤੇ ਸੀਨੀਅਰ ਪੱਧਰ 'ਤੇ ਕਰਵਾਏ ਜਾਣ ਵਾਲੇ ਹਾਕੀ ਟੂਰਨਾਮੈਂਟ ਹਾਕੀ ਹਰਮਨਪਿਆਰਤਾ ਦੀ ਕਮੀ ਵੀ ਦੂਰ ਕਰਨਗੇ। 25 ਪਿੰਡਾਂ ਕੋਲ਼ ਇੱਕ ਐਸਟਰੋਟਰਫ਼ ਮੈਦਾਨ ਦੀ ਵੀ ਜ਼ਰੂਰਤ ਹੈ। ਪਰ ਇਸ ਸਭ ਕਾਸੇ ਲਈ ਸਰਕਾਰੀ ਮਦਦ ਦੀ ਜ਼ਰੂਰਤ ਹੈ। ਸਰਕਾਰੀ ਥਾਪੀ ਦੀ ਲੋੜ ਹੈ। ਖੇਡਾਂ ਲਈ ਵਚਨਬੱਧ ਬਾਦਲ ਸਰਕਾਰ ਨੂੰ ਇਸ ਪੱਖੋਂ ਪੇਂਡੂ ਹਾਕੀ ਕਲੱਬਾਂ ਨੂੰ ਉਤਸ਼ਾਹਿਤ ਕਰਨ ਲਈ ਅੱਗੇ ਆਉਣਾ ਪਵੇਗਾ। ਇਸ ਮੁਹਿਮ ਤਹਿਤ ਹੀ ਹਾਕੀ ਪਿੰਡ-ਪਿੰਡ ਤੱਕ ਜਾਵੇਗੀ। ਜਦੋਂ ਕਿਸੇ ਪੇਂਡੂ ਹਾਕੀ ਕਲੱਬ ਦੀ ਟੀਮ ਆਲ ਇੰਡੀਆ ਪੱਧਰ ਦੇ ਟੂਰਨਾਮੈਂਟ 'ਚ ਆਪਣੇ ਖੇਡ ਹੁਨਰ ਸਦਕਾ ਛਾਏਗੀ ਤਾਂ ਫਿਰ ਹੋਰਨਾਂ ਕਲੱਬਾਂ ਨੂੰ ਵੀ ਉਤਸ਼ਾਹ ਮਿਲੇਗਾ। ਪੇਂਡੂ ਹਾਕੀ ਕਲੱਬਾਂ ਦੇ ਦਮਦਾਰ ਪ੍ਰਦਰਸ਼ਨ ਲਈ ਐਸਟਰੋਟਰਫ਼ ਮੈਦਾਨਾਂ ਦੀ ਸਖ਼ਤ ਜ਼ਰੂਰਤ ਹੈ। ਪੇਂਡੂ ਹਾਕੀ ਕਲੱਬਾਂ ਦੇ ਪ੍ਰਬੰਧਕ ਇਹ ਇੰਤਜ਼ਾਮ ਕਿਵੇਂ ਕਰਨ। ਮਾਝੇ, ਮਾਲਵੇ ਅਤੇ ਦੁਆਬੇ ਦੇ ਕਈ ਪੇਂਡੂ ਹਾਕੀ ਕਲੱਬਾਂ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ। ਜਿਨਾਂ ਨੂੰ ਨਾ ਤਾਂ ਕਿਸੇ ਪਰਵਾਸੀ ਵੱਲੋਂ ਕੋਈ ਸਹਿਯੋਗ ਮਿਲਿਆ, ਨਾ ਸਰਕਾਰੇ-ਦਰਬਾਰੇ, ਮੰਤਰੀਆਂ, ਵਿਧਾਇਕਾਂ ਨੇ ਕਦੇ ਕੋਈ ਸਾਰ ਲਈ, ਬਸ ਪਿੰਡ ਦੇ ਕੁਝ ਪਤਵੰਤੇ ਹੀ ਹਾਕੀ ਪ੍ਰੇਮ ਦੀ ਖ਼ਾਤਰ ਇਹ ਹਾਕੀ ਕਲੱਬ ਚਲਾਉਂਦੇ ਰਹੇ ਅਤੇ ਕਈ ਮਾਣਯੋਗ ਪ੍ਰਾਪਤੀਆਂ ਕੀਤੀਆਂ, ਕਈ ਵਾਰ ਕਿਸੇ ਜੱਟ ਜ਼ਿਮੀਂਦਾਰ ਨੇ ਆਪਣੀ ਜ਼ਮੀਨ ਨੂੰ ਹਾਕੀ ਗਰਾਊਂਡ ਬਣਾਉਣ ਤੋਂ ਵੀ ਗੁਰੇਜ਼ ਨਹੀਂ ਕੀਤਾ। ਇਹੀ ਕਾਰਨ ਹੈ ਕਿ ਪਿਛਲੇ ਬੁਰੇ ਵਕਤਾਂ ਵਿੱਚ ਪੰਜਾਬ ਦੇ ਪਿੰਡਾਂ ਵਿੱਚ ਹਾਕੀ ਦੀ ਖੇਤੀ ਵੀ ਹੁੰਦੀ ਰਹੀ। ਉੱਦਮੀ ਲੋਕਾਂ ਨੇ ਖੇਡ ਸਟੇਡੀਅਮ ਵੀ ਆਪਣੇ ਹੀ ਬਲਬੂਤੇ ਬਣਾ ਦਿੱਤੇ। ਪਿੰਡ ਦੀ ਪੰਚਾਇਤ ਕੁੰਭਕਰਨੀ ਨੀਂਦ ਸੁੱਤੀ ਰਹੀ। ਮੌਜੂਦਾ ਦੌਰ ਵਿੱਚ ਸਰਕਾਰ ਨੂੰ ਹਾਕੀ ਉਤਸ਼ਾਹਿਤ ਕਰਨ ਦੇ ਇਸ ਹੰਭਲੇ ਤਹਿਤ ਪਿੰਡਾਂ ਵਿੱਚ ਲੋਕ ਭਲਾਈ ਦੇ ਕੰਮਾਂ 'ਚ ਜ਼ੀਰੋ ਹੋ ਚੁੱਕੀਆਂ ਪੰਚਾਇਤਾਂ ਨਾਲ਼ ਵੀ ਸਖ਼ਤੀ ਨਾਲ਼ ਪੇਸ਼ ਆਉਣਾ ਪਵੇਗਾ। ਸਰਕਾਰੀ ਗਰਾਂਟਾਂ ਨੂੰ ਖਾਣ ਦੀ ਇਨਾਂ ਦੀ ਆਦਤ ਹੈ, ਕਿਸੇ ਖੇਡ ਦੇ ਵਿਕਾਸ ਲਈ ਅੱਗੇ ਆਉਣ ਦੀ ਥਾਂ ਉਹ ਸਿਰਫ਼ ਰਾਜਨੀਤੀ ਅਤੇ ਧੜੇਬੰਦੀ ਦੀਆਂ ਝੰਡਾ ਬਰਦਾਰ ਹੀ ਬਣ ਬੈਠੀਆਂ ਹਨ।

ਸਰਕਾਰ ਹਾਕੀ ਉਤਸ਼ਾਹਿਤ ਕਰਨ ਦਾ ਟੀਚਾ ਲੈ ਕੇ ਕਾਰਵਾਂ ਬਣਾ ਕੇ ਚੱਲਣ ਵਾਲੇ ਪਿੰਡ ਦੇ ਪਤਵੰਤੇ ਲੋਕਾਂ ਦੀ ਹਰ ਪੱਖੋਂ ਮਦਦ ਕਰਨ ਲਈ ਅੱਗੇ ਆਵੇ। ਵੱਧ ਤੋਂ ਵੱਧ ਹਾਕੀ ਕਲੱਬ ਹੋਂਦ 'ਚ ਲਿਆਉਣ ਦਾ ਸਰਕਾਰੀ ਫ਼ੁਰਮਾਨ ਹੋਵੇ। ਪਿੰਡਾਂ ਵਿੱਚ ਚੰਗੀਆਂ ਗਰਾਊਂਡਾਂ ਬਣਾਉਣ ਦਾ ਪ੍ਰਬੰਧ ਕਰੇ। ਸਰਕਾਰੀ ਫ਼ੰਡਾਂ ਤੋਂ ਬਗ਼ੈਰ ਹਾਕੀ ਕਲੱਬ ਨਾ ਪੈਦਾ ਹੋ ਸਕਦੇ ਹਨ ਤੇ ਨਾ ਹੀ ਸੁਰਜੀਤ ਰਹਿ ਸਕਦੇ ਹਨ ਅਤੇ ਪੇਂਡੂ ਹਾਕੀ ਕਲੱਬ ਦੀ ਹੋਂਦ ਤੋਂ ਬਗ਼ੈਰ ਹਾਕੀ ਦੀ ਪੁਨਰ ਸੁਰਜੀਤੀ ਦੀ ਗੱਲ ਕਰਨੀ ਤਰਕਸੰਗਤ ਨਹੀਂ ਲੱਗਦੀ।

# ਆਸਟ੍ਰੇਲਿਆਈ ਸਪਿੰਨਰ ਸ਼ੇਨ ਵਾਰਨ ਦਾ ਦੇਹਾਂਤ

**ਮੈਲਬਰਨ/ਏ.ਟੀ.ਨਿਊਜ਼ :-** ਬੱਲੇਬਾਜ਼ਾਂ ਨੂੰ ਆਪਣੀ ਸਪਿੰਨ ਦੀ ਫ਼ਿਰਕੀ ਨਾਲ ਘੁੰਮਣ-ਘੇਰੀਆਂ ਵਿੱਚ ਪਾਈ ਰੱਖਣ ਵਾਲੇ ਮਹਾਨ ਆਸਟ੍ਰੇਲਿਆਈ ਕ੍ਰਿਕਟਰ ਸ਼ੇਨ ਵਾਰਨ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ। ਸ਼ੇਨ ਦੀ ਮੌਤ ਥਾਈਲੈਂਡ ਦੇ ਕੋਹ ਸਮੁਈ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਹੋਈ ਹੈ। ਉਹ 52 ਸਾਲਾਂ ਦੇ ਸਨ। ਉਨਾਂ ਦਾ ਕੰਮ ਦੇਖ ਰਹੀ ਟੀਮ ਨੇ ਦੱਸਿਆ ਕਿ ਉਹ ਥਾਈਲੈਂਡ ਦੀ ਆਪਣੀ ਰਿਹਾਇਸ਼ (ਵਿਲਾ) ਵਿੱਚ ਬੇਸੁਰਤ ਪਾਏ ਗਏ ਸਨ ਤੇ ਮੈਡੀਕਲ ਟੀਮ ਵੱਲੋਂ ਕਾਫ਼ੀ ਯਤਨ ਕਰਨ ਦੇ ਬਾਵਜੂਦ ਉਨਾਂ ਨੂੰ ਬਚਾਇਆ ਨਹੀਂ ਜਾ ਸਕਿਆ। ਸ਼ੇਨ ਦੇ ਪਰਿਵਾਰ ਵਿੱਚ ਦੋ ਧੀਆਂ ਤੇ ਇੱਕ ਪੁੱਤਰ ਹੈ। ਕੌਮਾਂਤਰੀ ਕ੍ਰਿਕਟ ਦੇ ਇਸ ਬੇਮਿਸਾਲ ਖਿਡਾਰੀ ਨੇ 1992 ਵਿੱਚ ਸਿਡਨੀ ਕ੍ਰਿਕਟ ਮੈਦਾਨ 'ਤੇ ਭਾਰਤ ਖ਼ਿਲਾਫ਼ ਮੈਚ ਤੋਂ ਆਪਣੇ ਟੈਸਟ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਸ਼ੇਨ ਨੇ ਆਸਟਰੇਲੀਆ ਲਈ 145 ਟੈਸਟ ਮੈਚਾਂ ਵਿੱਚ 708 ਵਿਕਟਾਂ ਹਾਸਲ ਕੀਤੀਆਂ। ਉਨਾਂ 194 ਇੱਕ ਰੋਜ਼ਾ ਮੈਚ ਖੇਡੇ ਤੇ 293 ਵਿਕਟਾਂ ਲਈਆਂ। ਟੈਸਟ ਕ੍ਰਿਕਟ ਦੇ ਇਤਿਹਾਸ ਵਿੱਚ ਸ਼੍ਰੀਲੰਕਾ ਦੇ ਮੁਥੱਈਆ ਮੁਰਲੀਧਰਨ ਮਗਰੋਂ ਉਹ ਸਭ ਤੋਂ ਵੱਧ ਵਿਕਟਾਂ ਲੈਣ ਵਾਲੇ



ਦੂਜੇ ਗੇਂਦਬਾਜ਼ ਸਨ। ਮੁਰਲੀਧਰਨ ਦੇ ਨਾਂ 800 ਤੋਂ ਵੱਧ ਵਿਕਟਾਂ ਲੈਣ ਦਾ ਰਿਕਾਰਡ ਦਰਜ ਹੈ। ਸ਼ੇਨ ਵਾਰਨ ਨੇ ਸਾਲ 2013 ਵਿੱਚ ਕ੍ਰਿਕਟ ਨੂੰ ਅਲਵਿਦਾ ਆਖ ਦਿੱਤੀ ਸੀ। 1999 ਦੇ ਵਿਸ਼ਵ ਕੱਪ ਵਿੱਚ ਮਿਲੀ ਖਿਤਾਬੀ ਜਿੱਤ ਵਿੱਚ ਵਾਰਨ ਦੀ ਅਹਿਮ ਭੂਮਿਕਾ ਸੀ। ਐਸ਼ੇਜ਼ ਕ੍ਰਿਕਟ ਵਿੱਚ ਸਭ ਤੋਂ ਵੱਧ 195 ਵਿਕਟਾਂ ਲੈਣ ਦਾ ਰਿਕਾਰਡ ਵੀ ਵਾਰਨ ਦੇ ਨਾਂ ਦਰਜ ਹੈ। ਵਾਰਨ ਨੇ ਸੇਵਾ ਮੁਕਤੀ ਮਗਰੋਂ ਆਈ.ਪੀ.ਐੱਲ. ਫਰੈਂਚਾਇਜ਼ੀ ਰਾਜਸਥਾਨ ਰੌਇਲਜ਼ ਲਈ ਕਪਤਾਨ ਤੇ ਕੋਚ ਦੀਆਂ ਭੂਮਿਕਾਵਾਂ ਨਿਭਾਈਆਂ।

# A-ONE EXPRESS

**ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ**

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

**ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ**



28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

**Toll Free: 888.725.7441, Office: 209.537.0975, Fax: 209.537.0375**

# Worldwide Services, LLC



*Professional Services Under One Roof:*

**Immigration Consultants** (Registered & Bonded):

Family Immigration; Green Card Petition; Citizenship; Business/ Visitor Visa; Student Visa; India Visa; Passport Renewal; OCI & other immigration services.

**Income Tax Preparation** (Individual & Business).

**Financial Accounting, Bookkeeping & Payroll Services.**

COVID-19 Stimulus **SBA's PPP & EIDL loans & SVOG grant.**

your CERTIFIED, REGISTERED and BONDED CONSULTANT:

**Ravdeep S. Bhasin Cell: 408-613-3876**

www.worldwidesvcs.com | ravdeep@worldwidesvcs.com

**15437 Stratford Drive, Ste 1, San Jose, CA 95124**

# ਵਿਰਸੇ ਦਾ ਰਾਖਾ 'ਤਰਸੇਮ ਸਿੰਘ'



**ਤਸਵਿੰਦਰ ਸਿੰਘ ਬੜੈਚ**
ਮੋਬਾ-7527931887

ਬੇਸ਼ੱਕ ਸਾਡੀਆਂ ਪੁਰਾਤਨ ਵਸਤੂਆਂ ਅੱਜ ਅਲੋਪ ਹੁੰਦੀਆਂ ਜਾ ਰਹੀਆਂ ਹਨ ਪਰ ਪੁਰਾਤਨ ਵਿਰਸੇ ਨੂੰ ਪਿਆਰ ਕਰਨ ਵਾਲੇ ਕਈ ਜਨੂੰਨੀ ਲੋਕ ਅੱਜ ਵੀ ਪੁਰਾਤਨ ਵਸਤੂਆਂ ਨੂੰ ਆਪਣੇ ਘਰ ਦਾ ਸ਼ਿੰਗਾਰ ਬਣਾ ਕੇ ਰੱਖਦੇ ਹਨ। ਅਜਿਹਾ ਹੀ ਇੱਕ ਸ਼ਖ਼ਸ ਹੈ ਤਹਿਸੀਲ ਅਜਨਾਲਾ ਦੇ ਪਿੰਡ ਪਠਾਣ ਨੰਗਲ ਦਾ ਤਰਸੇਮ ਸਿੰਘ, ਜਿਸ ਨੇ ਪੁਰਾਤਨ ਵਿਰਸੇ ਨਾਲ ਸੰਬੰਧਿਤ ਗ੍ਰਾਮੋਫ਼ੋਨ ਮਸ਼ੀਨਾਂ ਤੇ ਤਵਿਆਂ (ਰਿਕਾਰਡਾਂ) ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਇਸ ਗੱਭਰੂ ਨੇ ਇਕੱਲੇ ਗ੍ਰਾਮੋਫੋਨ ਮਸ਼ੀਨਾਂ ਤੇ ਤਵਿਆਂ ਨੂੰ ਹੀ ਨਹੀਂ ਸਾਂਭਿਆ ਹੋਇਆ, ਉਸ ਕੋਲ਼ ਪੁਰਾਣਾ ਵੀ.ਸੀ.ਆਰ. ਵੀ ਹੈ ਤੇ ਉਸਦੀਆਂ ਵੀਡੀਓ ਕੈਸਿਟਾਂ ਵੀ ਸੰਭਾਲੀਆਂ ਹੋਈਆਂ ਹਨ, ਟੇਪ ਰਿਕਾਰਡ ਵੀ ਹੈ ਤੇ ਉਸਦੀਆਂ ਆਡੀਓ ਕੈਸਿਟਾਂ ਵੀ ਹਨ। ਇਸ ਤੋਂ ਇਲਾਵਾ ਉਸਦੇ ਕੋਲ਼ ਬਲੈਕ ਐਂਡ ਵਾਈਟ ਟੀ.ਵੀ., ਡੀ.ਵੀ.ਡੀ., ਡੈੱਕ, ਮੈਕਰੋ ਕੈਸਿਟ ਰਿਕਾਰਡ ਵੀ ਸੰਭਾਲ ਕੇ ਰੱਖੇ ਹੋਏ ਹਨ। ਤਰਸੇਮ ਸਿੰਘ ਨੂੰ ਫ਼ੋਟੋਗ੍ਰਾਫ਼ੀ ਦਾ ਵੀ ਸ਼ੌਕ ਹੈ, ਡੀ.ਐੱਸ.ਐੱਲ.ਆਰ. ਵੀ ਰੱਖਿਆ ਹੋਇਆ ਹੈ। ਤਰਸੇਮ ਸਿੰਘ ਦੇ ਤਵਿਆਂ ਵਾਲੇ ਅਨਮੋਲ ਵਿਰਾਸਤੀ ਖ਼ਜ਼ਾਨੇ ਵਿੱਚ ਸੁਰਿੰਦਰ ਛਿੰਦਾ, ਗੁਲਸ਼ਨ ਕੋਮਲ, ਅਮਰ ਸਿੰਘ ਚਮਕੀਲਾ, ਅਮਰਜੋਤ, ਕੇ. ਦੀਪ, ਜਗਮੋਹਣ ਕੌਰ, ਕੁਲਦੀਪ ਮਾਣਕ, ਰਾਜਿੰਦਰ ਰਾਜਨ, ਕਰਮਜੀਤ ਧੂਰੀ, ਦੀਦਾਰ ਸੰਧੂ, ਸਨੇਹਲਤਾ, ਫ਼ਕੀਰ ਸਿੰਘ ਫ਼ਕੀਰ, ਸ਼ੀਤਲ ਸਿੰਘ ਸ਼ੀਤਲ, ਨਰਿੰਦਰ ਬੀਬਾ, ਹਜ਼ਾਰਾ ਸਿੰਘ ਰਮਤਾ, ਗੁਰਪਾਲ ਸਿੰਘ ਪਾਲ, ਸੁਰਿੰਦਰ ਕੌਰ, ਅਮਰ ਸਿੰਘ ਸ਼ੌਂਕੀ, ਯਮਲਾ ਜੱਟ, ਹਰਚਰਨ ਗਰੇਵਾਲ, ਸੀਮਾ, ਰੰਗੀਲਾ ਜੱਟ, ਸਵਰਨ ਲਤਾ, ਕਰਨੈਲ ਗਿੱਲ, ਕੁਮਾਰੀ ਲਾਜ, ਮੁਹੰਮਦ ਸਦੀਕ, ਰਣਜੀਤ ਕੌਰ ਆਦਿ ਗਾਇਕਾਂ ਦੇ ਰਿਕਾਰਡ ਮੌਜੂਦ ਹਨ ਜੋ ਸੰਗੀਤਕ ਖ਼ਜ਼ਾਨੇ ਨੂੰ ਚਾਰ ਚੰਨ ਲਗਾਉਂਦੇ ਹਨ। ਤਰਸੇਮ ਸਿੰਘ ਦੇ ਸੰਗੀਤਕ ਖ਼ਜ਼ਾਨੇ ਵਿੱਚ ਕੁੱਝ ਕੁ ਚੋਣਵੇਂ ਗੀਤ 'ਸਾਹਿਬਾਂ ਵਾਜਾਂ ਮਾਰਦੀ', 'ਦਸ਼ਮੇਸ਼ ਗੁਰੂ ਦੇ ਲਾਲਾਂ ਨੂੰ ਨਾ ਮਾਰ ਸੂਬਿਆ', 'ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ', 'ਕਿਉਂ ਫੜੀ ਸਿਪਾਹੀਆਂ ਨੇ ਭੈਣੋਂ ਇਹ ਹੰਸਾਂ ਦੀ ਜੋੜੀ', 'ਪਾਲੀ ਪਾਣ ਪਾਣੀ ਖੂਹ ਤੋਂ ਭਰੇ', 'ਲੈ ਜਾ ਛੱਲੀਆਂ ਭੁੰਨਾਂ ਲਈ ਦਾਣੇ', 'ਟਾਂਗਾ ਚੱਲਿਆ ਏ ਸ਼ਹਿਰ ਕੁਰਾਲੀ', 'ਵੇ ਤੂੰ ਗੋਲੀਆਂ ਸੀ ਖੇਡਦਾ', 'ਮੁੱਛਫੁਟਾਨੀ ਲੈ



ਦੇ ਵੇ', 'ਮੁਕਲਾਵਾ ਤੇਰਾ ਆਇਆ ਬੱਲੀਏ', 'ਮਿੱਤਰਾਂ ਦੀ ਲੂਣ ਦੀ ਡਲੀ', 'ਸੋਨੇ ਦੇ ਤਵੀਤ ਵਾਲਿਆ' ਵਾਂਗ ਹੋਰ ਵੀ ਬਹੁਤ ਵਿਸ਼ਵ ਪ੍ਰਸਿੱਧ ਗੀਤ ਉਸਦੇ ਸੰਗੀਤਕ ਖ਼ਜ਼ਾਨੇ ਵਿੱਚ ਸੁਰੱਖਿਅਤ ਪਏ ਹਨ। ਇਸ ਤੋਂ ਇਲਾਵਾ ਉਸਨੇ ਕੁਝ ਕੁ ਹਿੰਦੀ ਤਵੇ ਵੀ ਸੰਭਾਲੇ ਹੋਏ ਹਨ। ਸਰਦਾਰ ਜਸਵੰਤ ਸਿੰਘ ਦੇ ਲਾਡਲੇ ਤਰਸੇਮ ਸਿੰਘ ਕੋਲ਼ 70-80 ਸਾਲ ਪਹਿਲਾਂ ਦੀ ਬਣੀ ਹੋਈ ਚਾਬੀ ਨਾਲ਼ ਚੱਲਣ ਵਾਲੀ ਇੱਕ ਗ੍ਰਾਮੋਫ਼ੋਨ ਮਸ਼ੀਨ ਵੀ ਸਾਂਭੀ ਹੋਈ ਹੈ। ਆਪਣੀ ਵਿਰਾਸਤ ਦੇ ਇਨਾਂ ਚਿੰਨਾਂ ਨੂੰ ਸਾਂਭਣ ਲਈ ਸ਼ੁਦਾਈ ਤਰਸੇਮ ਸਿੰਘ ਨੇ ਇਹ ਸਮਾਨ ਬਹੁਤ ਮਿਹਨਤ ਨਾਲ਼ ਪ੍ਰਾਪਤ ਕੀਤਾ ਹੈ। ਤਰਸੇਮ ਸਿੰਘ ਕੋਲ਼ ਭਾਂਵੇ ਆਮਦਨ ਦੇ ਸੀਮਤ ਵਸੀਲੇ ਹਨ ਪਰ ਫਿਰ ਵੀ ਉਹ ਦੂਰ-ਦੁਰਾਡੀਆਂ ਥਾਵਾਂ ਤੋਂ ਇਹੋ ਜਿਹੀਆਂ ਸੰਗੀਤਕ ਵਸਤਾਂ ਇਕੱਠੀਆਂ ਕਰਦਾ ਰਹਿੰਦਾ ਹੈ। ਸੰਗੀਤ ਦੀ ਇਸ ਪੁਰਾਤਨ ਵਿਰਾਸਤ ਨੂੰ ਸੰਭਾਲ ਰਹੇ ਪੰਜਾਬੀ ਸੱਭਿਆਚਾਰ ਦੇ ਸ਼ੁਦਾਈ ਤਰਸੇਮ ਸਿੰਘ ਨੇ ਕਿਹਾ ਕਿ ਕਿਸੇ ਵੀ ਸੱਭਿਆਚਾਰ ਵਿੱਚ ਲਗਾਤਾਰ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ, ਸਮੇਂ ਦੇ ਨਾਲ਼-ਨਾਲ਼ ਵਿਕਾਸ ਦੀ ਹੋੜ ਵਿੱਚ ਜਾਂ ਸਾਇੰਸ ਦੀ ਉੱਨਤੀ ਸਦਕਾ ਮਨੁੱਖ ਪੁਰਾਣੀਆਂ ਵਸਤੂਆਂ ਤੋਂ ਕੁਦਰਤੀ ਤੌਰ 'ਤੇ ਦੂਰ ਹੁੰਦਾ ਚਲਿਆ ਜਾਂਦਾ ਹੈ। ਆਪਣੇ ਸੱਭਿਆਚਾਰ ਨੂੰ ਸਮਾਜ ਦਾ ਅਨਿੱਖੜਵਾਂ ਅੰਗ ਬਣਾਉਣ ਲਈ, ਮਨੁੱਖ ਨੂੰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪੁਰਾਤਨ ਸੱਭਿਆਚਾਰ ਨਾਲ ਜੋੜੀ ਰੱਖਣਾ ਬਹੁਤ ਜ਼ਰੂਰੀ ਹੈ। ਇਸੇ ਕਾਰਜ ਹਿੱਤ ਹੀ ਮੈਂ ਪੰਜਾਬੀ ਵਿਰਸੇ ਦੀਆਂ ਵਿਸਰਦੀਆਂ ਜਾ ਰਹੀਆਂ ਇਨਾਂ ਪੁਰਾਤਨ ਸੰਗੀਤਕ ਵਸਤੂਆਂ ਨੂੰ ਸਾਂਭ ਰਿਹਾ ਹਾਂ ਤਾਂ ਕਿ ਸਾਡੀ ਆਉਣ ਵਾਲੀ ਪੀੜੀ ਨੂੰ ਇਨਾਂ ਸਭ ਦੇ ਬਾਰੇ ਗਿਆਨ ਹੋ ਸਕੇ।

# ਫੱਗਣ ਮਹੀਨੇ ਦੀ ਸਰਦ ਰੁੱਤ ਨੂੰ ਅਲਵਿਦਾ



**ਹਰਮਨਪ੍ਰੀਤ ਸਿੰਘ,**
**ਸੰਪਰਕ : 98550 10005**

ਬਿਕਰਮੀ ਸੰਮਤ ਮੁਤਾਬਿਕ ਫੱਗਣ ਮਹੀਨਾ ਸਾਲ ਦਾ ਦੇਸੀ ਮਹੀਨਾ ਬਾਰਵਾਂ ਬਣਦਾ ਹੈ। ਇਸ ਮਹੀਨੇ ਨੂੰ ਫਲਗੁਣਿ ਵੀ ਕਿਹਾ ਜਾਂਦਾ ਹੈ, ਇਸ ਮਹੀਨੇ ਅੰਬੀਆਂ ਨੂੰ ਬੂਰ, ਕਣਕਾਂ ਨੂੰ ਸਿੱਟੇ ਤੇ ਫੁੱਲ ਬੂਟਿਆਂ ਨੂੰ ਨਵੀਆਂ ਕਰੂੰਬਲਾ ਫੁੱਟ ਕੁਦਰਤ ਪ੍ਰਤੀ ਆਪਣੀ ਮੁਹੱਬਤ ਦਾ ਇਜ਼ਹਾਰ ਕਰਦੀਆਂ ਨਜ਼ਰੀਂ ਆਉਂਦੀਆਂ ਹਨ। ਇਸ ਮਹੀਨੇ ਸਰੋਂ ਦੇ ਖੇਤ ਇਸ ਤਰਾਂ ਨਜ਼ਰੀਂ ਪੈਂਦੇ ਹਨ, ਜਿਵੇਂ ਕੁਦਰਤ ਦੀ ਇਸ ਕਾਇਨਾਤ ਨਾਲ਼ ਕੋਈ ਗੁਫ਼ਤਗੂ ਕਰ ਰਹੇ ਹੋਣ। ਇਸ ਫੱਗਣ ਮਹੀਨੇ ਦੀ ਆਮਦ ਨਾਲ਼ ਫੁੱਲ, ਬੂਟਿਆਂ ਤੇ ਬਹਾਰ ਆਉਣ ਨਾਲ ਚੁਗਿਰਦਾ ਮਹਿਕ ਉੱਠਦਾ ਹੈ ਅਤੇ ਕੁਦਰਤ ਚਾਰੇ ਪਾਸੇ ਮਨਮੋਹਕ ਦ੍ਰਿਸ਼ ਪੇਸ਼ ਕਰਦੀ ਨਜ਼ਰ ਆਉਂਦੀ ਹੈ। ਫੱਗਣ ਮਹੀਨੇ ਸਰਦ ਰੁੱਤ ਨੂੰ ਅਲਵਿਦਾ ਕਰ ਮੌਸਮ ਗਰਮ ਰੁੱਤ ਵੱਲ ਵਧਣ ਲੱਗਦਾ ਹੈ। ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ ਤੇ ਮਹਾਸ਼ਿਵਰਾਤਰੀ ਦਾ ਤਿਉਹਾਰ ਵੀ ਇਸੇ ਮਹੀਨੇ ਆਉਂਦਾ ਹੈ। ਗਰਮ ਰੁੱਤ ਵੱਲ ਵਧਦੇ ਫੱਗਣ ਮਹੀਨੇ ਦੇ ਅਖ਼ੀਰ ਹੁੰਦੇ-ਹੁੰਦੇ ਭਾਰਤ ਦੇ ਕਈ ਹਿੱਸਿਆਂ 'ਚ ਹੋਲੀ ਦੀ ਸ਼ੁਰੂਆਤ ਹੋ ਜਾਂਦੀ ਹੈ ਤੇ ਫੱਗਣ ਦੇ ਮਹੀਨੇ ਇਹ ਜਾਂਦੀ-ਜਾਂਦੀ ਸਿਆਲੂ ਰੁੱਤ ਮਨੁੱਖੀ ਮਨ ਵਿੱਚ ਮਿਲਾਪ ਦੀ ਤਾਂਘ ਪੈਦਾ ਕਰਦੀ ਜਾਪਦੀ ਹੈ, ਜਿਨਾਂ ਮੁਟਿਆਰਾਂ ਦੇ ਮਾਹੀ ਪ੍ਰਦੇਸੀ ਹੋਏ ਹੋਣ, ਉਹ ਮੁਟਿਆਰਾਂ



ਮਾਹੀ ਦੇ ਮਿਲਾਪ ਦੀ ਤਾਂਘ 'ਚ ਤੜਪਦੀਆਂ ਜਾਪਦੀਆਂ ਹਨ ਤੇ ਬਾਰਾਂਮਾਹ 'ਚ ਹਿਦਾਇਤੁਲਾ ਜੀ ਕਹਿੰਦੇ ਹਨ :-

**ਚੜਿਆ ਫੱਗਣ ਕੰਧੀ ਲੱਗਣ ਉਮਰ ਰਹੀ ਦਿਨ ਥੋੜੇ ਨੀ।**
**ਨਾਲ਼ ਪੀਆ ਦੇ ਖੇਡਾਂ ਹੋਲੀ ਏਹ ਮੇਰਾ ਦਿਲ ਲੋੜੇ ਨੀ।**
**ਐਸਾ ਕੌਣ ਕੱਢਾਂ ਮੈਂ ਦਰਦੀ ਜਾ ਉਸ ਨੂੰ ਹੱਥ ਜੋੜੇ ਨੀ।**
**ਤਾਂ ਸੁਹਾਗਣ ਬਣਾਂ ਹਿਦਾਇਤ ਜੇ ਸ਼ਹੁ ਵਾਗਾਂ ਮੋੜੇ ਨੀ**
**॥12॥1॥**

ਅੱਧ ਫ਼ਰਵਰੀ ਤੋਂ ਅੱਧ ਮਾਰਚ ਮਹੀਨੇ ਦਾ ਇਹ ਫੱਗਣ ਮਹੀਨਾ ਕਿਸੇ ਸਾਲ 30 ਦਿਨਾਂ ਦਾ ਤੇ ਕਿਸੇ ਸਾਲ 31 ਦਿਨਾਂ ਦਾ ਹੋ ਨਿੱਬੜਦਾ ਹੈ। ਇਸ ਮਹੀਨੇ ਜਿੱਥੇ ਦਿਨੇ ਸੂਰਜ ਦੀਆਂ ਕਿਰਨਾਂ ਨਾਲ਼ ਫੁੱਲ, ਬੂਟਿਆਂ ਤੇ ਨਿਖਾਰ ਆਉਣ ਨਾਲ ਚੁਗਿਰਦਾ ਮਹਿਕ ਉੱਠਦਾ ਹੈ ਅਤੇ ਕੁਦਰਤ ਚਾਰੇ ਪਾਸੇ ਮਨਮੋਹਕ ਦ੍ਰਿਸ਼ ਪੇਸ਼ ਕਰਦੀ ਨਜ਼ਰ ਆਉਂਦੀ ਹੈ, ਉੱਥੇ ਹੀ ਰਾਤਾਂ ਨੂੰ ਮਿੰਨੀ-ਮਿੰਨੀ ਚੱਲਦੀ ਹਵਾ, ਖੁੱਲੇ ਅਸਮਾਨ 'ਚ ਕਿਤੇ ਬੱਦਲੀ ਦਾ ਟੋਟਾ, ਅਸਮਾਨੀ ਟਿਮ-ਟਿਮਾਉਂਦਾ ਕੋਈ-ਕੋਈ ਤਾਰਾ ਤੇ ਸ਼ਾਂਤ ਟਿਕੀ ਰਾਤ ਇਉਂ ਜਾਪਦੀ ਹੈ ਜਿਵੇਂ ਧਰਤ ਨੂੰ ਆਪਣੇ ਕਲਾਵੇ ਵਿੱਚ ਲੈ ਲੋਰੀਆਂ ਸੁਣਾਉਂਦੀ ਹੋਵੇ। ਫੱਗਣ ਮਹੀਨੇ ਦੇ ਇਹ ਕੁਦਰਤੀ ਨਜ਼ਾਰੇ ਮਨੁੱਖੀ ਮਨ ਅੰਦਰ ਵੀ ਕੁਦਰਤੀ ਨਿਖਾਰ ਲਿਆਉਣ ਦਾ ਕੰਮ ਕਰਦੇ ਹਨ, ਬਸ਼ਰਤੇ ਮਨੁੱਖੀ ਮਨ ਨੂੰ ਮਨ ਨਾਲ਼ ਇਹ ਕੁਦਰਤ ਦੀ ਕਾਇਨਾਤ ਨਾਲ਼ ਮੋਹ ਪਾ ਇੱਕ-ਮਿਕ ਹੋਣਾ ਪਵੇਗਾ। ਭਾਰਤ ਦੀਆਂ ਮੁੱਖ ਛੇ ਰੁੱਤਾਂ 'ਚੋਂ ਬਸੰਤ ਰੁੱਤ ਨੂੰ ਸਭ ਤੋਂ ਮਨਮੋਹਣੀ ਰੁੱਤ ਮੰਨਿਆ ਜਾਂਦਾ ਹੈ ਤੇ ਇਹ ਬਹਾਰ ਦੀ ਰੁੱਤ ਇਸ ਫੱਗਣ ਮਹੀਨੇ ਵਿੱਚ ਹੀ ਆਉਂਦੀ ਹੈ। ਸਾਡੇ ਪੰਜਾਬੀਆਂ ਦੇ ਦਿਨ, ਮਹੀਨੇ, ਰੁੱਤਾਂ, ਤਿੱਥ, ਤਿਉਹਾਰ, ਅਖਾਣ, ਕਹਾਣੀਆਂ, ਕਹਾਵਤਾਂ, ਟੱਪੇ, ਛੰਦ, ਬੈਂਤ, ਬੋਲੀਆਂ ਤੇ ਲੋਕ ਗੀਤ ਸਭ ਆਪਸ 'ਚ ਜੁੜੇ ਹੋਏ ਨੇ, ਸਾਡੇ ਕਈ ਸੂਫ਼ੀ-ਸੰਤ-ਫ਼ਕੀਰ, ਸਾਹਿਤਕਾਰਾਂ ਨੇ ਤਿੱਥਾਂ ਤੇ ਤਿਉਹਾਰਾਂ ਤੋਂ ਇਲਾਵਾ ਸਾਲ 'ਚ ਆਉਂਦੇ ਦੇਸੀ ਮਹੀਨਿਆਂ 'ਤੇ ਵੀ ਬਹੁਤ ਕੁਝ ਕਿਹਾ ਹੈ। ਉਨਾਂ ਦੀਆਂ ਲਿਖੀਆਂ ਤੇ ਕਹੀਆਂ ਗੱਲਾਂ ਵਿੱਚ ਇੱਕ ਅਲੱਗ ਹੀ ਕਿਸਮ ਦਾ ਨਿੱਘ ਅੱਜ ਵੀ ਮਿਲਦਾ ਹੈ, ਰੁੱਤਾਂ, ਬਹਾਰਾਂ, ਮੌਸਮ ਤੇ ਤਿਉਹਾਰ ਦੇ ਆਪਸੀ ਸੰਬੰਧ ਉਨਾਂ ਬੜੀ ਸੂਝ-ਬੂਝ ਨਾਲ਼ ਆਪਣੇ ਢੰਗ ਨਾਲ ਬਿਆਨ ਕੀਤੇ ਹਨ, ਜਿਵੇਂ ਚੱਲ ਰਹੀ ਬਹਾਰ ਦੀ ਰੁੱਤ ਫੱਗਣ ਦੇ ਮਹੀਨੇ 'ਤੇ ਅੰਮ੍ਰਿਤਾ ਪ੍ਰੀਤਮ ਜੀ ਆਪਣੀ ਇੱਕ ਕਵਿਤਾ ਵਿੱਚ ਕਹਿੰਦੇ ਹਨ :-

***ਰੰਗ ਦੇ ਦੁਪੱਟਾ ਮੇਰਾ, ਰੁੱਤੇ ਨੀ ਲਲਾਰਣੇ।***
***ਅੱਜ ਮੈਂ ਲੋਕਾਈ, ਉੱਤੋਂ ਸਾਰੇ ਰੰਗ ਵਾਰਨੇ।***
***ਇੱਕ ਸੁਪਨੇ ਵਰਗਾ ਰੰਗ, ਕਿ ਰੰਗ ਗੁਲਾਬ ਦਾ।***
***ਇੱਕ ਕੱਚਾ ਸੂਹਾ ਰੰਗ, ਸੋਲਵੇਂ ਸਾਲ ਦਾ।***
***ਇੱਕ ਪੱਕਾ ਸੂਹਾ ਰੰਗ, ਕਿ ਰੰਗ ਖ਼ਿਆਲ ਦਾ।***
***ਇਹ ਦੋ ਰੁੱਤਾਂ ਦਾ ਮੇਲ, ਹੁਨਾਲ਼-ਸਿਆਲ ਦਾ।***

# ਤਰਕਵਾਦ

## ਜਠੇਰਿਆਂ ਦਾ ਪ੍ਰਸ਼ਾਦ

**ਅਵਤਾਰ ਸਿੰਘ ਸੰਧੂ**

"ਪੁੱਤ! ਕੱਲ ਆਪਾਂ ਜਠੇਰਿਆਂ ਦੇ ਮੱਥਾ ਟੇਕਣ ਜਾਣਾ।" ਮੇਰੀ ਮਾਂ ਨੇ ਰਸੋਈ ਵਿੱਚੋਂ ਕਿਹਾ। ਉਹ ਤਾਜ਼ੀ ਸੂਈ ਬੂਰੀ ਮੱਝ ਦਾ ਮੱਖਣ ਗਰਮ ਕਰ ਰਹੀ ਸੀ।

"ਮੈਂ ਨਹੀਂ ਜਾਣਾ।" ਮੈਂ ਕੋਰਾ ਜਵਾਬ ਦੇ ਦਿੱਤਾ।

"ਨਹੀਂ ਪੁੱਤ, ਕੱਲ ਜੇਠਾ ਐਤਵਾਰ ਐ।" ਮਾਂ ਨੇ ਤਰਲਾ ਜਿਹਾ ਕੀਤਾ।

"ਹਫ਼ਤੇ ਵਿੱਚ ਇੱਕ ਐਤਵਾਰ ਆਉਂਦਾ, ਉਹ ਵੀ ..."

"ਆਪਾਂ ਕਿਹੜਾ ਤੁਰ ਕੇ ਜਾਣਾ ...।" ਮਾਂ ਨੇ ਦਲੀਲ ਦਿੱਤੀ। ਆਖ਼ਰ ਮੈਂ ਜਾਣ ਲਈ ਮੰਨ ਗਿਆ।

ਤੜਕੇ ਉੱਠੀ ਮਾਂ ਨੇ ਨਲਕੇ ਹੇਠ ਬਾਲਟੀ ਰੱਖੀ ਤਾਂ ਖੜਾਕ ਸੁਣ ਕੇ ਮੈਂ ਜਾਗ ਗਿਆ ਪਰ ਲੰਮਾ ਪਿਆ ਰਿਹਾ। ਇਸ਼ਨਾਨ ਕਰਨ ਤੋਂ ਬਾਅਦ ਮਾਂ ਨੇ ਦੇਸੀ ਘਿਓ ਦਾ ਕੜਾਹ ਬਣਾਇਆ।

"ਤੂੰ ਜ਼ਰਾ ਕੜਾਹ ਠੰਢਾ ਕਰ, ਮੈਂ ਚਾਰ ਪਰਾਉਂਠੇ ਲਾਹ ਲਵਾਂ।" ਮਾਂ ਨੇ ਮੇਰੇ ਮੰਜੇ ਲਾਗੇ, ਇੱਕ ਮੇਜ਼ ਉੱਤੇ ਪਰਾਤ ਵਿੱਚ ਕੜਾਹ ਪਾ ਕੇ ਰੱਖ ਦਿੱਤਾ। ਮੈਨੂੰ ਸੁੱਤ ਉਨੀਂਦੇ ਨੂੰ ਕੜਛੀ ਫੜਾ ਦਿੱਤੀ। ਮੈਂ ਦੋ ਕੁ ਵਾਰ ਕੜਾਹ ਵਿੱਚ ਕੜਛੀ ਫੇਰੀ ਤੇ ਫਿਰ ਲੰਮਾ ਪੈ ਗਿਆ। ਮਾਂ ਬੇਫ਼ਿਕਰ ਹੋ ਕੇ ਰਸੋਈ ਵਿੱਚ ਚਲੀ ਗਈ। ਥੋੜੀ ਦੇਰ ਬਾਅਦ ਅਚਾਨਕ ਖੜਾਕ ਹੋਇਆ, ਕੜਛੀ ਹੇਠਾਂ ਡਿਗ ਪਈ। ਮੇਰੀ ਅੱਖ ਖੁੱਲ ਗਈ। ਮੈਂ ਦੇਖਿਆ, ਮੇਜ਼ ਉੱਤੇ ਬੈਠੀ ਬਿੱਲੀ ਕੜਾਹ ਨੂੰ ਭੋਗ ਲਾ ਰਹੀ ਸੀ। ਮੈਂ ਦਬਕਾ ਮਾਰਿਆ, ਉਹ ਦੌੜ ਗਈ।

"ਕੀ ਹੋਇਆ?" ਰਸੋਈ ਵਿੱਚੋਂ ਮਾਂ ਦੀ ਆਵਾਜ਼ ਆਈ।

"ਕੁੱਝ ਨਹੀਂ।" ਮਾਂ ਅੰਦਰ ਆ ਗਈ।

"ਚੱਲ ਉੱਠਕੇ ਨਹਾ" ਮਾਂ ਦਾ ਹੁਕਮ ਸੀ। ਹੁਣ ਮੈਂ ਕਿਸੇ ਅਪਰਾਧੀ ਵਾਂਗ ਚੁੱਪਚਾਪ ਮਾਂ ਦੀ ਆਗਿਆ ਦਾ ਪਾਲਣ ਕਰ ਰਿਹਾ ਸੀ। ਮਾਂ ਨੇ ਕੜਾਹ ਡੋਲੂ ਵਿੱਚ ਪਾ ਲਿਆ। ਇਹ ਸਿਰਫ਼ ਮੈਂ ਹੀ ਜਾਣਦਾ ਸੀ ਕਿ ਕੜਾਹ ਬਿੱਲੀ ਦਾ ਜੂਠਾ ਹੈ। ਸਾਰਾ ਸਮਾਨ ਚੁੱਕ ਅਸੀਂ ਅੱਡੇ ਉੱਤੇ ਪਹੁੰਚ ਗਏ। ਬੱਸ ਫੜੀ, ਗੜਸ਼ੰਕਰ ਤੋਂ ਬੰਗੇ ਫਿਰ ਨਗਰ ਪਹੁੰਚ ਗਏ। ਇੱਥੋਂ ਅੱਗੇ ਆਸ਼ਾਹੂਰ ਜਾਣਾ ਸੀ ਉੱਥੇ ਸਾਡੇ ਜਠੇਰੇ ਸਨ। ਨਗਰ ਤੋਂ ਆਸ਼ਾਹੂਰ ਜਾਣ ਦਾ ਕੋਈ ਸਾਧਨ ਨਹੀਂ ਸੀ। ਮੈਂ ਪੈਦਲ ਤੁਰਨ ਤੋਂ ਅੜ ਗਿਆ।

"ਆਹ ਆਸ਼ਾਹੂਰ ਐ, ਮੇਰਾ ਬੀਬਾ ਪੁੱਤ, ਜ਼ਿੱਦ ਨਹੀਂ ਕਰਦੇ।" ਇੱਥੇ ਵੀ ਮਾਂ ਦਾ ਤਰਲਾ ਕੰਮ ਕਰ ਗਿਆ। ਮੈਂ ਤੁਰ ਪਿਆ।

ਆਸ਼ਾਹੂਰ ਪਿੰਡੋਂ ਬਾਹਰ ਸਾਡੇ ਜਠੇਰਿਆਂ ਦੀ ਇੱਕ ਮਟੀ ਬਣੀ ਹੋਈ ਸੀ। ਸੰਧੂ ਗੋਤ ਵਾਲੇ ਇੱਥੇ ਹੀ ਆਉਂਦੇ ਸਨ। ਜੇਠਾ ਐਤਵਾਰ ਹੋਣ ਕਰਕੇ ਕੁਝ ਭੀੜ ਜਿਹੀ ਸੀ। ਛੇਤੀ ਹੀ ਸਾਡੀ ਵਾਰੀ ਆ ਗਈ। ਮਾਂ ਨੇ ਇੱਕ ਦੀਵਾ ਸਾਫ਼ ਕੀਤਾ, ਉਸ ਵਿੱਚ ਘਿਓ ਪਾ ਕੇ ਬੱਤੀ ਨੂੰ ਤੀਲੀ ਲਾ ਦਿੱਤੀ। ਕੋਲ਼ ਬਲਦੀ ਅੱਗ ਵਿੱਚੋਂ ਕੁਝ ਕੋਲੇ ਚੁੱਕੇ, ਉਹਨਾਂ ਉੱਤੇ ਘਿਓ ਪਾਇਆ। ਚਾਰੇ ਪਾਸੇ ਘਿਓ ਦੀ ਮਹਿਕ ਆਉਣ ਲੱਗ ਪਈ। ਡੋਲੂ ਵਿੱਚੋਂ ਕੜਾਹ ਕੱਢ ਕੇ ਅੱਗ ਵਿੱਚ ਪਾਇਆ। ਅੱਖਾਂ ਬੰਦ ਕਰਕੇ ਚੌਕੜੀ ਮਾਰ, ਮੈਨੂੰ ਵੀ ਨਾਲ਼ ਬਿਠਾ ਲਿਆ। ਉਹ ਕਿੰਨੀ ਦੇਰ ਮੂੰਹ ਵਿੱਚ ਕੁਝ ਬੋਲਦੀ ਰਹੀ। ਫਿਰ ਅੱਖਾਂ ਖੋਲੀਆਂ।

"ਸੱਚੇ ਪਾਤਸ਼ਾਹ ਸੁੱਖ ਰੱਖੀਂ।" ਇੰਨਾ ਆਖ ਮਾਂ ਉੱਠ ਪਈ। ਮਟੀ ਦੁਆਲੇ ਚੱਕਰ ਲਾਇਆ। ਫਿਰ ਮਾਂ ਨੇ ਉੱਥੇ ਸੰਗਤ ਨੂੰ ਪ੍ਰਸ਼ਾਦ ਵੰਡਣਾ ਸ਼ੁਰੂ ਕੀਤਾ।

"ਮੈਨੂੰ ਥੋੜਾ ਜਿਹਾ ਹੀ ..." ਆਪਣੀ ਵਾਰੀ ਮੈਂ ਆਖਿਆ।

"ਕਿਉਂ?" ਮਾਂ ਨੇ ਘੂਰਿਆ। ਬੜੀ ਮੁਸ਼ਕਿਲ ਨਾਲ਼ ਬਿੱਲੀ ਦਾ ਜੂਠਾ ਕੜਾਹ ਅੰਦਰ ਕੀਤਾ। ਦਿਲ ਤਾਂ ਕਰਦਾ ਸੀ ਸੁੱਟ ਦਿਆਂ ਪਰ ਮਾਂ ਦਾ ਡਰ ਸੀ।

"ਪਰੌਠੇ ਵੀ ਖਾਣੇ ਐ।" ਮੈਂ ਹੱਸ ਪਿਆ। ਮੈਨੂੰ ਘਰ ਮੁੜਨ ਦੀ ਕਾਹਲ ਸੀ। ਸਾਰੀ ਵਾਟ ਮੈਂ ਬੱਸ ਵਿੱਚ ਚੁੱਪ ਹੀ ਰਿਹਾ। ਡਰ ਸੀ ਜਠੇਰਿਆਂ ਦੀ ਕਰੋਪੀ ਦਾ। ਪਿੰਡ ਪਹੁੰਚ ਗਏ। ਮੈਂ ਸੋਚਦਾ ਸੀ, ਮੱਝ ਜਾਂ ਕੱਟੀ ਨੂੰ ਜ਼ਰੂਰ ਕੁਝ ਹੋ ਜਾਣਾ। ਪਰ ਹਵੇਲੀ ਵਿੱਚ ਕੱਟੀ ਸਾਨੂੰ ਦੇਖਕੇ ਟੱਪਣ ਲੱਗ ਪਈ। ਮੱਝ ਵੀ ਅੜਿੰਗ ਰਹੀ ਸੀ। ਮੇਰਾ ਡਰ ਖ਼ਤਮ ਹੋ ਗਿਆ। ਮਾਂ ਨੇ ਮੱਝ ਦੇ ਮੂੰਹ ਵਿੱਚ ਕੜਾਹ ਪਾਇਆ ਤੇ ਕੱਟੀ ਨੂੰ ਮੈਂ ਕੜਾਹ ਖੁਆ ਦਿੱਤਾ। ਮੈਂ ਰਾਤ ਦਿਨ ਸੋਚਦਾ ਕਿ ਬਿੱਲੀ ਦੇ ਝੂਠੇ ਕੜਾਹ ਦੀ ਸਜ਼ਾ ਕੱਟੀ ਜਾਂ ਬੂਰੀ ਮੱਝ ਨੂੰ ਜ਼ਰੂਰ ਮਿਲੇਗੀ। ਇੱਕ ਦਿਨ, ਦੋ ਦਿਨ ਕਈ ਹਫ਼ਤੇ ਨਿਕਲ ਗਏ। ਸਭ ਕੁਝ ਠੀਕ ਠਾਕ ਚੱਲਦਾ ਰਿਹਾ।

ਤੜਕੇ ਮੇਰੇ ਸੁੱਤੇ ਪਏ ਮਾਂ ਦੁੱਧ ਚੋਣ ਹਵੇਲੀ ਚਲੇ ਜਾਂਦੀ ਪਰ ਆਥਣੇ ਮੈਂ ਨਾਲ਼ ਹੁੰਦਾ। ਬੂਰੀ ਨੂੰ ਚੋਣ ਤੋਂ ਬਾਅਦ ਮਾਂ ਉਸ ਨੂੰ ਥਾਪੀ ਦਿੰਦੀ ਤੇ ਦੁੱਧ ਦੀ ਭਰੀ ਬਾਲਟੀ ਮੈਨੂੰ ਦਿਖਾ ਕੇ ਆਖਦੀ, "ਇਹ ਸਭ ਜਠੇਰਿਆਂ ਦਾ ਪ੍ਰਤਾਪ ਐ।" ਮੈਂ ਹੱਸ ਪੈਂਦਾ। ਬਚਪਨ ਵਿੱਚ ਹੀ ਪੂਰਾ ਯਕੀਨ ਹੋ ਗਿਆ ਕਿ ਇਹ ਜਠੇਰੇ ਨਾ ਆਸ਼ੀਰਵਾਦ ਦੇ ਸਕਦੇ ਤੇ ਨਾ ਹੀ ਸਰਾਪ।

# ਖ਼ਾਲਸਾਈ ਜਾਹੋ ਜਲਾਲ ਦਾ ਪ੍ਰਤੀਕ : ਹੋਲਾ-ਮਹੱਲਾ



**ਡਾ. ਦਿਲਵਰ ਸਿੰਘ**

**ਆਜੁ ਹਮਾਰੈ ਬਨੇ ਫਾਗ॥**
**ਪ੍ਰਭ ਸੰਗੀ ਮਿਲਿ ਖੇਲਨ ਲਾਗ॥**
**ਹੋਲੀ ਕੀਨੀ ਸੰਤ ਸੇਵ॥**
**ਰੰਗੁ ਲਾਗਾ ਅਤਿ ਲਾਲ ਦੇਵ॥**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਾਜ ਕੇ ਖ਼ਾਲਸੇ ਨੂੰ ਨਿਆਰਾਪਣ ਬਖ਼ਸ਼ਿਆ ਹੈ ਜਿਸ ਕਰਕੇ ਖ਼ਾਲਸਾ ਹਰ ਪੱਖ ਤੋਂ ਨਿਆਰਾ ਹੈ। ਖ਼ਾਲਸੇ ਦਾ ਸਰੂਪ, ਰਹਿਤ ਮਰਿਆਦਾ, ਧਰਮ ਅਸਥਾਨ, ਸੰਸਕਾਰ, ਬੋਲੀ ਆਦਿ ਸਭ ਕੁਝ ਵੱਖਰਾ ਹੈ। ਇਸੇ ਤਰਾਂ ਖ਼ਾਲਸੇ ਦੇ ਤਿਉਹਾਰ ਵੀ ਕੇਵਲ ਮਾਤਰ ਤਿਉਹਾਰ ਹੀ ਨਹੀਂ ਹਨ ਬਲਕਿ ਗੁਰਪੁਰਬ ਹਨ। ਇਹ ਪੁਰਬ ਭਾਰਤੀ ਸਮਾਜ ਵਿੱਚ ਪ੍ਰਚੱਲਤ ਪ੍ਰੰਪਰਾਵਾਂ ਤੋਂ ਹਟ ਕੇ ਹਨ। ਇਨਾਂ ਵਿੱਚ ਹੀ ਖ਼ਾਲਸਾਈ ਜਾਹੋ-ਜਲਾਲ ਅਤੇ ਖ਼ਾਲਸਾਈ ਸ਼ਕਤੀ ਦਾ ਪ੍ਰਤੀਕ ਹੋਲਾ-ਮਹੱਲਾ ਹੈ, ਜੋ ਪਵਿੱਤਰ ਗੁਰਪੁਰਬ ਹੈ, ਇਸ ਪਾਵਨ ਪੁਰਬ ਦੀ ਆਰੰਭਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਚੇਤਰ ਵਦੀ ਇੱਕ ਦੇ ਦਿਨ ਸੰਮਤ 1757 ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਤੀ। ਇਸ ਗੁਰਪੁਰਬ ਦੀ ਅਰੰਭਤਾ ਕਰਕੇ ਗੁਰੂ ਜੀ ਨੇ ਸਮੁੱਚੇ ਪੰਥ ਨੂੰ ਸਮਾਜ ਵਿੱਚ ਪ੍ਰਚੱਲਤ ਹੋਲੀ ਤੋਂ ਉਭਾਰਿਆ ਅਤੇ ਹੋਲੀ ਦੀ ਥਾਂ ਹੋਲਾ-ਮਹੱਲਾ ਨਾਂ ਦਿੱਤਾ, ਜੋ ਉੱਚੀ-ਸੁੱਚੀ, ਅਜ਼ਾਦ ਤੇ ਸੂਰਬੀਰ ਕੌਮ ਲਈ ਢੁੱਕਵਾਂ ਤੇ ਸ਼ੋਭਨੀਕ ਸੀ।

ਹੋਲਾ-ਮਹੱਲਾ ਦੋ ਸ਼ਬਦਾਂ ਦੇ ਸੰਯੋਗ ਤੋਂ ਬਣਿਆ ਸ਼ਬਦ ਹੈ। ਹੋਲਾ ਤਾਂ ਹੋਲੀ ਸ਼ਬਦ ਦਾ ਪੁਲਿੰਗ ਹੈ। ਹੋਲੀ ਨੂੰ ਸੰਸਕ੍ਰਿਤ ਭਾਸ਼ਾ ਵਿੱਚ 'ਹੋਲਿਕਾ' ਅਤੇ ਪ੍ਰਾਕ੍ਰਿਤ ਭਾਸ਼ਾ ਵਿੱਚ 'ਹੋਲੀਆ' ਕਿਹਾ ਜਾਂਦਾ ਹੈ। ਗਿਆਨੀ ਹਜ਼ਾਰਾ ਸਿੰਘ ਅਨੁਸਾਰ ਹੋਲੀ ਦਾ ਤਿਓਹਾਰ ਹੋਲਿਕਾ ਦੇ ਸੜ ਮਰਨ ਅਤੇ ਪ੍ਰਹਿਲਾਦ ਦੇ ਬਚ ਜਾਣ ਨਾਲ਼ ਸੰਬੰਧਿਤ ਇੱਕ ਸਾਲਾਨਾ ਉਤਸਵ ਹੈ (ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ 170) ਜੋ ਭਾਰਤ ਵਿੱਚ ਪ੍ਰੰਪਰਾਗਤ ਤੌਰ 'ਤੇ ਮਨਾਇਆ ਜਾਂਦਾ ਹੈ। ਪੰਡਤ ਤਾਰਾ ਸਿੰਘ ਨਰੋਤਮ ਅਨੁਸਾਰ 'ਹੋਰੀ' ਫੱਗਣ ਸੁਦੀ ਮੇ ਗੁਲਾਲ ਉਡਾਵਣਨੇ ਕਿ ਧੂਮਧਾਮ ਹੈ (ਗੁਰੂ ਗਿਰਾਰਥ ਕੋਸ਼ ਪੰਨਾ 125)। ਹੋਲੀ ਨੂੰ ਹੋਲੀ, ਹੋਲਿਕਾ, ਹੋਰੀ, ਹੋਲਿਕਾਦਹਨ, ਫਾਗ ਆਦਿ ਨਾਵਾਂ ਨਾਲ਼ ਵੀ ਜਾਣਿਆ ਜਾਂਦਾ ਹੈ।

'ਮਹੱਲਾ' ਸ਼ਬਦ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਭਾਵ ਹੈ ਜਿਸ ਥਾਂ ਨੂੰ ਫ਼ਤਹਿ ਕਰ ਕੇ ਜਾ ਉੱਤਰੀਏ, ਹਲੂਲ ਦੀ ਥਾਂ, ਅਥਵਾ ਦੌੜਨ ਦਾ ਅਸਥਾਨ। ਸੋ ਹੋਲਾ




ਮਹੱਲਾ ਦਾ ਅਰਥ ਹੈ ਹਮਲਾ ਅਤੇ ਜਾਯ ਹਮਲਾ, ਹੱਲਾ ਅਤੇ ਹੱਲੇ ਦੀ ਥਾਂ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਖ਼ਾਲਸੇ ਨੂੰ ਸ਼ਸਤਰ ਅਤੇ ਯੁੱਧ ਵਿੱਦਿਆ ਵਿੱਚ ਨਿਪੁੰਨ ਕਰਨ ਲਈ ਇਹ ਰੀਤ ਚਲਾਈ ਸੀ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੇ ਹੇਠ ਇੱਕ ਖ਼ਾਸ ਥਾਂ ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਕਲਗੀਧਰ ਜੀ ਆਪ ਇਸ ਮਸਨੂਈ ਜੰਗ ਦਾ ਕਰਤੱਬ ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁੱਭ ਸਿੱਖਿਆ ਦਿੰਦੇ ਅਤੇ ਜੋ ਦਲ ਕਾਮਯਾਬ ਹੁੰਦਾ ਉਸ ਨੂੰ ਦੀਵਾਨ ਵਿੱਚ ਸਿਰੋਪਾਓ ਬਖ਼ਸ਼ਦੇ ਸਨ। (ਮਹਾਨ ਕੋਸ਼, ਪੰਨਾ 211)।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ ਗੁਰੂ ਸਾਹਿਬਾਨ ਨੇ ਪ੍ਰੰਪਰਾਗਤ ਹੋਲੀ ਤੋਂ ਹਟ ਕੇ ਨਵੀਨ ਪ੍ਰਸੰਗ ਵਿੱਚ ਹੋਲੀ ਖੇਡਣ ਦਾ ਉਪਦੇਸ਼ ਦਿੱਤਾ ਹੈ 'ਕਿ ਸੰਤ ਜਨਾਂ ਦੀ ਸੰਗਤ ਕਰਕੇ ਉਨਾਂ ਦੀ ਚਰਨ ਧੂੜ ਦੀ ਹੀ ਹੋਲੀ ਖੇਡੀ ਜਾਵੇ' ਪਾਵਨ ਫ਼ੁਰਮਾਨ ਹੈ :

**ਆਜੁ ਹਮਾਰੈ ਬਨੇ ਫਾਗ॥**
**ਪ੍ਰਭ ਸੰਗੀ ਮਿਲਿ ਖੇਲਨ ਲਾਗ॥**
**ਹੋਲੀ ਕੀਨੀ ਸੰਤ ਸੇਵ॥**
**ਰੰਗੁ ਲਾਗਾ ਅਤਿ ਲਾਲ ਦੇਵ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1180)**

ਗੁਰੂ ਸਾਹਿਬ ਦੁਨਿਆਵੀ ਰੰਗਾਂ ਦੀ ਥਾਂ ਤੇ ਅਕਾਲ ਪੁਰਖ ਦੇ ਨਾਮ ਰੰਗ ਨੂੰ ਜੋ ਸਦੀਵੀ ਲਾਲ ਰਹਿਣ ਵਾਲਾ ਹੈ ਅਮਲ ਵਿੱਚ ਲਿਆਉਣ ਦਾ ਹੁਕਮ ਕਰਦੇ ਹਨ :

**ਨਾ ਮੈਲਾ ਨਾ ਧੁੰਧਲਾ ਨਾ ਭਗਵਾ ਨਾ ਕਚੁ॥**
**ਨਾਨਕ ਲਾਲੋ ਲਾਲ ਹੈ ਸਚੈ ਰਤਾ ਸਚੁ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1089)**
**ਅੰਦਰੁ ਰਚੈ ਸਚ ਰੰਗਿ ਜਿਉ ਮਜੀਠੈ ਲਾਲ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1278)**
**ਲਾਲਨ ਲਾਲੁ ਲਾਲੁ ਹੈ ਰੰਗਨੁ ਮਨੁ ਰੰਗਨ ਕਉ ਗੁਰ ਦੀਜੈ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1323)**

ਸ੍ਰੀ ਦਸਮ ਗ੍ਰੰਥ ਸਾਹਿਬ ਵਿੱਚ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਨਹੀਂ ਅਨੇਕਾਂ ਪੰਕਤੀਆਂ ਵਿੱਚ ਹੋਲੀ ਦੇ ਤਿਉਹਾਰ ਦਾ ਹਵਾਲਾ ਦੇ ਕੇ ਜੰਗ ਦੇ ਮੈਦਾਨ ਵਿੱਚ ਯੋਧਿਆਂ ਵੱਲੋਂ ਲੜੀ ਜਾ ਰਹੀ ਭਿਆਨਕ ਜੰਗ ਦਾ ਵਰਣਨ ਕੀਤਾ ਹੈ ਅਤੇ ਬੰਦੂਕ ਵਰਗੇ ਸ਼ਸਤਰ ਨੂੰ ਪਿਚਕਾਰੀ ਦੀ ਨਿਆਈਂ ਬਿਆਨਿਆ ਹੈ :

ਜਾਨ ਤੁਫੰਗ ਪਰਤ ਪਿਚਕਾਰੀ ਸੂਰਨ ਅੰਗ ਲਗਾਵਤ॥
ਨਿਕਸਤ ਸ੍ਰੋਨ ਅਧਿਕ ਛਬ ਉਪਜਤ ਕੇਸਰ ਜਾਣ ਸੁਹਾਵਤ॥.....ਇਹ ਬਿਧਿ ਫਾਗ ਕ੍ਰਿਪਾਨਨ ਖੇਲੇ॥
(ਸ੍ਰੀ ਦਸਮ ਗ੍ਰੰਥ ਸਾਹਿਬ, ਪਾਰਸਨਾਥ ਅਵਤਾਰ)

ਢਾਲ ਮਨੋ ਡਫ ਮਾਲ ਬਣੀ ਹਥ ਨਾਲ਼ ਬੰਦੂਕ ਛੁਟੇ ਪਿਚਕਾਰੀ॥
(ਉਹੀ, ਕ੍ਰਿਸਨਾਵਤਾਰ,1325)

ਇਸ ਤਰਾਂ ਸਪੱਸ਼ਟ ਹਨ ਹੁੰਦਾ ਹੈ ਕਿ ਖ਼ਾਲਸੇ ਦਾ ਹੋਲਾ-ਮਹੱਲਾ, ਹੋਲੀ ਵਰਗਾ ਤਿਉਹਾਰ ਨਹੀਂ ਹੈ। ਇਹ ਸ਼ਸਤਰ ਪਿਆਰ ਅਤੇ ਸ਼ਸਤਰ ਸੰਭਾਲ ਦਾ ਗੁਰਪੁਰਬ ਹੈ। ਬਾਬਾ ਸੁਮੇਰ ਸਿੰਘ ਗੁਰ ਪਦ ਪ੍ਰੇਮ ਪ੍ਰਕਾਸ਼ ਗ੍ਰੰਥ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਚਨਾਂ ਨੂੰ ਦਰਜ ਕਰਦੇ ਲਿਖਦੇ ਹਨ ਕਿ ਗੁਰੂ ਜੀ ਨੇ ਜਦੋਂ ਅਨੰਦਪੁਰ ਸਾਹਿਬ ਵਿਖੇ ਹੋਲਗੜ ਦੇ ਅਸਥਾਨ ਤੇ ਇਹ ਪਾਵਨ ਗੁਰਪੁਰਬ ਮਨਾਉਣਾ ਆਰੰਭ ਕੀਤਾ ਅਤੇ ਨਾਲ਼ ਹੀ ਇਹ ਬਚਨ ਆਖੇ :-

ਔਰਨ ਕੀ ਹੋਲੀ ਮਮ ਹੋਲਾ। ਕਹਯੋ ਕ੍ਰਿਪਾਨਿਧਿ ਬਚਨ ਅਮੋਲਾ। ਕਵੀ ਨਿਹਾਲ ਸਿੰਘ ਲਾਹੌਰੀ ਲਿਖਦੇ ਹਨ ਕਿ ਗੁਰੂ ਸਾਹਿਬ ਨੇ ਖ਼ਾਲਸੇ ਨੂੰ ਜੋ ਚੜਦੀ ਕਲਾ ਵਾਲੇ ਬੋਲੇ ਬਖ਼ਸ਼ੇ ਹਨ ਉਨਾਂ ਬੋਲਿਆਂ ਕਰਕੇ ਵੀ ਸਾਡਾ ਹੋਲਾ ਹੈ, ਹੋਲੀ ਨਹੀਂ ਹੈ: ਬਰਛਾ ਢਾਲ ਕਟਾਰਾ ਤੇਗਾ ਕੜਛਾ ਦੇਗਾ ਗੋਲਾ ਹੈ। ਛਕਾ ਪ੍ਰਸਾਦ ਸਜਾ ਦਸਤਾਰਾ ਅਰ ਕਦੋਨਾ ਟੋਲਾ ਹੈ। ਅਪਰ ਸੁਨਹਿਰਾ ਰਗੜਾ ਲਾਗੈ ਛਕੈ ਸੋ ਬੋਲਾ ਹੋਲਾ ਹੈ। ਸੁਭਟ ਸੁਚਾਲਾ ਪੁਨ ਲਖ ਬਾਹਾ ਕਲਗਾ ਸਿੰਘ ਸੁਚੋਲਾ ਹੈ।

ਦਾਲਾਂ ਪੰਚਮ ਗਜਾ ਉਗਰਾਹੀ ਚੰਡਾ ਜਗਾ ਮਿਦੋਲਾ ਹੈ।
ਫਿਰਨਾ ਕੂਹੀ ਸੁ ਬਾਜ ਕਛਹਿਰਾ ਸੋਭ ਸਮੁੰਦਰ ਗੋਲਲਾ ਹੈ।
ਅਪਰ ਮੁਸ਼ਹਿਰਾ ਦਾਹੜਾ ਜੈਸੇ ਤੈਸਾ ਬੋਲਾ ਹੋਲਾ ਹੈ।

ਸੰਤ ਨਿਹਾਲ ਸਿੰਘ ਸੋਹਲਾਂ ਵੀ ਹੋਲਾ ਸ਼ਬਦ ਦੀ ਵਡਿਆਈ ਕਰਦੇ ਲਿਖਦੇ ਹਨ : ਸੁਨੋ ਸਾਧ ਸੰਗਤ ਸਰਬੱਤ ਆਜ ਖ਼ਾਲਸਾ ਜੀ, ਜਗਤ ਕਿ ਹੋਲੀ ਔਰ ਸੰਤਨ ਕਾ ਹੋਲਾ ਹੈ।

ਹੋਲਾ-ਮਹੱਲਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਮੁਰਦਾ ਹੋ ਚੁੱਕੀ ਭਾਰਤੀ ਖ਼ਲਕਤ ਨੂੰ ਉਸ ਵੇਲੇ ਦੇ ਜਾਬਰ ਅਤੇ ਜ਼ਾਲਮ ਹਾਕਮ ਖ਼ਿਲਾਫ਼ ਸੰਘਰਸ਼ ਕਰਨ ਤੇ ਕੌਮ ਵਿੱਚ ਜੋਸ਼ ਪੈਦਾ ਕਰਨ ਲਈ ਪੁਰਾਤਨ ਹੋਲੀ ਦੇ ਤਿਉਹਾਰ ਦੇ ਬਦਲ ਵਜੋਂ ਦਿੱਤਾ ਗਿਆ ਹੈ। ਗੁਰੂ ਜੀ ਖ਼ਾਲਸੇ ਨੂੰ ਯੁੱਧ ਵਿੱਦਿਆ ਵਿੱਚ ਨਿਪੁੰਨ ਬਣਾਉਣਾ ਚਾਹੁੰਦੇ ਸਨ।

**ਬਾਕੀ ਸਫ਼ਾ 31 'ਤੇ**

---

# 'ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ'

## ਮੂਲ ਰਚਨਾ, ਪੰਥ ਰਤਨ, ਗੁਰਮਿਤ ਮਾਰਤੰਡ, ਗਿਆਨੀ ਸੰਤ ਸਿੰਘ ਮਸਕੀਨ ਜੀ

**ਭਾਗ-29**

**ਸੰਪਾਦਕ: ਸਰਬਜੀਤ ਕੌਰ ਸਰਬ**

ਵਰਤਮਾਨ ਇੱਕ ਦਮ (ਸਾਹ) ਹੈ। ਵਰਤਮਾਨ ਅੱਜ ਦਾ ਦਿਨ ਨਹੀਂ ਹੈ, ਇਹ ਅੱਜ ਦੀ ਰਾਤ ਨਹੀਂ ਹੈ, ਇਹ ਤਾਂ ਕੇਵਲ ਇੱਕ ਦਮ ਹੈ। ਇਹ ਜੋ ਸ਼ਬਦ ਮੇਰੇ ਮੂੰਹ ਵਿੱਚ ਹੈ ਇਹ ਹੀ ਸਾਰਿਆਂ ਦੇ ਮੂੰਹ ਵਿੱਚ ਹੈ। ਜਿਹੜਾ ਦਮ ਅਜੇ ਆਇਆ ਨਹੀਂ ਉਹ ਤਾਂ ਮੇਰਾ ਭਵਿੱਖ ਹੈ ਤੇ ਜਿਹੜਾ ਦਮ ਮੇਰੇ ਮੂੰਹ ਵਿੱਚੋਂ ਚਲਾ ਗਿਆ ਉਹ ਤਾਂ ਭੂਤਕਾਲ ਹੈ।ਜੋ ਮੇਰੇ ਅੰਦਰੋਂ ਦਮ ਚਲਾ ਗਿਆ ਉਸ ਨੂੰ ਮੈਂ ਖ਼ਰਚ ਨਹੀਂ ਕਰ ਸਕਦਾ ਜੋ ਦਮ ਅਜੇ ਆਇਆ ਨਹੀਂ ਮੈਂ ਉਸ ਨੂੰ ਵੀ ਵਰਤ ਨਹੀਂ ਸਕਦਾ। ਇਹ ਜੋ ਪ੍ਰਸ਼ਨ ਖੜੇ ਹੋ ਰਹੇ ਹਨ ਇਹ ਕੇਵਲ ਇੱਕ ਦਮ ਤੋਂ ਹੀ ਹੈ ਇਸ ਵਿੱਚ ਅਸੀਂ ਕੀ ਕਰ ਸਕਦੇ ਹਾਂ? ਇੱਕ ਦਮ ਵਿੱਚ ਕੋਈ ਲੰਬੀ ਯਾਤਰਾ ਨਹੀਂ ਹੋ ਸਕਦੀ। ਇੱਕ ਦਮ ਵਿੱਚ ਕੋਈ ਲੰਮਾ ਚੌੜਾ ਕਾਰੋਬਾਰ ਨਹੀਂ ਖੋਲਿਆ ਜਾ ਸਕਦਾ, ਕੋਈ ਉੱਚਾ ਮਹਿਲ ਨਹੀਂ ਖੜਾ ਕੀਤਾ ਜਾ ਸਕਦਾ, ਕੋਈ ਲੰਬੀ ਚੌੜੀ ਵਿੱਦਿਆ ਪ੍ਰਾਪਤ ਨਹੀਂ ਕੀਤੀ ਜਾ ਸਕਦੀ ਇਹ ਸਭ ਉਹ ਚੀਜ਼ਾਂ ਹਨ ਜੋ ਦੁਨਿਆਵੀ ਹਨ ਜਿਨਾਂ ਨੂੰ ਇੱਕੋ ਦਮ ਵਿੱਚ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਪਰ ਗੁਰੂ ਨਾਨਕ ਪਾਤਸ਼ਾਹ ਜੀ ਫ਼ੁਰਮਾਉਂਦੇ ਹਨ :

**ਧਨਾਸਰੀ ਮਹਲਾ 1 ॥**
**ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ ॥**
**ਨਾਨਕੁ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ ॥1॥**
**ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ ਦਿਨਾ ॥1॥**
**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ: 660**

ਕਿ ਇੱਕੋ ਦਮ ਵਿੱਚ ਉਸ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਪਾਤਸ਼ਾਹ ਦਾ ਹੁਕਮ ਹੈ ਕਿ ਉਹ ਜਦ ਵੀ ਮਿਲੇਗਾ ਇੱਕ ਦਮ ਵਿੱਚ ਮਿਲੇਗਾ ਕਿਉਂਕਿ ਇੱਕ ਦਮ ਨਕਦ ਹੈ ਤੇ ਧਰਮ ਦਾ ਸੌਦਾ ਹੈ ਤੇ ਉਸ ਪਰਮਾਤਮਾ ਦਾ ਸੌਦਾ ਨਕਦੀ ਨਾਲ਼ ਹੁੰਦਾ ਹੈ। ਦੁਨੀਆਂ ਦੇ ਸਾਰੇ ਮਹਾਂਮੰਤਰ ਇੱਕ ਦਮ ਵਿੱਚ ਪੂਰੇ ਹੋ ਜਾਂਦੇ ਹਨ।

ਰਾਮ : ਇੱਕ ਦਮ ਦੇ ਵਿੱਚ ਪੂਰਾ ਹੋ ਗਿਆ
ਅੱਲਾ : ਇੱਕ ਦਮ ਵਿੱਚ ਪੂਰਾ ਹੋ ਗਿਆ
ਵਾਹਿਗੁਰੂ : ਇੱਕ ਦਮ ਵਿੱਚ ਪੂਰਾ ਹੋ ਗਿਆ
ਓਮ : ਇੱਕ ਦਮ ਵਿੱਚ ਪੂਰਾ ਹੋ ਗਿਆ

ਕਰੋੜ ਵਾਰ ਵਾਹਿਗੁਰੂ! ਵਾਹਿਗੁਰੂ! ਆਖਣ ਨਾਲ਼ ਇੱਕ ਪਾਪ ਵੀ ਨਹੀਂ ਮਿਟੇਗਾ ਤੇ ਨਾ ਹੀ ਕਰੋੜ ਵਾਰ ਵਾਹਿਗੁਰੂ! ਵਾਹਿਗੁਰੂ! ਕਹਿਣ ਨਾਲ਼ ਇੱਕ ਦੁੱਖ ਮਿਟੇਗਾ। ਆਮ ਸੋਚਣ ਵਾਲਾ ਇਨਸਾਨ ਤਾਂ ਸਮਝੇਗਾ ਕਿ ਇੱਕ ਪਹੇਲੀ ਹੋ ਗਈ ਪਰ ਪਹੇਲੀ ਨਹੀਂ ਸਾਡੇ ਮਹਾਂਮੰਤਰ ਇੱਕ ਦਮ ਵਿੱਚ ਪੂਰੇ ਹੋ ਜਾਂਦੇ ਹਨ। 'ਵਾਹਿਗੁਰੂ' ਇੱਕੋ ਹੀ ਦਮ ਵਿੱਚ ਮੇਰਾ ਸਾਰਾ ਧਿਆਨ ਇਸੇ ਮੰਤਰ ਦੇ ਸੁਣਨ ਵਿੱਚ ਆ ਜਾਏ ਤਾਂ



ਮੈਂ ਇੱਕ ਦਮ ਦੇ ਵਿੱਚ ਹੀ ਸਾਰਾ ਧਿਆਨ ਇਸ ਪਾਸੇ ਲੈ ਆਵਾਂਗਾ। ਇਸ ਨੂੰ ਹੀ ਧਿਆਨ ਸਾਧਨਾ ਕਹਿੰਦੇ ਹਨ, ਇਸ ਸਾਧਨਾ ਧਿਆਨ ਤੋਂ ਹੀ ਭੂਤਕਾਲ ਖੋਹ ਜਾਏਗਾ ਭਵਿੱਖ ਖੋ ਜਾਵੇਗਾ। ਵਰਤਮਾਨ ਨੇ ਭਗਵਾਨ ਨੂੰ ਪ੍ਰਗਟ ਕਰ ਦੇਣਾ ਹੈ ਸ੍ਰੀ ਕਬੀਰ ਜੀ ਕਹਿੰਦੇ ਹਨ :-

**ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ ॥**
**ਟੁਕੁ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ ॥1॥**
**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ : 727**

ਜਦੋਂ ਪ੍ਰਮਾਤਮਾ ਨੂੰ ਪਾਉਣ ਦੀ ਚੰਚਲਤਾ ਧੀਰਜ ਗਤੀ ਫੜਦੀ ਹੈ ਤਾਂ ਇੱਕ ਦਮ ਵਿੱਚ ਇਹ ਟਿਕ ਜਾਏਗੀ। ਖ਼ੁਦਾ ਹਾਜ਼ਰ ਨਾਜ਼ਰ ਹੈ ਇਸੇ ਤਰੀਕੇ ਨਾਲ਼ ਵਰਤਮਾਨ ਵਿੱਚ ਆਉਂਦਾ ਹੈ। ਬੜੇ ਬੜੇ ਦਾਰਸ਼ਨਿਕ ਵਰਤਮਾਨ ਵਿੱਚ ਨਹੀਂ ਜਿਉਂਦੇ ਤੇ ਨਾ ਹੀ ਸਿਆਣੇ ਮਨੁੱਖ ਵਰਤਮਾਨ ਵਿੱਚ ਜਿਉਂਦੇ ਹਨ, ਉਹ ਹਮੇਸ਼ਾ ਭਵਿੱਖ ਦੀਆਂ ਚਿੰਤਾਵਾਂ ਵਿੱਚ ਜਿਉਂਦੇ ਹਨ, ਉਹ ਤਾਂ ਭੂਤਕਾਲ ਦੀਆਂ ਯਾਦਾਂ ਵਿੱਚ ਬੈਠੇ ਹਨ। ਵਰਤਮਾਨ ਵਿੱਚ ਆਉਂਦਿਆਂ ਹੀ ਮਨੁੱਖ ਤਨ ਤੇ ਮਨ ਤੋਂ ਉੱਚਾ ਉੱਠ ਜਾਂਦਾ ਹੈ ਤਨ ਰੋਗ ਹੈ ਮਨ ਸੋਗ ਹੈ ਰੋਗ ਸੋਗ ਤੋਂ ਉੱਚਾ ਉੱਠ ਜਾਂਦਾ ਹੈ। ਮਨੁੱਖ ਦਾ ਇਹ ਉੱਚਾ ਉੱਠਣਾ ਉਸ ਨੂੰ ਚਿੰਤਾਵਾਂ ਤੋਂ ਮੁਕਤ ਕਰਦਾ ਹੈ ਅਤੇ ਵਰਤਮਾਨ ਵਿੱਚ ਜਿਉਣ ਦਾ ਢੰਗ ਸਿਖਾਉਂਦਾ ਹੈ।

ਅਕਾਲ ਪੁਰਖ ਪ੍ਰਮਾਤਮਾ ਇੱਕ ਅਜਿਹੀ ਸ਼ਕਤੀ ਹੈ ਜੋ ਜਿਸ ਨੂੰ ਮਨੁੱਖ ਕੇਵਲ ਤੇ ਕੇਵਲ ਮਹਿਸੂਸ ਕਰ ਸਕਦਾ ਹੈ। ਇਸ ਨੂੰ ਮਹਿਸੂਸ ਕਰਨ ਦੇ ਲਈ ਪਹਿਲਾਂ ਮਨੁੱਖ ਨੂੰ ਅੰਦਰੋਂ ਸੱਚਾ ਹੋਣਾ ਪਵੇਗਾ ਤੇ ਜਦੋਂ ਉਹ ਸੱਚਾ ਹੋ ਜਾਵੇਗਾ ਅਤੇ ਉਸ ਸੱਚ ਨੂੰ ਪ੍ਰਾਪਤ ਕਰ ਲਵੇਗਾ ਤਦ ਉਹ ਦੁਨੀਆਂ ਵਿੱਚ ਇੱਕ ਵੱਖਰੇ ਮੁਕਾਮ ਉੱਤੇ ਪਹੁੰਚ ਜਾਵੇਗਾ।



ਹੰਸਰਾਜ ਰਹਿਬਰ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਬੋਲੇ ਸੋ ਨਿਹਾਲ



ਅਨੁਵਾਦ : ਮਹਿੰਦਰ ਬੇਦੀ, ਜੈਤੋ
9417730600

## ਕਿਸ਼ਤ : 18

ਸਿੱਖਾਂ ਨੇ ਪੰਜਾਬ ਨੂੰ ਅਜ਼ਾਦ ਕਰਵਾਉਣ ਦੀ ਪੱਕੀ ਧਾਰੀ ਹੋਈ ਸੀ ਤੇ ਉਹ ਮੁਗ਼ਲ ਹਾਕਮਾਂ ਲਈ ਚੁਣੌਤੀ ਬਣੇ ਹੋਏ ਸਨ। ਪਰ ਮੁਗ਼ਲ ਸੱਤਾ ਸਮਾਪਤ ਹੋਈ ਤਾਂ ਨਾ ਸਿਰਫ਼ ਪੰਜਾਬ ਉੱਪਰ ਅਬਦਾਲੀ ਦਾ ਕਬਜ਼ਾ ਹੋ ਚੁੱਕਿਆ ਸੀ ਬਲਕਿ ਉਸ ਨੇ ਸਰਹਿੰਦ ਨੂੰ ਵੀ ਆਪਣੇ ਅਫ਼ਗਾਨ ਰਾਜ ਵਿੱਚ ਮਿਲਾ ਲਿਆ ਸੀ ਤੇ ਦਿੱਲੀ ਵਿੱਚ ਵੀ ਨਜੀਬੁਦੌਲਾ ਨੂੰ ਆਪਣਾ ਮੁਖ਼ਤਿਆਰ ਆਮ ਥਾਪ ਦਿੱਤਾ ਸੀ। ਹੁਣ ਸਿੱਖਾਂ ਦੀ ਟੱਕਰ ਅਫ਼ਗਾਨਾਂ ਨਾਲ਼ ਸੀ। ਜਹਾਨ ਖ਼ਾਂ ਨੇ ਅੰਮ੍ਰਿਤਸਰ ਤੇ ਕਰਤਾਰਪੁਰ ਵਿੱਚ ਜਿਹੜੇ ਜ਼ੁਲਮ ਢਾਏ ਤੇ ਧਾਰਮਿਕ ਸਥਾਨਾ ਦੀ ਬੇਅਦਬੀ ਕੀਤੀ ਸੀ; ਉਸ ਉੱਪਰ ਸਾਰੇ ਸਿੱਖ ਤੇ ਉਹਨਾਂ ਨਾਲ਼ ਹਮਦਰਦੀ ਰੱਖਣ ਵਾਲੇ ਲੋਕ ਭੜਕ ਉੱਠੇ। ਉਹ ਹੁਸ਼ਿਆਰਪੁਰ ਦੇ ਉੱਤਰ ਵਿੱਚ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਚਲੇ ਗਏ। ਉੱਥੇ ਉਨਾਂ ਜਹਾਨ ਖ਼ਾਂ ਉੱਪਰ ਹਮਲੇ ਦੀ ਯੋਜਨਾ ਬਣਾਈ, ਜਿਸ ਵਿੱਚ ਹਾਲਾਤ ਤੋਂ ਮਜ਼ਬੂਰ ਹੋ ਕੇ ਅਦੀਨਾ ਬੇਗ਼ ਵੀ ਉਨਾਂ ਨਾਲ਼ ਆ ਰਲ਼ਿਆ।

ਜਦੋਂ ਅਬਦਾਲੀ ਨੇ ਹਮਲਾ ਕੀਤਾ ਸੀ, ਅਦੀਨਾ ਬੇਗ਼ ਹਾਂਸੀ, ਹਿਸਾਰ ਵੱਲ ਭੱਜ ਗਿਆ ਸੀ, ਜਿੱਥੇ ਪਾਣੀ ਵੀ ਔਖ ਨਾਲ਼ ਮਿਲਦਾ ਸੀ। ਕੁਝ ਸਮੇਂ ਬਾਅਦ ਉਹ ਵੀ ਹੁਸ਼ਿਆਰਪੁਰ ਦੇ ਉੱਤਰ ਵਿੱਚ ਸਥਿਤ ਪਹਾੜੀਆਂ ਵਿੱਚ ਚਲਾ ਗਿਆ ਤੇ ਖ਼ਲੀ ਬਲਵਾਨ ਦੀ ਪਹਾੜੀ ਉੱਪਰ ਆਪਣਾ ਕੈਂਪ ਲਾ ਦਿੱਤਾ। ਤੈਮੂਰ ਸ਼ਾਹ ਦਾ ਸਰਪ੍ਰਸਤ ਬਣਨ ਤੋਂ ਬਾਅਦ ਜਹਾਨ ਖ਼ਾਂ ਨੇ ਪੰਜਾਬ ਵਿੱਚ ਅਮਨ ਬਹਾਲ ਕਰਨਾ ਸੀ ਤਾਂ ਹੀ ਉਹ ਮਾਲੀਆ ਉਗਰਾਹ ਸਕਦਾ ਸੀ ਤੇ ਤਾਂ ਹੀ ਹਕੂਮਤ ਕਰ ਸਕਦਾ ਸੀ, ਪਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਵਿੱਚ ਸਿੱਖਾਂ ਨੇ ਆਪਣੀਆਂ ਗਤੀਵਿਧੀਆਂ ਤੇਜ਼ ਕਰ ਦਿੱਤੀਆਂ ਸਨ। ਉਹ ਨਿੱਤ ਨਵਾਂ ਇਲਾਕਾ ਆਪਣੀ ਰਾਖੀ-ਪ੍ਰਣਾਲੀ ਅਧੀਨ ਕਰਕੇ ਆਪਣੀ ਸ਼ਕਤੀ ਦਾ ਵਿਸਥਾਰ ਕਰ ਰਹੇ ਸਨ। ਨਾਸਿਰ ਅਲੀ ਖ਼ਾਂ ਸਿੱਖਾਂ ਉੱਪਰ ਕਾਬੂ ਪਾਉਣ ਤੋਂ ਅਸਮਰਥ ਰਿਹਾ ਸੀ। ਇਸ ਲਈ ਜਹਾਨ ਖ਼ਾਂ ਨੇ ਅਦੀਨਾ ਬੇਗ਼ ਨੂੰ ਸੁਨੇਹਾ ਭੇਜਿਆ ਕਿ ਜੇ ਉਹ ਜਲੰਧਰ ਦੀ ਫ਼ੌਜਦਾਰੀ ਸੰਭਾਲ ਲਏ ਤੇ ਸਾਡੇ ਨਾਲ਼ ਸਹਿਯੋਗ ਕਰੇ ਤਾਂ ਉਸਦੇ ਵਿਰੁੱਧ ਕਾਰਵਾਈ ਨਹੀਂ ਕੀਤੀ ਜਾਏਗੀ। ਅਦੀਨਾ ਬੇਗ਼ ਨੇ ਕਹਿ ਭੇਜਿਆ ਕਿ ਉਹ ਜਲੰਧਰ ਦੁਆਬੇ ਦੀ ਫ਼ੌਜਦਾਰੀ ਸੰਭਾਲਨ ਤੇ ਸਹਿਯੋਗ ਦੇਣ ਲਈ ਤਿਆਰ ਹੈ, ਸ਼ਰਤ ਇਹ ਹੈ ਕਿ ਉਸ ਨੂੰ ਇਹ ਛੋਟ ਦਿੱਤੀ ਜਾਏ ਕਿ ਲਾਹੌਰ ਦਰਬਾਰ ਵਿੱਚ ਪੇਸ਼ ਨਹੀਂ ਹੋਏਗਾ। ਜਹਾਨ ਖ਼ਾਂ ਨੇ ਅਦੀਨਾ ਬੇਗ਼ ਦੀ ਇਹ ਸ਼ਰਤ ਮੰਨ ਲਈ ਤੇ ਤੈਅ ਹੋਇਆ ਕਿ ਉਹ ਜਲੰਧਰ-ਦੁਆਬੇ ਦੀ ਫ਼ੌਜਦਾਰੀ ਦੇ ਬਦਲੇ ਲਾਹੌਰ ਨੂੰ 36 ਲੱਖ ਰੁਪਏ ਸਾਲਾਨਾ ਲਗਾਨ ਦਏਗਾ।

ਜਹਾਨ ਖ਼ਾਂ ਨੇ ਸੋਚਿਆ ਸੀ ਕਿ ਅਦੀਨਾ ਬੇਗ਼ ਸਿੱਖਾਂ ਨਾਲ਼ ਖ਼ੁਦ ਨਿਬੜ ਲਏਗਾ ਤੇ ਉਸ ਦੀ ਹਕੂਮਤ ਦੇ ਵਿਰੁੱਧ ਕੋਈ ਸਾਜਿਸ਼ ਨਹੀਂ ਕਰੇਗਾ।

ਸਿੱਖ ਇਸ ਸਮੇਂ ਜਲੰਧਰ-ਦੁਆਬੇ ਦੇ ਆਸ-ਪਾਸ ਆਪਣੀ ਸ਼ਕਤੀ ਵਧਾ ਰਹੇ ਸਨ। ਇਸ ਲਈ ਕਿਤੇ-ਕਿਤੇ ਅਦੀਨਾ ਬੇਗ਼ ਨਾਲ਼ ਝੜਪ ਹੋ ਜਾਣੀ ਸੁਭਾਵਿਕ ਸੀ। ਪਹਿਲੀ ਟੱਕਰ ਉਦੋਂ ਹੋਈ ਜਦੋਂ ਜੱਸਾ ਸਿੰਘ ਆਹਲੂਵਾਲੀਆ ਆਪਣੇ ਜੱਥੇ ਨਾਲ਼ ਤਰਨਤਾਰਨ ਤੋਂ ਫ਼ਤਿਹਾਬਾਦ ਵੱਲ ਜਾ ਰਿਹਾ ਸੀ। ਇਸ ਟੱਕਰ ਵਿੱਚ ਕੁਤਬ ਖ਼ਾਂ ਆਹਲੂਵਾਲੀਆ ਦੇ ਤੀਰ ਨਾਲ਼ ਜ਼ਖ਼ਮੀ ਹੋਇਆ ਤੇ ਤਲਵਾਰ ਦੇ ਇੱਕ ਵਾਰ ਨੇ ਸੱਯਦ ਖ਼ਾਂ ਦੀ ਬਾਂਹ ਕੱਟ ਲਈ। ਇੱਥੋਂ ਖ਼ਾਨ ਜਲਾਲਾਬਾਦ ਵੱਲ ਭੱਜ ਗਿਆ ਤੇ ਜੱਸਾ ਸਿੰਘ ਨੇ ਫ਼ਤਿਹਾਬਾਦ ਉੱਪਰ ਕਬਜ਼ਾ ਕਰ ਲਿਆ। ਇੱਥੋਂ ਸਰਦਾਰ ਆਹਲੂਵਾਲੀਆ ਜਲਦੀ ਹੀ ਦੁਆਬੇ ਵਿੱਚ ਆ ਗਿਆ। ਉਨੀਂ ਦਿਨੀਂ ਅਦੀਨਾ ਬੇਗ਼ ਨੇ ਮਾਲੀਏ ਦੀ ਉਗਰਾਹੀ ਸ਼ੁਰੂ ਕੀਤੀ ਹੋਈ ਸੀ। ਜਦੋਂ ਉਗਰਾਹੀ ਕਰਨ ਵਾਲੇ ਜੇਡੌਲੀ ਪਿੰਡ ਵਿੱਚ ਪਹੁੰਚੇ, ਕਿਸਾਨਾਂ ਨੇ ਮਾਲੀਆ ਦੇਣ ਤੋਂ ਇਨਕਾਰ ਕਰ ਦਿੱਤਾ। ਸ਼ਾਇਦ ਉਥਲ-ਪੁਥਲ ਕਾਰਨ ਫ਼ਸਲ ਠੀਕ ਨਹੀਂ ਸੀ ਹੋਈ ਜਾਂ ਸ਼ਾਇਦ ਮੀਹਾਂ ਕਾਰਨ ਕਾਫ਼ੀ ਨੁਕਸਾਨ ਹੋ ਗਿਆ ਸੀ। ਮੁੱਕਦੀ ਗੱਲ ਇਹ ਕਿ ਇਸ ਗੱਲ ਉੱਪਰ ਝਗੜਾ ਹੋ ਗਿਆ। ਦੁਖੀ ਲੋਕਾਂ ਲਈ ਇੱਕੋ ਚਾਰਾ ਸੀ ਕਿ ਉਹ ਕਿਸੇ ਸਿੱਖ ਸਰਦਾਰ ਦੀ ਰਾਖੀ ਵਿੱਚ ਚਲੇ ਜਾਣ। ਜੇਡੌਲੀ ਦੇ ਉੱਤਰ-ਪੱਛਮ ਵਿੱਚ ਜੱਸਾ ਸਿੰਘ ਆਹਲੂਵਾਲੀਆ ਦਾ ਇਲਾਕਾ ਸੀ। ਪਿੰਡ ਦਾ ਚੌਧਰੀ ਗੈਂਡਾ ਰਾਜਪੂਤ ਜੱਸਾ ਸਿੰਘ ਆਹਲੂਵਾਲੀਆ ਦੀ ਸੇਵਾ ਵਿੱਚ ਹਾਜ਼ਰ ਹੋਇਆ ਤੇ ਰਾਖੀ ਕਰਨ ਲਈ ਬੇਨਤੀ ਕੀਤੀ। ਜੱਸਾ ਸਿੰਘ ਨੇ ਦੇਵਾ ਸਿੰਘ ਨੂੰ ਆਪਣਾ ਥਾਣੇਦਾਰ ਬਣਾ ਕੇ ਜੇਡੌਲੀ ਭੇਜ ਦਿੱਤਾ ਤੇ ਅਦੀਨਾ ਬੇਗ਼ ਨੂੰ ਕਹਿ ਭੇਜਿਆ ਕਿ ਇਹ ਪਿੰਡ ਸਾਡੀ ਰੱਈਅਤ ਹੈ, ਤੁਸੀਂ ਇੱਥੋਂ ਤੋਂ ਮਾਲੀਆ ਨਹੀਂ ਉਗਰਾਹ ਸਕਦੇ।



ਇੱਧਰ ਅਦੀਨਾ ਬੇਗ਼ ਨੂੰ ਮਾਲੀਆ ਉਗਰਾਹੁਣ ਵਿੱਚ ਪਰੇਸ਼ਾਨੀ ਹੋ ਰਹੀ ਸੀ ਤੇ ਉੱਧਰ ਜਹਾਨ ਖ਼ਾਂ ਨੇ ਫ਼ੌਰਨ 36 ਲੱਖ ਰੁਪਏ ਭੇਜ ਦੇਣ ਦਾ ਸੁਨੇਹਾ ਘੱਲ ਦਿੱਤਾ ਸੀ। ਅਦੀਨਾ ਬੇਗ਼ ਨੇ ਉੱਤਰ ਦਿੱਤਾ ਕਿ ਉਸ ਨੂੰ ਫ਼ੌਜਦਾਰੀ ਸੰਭਾਲਿਆਂ ਅਜੇ ਸਿਰਫ਼ ਦੋ ਮਹੀਨੇ ਹੋਏ ਨੇ। ਪਹਿਲਾਂ ਅਮਨ-ਸ਼ਾਂਤੀ ਬਹਾਲ ਕਰਨੀ ਹੈ। ਜਦੋਂ ਫ਼ਸਲ ਆਏਗੀ, ਲਗਾਨ ਵਸੂਲ ਕੀਤਾ ਜਾਏਗਾ ਤੇ ਸਾਲ ਪੂਰਾ ਹੋਣ ਉੱਪਰ ਇਹ ਰਕਮ ਭੇਜ ਦਿੱਤੀ ਜਾਏਗੀ। ਜਹਾਨ ਖ਼ਾਂ ਨੇ ਅਦੀਨਾ ਬੇਗ਼ ਦੀ ਇਸ ਦਲੀਲ ਨੂੰ ਨਹੀਂ ਸੁਣਿਆ ਤੇ ਉਸ ਨੂੰ ਲਾਹੌਰ ਦਰਬਾਰ ਵਿੱਚ ਹਾਜ਼ਰ ਹੋਣ ਦਾ ਹੁਕਮ ਦਿੱਤਾ। ਅਸਲ ਵਿੱਚ ਜਹਾਨ ਖ਼ਾਂ ਅਦੀਨਾ ਬੇਗ਼ ਉੱਪਰ ਚਿੜਿਆ ਹੋਇਆ ਸੀ ਤੇ ਉਸ ਨੂੰ ਲਾਹੌਰ ਦਰਬਾਰ ਵਿੱਚ ਬੁਲਾਉਣ ਦਾ ਬਹਾਨਾ ਲੱਭ ਰਿਹਾ ਸੀ।

ਅਦੀਨਾ ਬੇਗ਼ ਨੂੰ ਜਹਾਨ ਖ਼ਾਂ ਦੀ ਨੀਅਤ ਉਤੇ ਸ਼ੱਕ ਸੀ, ਉਸਨੇ ਲਾਹੌਰ ਜਾਣ ਤੋਂ ਸਾਫ਼ ਇਨਕਾਰ ਕਰ ਦਿੱਤਾ।

ਜਹਾਨ ਖ਼ਾਂ ਚਿੜਚਿੜੇ ਸੁਭਾਅ ਦਾ ਤਾਂ ਸੀ ਹੀ। ਉਸਨੇ ਮੁਰਾਦ ਖ਼ਾਂ ਨੂੰ ਇੱਕ ਵੱਡੀ ਫ਼ੌਜ ਦੇ ਕੇ ਭੇਜਿਆ ਕਿ ਉਹ ਅਦੀਨਾ ਬੇਗ਼ ਨੂੰ ਗ੍ਰਿਫ਼ਤਾਰ ਕਰ ਲਿਆਏ। ਬੁਲੰਦ ਖ਼ਾਂ ਨੂੰ ਉਸਦੀ ਸਹਾਇਤਾ ਲਈ ਨਾਲ਼ ਭੇਜਿਆ ਤੇ ਸਰਹਿੰਦ ਦੇ ਨਾਇਬ ਫ਼ੌਜਦਾਰ ਸਾਦਿਕ ਬੇਗ਼ ਨੂੰ ਵੀ ਹੁਕਮ ਦਿੱਤਾ ਕਿ ਉਹ ਵੀ ਆਪਣੀ ਫ਼ੌਜ ਲੈ ਕੇ ਆ ਜਾਏ।

ਅਦੀਨਾ ਬੇਗ਼ ਵੀ ਪੂਰਾ ਖਰਾਂਟ ਆਦਮੀ ਸੀ। ਉਹ ਜਾਣਦਾ ਸੀ, ਦੁਸ਼ਮਣ ਦੀ ਏਡੀ ਵੱਡੀ ਫ਼ੌਜ ਦਾ ਮੁਕਾਬਲਾ ਕਰਨਾ ਸੰਭਵ ਨਹੀਂ। ਉਹ ਫੇਰ ਪਹਾੜਾਂ ਵੱਲ ਚਲਾ ਗਿਆ ਤੇ ਇੱਕ ਅਜਿਹੀ ਜਗਾ ਮੋਰਚਾ ਬਣਾ ਲਿਆ ਜਿੱਥੋਂ ਹਾਰ ਜਾਣ ਦੀ ਸੂਰਤ ਵਿੱਚ ਭੱਜ ਕੇ ਜਾਨ ਬਚਾਈ ਜਾ ਸਕਦੀ ਸੀ। ਉਸਨੇ ਸੋਢੀ ਵਡਭਾਗ ਸਿੰਘ ਤੇ ਜੱਸਾ ਸਿੰਘ ਆਹਲੂਵਾਲੀਆ ਨੂੰ ਬੇਨਤੀ ਕੀਤੀ ਕਿ ਉਹ ਜਹਾਨ ਖ਼ਾਂ ਦੇ ਵਿਰੁੱਧ ਉਸਦੀ ਮਦਦ ਕਰਨ। ਉਹ ਤਾਂ ਪਹਿਲਾਂ ਹੀ ਅਜਿਹੇ ਮੌਕੇ ਦੀ ਭਾਲ ਵਿੱਚ ਸਨ। ਜਹਾਨ ਖ਼ਾਂ ਤੋਂ ਬਦਲਾ ਲੈਣ ਲਈ ਖਾਰ ਖਾਈ ਬੈਠੇ ਸਨ। ਸਾਰਾ ਦਲ-ਖ਼ਾਲਸਾ ਲੜਨ ਲਈ ਤਿਆਰ ਹੋ ਗਿਆ।

ਦਸੰਬਰ 1757 ਵਿੱਚ ਹੁਸ਼ਿਆਰਪੁਰ ਜ਼ਿਲੇ ਦੇ ਮਾਹਲਪੁਰ ਸ਼ਹਿਰ ਲਾਗੇ ਅਫ਼ਗਾਨਾਂ ਨਾਲ਼ ਟੱਕਰ ਹੋਈ। ਖ਼ਾਲਸੇ ਲਈ ਅਫ਼ਗਾਨ ਸਿਪਾਹੀਆਂ ਤੇ ਅਦੀਨਾ ਬੇਗ਼ ਦੇ ਸਿਪਾਹੀਆਂ ਨੂੰ ਵੱਖ-ਵੱਖ ਪਛਾਨਣਾ ਮੁਸ਼ਕਿਲ ਸੀ। ਇਸ ਲਈ ਫ਼ੈਸਲਾ ਹੋਇਆ ਕਿ ਅਦੀਨਾ ਬੇਗ਼ ਦੇ ਸਿਪਾਹੀ ਆਪਣੇ ਸਿਰਾਂ ਉੱਪਰ ਹਰੀ ਘਾਹ ਬੰਨ ਲੈਣ। ਅਫ਼ਗਾਨਾਂ ਕੋਲ਼ ਛੋਟੀਆਂ ਤੋਪਾਂ ਸਨ। ਉਨਾਂ ਦੀ ਗਿਣਤੀ ਵੀ ਖਾਸੀ ਸੀ ਪਰ ਦ੍ਰਿੜ ਸੰਕਲਪ ਖ਼ਾਲਸਾ ਦੇ ਸਾਹਮਣੇ ਉਹ ਟਿਕ ਨਹੀਂ ਸਕੇ। ਬੁਲੰਦ ਖ਼ਾਂ ਲੜਦਾ ਹੋਇਆ ਮਾਰਿਆ ਗਿਆ ਤੇ ਮੁਰਾਦ ਖ਼ਾਂ ਮੈਦਾਨ ਛੱਡ ਕੇ ਭੱਜ ਗਿਆ। ਅਫ਼ਗਾਨ ਫ਼ੌਜ ਦੇ ਪੈਰ ਉੱਖੜ ਗਏ। ਖ਼ਾਲਸੇ ਦੀ ਜਿੱਤ ਹੋਈ।

ਹੁਣ ਦੁਆਬੇ ਵਿੱਚ ਸਿੱਖਾਂ ਦਾ ਬੋਲਬਾਲਾ ਸੀ। ਹਰ ਜਗਾ ਜੱਸਾ ਸਿੰਘ ਆਹਲੂਵਾਲੀਆ ਦੀ ਬਹਾਦਰੀ ਦੇ ਚਰਚੇ ਸਨ। ਦੁਆਬੇ ਦੇ ਸਾਰੇ ਜ਼ਿਲਿਆਂ ਵਿੱਚ ਆਪਣੇ ਵਿਰੋਧੀਆਂ ਨੂੰ ਦਰੜਦੇ ਤੇ ਲੁੱਟਮਾਰ ਕਰਦੇ ਹੋਏ ਸਿੱਖ ਜਲੰਧਰ ਵਿੱਚ ਜਾ ਪਹੁੰਚੇ। ਖ਼ੁਦ ਅਦੀਨਾ ਬੇਗ਼ ਨੇ ਉਨਾਂ ਨੂੰ ਸ਼ਹਿਰ ਲੁੱਟਣ ਦੀ ਖੁੱਲੀ ਛੁੱਟੀ ਦੇ ਦਿੱਤੀ। ਖ਼ਾਲਸੇ ਨੇ ਆਪਣੇ ਦੁਸ਼ਮਣਾਂ ਤੋਂ ਜੀਅ ਭਰ ਕੇ ਬਦਲਾ ਲਿਆ। ਨਾਸਿਰ ਅਲੀ ਖ਼ਾਂ ਦਾ, ਜਿਸਨੇ ਕਰਤਾਰਪੁਰ ਦੇ ਸਿੱਖਾਂ ਉੱਪਰ ਜ਼ੁਲਮ ਢਾਏ ਸਨ, ਬੱਚਾ-ਬੱਚੀ ਕਤਲ ਕਰ ਦਿੱਤਾ ਗਿਆ ਤੇ ਉਸਦੇ ਘਰ ਨੂੰ ਲੁੱਟ ਕੇ ਅੱਗ ਲਾ ਦਿੱਤੀ।

ਜਹਾਨ ਖ਼ਾਂ ਨੂੰ ਜਦੋਂ ਮਾਹਲਪੁਰ ਵਿੱਚ ਅਫ਼ਗਾਨ ਫ਼ੌਜ ਦੇ ਮਾਤ ਖਾ ਜਾਣ ਦੀ ਖ਼ਬਰ ਮਿਲੀ ਤਾਂ ਉਸ ਨੇ ਸਿਰ ਪਿੱਟ ਲਿਆ। ਉਹ ਤੁਰੰਤ ਲਾਹੌਰ ਤੋਂ ਤੁਰ ਪਿਆ। ਹਾਰੀ ਸੈਨਾ ਉਸ ਨੂੰ ਬਟਾਲੇ ਵਿੱਚ ਮਿਲੀ। ਉਸਨੇ ਮੁਰਾਦ ਖ਼ਾਂ ਨੂੰ ਦੇਖਿਆ ਤਾਂ ਗੁੱਸੇ ਨਾਲ਼ ਲੋਹਾ ਲਾਖਾ ਹੋ ਕੇ ਹੁਕਮ ਦਿੱਤਾ, 'ਇਸ ਸੂਰ ਨੂੰ ਦਰਖ਼ਤ ਨਾਲ਼ ਬੰਨ ਕੇ ਵੀਹ ਬੈਂਤਾਂ ਮਾਰੋ।'

ਅਦੀਨਾ ਬੇਗ਼ ਜਹਾਨ ਖ਼ਾਂ ਨਾਲ਼ ਅਹਮਣੇ-ਸਾਹਮਣੇ ਦੀ ਲੜਾਈ ਲੜਨ ਲਈ ਤਿਆਰ ਨਹੀਂ ਸੀ। ਉਸਦੀ ਫ਼ੌਜੀ ਤਾਕਤ ਮਾਹਲਪੁਰ ਦੀ ਲੜਾਈ ਵਿੱਚ ਕਮਜ਼ੋਰ ਹੋ ਚੁੱਕੀ ਸੀ ਤੇ ਉਸਦੇ ਸਹਾਇਕ ਸਿੱਖ ਦੁਆਬੇ ਵਿੱਚ ਖਿੱਲਰ ਗਏ ਸਨ। ਉਹ ਫੇਰ ਸ਼ਿਵਾਲਿਕ ਦੀਆਂ ਪਹਾੜੀਆਂ ਵੱਲ ਚਲਾ ਗਿਆ, ਜਿੱਥੇ ਉਸਦਾ ਪਿੱਛਾ ਕਰਨਾ ਆਸਾਨ ਨਹੀਂ ਸੀ।

ਜਹਾਨ ਖ਼ਾਂ ਸਰਫ਼ਰਾਜ਼ ਖ਼ਾਂ ਨੂੰ ਜਲੰਧਰ ਦੁਆਬੇ ਦਾ ਹਾਕਮ ਬਣਾ ਕੇ ਖ਼ੁਦ ਲਾਹੌਰ ਪਰਤ ਗਿਆ। ਸਿੱਖਾਂ ਨੇ ਸਰਫ਼ਰਾਜ਼ ਖ਼ਾਂ ਨੂੰ ਇੱਕ ਪਲ ਲਈ ਵੀ ਚੈਨ ਨਹੀਂ ਲੈਣ ਦਿੱਤਾ। ਉਹ ਪਹਾੜਾਂ ਵਿੱਚੋਂ ਨਿਕਲ ਆਏ ਤੇ ਪੂਰੇ ਦੁਆਬੇ ਵਿੱਚ ਉਥਲ-ਪੁਥਲ ਮਚਾ ਦਿੱਤੀ। ਇੱਕ ਮਹੀਨੇ ਤੱਕ ਸੰਘਰਸ਼ ਜਾਰੀ ਰਿਹਾ। ਉੱਥੇ ਜਿੰਨੇ ਅਫ਼ਗਾਨ ਸੈਨਿਕ ਸਨ, ਖ਼ਾਲਸੇ ਨੇ ਮਾਰ ਮਾਰ ਕੇ ਭਜਾ ਦਿੱਤੇ।

ਖ਼ਾਲਸਾ ਹੁਣ ਅਫ਼ਗਾਨਾਂ ਨੂੰ ਕਿਤੇ ਵੀ ਟਿਕਣ ਨਹੀਂ ਸੀ ਦੇ ਰਿਹਾ। ਲਾਹੌਰ ਤੋਂ ਖ਼ਵਾਜ਼ਾ ਅਬਦੁੱਲਾ ਖ਼ਾਂ ਨੂੰ 20 ਹਜ਼ਾਰ ਘੋੜਸਵਾਰ ਦੇ ਕੇ ਭੇਜਿਆ ਗਿਆ। ਖ਼ਾਲਸੇ ਦੇ ਹੱਥੋਂ ਉਸ ਨੂੰ ਵੀ ਕਰਾਰੀ ਹਾਰ ਦਾ ਮੂੰਹ ਦੇਖਣਾ ਪਿਆ। ਅਬਦਾਲੀ ਜਿਹੜੀਆਂ ਤੋਪਾਂ ਲਾਹੌਰ ਛੱਡ ਗਿਆ ਸੀ, ਸਾਰੀਆਂ ਸਿੱਖਾਂ ਦੇ ਹੱਥ ਲੱਗ ਗਈਆਂ ਸਨ।

ਹੁਣ ਸਿੱਖ ਬਿਆਸ ਨਦੀ ਪਾਰ ਕਰਕੇ ਬਾਰੀ ਦੁਆਬੇ ਵਿੱਚ ਆ ਪਹੁੰਚੇ ਸਨ। ਬਟਾਲਾ ਤੇ ਜਲੰਧਰ ਨੂੰ ਵੀ ਉਨਾਂ ਆਪਣੀ ਰਾਖੀ-ਪ੍ਰਣਾਲੀ ਵਿੱਚ ਸ਼ਾਮਿਲ ਕਰ ਲਿਆ ਸੀ। ਲਾਹੌਰ ਦੀਆਂ ਬਾਹਰੀ ਬਸਤੀਆਂ ਵੀ ਸੁਰੱਖਿਅਤ ਨਹੀਂ ਸਨ ਰਹੀਆਂ; ਹਰ ਰਾਤ ਹਜ਼ਾਰਾਂ ਸਿੱਖ ਲਾਹੌਰ ਉੱਤੇ ਹੱਲਾ ਬੋਲਦੇ ਤੇ ਇਨਾਂ ਬਸਤੀਆਂ ਨੂੰ ਲੁੱਟ ਕੇ ਲੈ ਜਾਂਦੇ। ਉਨਾਂ ਦਾ ਪਿੱਛਾ ਕਰਨ ਲਈ ਕੋਈ ਫ਼ੌਜ ਨਹੀਂ ਸੀ ਭੇਜੀ ਜਾਂਦੀ ਤੇ ਸ਼ਹਿਰ ਦੇ ਦਰਵਾਜ਼ੇ ਦਿਨ ਦੇ ਛਿਪਾਅ ਤੋਂ ਇੱਕ ਘੰਟਾ ਬਾਅਦ ਬੰਦ ਕਰ ਦਿੱਤੇ ਜਾਂਦੇ ਸਨ।

ਸਰਕਾਰ ਪੂਰੀ ਤਰਾਂ ਪਿੰਗਲੀ ਹੋ ਗਈ ਜਾਪਦੀ ਸੀ। ਨਵੰਬਰ 1757 ਤੋਂ ਫ਼ਰਵਰੀ 1758 ਤੱਕ ਅਰਾਜਕਤਾ ਦੀ ਸਥਿਤੀ ਬਣੀ ਰਹੀ। ਲੋਕ ਖ਼ਾਲਸੇ ਦੇ ਘੋੜਿਆਂ ਦੀ ਟਾਪ ਸੁਣ ਕੇ ਸਹਿਮ ਜਾਂਦੇ ਸਨ। ਫੇਰ ਸਿੱਖਾਂ ਦੇ ਹੱਥ ਅਜਿਹਾ ਮੌਕਾ ਆਇਆ ਕਿ ਉਨਾਂ ਤੈਮੂਰ ਤੇ ਉਸਦੇ ਸਰਪ੍ਰਸਤ ਜਹਾਨ ਖ਼ਾਂ ਨੂੰ ਵੀ ਲਾਹੌਰ ਵਿੱਚੋਂ ਭਜਾ ਦਿੱਤਾ।

ਕਿੱਥੇ ਤਾਂ ਅਦੀਨਾ ਬੇਗ਼ ਲਾਹੌਰ ਦੀ ਨਵਾਬੀ ਦੇ ਸੁਪਨੇ ਦੇਖ ਰਿਹਾ ਸੀ ਤੇ ਕਿੱਥੇ ਜਲੰਧਰ ਦੁਆਬੇ ਦੀ ਫ਼ੌਜਦਾਰੀ ਵੀ ਉਸਦੇ ਹੱਥੋਂ ਨਿਕਲ ਚੁੱਕੀ ਸੀ। ਭਾਵੇਂ ਉਸ ਨੇ ਸਿੱਖਾਂ ਦੀ ਮਦਦ ਨਾਲ਼ ਮੁਰਾਦ ਖ਼ਾਂ ਤੇ ਬੁਲੰਦ ਖ਼ਾਂ ਨੂੰ ਹਰਾ ਦਿੱਤਾ ਸੀ, ਫੇਰ ਵੀ ਉਸਨੂੰ ਇੱਕ ਪਾਸੇ ਇਹ ਡਰ ਸੀ ਕਿ ਜਦੋਂ ਅਬਦਾਲੀ ਖ਼ੁਦ ਹਮਾਲਾ ਕਰੇਗਾ ਤਾਂ ਉਹ ਅਫ਼ਗਾਨਾਂ ਦਾ ਮੁਕਬਲਾ ਨਹੀਂ ਕਰ ਸਕੇਗਾ। ...ਤੇ ਦੂਜੇ ਪਾਸੇ ਉਸ ਨੂੰ ਸਿੱਖਾਂ ਦਾ ਵੀ ਡਰ ਸੀ ਕਿਉਂਕਿ ਸਿੱਖ ਪੰਜਾਬ ਦੇ ਦਾਅਵੇਦਾਰ ਸਨ ਤੇ ਹੁਣ, 'ਰਾਜ ਕਰੇਗਾ ਖ਼ਾਲਸਾ, ਆਕੀ ਰਹੇ ਨਾ ਕੋਇ।' ਦੇ ਉਸ ਦਿਨ ਦੇ ਇੰਤਜ਼ਾਰ ਵਿੱਚ ਸਨ। ਉਹ ਦੇਖ ਰਿਹਾ ਸੀ ਕਿ ਸਿੱਖਾਂ ਦਾ ਜ਼ੋਰ ਦਿਨੋ-ਦਿਨ ਵਧ ਰਿਹਾ ਹੈ। ਇਹ ਸਭ ਸੋਚ ਕੇ ਉਸ ਨੇ ਆਪਣੇ ਵਕੀਲ ਹਰ ਲਾਲ ਰਾਹੀਂ ਮਰਾਠਿਆਂ ਨਾਲ਼ ਗੰਢ-ਤੁਪ ਕਰਨ ਦੀ ਯੋਜਨਾ ਬਣਾਈ।

ਮਰਾਠਾ ਸਰਦਾਰ ਰਘੁਨਾਥ ਨੇ ਦਿੱਲੀ ਕੋਲ਼ ਡੇਰੇ ਲਾਏ ਹੋਏ ਸਨ। ਹਰ ਲਾਲ ਉਸਦੇ ਕੋਲ਼ ਗਿਆ ਤੇ ਅਦੀਨਾ ਬੇਗ਼ ਵੱਲੋਂ ਇਹ ਸੁਝਾਅ ਰੱਖਿਆ ਕਿ ਜੇ ਉਹ ਪੰਜਾਬ ਉੱਪਰ ਚੜ੍ਹਾਈ ਕਰਨ ਤਾਂ ਉਨਾਂ ਨੂੰ ਕੂਚ ਦੇ ਹਰੇਕ ਦਿਨ ਦਾ ਇੱਕ ਲੱਖ ਰੁਪਈਆ ਤੇ ਪੜਾਅ ਵਾਲੇ ਦਿਨ ਦਾ ਪੰਜਾਹ ਹਜ਼ਾਰ ਰੁਪਈਆ ਦਿੱਤਾ ਜਾਏਗਾ। ਬਿੱਲੀ ਭਾਣੇ ਛਿੱਕਾ ਟੁੱਟਿਆ। ਮਰਾਠਿਆਂ ਨੂੰ ਹੋਰ ਕੀ ਚਾਹੀਦਾ ਸੀ, ਰੁਪਏ ਵੀ ਮਿਲ ਰਹੇ ਸਨ ਤੇ ਉਨਾਂ ਦੀ ਸ਼ਕਤੀ ਦਾ ਵਿਸਥਾਰ ਸਿੰਧ ਤੱਕ ਹੋ ਰਿਹਾ ਸੀ।

ਰਘੁਨਾਥ ਨੇ ਆਪਣੀ ਦੋ ਲੱਖ ਫ਼ੌਜ ਦੇ ਨਾਲ਼ ਫ਼ਰਵਰੀ 1758 ਦੇ ਅਖ਼ੀਰ ਵਿੱਚ ਪੰਜਾਬ ਵੱਲ ਕੂਚ ਕਰ ਦਿੱਤਾ। ਉਹ ਪੰਜ ਮਾਰਚ ਨੂੰ ਅੰਬਾਲੇ ਦੇ ਨੇੜੇ ਮੁਗ਼ਲ ਸਰਾਏ ਪਹੁੰਚ ਗਿਆ। ਉੱਥੋਂ ਚੱਲ ਕੇ 8 ਮਾਰਚ ਨੂੰ ਸਰਾਏ ਬੰਜਾਰਾ ਪਹੁੰਚਿਆ ਤੇ ਹੁਣ ਸਰਹਿੰਦ ਨੇੜੇ ਹੀ ਸੀ।

ਅਦੀਨਾ ਬੇਗ਼ ਨੂੰ ਇਹ ਵਿਸ਼ਵਾਸ ਨਹੀਂ ਸੀ ਕਿ ਮਰਾਠੇ ਮੁੱਖ ਅਫ਼ਗਾਨ ਸੈਨਾ ਦਾ ਮੁਕਬਲਾ ਕਰ ਸਕਣਗੇ। ਇਸ ਲਈ ਮਰਾਠਿਆਂ ਨਾਲ਼ ਆਪਣੀ ਗੰਢ-ਤੁਪ ਨੂੰ ਉਸਨੇ ਗੁਪਤ ਹੀ ਰੱਖਿਆ ਸੀ, ਤੇ ਜਿਵੇਂ ਕਿ ਉਸਦੀ ਆਦਤ ਸੀ, ਅਬਦਾਲੀ ਸਰਕਾਰ ਨਾਲ਼ ਸੁਲਾਹ ਦਾ ਦਰਵਾਜ਼ਾ ਵੀ ਖੁੱਲਾ ਰੱਖਿਆ ਸੀ। ਉਸਨੇ ਅੰਬਾਲੇ ਤੋਂ ਤੈਮੂਰ ਸ਼ਾਹ ਤੇ ਜਹਾਨ ਖ਼ਾਂ ਨੂੰ ਚਿੱਠੀ ਲਿਖੀ, 'ਮਰਾਠਿਆਂ ਨੇ ਪੰਜਾਬ ਉੱਪਰ ਅਚਾਨਕ ਚੜ੍ਹਾਈ ਕਰ ਦਿੱਤੀ ਹੈ। ਇਸ ਦੀ ਕੋਈ ਉਮੀਦ ਨਹੀਂ ਸੀ। ਮੈਂ ਹਾਲਾਤ ਨੂੰ ਮੁੱਖ ਰੱਖ ਕੇ ਉਹਨਾਂ ਨਾਲ਼ ਆ ਮਿਲਿਆ ਹਾਂ। ਯਕੀਨ ਰੱਖਣਾ ਕਿ ਮੈਂ ਦੁਰਾਨੀਆਂ ਦਾ ਨਮਕ ਹਲਾਲ ਨੌਕਰ ਹਾਂ ਤੇ ਸਮਾਂ ਆਉਣ 'ਤੇ ਆਪਣੀ ਵਫ਼ਾਦਾਰੀ ਦਾ ਸਬੂਤ ਦਿਆਂਗਾ। ਤੁਸੀਂ ਘੰਟੇ ਭਰ ਦੀ ਵੀ ਦੇਰ ਨਾ ਕਰੋ ਤੇ ਮਰਾਠਿਆਂ ਉੱਪਰ ਚੜ੍ਹਾਈ ਕਰ ਦਿਓ।'

ਖ਼ਾਲਸਾ ਸਰਹਿੰਦ ਦੇ ਖ਼ਿਲਾਫ਼ ਪਹਿਲਾਂ ਹੀ ਦੰਦ ਪੀਹ ਰਿਹਾ ਸੀ। ਉੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਕੰਧ ਵਿੱਚ ਚਿਣਵਾਇਆ ਗਿਆ ਸੀ। ਜਿਸ ਤਰਾਂ ਬੰਦਾ ਬਹਾਦਰ ਨੇ ਸਰਹਿੰਦ ਦੀ ਇੱਟ ਨਾਲ਼ ਇੱਟ ਵਜਾਈ ਸੀ, ਉਹ ਇੱਕ ਵਾਰੀ ਫੇਰ ਇੱਟ ਨਾਲ਼ ਇੱਟ ਵਜਾ ਦੇਣਾ ਚਾਹੁੰਦਾ ਸਨ। ਉਹ ਅਦੀਨਾ ਬੇਗ਼ ਨਾਲ਼ ਇਸ ਸ਼ਰਤ ਨਾਲ਼ ਰਾਜੀ ਹੋ ਗਏ ਕਿ ਸਰਹਿੰਦ ਉੱਤੇ ਪਹਿਲਾ ਹਮਲਾ ਸਿੱਖਾਂ ਦਾ ਹੋਏਗਾ, ਫੇਰ ਕਿਸੇ ਹੋਰ ਦਾ।

ਰਘੁਨਾਥ ਰਾਵ ਸਰਹਿੰਦ ਪਹੁੰਚਿਆ ਤਾਂ ਇੱਧਰੋਂ ਅਦੀਨਾ ਬੇਗ਼ ਤੇ ਸਿੱਖ ਵੀ ਜਾ ਪਹੁੰਚੇ। ਇਸ ਸਮੇਂ ਸਰਹਿੰਦ ਦਾ ਫ਼ੌਜਦਾਰ ਅਬਦੁੱਸ ਸਮਦ ਮੁਹੰਮਦ ਜਈ ਸੀ, ਜਿਸਨੂੰ ਅਹਿਮਦ ਸ਼ਾਹ ਅਬਦਾਲੀ ਇੱਥੇ ਛੱਡ ਗਿਆ ਸੀ। ਅਬਦੁੱਸ ਸਮਦ ਨੇ ਸਰਹਿੰਦ ਦੀ ਖ਼ੂਬ ਮਜ਼ਬੂਤ ਕਿਲਾ ਬੰਦੀ ਕੀਤੀ ਹੋਈ ਸੀ, ਪਰ ਜਦੋਂ ਦੇਖਿਆ ਕਿ ਉਹ ਦੁਸ਼ਮਣ ਦੀ ਵਿਸ਼ਾਲ ਸੈਨਾ ਦਾ ਮੁਕਾਬਲਾ ਨਹੀਂ ਕਰ ਸਕੇਗਾ ਤਾਂ ਉਹ ਕਿਲਾ ਬੰਦ ਕਰਕੇ ਬੈਠ ਗਿਆ। ਮਰਾਠਿਆਂ, ਸਿੱਖਾਂ ਤੇ ਅਦੀਨਾ ਬੇਗ਼ ਨੇ ਕਿਲੇ ਨੂੰ ਘੇਰ ਲਿਆ। ਕੁਝ ਦਿਨਾਂ ਦੀ ਗੋਲਾਬਾਰੀ ਤੋਂ ਪਿੱਛੋਂ ਅਬਦੁੱਸ ਸਮਦ ਤੇ ਉਸਦਾ ਨਾਇਬ ਜੰਗ ਬਾਜ ਖ਼ਾਂ ਭੱਜ ਨਿਕਲੇ। ਮਰਾਠਿਆਂ ਨੇ ਉਨਾਂ ਦਾ ਪਿੱਛਾ ਕੀਤਾ ਤੇ ਫੜ ਕੇ ਕੈਦ ਕਰ ਲਿਆ। ਪਹਿਲੇ ਦਿਨ ਸਿੱਖ ਸ਼ਹਿਰ ਵਿੱਚ ਦਾਖ਼ਲ ਹੋਏ ਤੇ ਉਸ ਨੂੰ ਲੁੱਟਣਾ ਸ਼ੁਰੂ ਕੀਤਾ। ਦੂਜੇ ਦਿਨ ਇਸ ਲੁੱਟ ਵਿੱਚ ਮਰਾਠੇ ਵੀ ਆ ਸ਼ਾਮਲ ਹੋਏ। ਏਨੀ ਲੁੱਟ ਮੱਚੀ ਕਿ ਕਿਸੇ ਔਰਤ-ਮਰਦ ਦੇ ਸਰੀਰ ਉੱਪਰ ਕੱਪੜਾ ਤੱਕ ਨਹੀਂ ਛੱਡਿਆ ਗਿਆ। ਦੱਬਿਆ ਹੋਇਆ ਧਨ ਲੱਭਣ ਲਈ ਫ਼ਰਸ਼ ਪੁੱਟ ਸੁੱਟੇ ਗਏ, ਛੱਤਾਂ ਉਖਾੜ ਦਿੱਤੀਆਂ ਗਈਆਂ ਤੇ ਘਰਾਂ ਦੇ ਬੂਹੇ ਤੱਕ ਪੁੱਟ-ਸੁੱਟੇ ਗਏ। ਜੋ ਕੁਝ ਵੀ ਜਿਸਦੇ ਹੱਥ ਲੱਗਿਆ, ਲੁੱਟ ਲਿਆ ਗਿਆ।

ਜਹਾਨ ਖ਼ਾਂ ਨੂੰ ਜਦੋਂ ਇਹ ਸਮਾਚਾਰ ਮਿਲਿਆ ਕਿ ਮਰਾਠਿਆਂ ਨੇ ਸਰਹਿੰਦ ਨੂੰ ਘੇਰ ਲਿਆ ਹੈ ਤਾਂ ਉਹ ਤੁਰੰਤ ਦੋ ਹਜ਼ਾਰ ਘੋੜਸਵਾਰ ਨਾਲ਼ ਲੈ ਕੇ ਲਾਹੌਰ ਤੋਂ ਚੱਲ ਪਿਆ, ਪਰ ਜਲੰਧਰ ਵਿੱਚ ਆ ਕੇ ਰੁਕ ਗਿਆ ਤੇ ਚਾਲ਼ੀ ਦਿਨ ਉੱਥੇ ਹੀ ਰੁਕਿਆ ਰਿਹਾ। ਇਹ ਸੁਣ ਕੇ ਕਿ ਮਰਾਠਿਆਂ ਕੋਲ਼ ਕਾਫ਼ੀ ਵਿਸ਼ਾਲ ਸੈਨਾ ਹੈ, ਉਸ ਦਾ ਪਿੱਤਾ ਪਾਣੀ ਹੋ ਗਿਆ ਸੀ। ਉਹ ਲਾਹੌਰ ਪਰਤ ਆਇਆ ਤੇ ਅਫ਼ਗਾਨਿਸਤਾਨ ਨੱਸ ਜਾਣ ਦੀ ਤਿਆਰੀ ਕਰਨ ਲੱਗਿਆ।

ਜਹਾਨ ਖ਼ਾਂ ਨੇ 9 ਅਪ੍ਰੈਲ 1758 ਨੂੰ ਲਾਹੌਰ ਖਾਲ਼ੀ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ ਰਾਵੀ ਪਾਰ ਸ਼ਾਹਦਰਾ ਵਿੱਚ ਆਪਣਾ ਕੈਂਪ ਲਾਇਆ। ਸਭ ਤੋਂ ਪਹਿਲਾਂ ਤੈਮੂਰ ਸ਼ਾਹ ਨੇ ਆਪਣੀ ਮਾਂ, ਆਪਣੀਆਂ ਜ਼ਨਾਨੀਆਂ ਤੇ ਹੋਰ ਰਿਸ਼ਤੇਦਾਰਾਂ ਨੂੰ ਉੱਥੇ ਪਹੁੰਚਾ ਦਿੱਤਾ। ਉਸ ਪਿੱਛੋਂ ਦੁਰਾਨੀ ਸਰਦਾਰਾਂ ਨੇ ਸੈਨਿਕਾਂ ਨੇ ਸਾਮਾਨ ਛਕੜਿਆਂ ਵਿੱਚ ਲੱਦ ਕੇ ਉੱਥੇ ਪਹੁੰਚਾਉਣਾ ਸ਼ੁਰੂ ਕੀਤਾ, ਉਹ ਦਿਨ ਰਾਤ ਕਈ-ਕਈ ਚੱਕਰ ਲਾਉਂਦੇ ਸਨ। ਜਦੋਂ ਪਤਾ ਲੱਗਿਆ ਕਿ ਮਰਾਠਿਆਂ ਨੇ ਬਿਆਸ ਪਾਰ ਕਰ ਲਿਆ ਹੈ ਤੇ ਉਹ ਤੇਜ਼ੀ ਨਾਲ਼ ਲਾਹੌਰ ਵੱਲ ਵਧ ਰਹੇ ਹਨ ਤਾਂ ਤੈਮੂਰ ਸ਼ਾਹ ਤੇ ਜਹਾਨ ਖ਼ਾਂ ਵੀ ਉਸੇ ਦੁਪਹਿਰ ਰਾਵੀ ਪਾਰ ਕਰਕੇ ਸ਼ਾਹਦਰਾ ਜਾ ਪਹੁੰਚੇ। ਜਿਹੜਾ ਸਾਮਾਨ ਚੁੱਕਿਆ ਨਹੀਂ ਜਾ ਸਕਿਆ, ਅਫ਼ਗਾਨ ਸੈਨਾ ਨੇ ਉਸ ਨੂੰ ਅੱਗ ਲਾ ਦਿੱਤੀ। ਖ਼ਵਾਜ਼ਾ ਸਰਾਵਾਂ ਨੇ ਤੈਮੂਰ ਤੇ ਜਹਾਨ ਖ਼ਾਂ ਦੇ ਪਰਿਵਾਰ ਦੀਆਂ ਔਰਤਾਂ ਨੂੰ ਘੋੜਿਆਂ 'ਤੇ ਉੱਠਾਂ ਉਤੇ ਸਵਾਰ ਕੀਤਾ ਤੇ ਇਹ ਸਾਰਾ ਅਫ਼ਗਾਨ ਕਾਰਵਾਂ ਕਾਬਲ ਵੱਲ ਤੁਰ ਪਿਆ।

(ਚਲਦਾ...)

# 'ਭਾਰੀਆਂ ਪੰਡਾਂ'




**ਕੁਲਵੰਤ ਘੋਲੀਆ**

**ਮੋ. 95172-90006**


ਦੋ ਤਿੰਨ ਘਰਾਂ ਦਾ ਕੰਮ ਸਮੇਟ ਸਵੱਖਤੇ ਹੀ ਕਾਹਲੇ-ਕਾਹਲੇ ਕਦਮੀਂ ਤਾਰੋ ਸਰਦਾਰਾਂ ਦੀ ਹਵੇਲੀ ਦੇ ਵੱਡੇ ਦਰਵਾਜ਼ੇ ਜਾ ਪਹੁੰਚੀ। ਸਾਹਮਣੇ ਆਉਂਦੇ ਲੰਬੜਾਂ ਦੇ ਭੋਲੇ ਨੂੰ ਵੇਖ ਤਾਰੋ ਨੇ ਚੁੰਨੀ ਦਾ ਇੱਕ ਪਾਸਾ ਸਿਰ 'ਤੇ ਦੇ, ਮੂੰਹ ਵਿੱਚ ਘੁੱਟ ਲਿਆ।

ਪਿੱਛੋਂ ਜਾਂਦੇ ਨੂੰ ਚੋਰ ਅੱਖਾਂ ਜਿਹੀਆਂ ਨਾਲ਼ ਦੇਖਿਆ.... ਇਹਦਾ ਤਾਂ ਹੁਣ ਰੋਜ਼ ਹੀ ਆਉਣਾ ਜਾਣਾ ਸਰਦਾਰਾਂ ਦੇ। ਭਲਾ ਇਹੋ ਜਿਹਾ ਕੀ ਕੰਮ ਆਣ ਪਿਆ ਇਹਨੂੰ। ਹਾਂ ਸੱਚ ਭਾਈ, ਯਾਦ ਆਇਆ, ਆਹ ਤੇ ਲੋਕਾਂ ਦੇ ਜੁਆਕਾਂ ਨੂੰ ਜਹਾਜ਼ੇ ਬਿਠਾਉਂਦਾ, ਵੱਡੇ-ਵੱਡੇ ਮੁਲਕਾਂ ਨੂੰ ਭੇਜਦਾ। ਪਤਾ ਨੀਂ ਕਿਹੜੀ ਗਿੱਦੜਸਿੰਗੀ ਆ ਇਹਦੇ ਕੋਲ਼, ਜੀਹਨੂੰ ਇੱਕ ਵਾਰ ਹਾਮੀ ਭਰਦਾ ਜਹਾਜ਼ੇ ਬਿਠਾ ਕੇ ਛੱਡਦਾ। ਆਹ ਵੱਡੇ ਸ਼ਹਿਰ ਇਹਦੀ ਵਾਹਵਾ ਬਣਦੀ ਆ ਏਜੰਟਾਂ ਨਾਲ਼।

ਰੱਬ ਵੀ ਨਾ ਤਕੜਿਆਂ ਵੱਲ ਹੀ ਹੋ ਬੈਠਦਾ। ਆਹ ਪਿਛਲੇ ਹਫ਼ਤੇ ਸਰਪੰਚਾਂ ਦੇ ਮੁੰਡੇ ਨੂੰ ਏਸੇ ਨੇ ਭੇਜਿਆ ਬਾਹਰਲੇ ਮੁਲਕ, ਉਹ ਤਾਂ ਵਾਹਵਾ ਪੜ੍ਹਿਆ ਲਿਖਿਆ ਸੀ, ਕਹਿੰਦੇ ਵਾਹਵਾ ਨੰਬਰ ਲਏ ਸੀ ਉਹਨੇ ਬਾਹਰ ਜਾਣ ਲਈ। ਪਰ ਆਹ ਸਰਦਾਰਾਂ ਦੇ ਤਾਂ ਕੋਈ ਬਾਹਲਾ ਪੜ੍ਹਿਆ ਲਿਖਿਆ ਹੈਨੀ, ਭਲਾ ਫਿਰ ਰੋਜ਼ ਗੇੜਾ ਕਿਉਂ ਮਾਰਦਾ। ਲੈ ਦੱਸ ਕਮਲੀ, ਭਲਾ ਮੈਂ ਕੀ ਲੈਣਾ। ਕੋਈ ਆਵੇ ਕੋਈ ਜਾਵੇ। ਖ਼ੁਦ ਨੂੰ ਝਿੜਕਾਂ ਦਿੰਦੀ ਤਾਰੋ ਹਵੇਲੀ ਦੇ ਅੰਦਰ ਜਾ ਪਹੁੰਚੀ।

ਆ ਜਾ ਨੀ ਤਾਰੋ, ਲੈ ਤੈਨੂੰ ਹੀ ਉਡੀਕਦੀ ਪਈ ਸੀ, ਅੰਦਰੋਂ ਜਾਲ਼ੀ ਵਾਲਾ ਬਾਰ ਖੋਲ ਸਰਦਾਰਨੀ ਨੇ ਤਾਰੋ ਨੂੰ ਵੇਖ ਆਖਿਆ।

ਭਾਈ ਤਾਰੋ ਹੁਣ ਜਲਦੀ ਆ ਜਿਆ ਕਰ। ਸਾਫ਼-ਸਫ਼ਾਈਆਂ ਬਹੁਤ ਪਈਆਂ ਕਰਨ ਵਾਲੀਆਂ।

ਕੀ ਦੱਸਾਂ ਸਰਦਾਰਨੀਏ, ਤੈਨੂੰ ਤਾਂ ਪਤਾ ਈ ਐ, ਕਬੀਲਦਾਰੀ ਵੱਡੀ ਆ, ਕੋਠੇ ਜਿੱਡੀਆਂ ਹੋ ਗਈਆਂ ਦੋਨੋਂ ਧੀਆਂ, ਉੱਤੋਂ ਹਾਲੇ ਪੜ੍ਹਦੀਆਂ, ਕਹਿੰਦੀਆਂ ਪੜ੍ਹ ਲਿਖ ਜਹਾਜ਼ੇ ਬੈਠਣਾ, ਵੱਡੇ ਮੁਲਕ ਵਿੱਚ ਪੜ੍ਹਨਾ ਜਾ ਕੇ।

ਕਹਿੰਦੇ ਪੰਡ ਪੈਸਿਆਂ ਦੀ ਲੱਗਦੀ ਐ ਵੱਡੇ ਮੁਲਖੇ ਪੜ੍ਹਨ ਲਈ, ਭਲਾ ਸਾਡੇ ਗ਼ਰੀਬਾਂ ਕੋਲ਼ ਕੀ ਆ ਸਰਦਾਰਨੀਏ। ਆਹ ਪੰਜ-ਚਾਰ ਘਰਾਂ ਵਿੱਚ ਗੋਹਾ ਕੂੜਾ ਕਰਦੀ ਆਂ ਅਤੇ ਪੰਡ ਕੱਖਾਂ ਦੀ ਮਿਲ ਜਾਂਦੀ ਆ। ਚੋਬੇ ਸੂਏ ਮੱਝ ਨੇ ਕੱਟੀ ਦਿੱਤੀ ਆ, ਹੁਣ ਸੁੱਖ ਨਾਲ਼ ਦੁੱਧ ਵੀ ਹੋ ਗਿਆ ਘਰੇ। ਦੋ ਡੰਗ ਭੇਅਰੀ ਪਾ ਦਈ ਦਾ, ਕੁੜੀਆਂ ਦੀ ਫ਼ੀਸ ਨਿਕਲ ਆਉਂਦੀ ਆ। ਆਹ ਜਹਾਜ਼ਾਂ ਵਿੱਚ ਬੈਠਣ ਵਾਲੀਆਂ ਗੱਲਾਂ ਤਾਂ ਸਾਡੇ ਗ਼ਰੀਬਾਂ ਲਈ ਸੁਪਨੇ ਹੀ ਨੇ, ਉਦਾਸ ਜਿਹੀ ਹੋ ਤਾਰੋ ਨੇ ਝਾੜੂ ਜਾ ਚੁੱਕਿਆ।

ਤਾਰੋ ਦੀ ਗੱਲ ਸੁਣ ਜਿਵੇਂ ਸਰਦਾਰਨੀ ਦੇ ਅੰਦਰਲੇ ਵਲਵਲੇ ਬਾਹਰ ਆ ਗਏ, ਉਰੇ ਆ ਕੁੜੇ ਤਾਰੋ, ਤੈਨੂੰ ਇੱਕ ਅੰਦਰਲੀ ਦੱਸਾਂ। ਦੱਸ ਸਰਦਾਰਨੀਏ।

ਆਹ ਲੰਬੜਾਂ ਦਾ ਭੋਲਾ ਰਿਸ਼ਤਾ ਲੈ ਕੇ ਆਇਆ ਆਪਣੀ ਰੱਜੀ ਲਈ। ਮੁੰਡਾ ਵੱਡੇ ਮੁਲਕ ਰਹਿੰਦਾ। ਸਾਰਾ ਟੱਬਰ ਪੱਕਾ ਉੱਥੇ। ਹੁਣ ਇੱਧਰ ਆਏ ਹੋਏ ਆ, ਮੁੰਡੇ ਦਾ ਵਿਆਹ ਕਰਨ ਲਈ।

ਭੋਲੇ ਨੇ ਆਪਣੀ ਰੱਜੀ ਦੀ ਗੱਲ ਚਲਾਈ ਸੀ ਅਤੇ ਉਹ ਮੰਨ ਵੀ ਗਏ ਅਤੇ ਆਹ ਪੰਦਰਾਂ ਦਿਨਾਂ ਦੇ ਅੰਦਰ ਵਿਆਹ ਧਰਤਾ। ਵਿਆਹ ਤੋਂ ਬਾਅਦ ਆਪਣੀ ਰੱਜੀ ਵੀ ਵੱਡੇ ਮੁਲਖੇ ਚਲੀ ਜਾਊਗੀ। ਸਰਦਾਰਨੀ ਨੇ ਦੋਵੇਂ ਹੱਥ ਜੋੜ ਅੱਖਾਂ ਮੀਚ, ਜਿਵੇਂ ਰੱਬ ਦਾ ਸ਼ੁਕਰਾਨਾ ਜਿਹਾ ਕੀਤਾ। ਤਾਰੋ ਗਹਿਰ ਗੰਭੀਰ ਜਿਹੀ ਹੋ ਗਈ।

ਸਰਦਾਰਨੀ ਦੀ ਕਹੀ ਗੱਲ ਜਿਵੇਂ ਉਸ ਦੀ ਸੋਚ ਤੋਂ ਪਾਰ ਹੋ ਗਈ ਹੋਵੇ।

ਚੁੱਪੀ ਜਿਹੀ ਤੋੜ ਤਾਰੋ ਝੱਟ ਬੋਲੀ। ਸਰਦਾਰਨੀਏ ਮੇਰੀ ਵੱਡੀ ਧੀ ਤਾਂ ਕਹਿੰਦੀ, ਪੜ੍ਹਨਾ ਬਹੁਤ ਪੈਂਦਾ, ਫਿਰ ਕਿਤੇ ਜਾ ਕੇ ਬਾਹਰਲੇ ਮੁਲਕ ਜਾਇਆ ਜਾਂਦਾ।

ਤੇ ਆਹ ਥੋਡੀ ਰੱਜੀ ਤਾਂ ਮੈਨੂੰ ਪਤਾ ਦਸਵੀਂ ਤੋਂ ਬਾਅਦ ਸਕੂਲੇ ਹੀ ਨਹੀਂ ਗਈ।

ਤਾਰੋ ਨੇ ਜਿਵੇਂ ਸੱਪ ਦੀ ਪੂਛ 'ਤੇ ਪੈਰ ਧਰ ਦਿੱਤਾ ਹੋਵੇ। ਸਰਦਾਰਨੀ ਅੰਦਰੋਂ-ਅੰਦਰੀ ਤੜਪ ਜਹੀ ਉੱਠੀ, ਪਰ ਜ਼ਬਾਨੋਂ ਕੁਝ ਨਾ ਬੋਲੀ।

ਲੈ ਆ ਪੜ੍ਹਾਈਆਂ ਵੀ ਕਈ ਵਾਰ ਕੰਮ ਨੀਂ ਆਉਂਦੀਆਂ। ਸਭ ਪੈਸੇ ਦੀ ਖੇਡ ਆ ਤਾਰੋ, ਨਾਲ਼ੇ ਸਾਨੂੰ ਕਾਹਦਾ ਘਾਟਾ। ਪੈਸਿਆਂ ਦੀ ਪੰਡ ਦੇਣੀ ਆ ਅਗਲਿਆਂ ਨੂੰ ਅਤੇ ਉਹ ਵੀ ਝੱਟ ਮੰਨ ਗਏ। ਸਰਦਾਰਨੀ ਦੇ ਅੰਦਰਲਾ ਹੰਕਾਰੀ ਸੱਪ ਹੋਣ ਫੁਕਾਰੇ ਮਾਰਦਾ ਨਜ਼ਰ ਆਇਆ। ਚੱਲ ਸਰਦਾਰਨੀਏ ਰੱਬ ਭਲੀ ਕਰੇ, ਧੀਆਂ ਦੀ ਕਿਸਮਤ, ਕੀ ਪਤਾ ਕਿੱਧਰ ਲੈ ਜਾਣਾ।

ਅਤੇ ਮੂੰਹ ਵਿੱਚ ਕੋਈ ਗਾਣਾ ਗੁਣਗੁਣਾਉਂਦੀ ਤਾਰੋ ਵਿਹੜਾ ਹੂੰਝਣ ਲੱਗੀ।

ਕੁੜੇ ਤਾਰੋ ਆ ਭਲਾ ਤੂੰ ਕੀ ਗਾਉਂਦੀ ਰਹਿਨੀ ਏਂ, ਕੀ ਮਤਲਬ ਆ ਇਹਦਾ ?

ਸਰਦਾਰਨੀਏ ਥੋਡੀ ਸਮਝ ਤੋਂ ਪਰੇ ਆਂ, ਜਿਸ ਦੇ ਸਿਰ 'ਤੇ ਪੈਂਦੀਆਂ ਉਹੀ ਜਾਣਦਾ ਇਸ ਦਾ ਮਤਲਬ।



ਕੁਝ ਸੁਪਨੇ ਬੜੇ ਵੱਡੇ ਹੁੰਦੇ ਆਂ ਸਰਦਾਰਨੀਏ, ਉਹ ਸੁੱਤੇ ਰਹਿ ਕੇ ਨਹੀਂ, ਜਾਗਦੀਆਂ ਅੱਖਾਂ ਨਾਲ਼ ਪੂਰੇ ਕੀਤੇ ਜਾਂਦੇ ਆਂ।

ਸੂਰਜ ਦੀ ਅੱਖ ਨਾਲ਼ ਅੱਖ ਮਿਲਾ ਕੇ, ਨਾਲ਼ੇ ਸਾਡੇ ਵਿਹੜਿਆਂ ਵਿੱਚ ਤਾਂ ਇਹ ਸੂਰਜ ਚੜ੍ਹਦੇ ਨਹੀਂ, ਚੜ੍ਹਾਉਣੇ ਪੈਂਦੇ ਆਂ।

ਚੱਲ ਛੱਡ ਤਾਰੋ, ਮੈਨੂੰ ਨੀਂ ਸਮਝ ਆਉਂਦੀਆਂ, ਤੇਰੀਆਂ ਉਰਲੀਆਂ ਪਰਲੀਆਂ! ਇਉਂ ਕਰੀਂ ਆ ਪੰਦਰਾਂ ਦਿਨ ਹੋਰਾਂ ਘਰਾਂ ਦਾ ਕੰਮ ਕਰਨਾ ਛੱਡਦੇ ਜਾਂ ਆਵਦੀਆਂ ਧੀਆਂ ਨੂੰ ਭੇਜਦਿਆ ਕਰੀਂ। ਪੈਸੇ ਚਾਰ ਵੱਧ ਲੈ ਲਈਂ। ਨਾਲ਼ੇ ਪਸ਼ੂਆਂ ਨੂੰ ਕੱਖ ਦੀ ਪੰਡ ਵੀ ਏਧਰੋਂ ਹੀ ਲੈ ਜਾਇਆ ਕਰੀਂ। ਕੱਲ ਤੋਂ ਹਵੇਲੀ ਸਮੇਂ ਨਾਲ਼ ਆ ਜਾਵੀਂ।

ਸ਼ਾਮ ਢਲੀ ਤਾਂ ਤਾਰੋ ਨੇ ਸਾਰੇ ਕੰਮ ਨਿਪਟਾ, ਪੱਠਿਆਂ ਦੀ ਪੰਡ ਵੱਢ ਲਈ। ਅਤੇ ਇੱਕੋ ਝਟਕੇ ਪੰਡ ਸਿਰ 'ਤੇ ਰੱਖ ਲਈ।

ਚੰਗਾ ਸਰਦਾਰਨੀਏ ਚਲਦੀ ਆਂ, ਘਰ ਦੇ ਕੰਮ ਵੀ ਕਰਨੇ ਆ, ਜਾ ਕੇ। ਕੱਲ ਨੂੰ ਸੁਵੱਖਤੇ ਆਜੂੰ ਮੈਂ।

ਬੂਹੇ ਅੰਦਰ ਵੜਦਿਆਂ ਹੀ ਭੱਜ ਵੱਡੀ ਧੀ ਨੇ ਤਾਰੋ ਦੇ ਸਿਰੋਂ ਪੱਠਿਆਂ ਦੀ ਪੰਡ ਲੁਹਾ ਦਿੱਤੀ।

ਕੀ ਗੱਲ ਮਾਂ, ਅੱਜ ਆਥਣ ਹੀ ਕਰ ਦਿੱਤੀ। ਏਡਾ ਕਿਹੜਾ ਕੰਮ ਆਣ ਪਿਆ।

ਧੀਏ ਸਰਦਾਰਨੀ ਦੀ ਕੁੜੀ ਦਾ ਵਿਆਹ ਧਰਤਾ।

ਅੱਛਾ, ਰੱਜੀ ਦਾ, ਹਾਂ ਉਹ ਤਾਂ ਮੇਰੇ ਨਾਲ਼ ਹੀ ਪੜ੍ਹਦੀ ਹੁੰਦੀ ਸੀ, ਪਰ ਸਕੂਲੋਂ ਹਟ ਗਈ ਸੀ।

ਮੁੰਡਾ ਵੱਡੇ ਮੁਲਕੋਂ ਆਇਆ ਹੋਇਆ ਅਤੇ ਵਿਆਹ ਕਰਵਾ ਕੇ ਰੱਜੀ ਨਾਲ਼ ਹੀ ਜਾਊ ਬਾਹਰਲੇ ਮੁਲਕ। ਆਏਂ ਭਲਾ ਕਿਵੇਂ ਹੋਜੂ, ਨਾਲ਼ੇ ਕਹਿੰਦੇ ਵੱਡੇ ਮੁਲਕਾਂ ਵਿੱਚ ਜਾਣ ਲਈ ਪੜ੍ਹਨਾ ਪੈਂਦਾ। ਆਹ ਨੰਬਰ ਨੁੰਬਰ ਜੇ ਲੈਣੇ ਪੈਂਦੇ ਐ। ਉਹੋ, ਮਾਂ ਤੂੰ ਵੀ ਜਮਾਂ ਭੋਲੀ ਆਂ।

ਇਹ ਵੀ ਇੱਕ ਅਮੀਰਾਂ ਦੀ ਸਕੀਮ ਈ ਆ। ਇਹਨੂੰ ਵਿਆਹ ਘੱਟ 'ਤੇ ਸੌਦੇਬਾਜ਼ੀ ਜ਼ਿਆਦਾ ਕਹਿੰਦੇ ਆ। ਸੌਦੇਬਾਜ਼ੀ ਸ਼ਬਦ ਸੁਣ ਤਾਰੋ ਫਿਰ ਗੰਭੀਰ ਸੋਚਾਂ ਵਿੱਚ ਪੈ ਗਈ।

ਵਾਹਗੁਰੂ! ਵਾਹਗੁਰੂ! ਭਲਾ ਇੰਜ ਵੀ ਆਪਣੇ ਧੀਆਂ ਪੁੱਤਾਂ ਦੇ ਸੌਦੇ ਹੁੰਦੇ ਆ। ਚੱਲ ਛੱਡ ਮਾਂ, ਤੂੰ ਕਿਹੜੀਆਂ ਸੋਚਾਂ ਵਿੱਚ ਪੈ ਗਈ। ਨਹਾ ਲੈ, ਰੋਟੀ ਬਣੀ ਪਈ ਆ, ਭੁੱਖ ਬਹੁਤ ਲੱਗੀ ਆ, ਚੱਲ ਖਾਈਏ।

ਤਾਰੋ ਦੀ ਜ਼ਿੰਦਗੀ ਤਾਂ ਜਿਵੇਂ ਆਪਣੀਆਂ ਧੀਆਂ ਦੁਆਲੇ ਹੀ ਘੁੰਮਦੀ ਰਹੀ। ਕਦੇ ਕੰਮ ਤੋਂ ਮੂੰਹ ਨਾ ਮੁੜਿਆ, ਬਸ ਧੀਆਂ ਨੂੰ ਪੜ੍ਹਾਉਂਦੀ ਰਹੀ। ਸਾਲ ਬੀਤ ਗਿਆ ਅਤੇ ਵੱਡੀ ਧੀ ਨੂੰ ਪੜ੍ਹ ਲਿਖ ਨੌਕਰੀ ਮਿਲ ਗਈ ਅਤੇ ਅਖ਼ੀਰ ਚੰਗਾ ਘਰ-ਬਾਰ ਵੇਖ ਉਸ ਦਾ ਵਿਆਹ ਕਰ ਦਿੱਤਾ।

ਧੀ ਆਪਣੀ ਮਾਂ ਦੀ ਪੂਰੀ ਮਦਦ ਕਰਦੀ। ਹੁਣ ਉਸ ਨੂੰ ਘਰਾਂ ਵਿੱਚ ਗੋਹਾ ਕੂੜਾ ਕਰਨ ਨਾ ਦਿੰਦੀ।

ਪਰ ਜਿਨਾਂ ਨੇ ਜੰਮਦਿਆਂ ਹੀ ਵੱਡੀਆਂ ਕਬੀਲਦਾਰੀਆਂ ਢੋਈਆਂ ਹੋਣ ਉਹ ਵਿਹਲੇ ਕਿਸ ਤਰਾਂ ਬੈਠ ਸਕਦੇ ਨੇ। ਇੱਕ ਮੱਝ ਤਾਂ ਤਾਰੋ ਦੀ ਪੱਕੀ ਹੀ ਰੱਖੀ ਹੋਈ ਸੀ।

ਅੱਜ ਕਈ ਦਿਨਾਂ ਬਾਅਦ ਤਾਰੋ ਹਵੇਲੀ ਵੱਲ ਗਈ। ਅੰਦਰ ਵੜਦਿਆਂ ਹੀ ਸਾਹਮਣੇ ਬੈਠੀ ਸਰਦਾਰਨੀ ਨੇ ਤਾਰੋ ਨੂੰ ਵੇਖ ਅੱਜ ਕੋਈ ਹੁੰਗਾਰਾ ਜਿਹਾ ਨਾ ਭਰਿਆ।

ਕੀ ਗੱਲ ਸਰਦਾਰਨੀਏ ਉਦਾਸ ਕਿਉਂ ਏਂ ?

ਲੰਮਾ ਜਿਹਾ ਹੌਕਾ ਲੈ ਸਰਦਾਰਨੀ ਨੇ ਮਸਾਂ ਗੱਲ ਸ਼ੁਰੂ ਕੀਤੀ। ਭਾਈ ਤਾਰੋ ਤੇਰੀਆਂ ਉਰਲੀਆਂ-ਪਰਲੀਆਂ ਉਸ ਸਮੇਂ ਸਮਝੋਂ ਬਾਹਰ ਸੀ, ਪਰ ਹੁਣ ਉਹ ਸਭ ਅੱਖਾਂ ਮੂਹਰੇ ਬੀਤ ਗਈਆਂ। ਸੱਚਮੁੱਚ ਸੁਪਨੇ ਸੁੱਤੇ ਰਹਿ ਕੇ ਨਹੀਂ। ਖੁੱਲੀਆਂ ਅੱਖਾਂ ਨਾਲ਼ ਪੂਰੇ ਹੁੰਦੇ ਆ, ਸੂਰਜ ਦੀ ਅੱਖ ਨਾਲ਼ ਅੱਖ ਮਿਲਾ ਕੇ।

ਬਾਕੀ ਸਫ਼ਾ 31 'ਤੇ

# ਲੋਕ ਕਥਾ : ਮੈਨੂੰ ਕੀ ?



**ਪ੍ਰਿੰ. ਸਰਵਣ ਸਿੰਘ**

ਲੋਕ ਕਥਾ ਹੈ ਕਿ ਕਿਸੇ ਕਸਾਈ ਦੇ ਘਰ ਖੁੱਡ ਵਿੱਚ ਇੱਕ ਚੂਹਾ ਲੁਕਿਆ ਹੋਇਆ ਸੀ। ਉਹ ਅੱਗੇ ਪਿੱਛੇ ਖਾਣ ਵਾਲੀਆਂ ਵਸਤਾਂ ਨੂੰ ਦਾਅ ਲਾ ਜਾਂਦਾ। ਕਸਾਈ ਨੇ ਕਸਾਇਣ ਨਾਲ਼ ਗੱਲ ਕੀਤੀ ਕਿ ਚੂਹੇ ਨੂੰ ਫਾਹੁਣ ਲਈ ਚੂਹੇਦਾਨੀ ਲਿਆਈਏ। ਉਹਨਾਂ ਦੀ ਗੱਲ ਚੂਹੇ ਨੇ ਵੀ ਸੁਣ ਲਈ। ਖ਼ਤਰਾ ਭਾਂਪ ਕੇ ਚੂਹੇ ਨੇ ਰੁੱਖ 'ਤੇ ਬੈਠੇ ਘੂੰ-ਘੂੰ ਕਰਦੇ ਗੋਲੇ ਕਬੂਤਰ ਨੂੰ ਇਹ ਗੱਲ ਜਾ ਦੱਸੀ ਕਿ ਹੁਣ ਆਪਣੀ ਖ਼ੈਰ ਨਹੀਂ। ਕਬੂਤਰ ਨੇ ਚੂਹੇ ਦਾ ਮਜ਼ਾਕ ਉਡਾਉਂਦਿਆਂ ਕਿਹਾ, 'ਖ਼ਤਰਾ ਤੈਨੂੰ ਹੋਊ, ਮੈਨੂੰ ਕੀ ?'

ਫਿਰ ਚੂਹਾ ਖੁਰਲੀਆਂ 'ਚ ਚੋਗਾ ਚੁਗਦੇ ਕੁੱਕੜ ਕੋਲ਼ ਗਿਆ ਤੇ ਆਪਣੇ ਉੱਤੇ ਪੈਣ ਵਾਲੀ ਭੀੜ ਬਾਰੇ ਦੱਸਿਆ। ਕੁੱਕੜ ਨੇ ਵੀ ਚੂਹੇ ਨੂੰ ਟਿੱਚਰ ਕੀਤੀ, 'ਕਸਾਈ ਦੀਆਂ ਬੋਟੀਆਂ ਦਾ ਸੁਆਦ ਵੀ ਤਾਂ ਤੂੰਹੀਂ ਚਖਦੈਂ। ਮੈਨੂੰ ਤਾਂ ਕਦੇ ਚਖਾਇਆ ਨੀਂ। ਫਸ ਹੁਣ ਚੂਹੇਦਾਨੀ 'ਚ। ਮੈਨੂੰ ਕੀ ?'

ਆਖ਼ਰ ਚੂਹਾ ਕਿੱਲੇ ਨਾਲ਼ ਬੱਧੇ ਬੱਕਰੇ ਨੂੰ ਆ ਰਹੇ ਖ਼ਤਰੇ ਬਾਰੇ ਦੱਸਣ ਲੱਗਾ। ਦੱਸਿਆ ਕਿ ਚੂਹੇਦਾਨੀ ਆ ਗਈ ਹੈ, ਇਹ ਫਾਹੂ ਸਾਰਿਆਂ ਨੂੰ। ਬੱਕਰਾ ਬੇਪਰਵਾਹੀ ਨਾਲ਼ ਹੱਸਿਆ, 'ਚੂਹੇਦਾਨੀ ਮੇਰਾ ਕੀ ਕਰ ਲਊ ?' ਨਾਲ਼ ਹੀ ਚੂਹੇ ਨੂੰ ਮੱਤ ਦਿੱਤੀ, 'ਐਵੇਂ ਨਾ ਟੁੱਕਰ ਦੇ ਭੋਰੇ ਪਿੱਛੇ ਫਸ-ਜੀਂ। ਪਛਤਾਏਂਗਾ ਪਿੱਛੋਂ। ਕਿਸੇ ਨੇ ਬਾਹਰ ਨਹੀਂ ਕੱਢਣਾ-ਕਢਾਉਣਾ। ਤੂੰ ਜਾਣ, ਤੇਰੀ ਚੂਹੇਦਾਨੀ ਜਾਣੇ। ਮੈਨੂੰ ਕੀ ?'

ਚੂਹਾ ਤੇ ਬੱਕਰਾ ਅਜੇ ਗੱਲਾਂ ਕਰਦੇ ਹੀ ਸਨ ਕਿ ਚੂਹੇਦਾਨੀ ਵਿੱਚੋਂ ਪਟਾਕ ਦੀ ਆਵਾਜ਼ ਆਈ। ਪਤਾ ਲੱਗਾ ਕੋਈ ਸੱਪ ਅਣਭੋਲ ਹੀ ਚੂਹੇਦਾਨੀ 'ਚ ਜਾ ਫਸਿਆ ਸੀ। ਮੂੰਹ-ਹਨੇਰਾ ਸੀ ਅਜੇ। ਕਸਾਈ ਦੀ ਘਰ ਵਾਲੀ ਨੇ ਸਮਝਿਆ ਆਖ਼ਰ ਆ ਈ ਗਿਆ ਚੂਹਾ ਅੜਿੱਕੇ। ਉਹਦੀ ਪੂਛ ਚੂਹੇਦਾਨੀ ਵਿੱਚੋਂ ਬਾਹਰ ਸੀ। ਕਸਾਇਣ ਨੇ ਪੂਛ ਨੂੰ ਹੱਥ ਪਾਇਆ ਤਾਂ ਸੱਪ ਨੇ ਉਲਟ ਕੇ ਡੰਗ ਮਾਰ ਦਿੱਤਾ। ਖੜੇ ਪੈਰ ਹਕੀਮ ਸੱਦਿਆ ਗਿਆ। ਹਕੀਮ ਨੇ ਦੇਸੀ ਨੁਸਖ਼ਾ ਦੱਸਿਆ ਕਿ ਸੱਪ ਦੀ ਜ਼ਹਿਰ ਉਤਾਰਨ ਲਈ ਮਰੀਜ਼ ਨੂੰ ਤੁਰਤ ਕਬੂਤਰ ਦੇ ਮਾਸ ਦੀ ਤਰੀ ਪਿਲਾਓ। ਰੁੱਖ 'ਤੇ ਬੈਠਾ ਕਬੂਤਰ, ਜਿਹੜਾ ਕਹਿੰਦਾ ਸੀ, 'ਮੈਨੂੰ ਕੀ ?' ਉਨਾਂ ਉਸੇ ਦੀ ਧੌਣ ਜਾ ਮਰੋੜੀ ਤੇ ਪਤੀਲੇ 'ਚ ਰਿੰਨ ਕੇ ਤਰੀ ਕਸਾਇਣ ਨੂੰ ਪਿਆ ਦਿੱਤੀ। ਜ਼ਹਿਰ ਲੱਥ ਗਈ।

ਸੱਪ ਲੜੇ ਦੀ ਖ਼ਬਰ ਸੁਣ ਕੇ ਕਸਾਇਣ ਦੇ ਪੇਕੇ ਭੱਜੇ ਆਏ। ਰੋਟੀ ਤਾਂ ਖੁਆਉਣੀ ਹੀ ਸੀ। ਬਾਂਗ ਦਿੰਦਾ ਮੁਰਗਾ ਦਿਸ ਪਿਆ। ਕਸਾਈ ਨੇ ਉਹਦੀ ਧੌਣ ਜਾ ਮਰੋੜੀ। ਅਖੇ ਪੇਕੇ ਇਹ ਨਾ ਕਹਿਣ ਪਈ ਪ੍ਰਾਹੁਣਾ ਸੂਮ ਐ। ਫੇਰ ਕੀ ਸੀ ਰੱਬ ਦਾ ਸ਼ੁਕਰ ਮਨਾਉਣ ਲਈ ਸਾਰੇ ਰਿਸ਼ਤੇਦਾਰ ਆਣ ਜੁੜੇ। ਚੰਗਾ ਵਾਹਵਾ ਇਕੱਠ ਹੋ ਗਿਆ। ਉਨਾਂ ਦੀ ਆਓ ਭਗਤ ਵਿੱਚ ਕਿੱਲੇ ਬੱਧਾ ਬੱਕਰਾ ਵੀ ਝਟਕਾਅ ਲਿਆ। ਚੂਹਾ ਖੁੱਡ ਵਿੱਚ ਦੁਬਕਿਆ ਸਭ ਕੁਝ ਸੁਣਦਾ ਤੇ ਵੇਖਦਾ ਰਿਹਾ।

ਸਮਾਂ ਬਦਲਿਆ। ਸਤਯੁਗ, ਦੁਆਪਰ ਤੇ ਤ੍ਰੇਤੇ ਪਿੱਛੋਂ ਕਲਯੁਗ ਆ ਗਿਆ। ਫਿਰ ਵੋਟਾਂ ਦਾ ਲੋਕ ਰਾਜ। ਵੋਟਾਂ ਝੋਟਣ ਲਈ ਕਸਾਈ ਤੇ ਚੂਹੇ ਦੀ ਔਲਾਦ ਆਪਸ ਵਿੱਚ ਰਲ਼ ਗਈ। ਉਨਾਂ ਚੂਹੇਦਾਨੀਆਂ ਯਾਨੀ ਸਿਆਸੀ ਪਾਰਟੀਆਂ ਬਣਾ ਲਈਆਂ। ਫੇਰ ਕੀ ਸੀ। ਕਬੂਤਰਾਂ, ਮੁਰਗਿਆਂ ਤੇ ਬੱਕਰਿਆਂ ਦੇ ਨਾਲ਼ ਸਭਨਾਂ ਜੀਆਂ ਦਾ ਸ਼ਿਕਾਰ ਹੋਣ ਲੱਗਾ। ਜਨਤਾ ਆਪਮੁਹਾਰੇ ਚੂਹੇਦਾਨੀਆਂ 'ਚ ਫਸਣ ਲੱਗ ਪਈ। ਕਸਾਈ ਤੇ ਚੂਹੇ, ਚੂਹੇਦਾਨੀਆਂ ਦੇ ਸਿਰ 'ਤੇ ਘਾਗ ਨੇਤਾ ਬਣ ਗਏ। ਉਨਾਂ ਆਪੋ ਆਪਣੀਆਂ ਪਾਰਟੀਆਂ ਬਣਾ ਲਈਆਂ-ਚੂਹੇਦਾਨੀਆਂ, ਪਿੰਜਰੇ, ਕੜਿਕੇ, ਕੜਿੱਕੀਆਂ...। ਇਨਾਂ ਉਦੋਂ ਤੱਕ ਫਸਦੇ ਹੀ ਜਾਣਾ ਜਦੋਂ ਤੱਕ ਕਬੂਤਰਾਂ, ਮੁਰਗਿਆਂ ਤੇ ਬੱਕਰਿਆਂ ਵਾਂਗ ਕਹੀ ਜਾਣਾ, 'ਮੈਨੂੰ ਕੀ ?'

ਹਲਕਾ-ਫੁਲਕਾ

## ਦਿਲ ਬੱਚਾ ਹੈ

ਹਰ ਦਿਲ ਦੇ ਵਿੱਚ ਇੱਕ ਬੱਚਾ ਹੈ,  
ਨਾਦਾਨ ਹੈ ਉਹ, ਅਕਲੋਂ ਕੱਚਾ ਹੈ,  
ਕੁਛ ਕਹਿਣੋਂ ਰਹਿੰਦਾ ਸੰਗਦਾ ਹੈ,  
ਉਹ ਪਿਆਰ ਸਦਾ ਹੀ ਮੰਗਦਾ ਹੈ।  
ਕਿਉਂ ਬੁੱਕਲ ਵਿੱਚ ਓਹਨੂੰ ਲੈਂਦੇ ਨਹੀਂ,  
ਦੋ ਬੋਲ ਪਿਆਰ ਦੇ ਕਿਓਂ ਕਹਿੰਦੇ ਨਹੀਂ,  
ਓਹਦੇ ਚਾਅ ਸੱਧਰਾਂ ਅਜੇ ਅਧੂਰੇ ਨੇ,  
ਓਹਦੇ ਸੁਪਨੇ ਨਾ ਹੋਏ ਅਜੇ ਪੂਰੇ ਨੇ,  
ਉਹ ਸਹਿਮਿਆ ਡਰਿਆ ਬੱਚਾ ਹੈ,  
ਪਰ ਜ਼ਿੱਦ ਅਪਣੀ 'ਤੇ ਪੱਕਾ ਹੈ,  
ਹਰ ਦਿਲ ਦੇ ਵਿੱਚ ਇੱਕ ਬੱਚਾ ਹੈ।  
ਜਦ ਬੱਚਾ ਕਦੇ ਉਦਾਸ ਹੋਵੇ,  
ਗੱਲ ਓਦੋਂ ਯਾਰੋ ਖ਼ਾਸ ਹੋਵੇ,  
ਨੈਣਾਂ ਵਿੱਚ ਇੱਕ ਪਿਆਸ ਹੋਵੇ,  
ਮਿਲਣੇ ਦੀ ਕੋਈ ਆਸ ਹੋਵੇ,  
ਤੈਨੂੰ ਸਮਝ ਕਿਉਂ ਨਾ ਪੈਂਦੀ ਏ,  
ਓਹਨੂੰ ਉਡੀਕ ਹਰਦਮ ਹੀ ਰਹਿੰਦੀ ਏ,  
ਤੂੰ ਓਹਦਾ ਰੱਖ ਖ਼ਿਆਲ ਸਦਾ,  
ਨਾ ਕਰਿਆ ਕਰ ਸਵਾਲ ਸਦਾ।  
ਬੱਚਾ ਹੋਵੇ ਉਦਾਸ ਉਦਾਸੀ ਘੇਰਦੀ ਏ,  
ਬਿਰਹੋਂ ਦੇ ਰਾਗ ਰੂਹ ਕਿਓਂ ਛੇੜਦੀ ਏ,  
ਜਦ ਬੱਚਾ ਲੁੱਡੀਆਂ ਪਾਉਂਦਾ ਏ,  
ਤੇਰਾ ਚੇਹਰਾ ਵੀ ਮੁਸਕਾਉਂਦਾ ਏ,  
ਉਹ ਤੇਰਾ ਸਾਥੀ ਸੰਗੀ ਏ,  
ਤੇਰੀ ਰੂਹ ਓਹਦੇ ਨਾਲ਼ ਮੰਗੀ ਏ,  
ਦਸ ਤੈਨੂੰ ਫੇਰ ਕੀ ਤੰਗੀ ਏ,  
ਕਿਉਂ ਜਾਨ ਸੂਲੀ ਤੇ ਟੰਗੀ ਏ,  
ਇਹ ਰਿਸ਼ਤਾ ਰੂਹਾਂ ਦਾ ਸੱਚਾ ਹੈ,  
ਹਰ ਦਿਲ ਦੇ ਵਿੱਚ ਇੱਕ ਬੱਚਾ ਹੈ।  
ਤੈਨੂੰ ਚੀਮਾ ਸੱਚ ਸੁਣਾਉਂਦਾ ਏ,  
ਜੋ ਗੀਤ ਪਿਆਰ ਦੇ ਗਾਉਂਦਾ ਏ,  
ਤੇਰੇ ਦੁੱਖ ਵਿੱਚ ਦੁੱਖ ਵੰਡਾਉਂਦਾ ਏ,  
ਨਾਲ਼ ਸੁੱਖ ਵਿੱਚ ਖ਼ੁਸ਼ੀ ਮਨਾਉਂਦਾ ਏ,  
ਬਸ ਬੱਚੇ ਨੂੰ ਖ਼ੁਸ਼ ਕਰਿਆ ਕਰ,  
ਨਾ ਦੁਨੀਆਂ ਤੋਂ ਤੂੰ ਡਰਿਆ ਕਰ,  
ਜਿਸਮ ਦੇ ਵਿੱਚ ਇੱਕ ਰੂਹ ਹੁੰਦੀ,  
ਹਰ ਪਿੰਡ ਦੀ ਜੀਕਣ ਜੂਹ ਹੁੰਦੀ,  
ਜਿਵੇਂ ਜੂਹ ਤੋਂ ਪਿੰਡ ਪਛਾਣ ਹੋਵੇ,  
ਜਿਸਮ ਰੂਹ ਇੱਕ ਜਿੰਦ ਜਾਨ ਹੋਵੇ,  
ਜੇ ਬੱਚਾ ਤੈਥੋਂ ਡਰਜੇਗਾ,  
ਤੇਰਾ ਜਿਸਮ ਸੋਹਣਿਆਂ ਮਰਜੇਗਾ,  
ਬੱਚੇ ਨੂੰ ਖ਼ੂਬ ਹਸਾਇਆ ਕਰ,  
ਬੱਚੇ ਨਾਲ਼ ਵਕਤ ਬਿਤਾਇਆ ਕਰ,  
ਇਹ ਰਾਜ਼ ਖ਼ੁਸ਼ੀ ਦਾ ਪੱਕਾ ਹੈ,  
ਹਰ ਦਿਲ ਦੇ ਵਿੱਚ ਇੱਕ ਬੱਚਾ ਹੈ।

**ਅਮਰਜੀਤ ਚੀਮਾ**

# ਰੂਸ ਤੇ ਯੂਕਰੇਨ ਦੀ ਜੰਗ ਦਾ ਵਿਸ਼ਵ ਵਿਆਪੀ ਪ੍ਰਭਾਵ

**✪ ਪੱਛਮੀ ਨੇਤਾਵਾਂ ਵੱਲੋਂ ਰੂਸੀ ਪਾਬੰਦੀਆਂ ਦਾ ਐਲਾਨ ✪ ਯੂਕਰੇਨ ਦੇ ਲੋਕਾਂ ਦੀ ਹਿਜਰਤ ਹਥਿਆਰਾਂ ਦੀ ਖ਼ਰੀਦ ਫ਼ਰੋਖ਼ਤ ✪ ਯੁੱਧ ਕਾਰਨ ਪੰਜਾਬ ਦੀ ਆਰਥਿਕਤਾ ’ਤੇ ਪ੍ਰਭਾਵ ✪ ਕੌਮਾਂਤਰੀ ਮਾਰਕੀਟ ਵਿੱਚ ਕੱਚੇ ਤੇਲ ਦੀਆਂ ਕੀਮਤਾਂ 115 ਡਾਲਰ ਪ੍ਰਤੀ ਬੈਰਲ ਨੂੰ ਪਾਰ ਹੋਈਆਂ ✪ ਤੇਲ ਦੀਆਂ ਕੀਮਤਾਂ ਅੰਤਰਰਾਸ਼ਟਰੀ ਬਾਜ਼ਾਰ ਦੇ ਹਿਸਾਬ ਨਾਲ਼ ਤੈਅ ਹੁੰਦੀਆਂ ਹਨ: ਕੇਂਦਰੀ ਪੈਟਰੋਲੀਅਮ ਮੰਤਰੀ ਹਰਦੀਪ ਸਿੰਘ ਪੁਰੀ**







**ਸਰਬਜੀਤ ਕੌਰ ਸਰਬ**

ਰੂਸ ਅਤੇ ਯੂਕਰੇਨ ਦੀ ਜੰਗ ਦਾ ਪ੍ਰਭਾਵ ਵਿਸ਼ਵ ਵਿਆਪੀ ਪੱਧਰ ਉੱਤੇ ਪਵੇਗਾ । ਬੇਸ਼ੱਕ ਇਹ ਜੰਗ ਦੋ ਦੇਸ਼ਾਂ ਦੇ ਵਿਚਕਾਰ ਹੋ ਰਹੀ ਹੈ ਪਰ ਇਸ ਦਾ ਆਰਥਿਕ ਪ੍ਰਭਾਵ ਸਾਰੇ ਸੰਸਾਰ ਉੱਤੇ ਪੈਣ ਦੀ ਸੰਭਾਵਨਾ ਹੈ। ਕੌਮਾਂਤਰੀ ਮਾਰਕੀਟ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਅਸਮਾਨੀ ਚੜ੍ਹੀਆਂ ਹਨ ਅਤੇ ਇਸ ਵੇਲੇ 115 ਡਾਲਰ ਪ੍ਰਤੀ ਬੈਰਲ ਨੂੰ ਪਾਰ ਕਰ ਗਈਆਂ ਹਨ। ਰੂਸ-ਯੂਕਰੇਨ ਜੰਗ ਇਵੇਂ ਚੱਲਦੀ ਰਹੀ ਤਾਂ ਇਹ ਕੀਮਤਾਂ 150 ਡਾਲਰ ਪ੍ਰਤੀ ਬੈਰਲ ਪੁੱਜਣ ਦਾ ਕਿਆਸ ਲਗਾਇਆ ਜਾ ਰਿਹਾ ਹੈ। ਕਿਰਤੀ ਕਿਸਾਨ ਯੂਨੀਅਨ ਦੇ ਸੀਨੀਅਰ ਆਗੂ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਜਦੋਂ ਕੌਮਾਂਤਰੀ ਬਾਜ਼ਾਰ ਵਿੱਚ ਤੇਲ ਕੀਮਤਾਂ ਬਿਲਕੁਲ ਹੇਠਾਂ ਸਨ, ਉਦੋਂ ਵੀ ਭਾਰਤ ਸਰਕਾਰ ਨੇ ਤੇਲ ਕੀਮਤਾਂ ਵਿੱਚ ਵਾਧਾ ਜਾਰੀ ਰੱਖਿਆ ਸੀ, ਹੁਣ ਤਾਂ ਸਰਕਾਰ ਕੋਲ਼ ਬਹਾਨਾ ਵੀ ਹੈ। ਉਨਾਂ ਕਿਹਾ ਕਿ ਹੁਣ ਤਾਂ ਚੋਣਾਂ ਮੌਕੇ ਹੀ ਤੇਲ ਕੀਮਤਾਂ ਸਥਿਰ ਰਹਿੰਦੀਆਂ ਹਨ।

ਵਧ ਰਹੀਆਂ ਕੀਮਤਾਂ ਦੇ ਚੱਲਦੇ ਹੀ ਪੰਜਾਬ ਦੇ ਕਿਸਾਨਾਂ ਦੇ ਸਿਰ ’ਤੇ ਆਰਥਿਕ ਸੰਕਟ ਦੀ ਤਲਵਾਰ ਲਟਕ ਗਈ ਹੈ। ਪੰਜ ਸੂਬਿਆਂ ਦੇ ਚੋਣ ਨਤੀਜੇ ਆਉਣ ਮਗਰੋਂ ਤੇਲ ਕੀਮਤਾਂ ਵਿੱਚ ਵਾਧਾ ਕਿਸੇ ਵੇਲੇ ਵੀ ਸੰਭਵ ਹੈ, ਜਿਸ ਦੀ ਵੱਡੀ ਸੱਟ ਪੰਜਾਬ ਨੂੰ ਵੀ ਵੱਜੇਗੀ। ਕੌਮੀ ਸੰਸਥਾਵਾਂ ਦਾ ਅਨੁਮਾਨ ਹੈ ਕਿ ਤੇਲ ਕੀਮਤਾਂ ਵਿੱਚ 15 ਤੋਂ 25 ਰੁਪਏ ਪ੍ਰਤੀ ਲੀਟਰ ਦਾ ਵਾਧਾ ਹੋ ਸਕਦਾ ਹੈ। ਜੇ ਤੇਲ ਕੀਮਤਾਂ ਵਿੱਚ ਸੰਭਾਵੀ ਵਾਧਾ 15 ਰੁਪਏ ਪ੍ਰਤੀ ਲੀਟਰ ਵੀ ਹੁੰਦਾ ਹੈ ਤਾਂ ਪੰਜਾਬ ਦੇ ਲੋਕਾਂ ’ਤੇ ਸਿੱਧਾ ਛੇ ਹਜ਼ਾਰ ਕਰੋੜ ਦਾ ਸਾਲਾਨਾ ਬੋਝ ਪਵੇਗਾ।

ਪੰਜਾਬ ਵਿੱਚ ਵਾਢੀ ਦੇ ਸੀਜ਼ਨ ਵਿੱਚ ਸਵਾ ਕੁ ਮਹੀਨਾ ਬਚਿਆ ਹੈ ਅਤੇ ਆਮ ਤੌਰ ’ਤੇ ਮਾਰਚ ਦੇ ਅਖ਼ੀਰ ਵਿੱਚ ਤੇਲ ਦੀ ਖਪਤ ਵਧਣੀ ਸ਼ੁਰੂ ਹੋ ਜਾਂਦੀ ਹੈ ਪਰ ਇਸ ਵਾਰ ਤੇਲ ਕੀਮਤਾਂ ਵਿੱਚ ਵਾਧਾ ਹੋਣ ਦੇ ਡਰੋਂ ਕਿਸਾਨਾਂ ਨੇ ਤੇਲ ਦਾ ਅਗਾਊਂ ਭੰਡਾਰ ਕਰਨਾ ਸ਼ੁਰੂ ਕਰ ਦਿੱਤਾ ਹੈ। ਪਿੰਡਾਂ ਨੇੜਲੇ ਪੈਟਰੋਲ ਪੰਪਾਂ ’ਤੇ ਕਤਾਰਾਂ ਲੱਗਣ ਲੱਗੀਆਂ ਹਨ। ਵਿਰੋਧੀ ਧਿਰਾਂ ਵੀ ਆਖ ਰਹੀਆਂ ਹਨ ਕਿ ਯੂ.ਪੀ. ਚੋਣਾਂ ਦਾ ਆਖ਼ਰੀ ਗੇੜ ਜਿਉਂ ਹੀ ਖ਼ਤਮ ਹੋਵੇਗਾ, ਉਸ ਮਗਰੋਂ ਤੇਲ ਕੀਮਤਾਂ ਵਿੱਚ ਵਾਧਾ ਕਿਸੇ ਵੇਲੇ ਵੀ ਸੰਭਵ ਹੈ। ਪੰਜਾਬ ਵਿੱਚ ਇਸ ਵੇਲੇ ਪੈਟਰੋਲ 94 ਰੁਪਏ ਤੇ ਡੀਜ਼ਲ 84 ਰੁਪਏ ਪ੍ਰਤੀ ਲੀਟਰ ਦੇ ਕਰੀਬ ਹੈ। ਕੇਂਦਰ ਸਰਕਾਰ ਨੇ ਪੰਜ ਸੂਬਿਆਂ ਦੀ ਚੋਣਾਂ ਕਰਕੇ 4 ਨਵੰਬਰ ਨੂੰ ਤੇਲ ’ਤੇ ਟੈਕਸਾਂ ਵਿੱਚ ਪੰਜ ਰੁਪਏ ਅਤੇ ਦਸ ਰੁਪਏ ਦੀ ਕਟੌਤੀ ਕੀਤੀ ਸੀ। ਉਸ ਮਗਰੋਂ ਪੰਜਾਬ ਸਰਕਾਰ ਨੇ 7 ਨਵੰਬਰ ਨੂੰ ਪੈਟਰੋਲ ਦੀ ਕੀਮਤ ’ਤੇ 10 ਰੁਪਏ ਅਤੇ ਡੀਜ਼ਲ ’ਤੇ 5 ਰੁਪਏ ਪ੍ਰਤੀ ਲੀਟਰ ਟੈਕਸ ਘਟਾਇਆ ਸੀ। ਪੰਜਾਬ ਵਿੱਚ ਸਾਲਾਨਾ ਕਰੀਬ 45 ਹਜ਼ਾਰ ਕਰੋੜ ਰੁਪਏ ਦੇ ਤੇਲ ਦੀ ਖ਼ਪਤ ਹੈ, ਜਿਸ ਵਿੱਚੋਂ 388.69 ਕਰੋੜ ਲੀਟਰ ਡੀਜ਼ਲ ਜਦਕਿ 135 ਕਰੋੜ ਲੀਟਰ ਪੈਟਰੋਲ ਵਿਕਦਾ ਹੈ। ਜੇ ਆਉਂਦੇ ਦਿਨਾਂ ਵਿੱਚ ਤੇਲ ਕੀਮਤਾਂ ਵਿੱਚ 15 ਰੁਪਏ ਪ੍ਰਤੀ ਲੀਟਰ ਦਾ ਵਾਧਾ ਵੀ ਹੁੰਦਾ ਹੈ ਤਾਂ ਪੰਜਾਬ ਦੇ ਲੋਕਾਂ ’ਤੇ ਡੀਜ਼ਲ ਦੀ ਵਧੀ ਕੀਮਤ ਦਾ ਕਰੀਬ 3886 ਕਰੋੜ ਰੁਪਏ ਤੇ ਪੈਟਰੋਲ ਦੇ ਭਾਅ ਵਿੱਚ ਵਾਧੇ ਦਾ 2028 ਕਰੋੜ ਦਾ ਸਾਲਾਨਾ ਭਾਰ ਪਵੇਗਾ।

ਭਾਰਤੀ ਪੈਟਰੋਲੀਅਮ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ, ਕਿ ਤੇਲ ਦੀਆਂ ਕੀਮਤਾਂ ਅੰਤਰਰਾਸ਼ਟਰੀ ਬਾਜ਼ਾਰ ਦੇ ਹਿਸਾਬ ਨਾਲ਼ ਤੈਅ ਹੁੰਦੀਆਂ ਨੇ ਕਿਹਾ ਜਾ ਰਿਹਾ ਹੈ ਕਿ ਪੰਜ ਰਾਜਾਂ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋ ਸਕਦਾ ਹੈ। ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧੇ ਦੀਆਂ ਅਟਕਲਾਂ ਦਰਮਿਆਨ ਕੇਂਦਰੀ ਪੈਟਰੋਲੀਅਮ ਮੰਤਰੀ ਹਰਦੀਪ ਸਿੰਘ ਪੁਰੀ ਨੇ ਵੱਡਾ ਬਿਆਨ ਦਿੱਤਾ ਹੈ।

ਉਹਨਾਂ ਨੇ ਕਿਹਾ ਕਿ ਅਸੀਂ ਚੋਣਾਂ ਕਾਰਨ ਭਾਅ ਨਹੀਂ ਵਧਾਏ। ਅਜਿਹਾ ਕਹਿਣਾ ਗ਼ਲਤ ਹੋਵੇਗਾ। ਕੰਪਨੀਆਂ ਨੂੰ ਤੇਲ ਦੀਆਂ ਕੀਮਤਾਂ ਦਾ ਫ਼ੈਸਲਾ ਕਰਨਾ ਪੈਂਦਾ ਹੈ ਕਿਉਂਕਿ ਉਨਾਂ ਨੇ ਵੀ ਬਾਜ਼ਾਰ ਵਿੱਚ ਰਹਿਣਾ ਹੁੰਦਾ ਹੈ। ਤੇਲ ਦੀਆਂ ਕੀਮਤਾਂ ਅੰਤਰਰਾਸ਼ਟਰੀ ਬਾਜ਼ਾਰ ਦੇ ਹਿਸਾਬ ਨਾਲ਼ ਤੈਅ ਹੁੰਦੀਆਂ ਹਨ।

**ਤੇਲ ਦੀ ਕਮੀ ਨਹੀਂ ਆਉਣ ਦੇਵਾਂਗੇ**

ਪੁਰੀ ਨੇ ਅੱਗੇ ਕਿਹਾ ਕਿ ਰੂਸ ਅਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਕਾਰਨ ਅਸੀਂ ਭਾਰਤ ਵਿੱਚ ਤੇਲ ਦੀ ਕਮੀ ਨਹੀਂ ਆਉਣ ਦੇਵਾਂਗੇ। ਅਸੀਂ ਅੱਗੇ ਜੋ ਵੀ ਫ਼ੈਸਲਾ ਲਵਾਂਗੇ, ਅਸੀਂ ਆਪਣੇ ਨਾਗਰਿਕਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਲਵਾਂਗੇ।

## *ਪੰਜਾਬ ਦੀ ਕਿਰਸਾਨੀ ’ਤੇ ਅਸਰ*

ਰੂਸ ਅਤੇ ਯੂਕਰੇਨ ਦਰਮਿਆਨ ਜਾਰੀ ਜੰਗ ਦਾ ਅਸਰ ਸਮੁੱਚੀ ਦੁਨੀਆ ਵਿੱਚ ਨਜ਼ਰ ਆਉਣਾ ਸ਼ੁਰੂ ਹੋ ਗਿਆ ਹੈ। ਜਿਨਾਂ ਵਸਤਾਂ ਦਾ ਉਤਪਾਦਨ ਯੂਕਰੇਨ ਅਤੇ ਰੂਸ ਵਿੱਚ ਹੋ ਰਿਹਾ ਹੈ, ਉਨਾਂ ਦੀ ਘਾਟ ਪੂਰੀ ਦੁਨੀਆ ਵਿੱਚ ਨਜ਼ਰ ਆ ਰਹੀ ਹੈ। ਇਸ ਕਾਰਨ ਉਕਤ ਵਸਤਾਂ ਨਾਲ਼ ਜੁੜੇ ਸਮਾਨ ਦੀਆਂ ਕੀਮਤਾਂ ਵਧਣ ਲੱਗੀਆਂ ਹਨ। ਭਾਰਤ ਦੇ ਨਾਲ਼ ਯੂਕਰੇਨ ਅਤੇ ਰੂਸ ਕਈ ਤਰਾਂ ਦੇ ਵਪਾਰ ਕਰਦੇ ਹਨ। ਇਨਾਂ ਵਿੱਚੋਂ ਕਣਕ ਅਤੇ ਸੂਰਜਮੁਖੀ ਸਭ ਤੋਂ ਉੱਪਰ ਹੈ। ਜੰਗ ਸ਼ੁਰੂ ਹੋਣ ਪਿੱਛੋਂ ਪੰਜਾਬ ਦੇ ਕਿਸਾਨਾਂ ਲਈ ਇੱਕ ਵਧੀਆ ਮੌਕਾ ਸਾਹਮਣੇ ਆ ਰਿਹਾ ਹੈ। ਉਹ ਆਪਣੀ ਆਮਦਨ ਵਧਾ ਸਕਦੇ ਹਨ। ਫ਼ਸਲਾਂ ਨੂੰ ਲੈ ਕੇ ਇੱਕ ਲਕੀਰ ’ਤੇ ਚੱਲਣ ਦੀ ਰਿਵਾਇਤ ਨੂੰ ਵੀ ਬਦਲ ਸਕਦੇ ਹਨ। ਭਾਰਤ ਵਿੱਚ ਸੂਰਜਮੁਖੀ ਦੇ ਤੇਲ ਦੀ ਬਹੁਤ ਖ਼ਪਤ ਹੈ। ਲਗਭਗ ਹਰ ਘਰ ਵਿੱਚ ਇਸ ਤੇਲ ਦੀ ਵਰਤੋਂ ਹੁੰਦੀ ਹੈ।

ਪੰਜਾਬ ਅਤੇ ਹਰਿਆਣਾ ’ਚ ਸੂਰਜਮੁਖੀ ਦੀ ਫ਼ਸਲ ਇਸੇ ਮੌਸਮ ਵਿੱਚ ਬੀਜੀ ਜਾਂਦੀ ਹੈ ਪਰ ਸੂਰਜਮੁਖੀ ਦੇ ਬੀਜ ਦੀ ਕਿੱਲਤ ਸਾਹਮਣੇ ਆਉਣ ਲੱਗੀ ਹੈ। ਯੂਕਰੇਨ ਦੇ ਜੰਗ ’ਚ ਫਸ ਜਾਣ ਪਿੱਛੋਂ ਇਹ ਕਿੱਲਤ ਹੋਰ ਵੀ ਵਧ ਗਈ ਹੈ। ਸੂਰਜਮੁਖੀ ਦਾ ਜਿਹੜਾ ਬੀਜ ਪੰਜਾਬ ’ਚ 3000 ਤੋਂ 3500 ਰੁਪਏ ’ਚ ਮਿਲਦਾ ਸੀ, ਹੁਣ 7 ਤੋਂ 8 ਹਜ਼ਾਰ ਰੁਪਏ ਪ੍ਰਤੀ ਥੈਲੀ ਵਜੋਂ ਮਿਲਦਾ ਹੈ। ਹੌਲੀ-ਹੌਲੀ ਇਹ ਬੀਜ ਗ਼ਾਇਬ ਹੋਣ ਲੱਗਾ ਹੈ। ਕਿਸਾਨਾਂ ਨੂੰ ਵੱਡੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇ ਇਹੀ ਦੌਰ ਜਾਰੀ ਰਿਹਾ ਤਾਂ ਸੂਰਜਮੁਖੀ ਦੇ ਤੇਲ ਦੀਆਂ ਕੀਮਤਾਂ ਆਸਮਾਨ ਨੂੰ ਛੂਹ ਸਕਦੀਆਂ ਹਨ।

ਸੂਰਜਮੁਖੀ ਦੀ ਫ਼ਸਲ ਮੁਨਾਫ਼ੇ ਵਾਲੀ ਫ਼ਸਲ ਗਿਣੀ ਜਾਂਦੀ ਹੈ ਪਰ ਭਾਰਤ ’ਚ ਕੁਝ ਸਾਲਾਂ ਤੋਂ ਸੂਰਜਮੁਖੀ ਦੇ ਬੀਜ ਦਾ ਉਤਪਾਦਨ 60 ਹਜ਼ਾਰ ਟਨ ਦੇ ਲੱਗਭਗ ਬਣਿਆ ਹੋਇਆ ਹੈ। ਪੰਜਾਬ ਦੇ ਕਿਸਾਨ ਜੇ ਇਸ ਫ਼ਸਲ ਨੂੰ ਪੂਰੇ ਤਰੀਕੇ ਨਾਲ਼ ਅਪਣਾਉਂਦੇ ਹਨ ਤਾਂ ਇਹ ਉਨਾਂ ਲਈ ਫ਼ਾਇਦੇ ਦਾ ਸੌਦਾ ਹੋਵੇਗਾ। ਖੇਤੀਬਾੜੀ ਮਾਹਿਰਾਂ ਮੁਤਾਬਕ ਇੱਕ ਹੈਕਟੇਅਰ ’ਚ ਸੂਰਜਮੁਖੀ ਦੀ ਫ਼ਸਲ ਦੀ ਬਿਜਾਈ ’ਤੇ 25 ਤੋਂ 30 ਹਜ਼ਾਰ ਰੁਪਏ ਖ਼ਰਚ ਆਉਂਦਾ ਹੈ। ਇੱਕ ਹੈਕਟੇਅਰ ’ਚ ਲੱਗਭਗ 25 ਕੁਇੰਟਲ ਫੁੱਲ ਤਿਆਰ ਹੁੰਦਾ ਹੈ। ਬਾਜ਼ਾਰ ’ਚ ਇਨਾਂ ਫੁੱਲਾਂ ਦੀ ਕੀਮਤ 4000 ਰੁਪਏ ਪ੍ਰਤੀ ਕੁਇੰਟਲ ਦੇ ਆਸਪਾਸ ਹੁੰਦੀ ਹੈ। ਇਸ ਹਿਸਾਬ ਨਾਲ਼ 25 ਤੋਂ 30 ਹਜ਼ਾਰ ਰੁਪਏ ਲਾ ਕੇ ਇੱਕ ਲੱਖ ਰੁਪਏ ਦਾ ਮੁਨਾਫ਼ਾ ਲਿਆ ਜਾ ਸਕਦਾ ਹੈ। ਖ਼ਾਸ ਗੱਲ ਇਹ ਹੈ ਕਿ ਇਸ ਫ਼ਸਲ ਦੀ ਬਿਜਾਈ ਰਬੀ ਅਤੇ ਖ਼ਰੀਫ ਦੀ ਫ਼ਸਲ ਨਾਲ਼ ਵੀ ਕੀਤੀ ਜਾ ਸਕਦੀ ਹੈ। ਜੇ ਪੰਜਾਬ ਦਾ ਕਿਸਾਨ ਸੂਰਜਮੁਖੀ ਦੀ ਫ਼ਸਲ ’ਤੇ ਕੇਂਦਰਿਤ ਹੁੰਦਾ ਹੈ ਤਾਂ ਉਹ ਇੱਕ ਤਾਂ ਚੰਗੀ ਕਮਾਈ ਕਰ ਲਏਗਾ ਅਤੇ ਨਾਲ਼ ਹੀ ਭਾਰਤ ’ਚ ਸੂਰਜਮੁਖੀ ਦੀ ਘਾਟ ਕਾਰਨ ਤੇਲ ਦੀਆਂ ਕੀਮਤਾਂ ਵਿੱਚ ਵਾਧੇ ਨੂੰ ਵੀ ਰੋਕ ਸਕੇਗਾ।

## *ਪੱਛਮੀ ਨੇਤਾਵਾਂ ਵੱਲੋਂ ਰੂਸੀ ਪਾਬੰਦੀਆਂ ਦਾ ਐਲਾਨ*

ਬਿਜ਼ਨੈਸ ਸਟੈਂਡਰਡ ਦੇ ਅਨੁਸਾਰ ,ਯੂਕਰੇਨ ’ਤੇ ਰੂਸੀ ਹਮਲੇ ਨੇ ਵਿਸ਼ਵ ਅਰਥਵਿਵਸਥਾ ਵਿੱਚ ਅਨਿਸ਼ਚਿਤਤਾ ਨੂੰ ਤੇਜ਼ ਕਰ ਦਿੱਤਾ ਹੈ, ਪੁਤਿਨ ਦੇ ਯੁੱਧ ਦੀ ਨਿੰਦਾ ਕਰਨ ਲਈ, ਪੱਛਮੀ ਨੇਤਾਵਾਂ ਨੇ ਰੂਸੀ ਵਿੱਤੀ ਸੰਸਥਾਵਾਂ ਦੇ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਣ ਲਈ ਕੁਝ ਪਾਬੰਦੀਆਂ ਦਾ ਐਲਾਨ ਕੀਤਾ ਹੈ ਜਿਸ ਵਿੱਚ ਅੰਤਰਰਾਸ਼ਟਰੀ ਭੁਗਤਾਨਾਂ ਲਈ ਸਵਿਫ਼ਟ ਮੈਸੇਜਿੰਗ ਸਿਸਟਮ ਤੋਂ ਕੁਝ ਰੂਸੀ ਬੈਂਕਾਂ ਨੂੰ ਹਟਾਉਣਾ ; ਪੱਛਮੀ ਦੇਸ਼ਾਂ ਵਿੱਚ ਰੂਸੀ ਕੰਪਨੀਆਂ ਅਤੇ ਕੁਲੀਨ ਵਰਗ ਦੀਆਂ ਜਾਇਦਾਦਾਂ ਨੂੰ ਫ਼੍ਰੀਜ਼ ਕਰਨਾ; ਅਤੇ ਰੂਸੀ ਕੇਂਦਰੀ ਬੈਂਕ ਨੂੰ ਪਾਬੰਦੀਆਂ ਨੂੰ ਕਮਜ਼ੋਰ ਕਰਨ ਲਈ ਆਪਣੇ **USM630** ਬਿਲੀਅਨ (॥473 ਬਿਲੀਅਨ) ਦੇ ਵਿਦੇਸ਼ੀ ਭੰਡਾਰ ਦੀ ਵਰਤੋਂ ਕਰਨ ਤੋਂ ਰੋਕਣਾ ।

ਇਸ ਦੇ ਚੱਲਦੇ ਹੀ ਕਈ ਬੈਂਕਾਂ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਜਿਸ ਵਿੱਚ ਕਈ ਰੇਟਿੰਗ ਏਜੰਸੀਆਂ ਨੇ ਜਾਂ ਤਾਂ ਰੂਸ ਦੀ ਕ੍ਰੈਡਿਟ ਰੇਟਿੰਗ ਨੂੰ ਜੰਕ ਸਟੇਟਸ ਵਿੱਚ ਘਟਾ ਦਿੱਤਾ ਹੈ ਜਾਂ ਸੰਕੇਤ ਦਿੱਤਾ ਹੈ ਕਿ ਉਹ ਜਲਦੀ ਹੀ ਅਜਿਹਾ ਕਰ ਸਕਦੇ ਹਨ। ਦੂਜੇ ਸ਼ਬਦਾਂ ਵਿੱਚ, ਉਹ ਸੋਚਦੇ ਹਨ ਕਿ ਰੂਸ ਦੇ ਕਰਜ਼ਿਆਂ ’ਤੇ ਡਿਫ਼ਾਲਟ ਹੋਣ ਦੀ ਸੰਭਾਵਨਾ ਪਹਿਲਾਂ ਨਾਲ਼ੋਂ ਵੱਧ ਹੈ। ਗਲੋਬਲ ਬੈਂਕਾਂ ਦੇ ਇੱਕ ਸਮੂਹ ਦੇ ਅਨੁਸਾਰ , ਇੱਕ ਡਿਫ਼ਾਲਟ “ਬਹੁਤ ਜ਼ਿਆਦਾ ਸੰਭਾਵਨਾ” ਹੈ।

ਵਿਦੇਸ਼ੀ ਬੈਂਕਾਂ ਵਿੱਚ **USM100** ਬਿਲੀਅਨ ਤੋਂ ਵੱਧ ਰੂਸੀ ਕਰਜ਼ੇ ਦੇ ਨਾਲ਼, ਇਹ ਰੂਸ ਤੋਂ ਬਾਹਰਲੇ ਬੈਂਕਾਂ ਲਈ ਜੋਖ਼ਮਾਂ ਬਾਰੇ ਸਵਾਲ ਉੱਠੇ ਅਤੇ 2008-ਸ਼ੈਲੀ ਦੀ ਤਰਲਤਾ ਸੰਕਟ ਨੂੰ ਸ਼ੁਰੂ ਕਰਨ ਲਈ ਡਿਫ਼ਾਲਟ ਦੀ ਸੰਭਾਵਨਾ ਹੈ।

ਯੂਰੋਪੀਅਨ ਬੈਂਕ ਰੂਸ ਦੀਆਂ ਨਵੀਆਂ ਪਾਬੰਦੀਆਂ, ਖ਼ਾਸ ਤੌਰ ’ਤੇ ਆਸਟਰੀਆ, ਫ਼ਰਾਂਸ ਅਤੇ ਇਟਲੀ ਵਿੱਚ ਸਭ ਤੋਂ ਵੱਧ ਉਜਾਗਰ ਵਿੱਤੀ ਸੰਸਥਾਵਾਂ ਹਨ। ਬੈਂਕ ਫ਼ਾਰ ਇੰਟਰਨੈਸ਼ਨਲ ਸੈਟਲਮੈਂਟਸ (ਬੀ.ਆਈ.ਐੱਸ.) ਦੇ ਅੰਕੜੇ ਦਰਸਾਉਂਦੇ ਹਨ ਕਿ ਫ਼ਰਾਂਸ ਅਤੇ ਇਟਲੀ ਦੇ ਬੈਂਕਾਂ ਨੇ ਰੂਸੀ ਕਰਜ਼ੇ ’ਤੇ **USM25** ਬਿਲੀਅਨ ਦੇ ਬਕਾਇਆ ਦਾਅਵੇ ਕੀਤੇ ਹਨ, ਜਦੋਂ ਕਿ ਆਸਟ੍ਰੀਆ ਦੇ ਬੈਂਕਾਂ ਕੋਲ਼ **USM17.5** ਬਿਲੀਅਨ ਸਨ।

ਤੁਲਨਾਤਮਕ ਤੌਰ ’ਤੇ, ਯੂ.ਐੱਸ ਬੈਂਕ 2014 ਵਿੱਚ ਕ੍ਰੀਮੀਆ ਪਾਬੰਦੀਆਂ ਦੇ ਬਾਅਦ ਤੋਂ ਰੂਸੀ ਅਰਥਵਿਵਸਥਾ ਵਿੱਚ ਆਪਣੇ ਐਕਸਪੋਜ਼ਰ ਨੂੰ ਘਟਾ ਰਹੇ ਹਨ। ਫਿਰ ਵੀ, ਸਿਟੀਗਰੁੱਪ ਦਾ **USM10** ਬਿਲੀਅਨ ਐਕਸਪੋਜ਼ਰ ਹੈ , ਹਾਲਾਂਕਿ ਇਹ ਬੈਂਕ ਕੋਲ਼ ਮੌਜੂਦ ਸੰਪਤੀਆਂ ਵਿੱਚ **USM2.3** ਟ੍ਰਿਲੀਅਨ ਦਾ ਇੱਕ ਮੁਕਾਬਲਤਨ ਛੋਟਾ ਹਿੱਸਾ ਹੈ।

ਇਸ ਦੇ ਕਰਜ਼ਿਆਂ ’ਤੇ ਯੂਕਰੇਨ ਦੁਆਰਾ ਸੰਭਾਵੀ ਡਿਫ਼ਾਲਟ ਦੇ ਸੰਪਰਕ ਦਾ ਸਵਾਲ ਵੀ ਹੈ। ਯੂਕਰੇਨ ਦੇ ਲਗਭਗ **USM60** ਬਿਲੀਅਨ ਬਾਂਡ ਦੇ ਕਰਜ਼ੇ ਨੂੰ ਵੀ ਜੰਕ ਸਥਿਤੀ ਵਿੱਚ ਘਟਾ ਦਿੱਤਾ ਗਿਆ ਹੈ, ਇੱਕ ਕਮਜ਼ੋਰ ਸੰਭਾਵਨਾ ਤੋਂ ਇੱਕ ਅਸਲ ਖ਼ਤਰੇ ਵਿੱਚ ਡਿਫ਼ਾਲਟ ਦੇ ਜੋਖ਼ਮ ਨੂੰ ਵਧਾਉਂਦਾ ਹੈ।

## *ਯੂਕਰੇਨ ਦੇ ਲੋਕਾਂ ਦੀ ਹਿਜਰਤ ਹਥਿਆਰਾਂ ਦੀ ਖ਼ਰੀਦ ਫ਼ਰੋਖ਼ਤ*

ਪੋਲੈਂਡ ਦੀ ਸਰਹੱਦੀ ਸੁਰੱਖਿਆ ਏਜੰਸੀ ਦਾ ਕਹਿਣਾ ਹੈ ਕਿ ਫ਼ਰਵਰੀ 24 (ਜਿਸ ਦਿਨ ਤੋਂ ਰੂਸ ਨੇ ਯੂਕਰੇਨ ਖ਼ਿਲਾਫ਼ ਜੰਗੀ ਕਾਰਵਾਈ ਸ਼ੁਰੂ ਕੀਤੀ ਸੀ) ਤੋਂ ਲੈ ਕੇ ਹੁਣ ਤੱਕ ਯੂਕਰੇਨ ਦੀ ਸਰਹੱਦ ਤੋਂ 9,22,000 ਸ਼ਰਨਾਰਥੀ ਦੇਸ਼ ਵਿੱਚ ਦਾਖ਼ਲ ਹੋ ਚੁੱਕੇ ਹਨ। ਜ਼ਿਕਰਯੋਗ ਹੈ ਕਿ 38 ਮਿਲੀਅਨ ਦੀ ਆਬਾਦੀ ਵਾਲੇ ਪੋਲੈਂਡ ਨੇ ਗੁਆਂਢੀ ਦੇਸ਼ ਯੂਕਰੇਨ ਦੇ ਸਭ ਤੋਂ ਜ਼ਿਆਦਾ ਵਸਨੀਕਾਂ ਨੂੰ ਸ਼ਰਨ ਦਿੱਤੀ ਹੈ। ਸੰਯੁਕਤ ਰਾਸ਼ਟਰ ਦੀ ਸ਼ਰਨਾਰਥੀ ਏਜੰਸੀ ਨੇ ਦੱਸਿਆ ਕਿ ਜਦੋਂ ਤੋਂ ਰੂਸ ਨੇ ਯੂਕਰੇਨ ’ਤੇ ਹਮਲੇ ਸ਼ੁਰੂ ਕੀਤੇ ਹਨ, ਉਸ ਸਮੇਂ ਲੈ ਕੇ ਹੁਣ ਤੱਕ 1.5 ਮਿਲੀਅਨ ਲੋਕ ਯੂਕਰੇਨ ਛੱਡ ਕੇ ਗੁਆਂਢੀ ਦੇਸ਼ਾਂ ਵਿੱਚ ਚਲੇ ਗਏ ਹਨ। ਇਸ ਜੰਗ ਨਾਲ਼ ਹਥਿਆਰਾਂ ਦੀ ਦੌੜ ਹੋਰ ਤੇਜ਼ ਹੋਣ ਦੀ ਸੰਭਾਵਨਾ ਹੈ। ਅਮਰੀਕਾ ਅਤੇ ਰੂਸ ਦੁਨੀਆ ਨੂੰ ਹਥਿਆਰ ਵੇਚਣ ਵਾਲੇ ਦੋ ਸਭ ਤੋਂ ਵੱਡੇ ਦੇਸ਼ ਹਨ। ਇੱਕ ਅਨੁਮਾਨ ਅਨੁਸਾਰ 2016 ਤੋਂ 2020 ਤੱਕ ਅਮਰੀਕਾ ਨੇ ਦੁਨੀਆ ਵਿੱਚ ਵੇਚੇ ਜਾ ਰਹੇ ਹਥਿਆਰਾਂ ਦਾ 37 ਫ਼ੀਸਦੀ ਅਤੇ ਰੂਸ ਨੇ 20 ਫ਼ੀਸਦੀ ਹਿੱਸਾ ਵੇਚਿਆ। ਭਾਰਤ ਹਥਿਆਰਾਂ ਦਾ ਸਭ ਤੋਂ ਵੱਡਾ ਖ਼ਰੀਦਦਾਰ ਹੈ। ਇਹ ਹਕੀਕਤ ਵੀ ਸਭ ਦੇ ਸਾਹਮਣੇ ਹੈ ਕਿ ਅਫ਼ਗਾਨਿਸਤਾਨ ਵਿੱਚੋਂ ਸੋਵੀਅਤ ਯੂਨੀਅਨ ਅਤੇ ਬਾਅਦ ਵਿੱਚ ਅਮਰੀਕਾ ਮੁਸ਼ਕਿਲ ਨਾਲ਼ ਬਾਹਰ ਜਾ ਸਕੇ। ਇਰਾਕ ਉੱਤੇ ਕਬਜ਼ੇ ਤੋਂ ਪਿੱਛੋਂ ਵੀ ਅਮਰੀਕਾ ਨੂੰ ਗੰਭੀਰ ਹਾਲਾਤ ਦਾ ਸਾਹਮਣਾ ਕਰਨਾ ਪਿਆ ਅਤੇ ਵਾਪਸ ਆਉਣਾ ਪਿਆ। ਹਥਿਆਰਾਂ ਦੀ ਸਨਅਤ ਦਾ ਆਪਣਾ ਆਰਥਿਕ ਤਰਕ ਹੈ। ਹੋਰਾਂ ਦੇਸ਼ਾਂ ਨੂੰ ਹਥਿਆਰ ਵੇਚ ਕੇ ਵਿਕਸਤ ਦੇਸ਼ ਆਪਣੀ ਆਰਥਿਕਤਾ ਮਜ਼ਬੂਤ ਕਰਨੀ ਚਾਹੁੰਦੇ ਹਨ। ਘੱਟ ਵਿਕਸਤ ਦੇਸ਼ਾਂ ਅੰਦਰ ਸਿੱਖਿਆ, ਸਿਹਤ ਅਤੇ ਰੁਜ਼ਗਾਰ ਦਾ ਸੰਕਟ ਲਗਾਤਾਰ ਵਧਦਾ ਜਾਂਦਾ ਹੈ। ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੈ ਅਤੇ ਗੱਲਬਾਤ ਰਾਹੀਂ ਮਸਲੇ ਹੱਲ ਕਰਨ ਦੇ ਯੋਗ ਬਣਨ ਲਈ ਕੌਮਾਂਤਰੀ ਭਾਈਚਾਰੇ ਅਤੇ ਸੰਸਥਾਵਾਂ ਨੂੰ ਮੁੜ ਜਥੇਬੰਦ ਕਰਨ ਦੀ ਲੋੜ ਹੈ।

ਰੂਸ ਅਤੇ ਯੂਕਰੇਨ ਦੇ ਇਸ ਯੁੱਧ ਵਿੱਚ ਵਿਸ਼ਵ ਵਿਆਪੀ ਪੱਧਰ ਉੱਤੇ ਆਰਥਿਕਤਾ ’ਤੇ ਗਹਿਰਾ ਪ੍ਰਭਾਵ ਪਵੇਗਾ । ਜੰਗ ਦੇ ਮੈਦਾਨ ਵਿੱਚ ਚੱਲੇ ਹਥਿਆਰਾਂ ਨੇ ਜਿੱਥੇ ਆਰਥਿਕ ਪ੍ਰਭਾਵ ਪਾਇਆ ਉੱਥੇ ਹੀ ਗਲੋਬਲ ਵਾਰਮਿੰਗ ਵਧਣ ਦੀ ਸੰਭਾਵਨਾ ਤੇਜ਼ ਹੋ ਗਈ ਹੈ।

# ਘਰ-ਪਰਿਵਾਰ ਤੇ ਸਮਾਜ ਵਿੱਚ ਪੰਜਾਬੀ ਬੋਲਣ ਤੋਂ ਗੁਰੇਜ਼ ਕਿਉਂ ?

**ਮਾਸਟਰ ਸੰਜੀਵ ਧਰਮਾਣੀ**

**9478561356**

ਅਸੀਂ ਸਭ ਪੰਜਾਬ ਦੇ ਵਾਸੀ ਹਾਂ। ਸਾਡੀ ਰਹਿਣੀ-ਬਹਿਣੀ, ਸਾਡਾ ਸੱਭਿਆਚਾਰ, ਸਾਡਾ ਬੋਲ-ਵਿਹਾਰ ਅਤੇ ਸਮੁੱਚਾ ਜੀਵਨ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ਼ ਜੁੜਿਆ ਅਤੇ ਰਮਿਆ ਹੋਇਆ ਹੈ। ਬਹੁਤ ਹੀ ਚੰਗੀ ਗੱਲ ਹੈ ਕਿ ਅਸੀਂ ਵਿਗਿਆਨ ਦੇ ਯੁੱਗ ਵਿੱਚ ਅਨੇਕਾਂ ਪਾਸੇ ਮੱਲਾਂ ਮਾਰੀਆਂ ਅਤੇ ਹੋਰ ਭਾਸ਼ਾਵਾਂ ਵਿੱਚ ਵੀ ਰੁਚੀ ਦਿਖਾਈ ਤੇ ਉਨਾਂ ਤੋਂ ਲਾਭ ਵੀ ਉਠਾਇਆ ਜੋ ਕਿ ਬਹੁਤ ਹੀ ਚੰਗੀ ਤੇ ਉਸਾਰੂ ਗੱਲ ਹੈ, ਪਰ ਕਈ ਵਾਰ ਇਹ ਆਮ ਹੀ ਦੇਖਣ ਵਿੱਚ ਆ ਜਾਂਦਾ ਹੈ ਕਿ ਅਸੀਂ ਸ਼ਾਇਦ ਜ਼ਿਆਦਾ ਹੀ ਪੜੇ-ਲਿਖੇ ਹੋਣ ਦਾ ਹਊਆ/ਭਰਮ ਪਾਲੀ ਬੈਠੇ ਹੋਣ ਕਰਕੇ ਆਪਣੇ ਘਰਾਂ ਵਿੱਚ, ਆਪਣੇ ਪਰਿਵਾਰ ਦੇ ਮੈਂਬਰਾਂ, ਸਮਾਜ ਵਿੱਚ ਤੇ ਆਮ ਕਰਕੇ ਵਿਆਹਾਂ ਜਾਂ ਪ੍ਰੋਗਰਾਮਾਂ ਵਿੱਚ ਪੰਜਾਬੀ ਬੋਲਣ ਤੋਂ ਗੁਰੇਜ਼ ਕਰਨ ਲੱਗ ਪੈਂਦੇ ਹਾਂ। ਅਸੀਂ ਸਮਝਣ ਲੱਗ ਪੈਂਦੇ ਹਾਂ ਕਿ ਸ਼ਾਇਦ ਹਿੰਦੀ ਜਾਂ ਅੰਗਰੇਜ਼ੀ ਵਿੱਚ ਘਰ ਵਿੱਚ ਅਤੇ ਵੱਖ-ਵੱਖ ਸਮਾਜਿਕ ਪ੍ਰੋਗਰਾਮਾਂ ਵਿੱਚ ਗੱਲ ਕਰਕੇ ਸ਼ਾਇਦ ਅਸੀਂ ਸੱਭਿਅਕ ਹੋਣ ਦਾ ਸਬੂਤ ਦੇ ਰਹੇ ਹਾਂ, ਪਰ ਜੇਕਰ ਬਹੁਤ ਧਿਆਨ ਨਾਲ਼ ਵਾਚੀਏ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਪੰਜਾਬੀ ਅਤੇ ਪੰਜਾਬੀਅਤ ਵਿੱਚ ਵੀ ਆਪਣੀ ਵਿਲੱਖਣ ਹੋਂਦ ਦੇ ਨਾਲ਼-ਨਾਲ਼ ਵਿਸ਼ਾਲ ਅਮੀਰੀ, ਸ਼ਿਸ਼ਟਾਚਾਰ, ਸੱਭਿਅਤਾ ਅਤੇ ਸਮਾਜਿਕਤਾ ਰਮੀ ਹੋਈ ਹੈ। ਪੰਜਾਬੀ ਬੋਲਣਾ, ਪੰਜਾਬੀ ਭਾਸ਼ਾ ਨੂੰ ਅਨਪੜਤਾ ਜਾਂ ਹਲਕੇਪਣ ਨਾਲ਼ ਜੋੜ ਕੇ ਦੇਖਣਾ ਇਹ ਸ਼ਾਇਦ ਸਾਡੀ ਸੰਕੀਰਣ ਸੋਚ ਦਾ ਨਤੀਜਾ ਹੋ ਸਕਦਾ ਹੈ, ਕਿਉਂਕਿ ਪੰਜਾਬੀ ਅਤੇ ਪੰਜਾਬੀਅਤ ਹੋਰ ਸਾਰਿਆਂ ਨਾਲ਼ੋਂ ਅਮੀਰ ਵਿਲੱਖਣ ਅਤੇ ਇੱਕ ਬੇਅੰਤ ਸਮੁੰਦਰ ਵਾਂਗ ਅਮੀਰੀ ਸਮੋਏ ਹੋਏ ਹੈ, ਕਿਉਂਕਿ ਸਾਡੇ ਪਿਛੋਕੜ ਨੂੰ ਦੇਖਣ ਤੋਂ ਪਤਾ ਲੱਗਦਾ ਹੈ ਕਿ ਸਾਡੇ ਮਹਾਨ ਗੁਰੂਆਂ, ਪੀਰਾਂ, ਸੰਤਾਂ, ਰਿਸ਼ੀਆਂ, ਮੁਨੀਆਂ, ਨਾਥਾਂ ਆਦਿ ਨੇ ਇਸ ਭਾਸ਼ਾ ਦੀ ਅਮੀਰੀ ਨੂੰ ਸਮਝਦੇ ਹੋਏ ਇਸ ਨੂੰ ਜੀਵਨ ਵਿੱਚ ਅਪਣਾਇਆ, ਇਸ ਦਾ ਪ੍ਰਚਾਰ-ਪ੍ਰਸਾਰ ਕੀਤਾ ਅਤੇ ਇਸ ਵਿੱਚ ਹੀ ਅਨੇਕਾਂ ਮਹਾਨ ਰਚਨਾਵਾਂ ਦਾ ਸਰਮਾਇਆ ਸੰਜੋਇਆ। ਜਨਮ ਤੋਂ ਲੈ ਕੇ ਮਰਨ ਤੱਕ ਦੇ ਸਮੁੱਚੇ ਰੀਤੀ-ਰਿਵਾਜਾਂ ਵਿੱਚ ਪੰਜਾਬੀ ਅਤੇ ਪੰਜਾਬੀਅਤ ਦੀ ਮਹਾਨਤਾ ਸਾਡੇ ਸੱਭਿਆਚਾਰ ਦੀ ਅਮੀਰੀ ਨੂੰ ਹੀ ਦਰਸਾਉਂਦੀ ਹੈ। ਜਿੱਥੇ ਸਾਨੂੰ ਹੋਰ ਦੂਸਰੀਆਂ ਭਾਸ਼ਾਵਾਂ ਨੂੰ ਸਿੱਖਣ ਵਿੱਚ




ਜ਼ਰੂਰ ਰੁਚੀ ਦਿਖਾਉਣੀ ਚਾਹੀਦੀ ਹੈ ਅਤੇ ਹੋਰ ਦੂਸਰੀਆਂ ਭਾਸ਼ਾਵਾਂ ਵੀ ਸਿੱਖਣੀਆਂ ਚਾਹੀਦੀਆਂ ਹਨ, ਉੱਥੇ ਹੀ ਆਪਣੀ ਪਿਆਰੀ ਮਾਤ-ਭਾਸ਼ਾ ਪੰਜਾਬੀ ਨੂੰ ਆਪਣੇ ਘਰ-ਪਰਿਵਾਰ ਅਤੇ ਸਮਾਜਿਕ ਵਰਤੋਂ-ਵਿਹਾਰ ਵਿੱਚ ਜ਼ਰੂਰ ਖੁੱਲ-ਦਿਲੀ ਨਾਲ਼ ਵਰਤੋਂ ਵਿੱਚ ਲਿਆਉਣਾ ਚਾਹੀਦਾ ਹੈ। ਕਿਉਂ ਜੋ ਜਦੋਂ ਕੋਈ ਇਨਸਾਨ ਆਪਣੀ ਮਾਤ-ਭਾਸ਼ਾ ਨਾਲ਼ੋਂ ਵਿੱਖਰ ਤੇ ਨਿੱਖੜ ਜਾਂਦਾ ਹੈ, ਵੱਖ ਹੋ ਜਾਂਦਾ ਹੈ, ਟੁੱਟ ਜਾਂਦਾ ਹੈ ਤਾਂ ਉਹ ਇੱਕ ਤਰਾਂ ਨਾਲ਼ ਅਜਿਹੇ ਪੌਦੇ ਦੀ ਤਰਾਂ ਹੁੰਦਾ ਹੈ, ਜੋ ਜੜੋਂ ਵਿਹੂਣਾ ਹੋ ਗਿਆ ਹੋਵੇ। ਇਸ ਲਈ ਜੇਕਰ ਅਸੀਂ ਆਪਣੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਤੇ ਇਸ ਦੇ ਸੱਭਿਆਚਾਰ ਨੂੰ ਜਿਉਂਦਾ ਰੱਖਣਾ ਚਾਹੁੰਦੇ ਹਾਂ ਤੇ ਆਪਣੀ ਹੋਂਦ ਨੂੰ ਵਿਲੱਖਣ ਹੋਂਦ ਬਣਾਈ ਰੱਖਣਾ ਚਾਹੁੰਦੇ ਹਾਂ ਤਾਂ ਸਾਨੂੰ ਘੱਟੋ-ਘੱਟ ਘਰ-ਪਰਿਵਾਰ ਅਤੇ ਸਮਾਜ ਵਿੱਚ ਜ਼ਰੂਰ ਹੀ ਖੁੱਲ-ਦਿਲੀ ਨਾਲ਼ ਤੇ ਬਿਨਾਂ ਕਿਸੇ ਸੰਗ-ਸੰਕੋਚ ਤੋਂ ਪੰਜਾਬੀ ਭਾਸ਼ਾ ਵਿੱਚ ਗੱਲ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ, ਪੰਜਾਬੀ ਪੜਨੀ, ਲਿਖਣੀ ਤੇ ਬੋਲਣੀ ਜ਼ਰੂਰ ਚਾਹੀਦੀ ਹੈ, ਕਿਉਂਕਿ ਪੰਜਾਬੀ ਨਾਲ਼ ਸਾਡੀ ਪੰਜਾਬੀਅਤ, ਸਾਡਾ ਸੱਭਿਆਚਾਰ, ਸਾਡੀ ਹੋਂਦ, ਸਾਡੇ ਰੀਤੀ-ਰਿਵਾਜ ਜੁੜੇ ਹੋਏ ਹਨ ਅਤੇ ਪੰਜਾਬੀ ਭਾਸ਼ਾ ਨਾਲ਼ ਹੀ ਅਸੀਂ ਦੁਨੀਆਂ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਈ ਰੱਖ ਸਕਦੇ ਹਾਂ।

# ਨੂੰਹ ਤੇ ਸਹੁਰੇ ਦਾ ਰਿਸ਼ਤਾ ਬਾਪ ਤੇ ਧੀ ਵਾਲਾ



**ਗਗਨਦੀਪ ਕੌਰ ਧਾਲੀਵਾਲ**

**9988933161**

ਅਕਸਰ ਹੀ ਉਹ ਪਰਿਵਾਰ ਸਵਰਗ ਬਣ ਜਾਂਦਾ ਹੈ ਜਿੱਥੇ ਨੂੰਹ ਨੂੰ ਧੀ ਦਾ ਦਰਜਾ ਤੇ ਸਹੁਰੇ ਨੂੰ ਪਿਤਾ ਵਾਲਾ ਦਰਜਾ ਪ੍ਰਾਪਤ ਹੁੰਦਾ ਹੈ। ਸਮਾਜ ਅੰਦਰ ਰਿਸ਼ਤਿਆਂ ਦੇ ਤਾਣੇ-ਬਾਣੇ ਦਾ ਜਾਲ਼ ਵਿਛਿਆ ਹੋਇਆ ਹੈ। ਜਿਵੇਂ ਕਿ ਖ਼ੂਨ ਦੇ ਰਿਸ਼ਤੇ, ਜਨਮ ਸੰਬੰਧੀ ਰਿਸ਼ਤੇ, ਪਰਿਵਾਰਕ ਰਿਸ਼ਤੇ, ਵਿਆਹ ਰਾਂਹੀ ਬਣਦੇ ਰਿਸ਼ਤੇ, ਭਾਵਨਾਤਮਕ ਰਿਸ਼ਤੇ ਆਦਿ। ਵਿਆਹ ਰਾਹੀਂ ਅਨੇਕਾਂ ਰਿਸ਼ਤੇ ਬਣਦੇ ਹਨ। ਜਿਵੇਂ ਸੱਸ-ਨੂੰਹ, ਸਹੁਰਾ-ਨੂੰਹ, ਸਹੁਰਾ-ਜਵਾਈ, ਸੱਸ-ਜਵਾਈ, ਨਣਦ-ਭਰਜਾਈ, ਸਾਲੀ-ਸਾਢੂ, ਦਿਉਰ-ਭਰਜਾਈ, ਜੇਠ-ਜਠਾਣੀ ਇਨਾਂ ਦੇ ਨਾਲ਼ ਸੰਬੰਧਿਤ ਅਨੇਕਾਂ ਹੀ ਹੋਰ ਰਿਸ਼ਤੇ। ਅਕਸਰ ਹੀ ਦੇਖਿਆ ਜਾਂਦਾ ਹੈ ਕਿ ਅਖ਼ਬਾਰ ਰਸਾਲੇ ਹਮੇਸ਼ਾ ਨੂੰਹ-ਸੱਸ ਦੇ ਰਿਸ਼ਤੇ ਨਾਲ਼ ਭਰੇ ਮਿਲਦੇ ਹਨ। ਹਮੇਸ਼ਾ ਹੀ ਨੂੰਹ-ਸਹੁਰੇ ਦੇ ਰਿਸ਼ਤੇ ਨੂੰ ਅੱਖੋਂ ਓਹਲੇ ਕੀਤਾ ਗਿਆ ਹੁੰਦਾ ਹੈ । ਸੋ ਅੱਜ ਆਪਾਂ ਗੱਲ ਕਰਾਂਗੇ ਅਜਿਹੇ ਰਿਸ਼ਤੇ ਦੀ ਜੋ ਵਿਆਹ ਰਾਹੀਂ ਬਣਦਾ ਹੈ ਉਹ ਰਿਸ਼ਤਾ ਹੈ ਨੂੰਹ ਤੇ ਸਹੁਰੇ ਦਾ ।ਅਜਿਹੇ ਰਿਸ਼ਤੇ ਵਿੱਚ ਅੱਜ ਦੇ ਸਮੇਂ ਮੈਂ ਵਿਚਰ ਰਹੀ ਹਾਂ। ਇਹ ਸਭ ਮਹਿਸੂਸ ਕਰ ਰਹੀ ਹਾਂ। ਮੈਨੂੰ ਮੇਰੇ ਸਹੁਰੇ ਪਰਿਵਾਰ ਵਿੱਚ ਇੱਕ ਧੀ ਵਾਲਾ ਪਿਆਰ ਮਿਲ ਰਿਹਾ ਹੈ। ਇਹ ਸਭ ਤਾਂ ਹੀ ਸੰਭਵ ਹੈ ਜੇਕਰ ਮੈਂ ਨੂੰਹ-ਸਹੁਰੇ ਦੇ ਰਿਸ਼ਤੇ ਨੂੰ ਪਿਆਰ ਤੇ ਸਤਿਕਾਰ ਦੇ ਰਹੀ ਹਾਂ। ਉਨਾਂ ਨੂੰ ਪਿਤਾ ਵਾਲਾ ਰੁਤਬਾ ਦੇ ਰਹੀ ਹਾਂ । ਮੈਨੂੰ ਬਿਲਕੁਲ ਵੀ ਓਪਰਾ ਮਹਿਸੂਸ ਨਹੀਂ ਹੋ ਰਿਹਾ ਕਿਉਂਕਿ ਮੈਂ ਆਪਣੇ ਪਿਤਾ ਵਾਲਾ ਰੁਤਬਾ ਦਿੱਤਾ ਹੈ ਤੇ ਉਨਾਂ ਨੇ ਧੀ ਵਾਲਾ। ਸਹੁਰੇ ਪਰਿਵਾਰ ਵਿੱਚ ਜਦੋਂ ਕੁੜੀ ਪ੍ਰਵੇਸ਼ ਕਰਦੀ ਹੈ ਉਸ ਲਈ ਸਭ ਕੁਝ ਨਵਾਂ ਹੁੰਦਾ ਹੈ । ਪਤੀ ਤੋਂ ਇਲਾਵਾ ਮਾਂ ਵਰਗੀ ਸੱਸ ਤੇ ਪਿਤਾ ਵਰਗਾ ਸਹੁਰਾ ਹੁੰਦਾ ਹੈ ਜਿਨਾਂ ਨਾਲ਼ ਉਸ ਨੇ ਸਾਰੀ ਜ਼ਿੰਦਗੀ ਬਤੀਤ ਕਰਨੀ ਹੁੰਦੀ ਹੈ । ਪੁਰਾਣੇ ਸਮੇਂ ਤੋਂ ਹੀ ਨੂੰਹ ਸੱਸ ਦੇ ਰਿਸ਼ਤੇ ਨੂੰ ਜ਼ਿਆਦਾ ਉਘਾੜਿਆ ਜਾਂਦਾ ਹੈ ਪਰ ਇਸਦੇ ਨਾਲ਼-ਨਾਲ਼ ਨੂੰਹ ਤੇ ਸਹੁਰੇ ਦਾ ਰਿਸ਼ਤਾ ਵੀ ਵਿਲੱਖਣ ਥਾਂ ਰੱਖਦਾ ਹੈ।

ਸਿਆਣਿਆਂ ਦਾ ਕਥਨ ਹੈ ਕਿ ਘਰ ਓਹੀ ਤਰੱਕੀ ਕਰਦਾ ਹੈ ਜਿਸ ਵਿੱਚ ਵਿਚਾਰਾਂ ਦੀ ਏਕਤਾ ਹੋਵੇ, ਨੂੰਹ-ਸੱਸ, ਸੱਸ-ਸਹੁਰਾ, ਪਤੀ-ਪਤਨੀ, ਮਾਂ-ਪੁੱਤ ਆਦਿ ਰਿਸ਼ਤਿਆਂ ਵਿੱਚ ਮਿਠਾਸ ਤੇ ਇਕਸਾਰਤਾ ਹੋਵੇ। ਜੇਕਰ ਇੱਕ ਕੁੜੀ ਆਪਣੇ ਸਹੁਰੇ ਨੂੰ ਆਪਣੇ ਪਿਤਾ ਵਾਂਗ ਪਿਆਰ ਕਰੇ ਸਤਿਕਾਰ ਦੇਵੇ ਤਾਂ ਉਹ ਇੱਕ ਧੀ ਦਾ ਦਰਜਾ ਹਾਸਿਲ ਕਰ ਲੈਂਦੀ ਹੈ ਸਹੁਰਾ ਘਰ ਉਸ ਨੂੰ ਬੇਗ਼ਾਨਾ ਨਹੀਂ ਲੱਗਦਾ। ਇਸੇ ਤਰਾਂ ਹੀ ਸਹੁਰੇ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਨੂੰਹ ਨੂੰ ਧੀ ਦਾ ਦਰਜਾ ਦੇਵੇ ਉਸਨੂੰ ਪਰਾਇਆ ਧਨ ਨਾ ਸਮਝਿਆ ਜਾਵੇ ।ਅਜਿਹਾ ਕਰਨ ਤੇ ਇਹ ਰਿਸ਼ਤਾ ਲੰਮੇ ਸਮੇਂ ਤੱਕ ਚੰਗਾ ਹੋ ਨਿਬੜਦਾ ਹੈ। ਇੱਕ ਪਿਓ-ਧੀ ਦਾ ਰਿਸ਼ਤਾ ਤਾਂ ਹੀ ਬਣ ਸਕਦਾ ਹੈ ਜੇਕਰ ਦਿਲ ਵਿੱਚ ਸਤਿਕਾਰ ਹੋਵੇ ।ਕਦੇ ਵੀ ਸੱਸ-ਸਹੁਰੇ ਨੂੰ ਬੇਗ਼ਾਨਾ ਨਾ ਸਮਝਿਆ ਜਾਵੇ। ਬਿਲਕੁਲ ਓਸੇ ਤਰਾਂ ਪਿਆਰ ਸਤਿਕਾਰ ਦਿੱਤਾ ਜਾਵੇ ਜਿਸ ਤਰਾਂ ਇੱਕ ਕੁੜੀ ਪੇਕੇ ਘਰ ਆਪਣੇ ਮਾਂ-ਬਾਪ ਨੂੰ ਦਿੰਦੀ ਹੈ। ਸਮੇਂ ਸਿਰ ਉਨਾਂ ਦਾ ਖ਼ਿਆਲ ਰੱਖਿਆ ਜਾਵੇ। ਨਿੱਕੀਆਂ-ਨਿੱਕੀਆਂ ਜ਼ਰੂਰਤਾਂ ਦਾ ਧਿਆਨ ਰੱਖਿਆ ਜਾਵੇ ਸਿਆਣੇ ਕਹਿੰਦੇ ਹਨ ਕਿ ਸੇਵਾ ਵਿੱਚ ਹੀ ਮੇਵਾ ਮਿਲਦਾ ਹੈ। ਬਜ਼ੁਰਗ ਤਾਂ ਬੋਹੜ ਦੀ ਠੰਢੀ ਛਾਂ ਹੁੰਦੇ ਹਨ। ਅਕਸਰ ਕਈ ਘਰਾਂ ਵਿੱਚ ਦੇਖਿਆਂ ਜਾਂਦਾ ਹੈ ਕਿ ਸੱਸ-ਸਹੁਰੇ ਨੂੰ ਬੁੜਾ-ਬੁੜੀ ਕਹਿ ਕੇ ਬੁਲਾਇਆ ਜਾਂਦਾ ਹੈ, ਇਹ ਸ਼ਬਦ ਉਨਾਂ ਦੇ ਮਾਣ ਨੂੰ ਡੂੰਘੀ ਸੱਟ ਮਾਰਦਾ ਹੈ। ਕਈ ਵਾਰ ਤਾਂ ਸੱਸ-ਸਹੁਰੇ ਨੂੰ ਅੱਡ ਕਰ ਦਿੱਤਾ ਜਾਂਦਾ ਹੈ। ਕਦੇ ਸੋਚਿਆ ਹੈ ਕਿਸੇ ਨੇ ਕਿ ਉਨਾਂ ਦੇ ਵੀ ਸੁਪਨੇ ਹਨ ਕਿ ਉਹ ਆਪਣੇ ਨੂੰਹ-ਪੁੱਤ ਨਾਲ਼ ਖ਼ੁਸ਼ ਰਹਿਣ। ਅਸਲ ਵਿੱਚ ਚੰਗੀ ਨੂੰਹ-ਧੀ ਦੀ ਪਹਿਚਾਣ ਉੱਥੇ ਹੀ ਹੁੰਦੀ ਹੈ ਜਿੱਥੇ ਉਹ ਸਹੁਰੇ ਪਰਿਵਾਰ ਨੂੰ ਆਪਣਾ ਬਣਾ ਕੇ ਸੱਸ-ਸਹੁਰੇ ਨੂੰ ਮਾਂ-ਬਾਪ ਦਾ ਦਰਜਾ ਦੇਵੇ ।

ਕਿਸੇ ਨੇ ਸਹੀ ਹੀ ਕਿਹਾ ਹੈ, ਆਪਣੀਆਂ ਧੀਆਂ ਨੂੰ ਚੰਗੇ ਸੰਸਕਾਰ ਦੇਵੋ ਤਾਂ ਜੋ ਉਹ ਸੱਸ ਸਹੁਰੇ ਨੂੰਹ ਦੇ ਮਾਂ ਬਾਪ ਬਣ ਸਕਣ, ਖ਼ੁਦ ਵਿੱਚ ਚੰਗੇ ਗੁਣ ਪੈਦਾ ਕਰੋ ਤਾਂ ਜੋ ਨੂੰਹ ਨੂੰ ਧੀ ਦੇ ਰੂਪ ਵਿੱਚ ਸਵੀਕਾਰ ਕਰ ਸਕੋ।

ਅਕਸਰ ਕਿਹਾ ਜਾਂਦਾ ਹੈ ਕਿ ਬੜਾ ਚੰਗਾ ਹੁੰਦਾ ਹੈ ਉਹ ਪਰਿਵਾਰ ਜਿੱਥੇ ਨੂੰਹ ਨੂੰ ਧੀ ਦਾ ਦਰਜਾ ਦਿੱਤਾ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਜਿੰਨੀ ਇੱਜ਼ਤ ਸਹੁਰੇ ਘਰ ਜਵਾਈ ਨੂੰ ਦਿੱਤੀ ਜਾਂਦੀ ਹੈ ਜੇਕਰ ਓਨੀ ਹੀ ਇੱਜ਼ਤ ਸਹੁਰੇ ਘਰ ਨੂੰਹ ਨੂੰ ਦਿੱਤੀ ਜਾਵੇ ਤਾਂ ਘਰ-ਘਰ ਨਹੀਂ ਰਹਿੰਦਾ ਸਗੋਂ ਸਵਰਗ ਬਣ ਜਾਂਦਾ ਹੈ ।

ਪੁਰਾਣੇ ਸਮੇਂ ਤੋਂ ਹੀ ਨੂੰਹ-ਸੱਸ ਦੇ ਰਿਸ਼ਤੇ ਨੂੰ ਲੋਕ ਬੋਲੀਆਂ ਵਿੱਚ ਉਚਾਰਿਆ ਜਾਂਦਾ ਰਿਹਾ ਹੈ ਜੋ ਅੱਜ ਵੀ ਮੌਜੂਦ ਹਨ, ਜਿਸ ਵਿੱਚ ਹਾਸ-ਰਾਸ ਦੇ ਵਿਅੰਗ ਸ਼ਾਮਿਲ ਹਨ : ਨੂੰਹ-ਸਹੁਰੇ ਨਾਲ਼ ਸੰਬੰਧਿਤ ਕੁੱਝ ਬੋਲੀਆਂ ਇਸ ਤਰਾਂ ਹਨ :-

*ਸਹੁਰੇ ਮੇਰੇ ਦੇ ਨਿਕਲੀ ਮਾਤਾ,*
*ਨਿਕਲੀ ਮਾੜੀ-ਮਾੜੀ,*
*ਜੋਤ ਜਗਾਉਂਦੇ ਨੇ,*
*ਦਾੜੀ ਫੂਕ ਲਈ ਸਾਰੀ,*
*ਜੋਤ ਜਗਾਉਂਦੇ ......।*
*ਸੱਸ ਵੀ ਨੀ ਘੂਰਦੀ,*
*ਸਹੁਰਾ ਵੀ ਨੀ ਘੂਰਦਾ,*
*ਛੜਾ ਜੇਠ ਭੈੜਾ ਕਿਉਂ ਬੋਲੇ ਨੀ,*
*ਸਾਡੇ ਬਿਨਾਂ ਪੁੱਛੇ ਕੁੰਡਾ ਕਿਉਂ ਖੋਲੇ ਨੀ,*
*ਸਾਡੇ ਬਿਨਾਂ .........।*
*ਸਹੁਰੇ ਮੇਰੇ ਨੇ ਕਰੇਲੇ ਲਿਆਂਦੇ,*
*ਸੱਸ ਮੇਰੀ ਨੇ ਤੜਕੇ,*
*ਨੀ ਮੇਰੇ ਵਾਰੀ ਇਉਂ ਪਤੀਲਾ ਖੜਕੇ,*
*ਨੀ ਮੇਰੇ ........।*

ਇਸ ਤਰਾਂ ਲੋਕ-ਬੋਲੀਆਂ ਵਿੱਚ ਨੂੰਹ-ਸਹੁਰੇ ਦੇ ਰਿਸ਼ਤੇ ਦਾ ਜ਼ਿਕਰ ਕੀਤਾ ਗਿਆ ਹੈ । ਇਹ ਬੋਲੀਆਂ ਪੰਜਾਬੀ ਕੌਮ ਦਾ ਮੁਹਾਂਦਰਾ ਹਨ। ਇਨਾਂ ਵਿੱਚ ਪਿਆਰ ਦੇ ਬੋਲ, ਨਫ਼ਰਤ ਦੇ ਬੋਲ, ਮੇਲ-ਮਿਲਾਪ ਅਤੇ ਜੁਦਾਈ ਹੈ। ਬੋਲੀਆਂ ਵਿੱਚ ਲੜਾਈ ਹੈ ਸੁਲਾ ਵੀ ਹੈ। ਅੰਤ ਵਿੱਚ ਇਹੋ ਕਹਾਂਗੀ ਕਿ ਨੂੰਹ ਤੇ ਸਹੁਰੇ ਦਾ ਰਿਸ਼ਤਾ ਬਾਪ-ਧੀ ਵਾਲਾ ਹੁੰਦਾ ਹੈ। ਇਹ ਹਮੇਸ਼ਾ ਹੀ ਬਣਿਆ ਰਹਿੰਦਾ ਹੈ ਜੇਕਰ ਦੋਨੋਂ ਪਾਸੇ ਪਿਆਰ ਤੇ ਸਤਿਕਾਰ ਜ਼ਿੰਦਾ ਹੈ। ਇੱਕ ਧੀ ਨੂੰ ਹਮੇਸ਼ਾ ਸਹੁਰੇ ਪਰਿਵਾਰ ਵਿੱਚ ਸੱਸ-ਸਹੁਰੇ ਨੂੰ ਇੱਜ਼ਤ ਮਾਣ ਦੇਣਾ ਚਾਹੀਦਾ ਹੈ ਮਾਤਾ-ਪਿਤਾ ਵਾਂਗ ਸਮਝਣਾ ਚਾਹੀਦਾ ਹੈ। ਕਿਉਂਕਿ ਮਾਤਾ-ਪਿਤਾ ਜ਼ਿੰਦਗੀ ਦਾ ਸਰਮਾਇਆ ਹੁੰਦੇ ਹਨ।

# ਖ਼ਤ

## ਮਹਿੰਗੀ ਵਿੱਦਿਅਕ ਪ੍ਰਣਾਲੀ



**ਸੰਜੀਵ ਸਿੰਘ ਸੈਣੀ, ਮੋਹਾਲੀ**

ਯੂਕਰੇਨ ਦੇ ਖਾਰਕੀਵ ਸ਼ਹਿਰ 'ਚ ਮੈਡੀਕਲ ਤੇ ਇੰਜੀਨੀਅਰਿੰਗ ਦੀ ਪੜਾਈ ਕਰਨ ਗਏ ਹਜ਼ਾਰਾਂ ਵਿਦਿਆਰਥੀਆਂ ਦੇ ਮਾਪੇ ਫ਼ਿਕਰਮੰਦ ਹਨ। ਆਪਣੇ ਬੱਚਿਆਂ ਦੀ ਸੁਰੱਖਿਅਤ ਵਾਪਸੀ ਲਈ ਮਾਂ-ਬਾਪ ਕੇਂਦਰੀ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨਾਲ਼ ਲਗਾਤਾਰ ਰਾਬਤਾ ਕਾਇਮ ਕਰ ਰਹੇ ਹਨ। ਦਿਨੋ-ਦਿਨ ਵਿਦੇਸ਼ ਜਾਣ ਦਾ ਰੁਝਾਨ ਵਿਦਿਆਰਥੀਆਂ ਵਿੱਚ ਲਗਾਤਾਰ ਵਧਦਾ ਜਾ ਰਿਹਾ ਹੈ। ਤਾਜ਼ਾ ਰਿਪੋਰਟ ਅਨੁਸਾਰ ਘੱਟੋ-ਘੱਟ ਤਿੰਨ ਸੌ ਦੇ ਕਰੀਬ ਵਿਦਿਆਰਥੀ ਹਰ ਰੋਜ਼ ਵੱਖ-ਵੱਖ ਦੇਸ਼ਾਂ ਨੂੰ ਜਾ ਰਹੇ ਹਨ। ਮਾਂ-ਬਾਪ ਨੂੰ ਇੱਥੇ ਆਪਣੇ ਬੱਚਿਆਂ ਦਾ ਭਵਿੱਖ ਧੁੰਦਲਾ ਹੀ ਦਿਸ ਰਿਹਾ ਹੈ। ਮਾਂ-ਬਾਪ ਆਪ ਤੰਗੀਆਂ ਕੱਟ ਕੇ, ਜ਼ਮੀਨ ਗਹਿਣੇ ਰੱਖ ਕੇ ਆਪਣੇ ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਉਨਾਂ ਨੂੰ ਵਿਦੇਸ਼ ਵਿੱਚ ਭੇਜ ਰਹੇ ਹਨ। ਤਕਰੀਬਨ 15 ਹਜ਼ਾਰ ਤੋਂ ਵੱਧ ਵਿਦਿਆਰਥੀਆਂ ਨੇ ਯੂਕਰੇਨ ਵਿੱਚ ਵੱਖ-ਵੱਖ ਮੈਡੀਕਲ ਕਾਲਜਾਂ, ਇੰਜੀਨੀਅਰਿੰਗ ਕਾਲਜਾਂ ਵਿੱਚ ਦਾਖ਼ਲਾ ਲਿਆ ਹੋਇਆ ਹੈ। ਭਾਰਤ ਵਿੱਚ ਮੈਡੀਕਲ ਸਿੱਖਿਆ ਮਹਿੰਗੀ ਹੋਣ ਕਰਕੇ ਬੱਚੇ ਵਿਦੇਸ਼ਾਂ ਵੱਲ ਨੂੰ ਮੂੰਹ ਕਰਦੇ ਹਨ। ਕਰਨਾਟਕ ਸੂਬੇ ਦੇ ਵਿਦਿਆਰਥੀ ਜਿਸ ਦੀ ਯੂਕ੍ਰੇਨ ਵਿੱਚ ਗੋਲਾਬਾਰੀ ਕਾਰਨ ਮੌਤ ਹੋਈ ਹੈ, ਉਸ ਦੇ ਮਾਂ-ਬਾਪ ਨੇ ਕਿਹਾ ਹੈ ਕਿ ਉਸ ਦੇ ਬੱਚੇ ਦੇ ਦਾਖ਼ਲੇ ਲਈ ਮੈਡੀਕਲ ਕਾਲਜ ਵੱਲੋਂ ਡੋਨੇਸ਼ਨ ਦੀ ਮੰਗ ਵੀ ਕੀਤੀ ਗਈ ਸੀ। ਹਾਲਾਂਕਿ ਵਿਦਿਆਰਥੀ ਦੇ 96% ਤੋਂ ਵੱਧ ਅੰਕ ਸਨ। ਹਰ ਮਾਂ-ਬਾਪ ਦੇ ਅਰਮਾਨ ਹੁੰਦੇ ਹਨ ਕਿ ਉਨਾਂ ਦਾ ਬੱਚਾ ਕਾਬਲ ਬਣੇ। ਮਾਂ-ਬਾਪ ਆਪ ਤੰਗੀਆਂ ਕੱਟ ਕੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਭੇਜ ਰਹੇ ਹਨ। ਬੇਰੁਜ਼ਗਾਰੀ ਬਹੁਤ ਵਧ ਚੁੱਕੀ ਹੈ। ਭਾਰਤ ਪਹਿਲਾਂ ਹੀ ਮੰਦੀ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਸੀ। ਫਿਰ 2020 ਵਿੱਚ ਕੋਰੋਨਾ ਮਹਾਂਮਾਰੀ ਕਾਰਨ ਲੱਖਾਂ ਲੋਕਾਂ ਦਾ ਰੁਜ਼ਗਾਰ ਖੁੱਸਿਆ। ਲੋਕ ਬੇਰੁਜ਼ਗਾਰ ਹੋ ਗਏ। ਦੋ ਸਮੇਂ ਦੀ ਰੋਟੀ ਦਾ ਹੀਲਾ-ਵਸੀਲਾ ਕਰਨਾ ਲੋਕਾਂ ਨੂੰ ਮੁਸ਼ਕਿਲ ਹੋ ਗਿਆ। ਅਕਸਰ ਦੇਖਿਆ ਜਾਂਦਾ ਹੈ ਕਿ ਜਿੱਥੇ ਵੀ ਕੋਈ ਭਰਤੀ ਨਿਕਲਦੀ ਹੈ, ਉੱਥੇ ਲੱਖਾਂ ਦੀ ਤਦਾਦ ਵਿੱਚ ਨੌਜਵਾਨ ਅਪਲਾਈ ਕਰਦੇ ਹਨ। ਪਿੱਛੇ ਜਿਹੇ ਇੱਕ ਖ਼ਬਰ ਪੜਨ ਨੂੰ ਮਿਲੀ ਕਿ ਚਪੜਾਸੀ ਦੀ ਭਰਤੀ ਲਈ ਪੀ-ਐੱਚ.ਡੀ. ਤੱਕ ਦੇ ਉਮੀਦਵਾਰਾਂ ਨੇ ਅਪਲਾਈ ਕੀਤਾ ਹੋਇਆ ਹੈ। ਦੇਖਿਆ ਜਾਵੇ ਤਾਂ ਚਪੜਾਸੀ ਲਈ ਬਾਰਵੀਂ ਦੀ ਪੜਾਈ ਜ਼ਰੂਰੀ ਹੁੰਦੀ ਹੈ। ਪਰ ਇੱਥੇ ਤਾਂ ਐੱਮ. ਫ਼ਿਲ, ਰਿਸਰਚ ਸਕਾਲਰ, ਅਜਿਹੀਆਂ ਪੋਸਟਾਂ ਲਈ ਅਪਲਾਈ ਕਰਦੇ ਹਨ। ਚਾਹੇ ਤਨਖ਼ਾਹ ਸਿਰਫ਼ 15 ਹਜ਼ਾਰ ਰੁਪਇਆ ਹੈ। ਉਮੀਦਵਾਰਾਂ ਨੂੰ ਇਹ ਹੁੰਦਾ ਹੈ ਕਿ ਚਲੋ ਸਾਨੂੰ ਸਰਕਾਰੀ ਨੌਕਰੀ ਤਾਂ ਮਿਲ ਗਈ। ਤਕਰੀਬਨ ਭਾਰਤ ਵਿੱਚ ਮੈਡੀਕਲ ਸਿੱਖਿਆ ਪ੍ਰਾਈਵੇਟ ਕਾਲਜ (ਐੱਮ.ਬੀ.ਬੀ.ਐੱਸ. ਦੀ ਪੜਾਈ) ਲਈ ਕਰੋੜਾਂ ਰੁਪਏ ਲੱਗ ਜਾਂਦੇ ਹਨ। ਸਰਕਾਰੀ ਕਾਲਜਾਂ ਵਿੱਚ ਸੀਟਾਂ ਬਹੁਤ ਘੱਟ ਹੁੰਦੀਆਂ ਹਨ। ਸੂਬੇ ਵਿੱਚ ਸਿਰਫ਼ ਤਿੰਨ ਜਾਂ ਚਾਰ ਮੈਡੀਕਲ ਕਾਲਜ ਹੁੰਦੇ ਹਨ। ਸਰਕਾਰੀ ਕਾਲਜਾਂ ਵਿੱਚ ਵੀ ਫ਼ੀਸ ਬਹੁਤ ਜ਼ਿਆਦਾ ਹੋ ਚੁੱਕੀ ਹੈ। ਕੇਂਦਰ ਸਰਕਾਰ ਨੂੰ ਸੂਬਾ ਸਰਕਾਰ ਨਾਲ਼ ਮਿਲ ਕੇ ਵਧੀਆ ਮੈਡੀਕਲ ਯੂਨੀਵਰਸਿਟੀਆਂ ਦੀ ਸਥਾਪਨਾ ਕਰਨੀ ਚਾਹੀਦੀ ਹੈ। ਕੇਂਦਰ ਸਰਕਾਰ ਨੂੰ ਬਜਟ ਵਿੱਚ ਮੈਡੀਕਲ ਸਿੱਖਿਆ ਨੂੰ ਹੋਰ ਪ੍ਰਫੁੱਲਤ ਕਰਨ ਲਈ ਠੋਸ ਨੀਤੀ ਉਲੀਕਣੀ ਚਾਹੀਦੀ ਹੈ। ਕੇਂਦਰ ਤੇ ਸੂਬਾ ਸਰਕਾਰਾਂ ਨੂੰ ਮੈਡੀਕਲ ਖੇਤਰ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ।

# ਸਾਹਿਤਕਾਰਾਂ ਦਾ ਵੱਡਾ ਵਰਗ ਸਾਹਿਤਕ ਮਾਫ਼ੀਆ ਦਾ ਸ਼ਿਕਾਰ

**ਡਾ. ਧਰਮਪਾਲ ਸਾਹਿਲ**

ਪੰਜਾਬ ਵਿੱਚ ਡਰੱਗ ਮਾਫ਼ੀਆ, ਰੇਤ ਮਾਫ਼ੀਆ, ਜ਼ਮੀਨ ਮਾਫ਼ੀਆ, ਜੰਗਲ ਮਾਫ਼ੀਆ, ਟ੍ਰਾਂਸਪੋਰਟ ਮਾਫ਼ੀਆ, ਕੇਬਲ ਮਾਫ਼ੀਆ ਵਾਂਗ ਹੀ ਕਈ ਦਹਾਕਿਆਂ ਤੋਂ ਸਾਹਿਤਕ ਮਾਫ਼ੀਆ ਵੀ ਪੂਰੀ ਤਰਾਂ ਸਰਗਰਮ ਹੈ। ਇਸ ਮਾਫ਼ੀਆ ਬਾਰੇ ਹਾਲ ਵਿੱਚ ਹੀ ਛਪੇ ਨਾਵਲ 'ਖਿੱਦੋ' (ਜਸਬੀਰ ਭੁੱਲਰ), ਹਨੇਰੇ ਦਾ ਚੀਰਹਰਣ (ਸੋਮਾ ਸਬਲੋਕ) ਆਦਿ ਪੁਸਤਕਾਂ ਦੇ ਨਾਲ਼-ਨਾਲ਼ ਨਾਵਲਿਸਟ ਮਿੱਤਰ ਸੈਨ ਮੀਤ ਨੇ ਪੰਜਾਬ ਦੇ ਭਾਸ਼ਾ ਵਿਭਾਗ ਨੂੰ ਅਦਾਲਤ ਵਿੱਚ ਘੜੀਸ ਕੇ ਉਸ ਵੱਲੋਂ ਐਲਾਨੇ ਗਏ ਬੀਤੇ ਛੇ ਸਾਲਾਂ ਦੇ ਸ਼ਿਰੋਮਣੀ ਪੁਰਸਕਾਰਾਂ ਉੱਤੇ ਕਾਨੂੰਨੀ ਰੋਕ ਲੁਆ ਕੇ ਤੇ ਸਰਕਾਰੀ ਸਰਪ੍ਰਸਤੀ ਪ੍ਰਾਪਤ ਸਾਹਿਤਕ ਮਾਫ਼ੀਆ ਦੇ ਕਿਰਦਾਰ ਸੰਬੰਧੀ ਅਖ਼ਬਾਰਾਂ ਵਿੱਚ ਲੇਖ ਲਿਖ ਕੇ ਇਨਾਂ ਦੇ ਤੇਂਦੂਆ ਜਾਲ ਨੂੰ ਨੰਗਾ ਕੀਤਾ ਹੈ, ਜਿਸ ਕਰਕੇ ਸਾਹਿਤਕ ਖੇਤਰ ਵਿੱਚ ਸਰਗਰਮ ਇਸ ਮਾਫ਼ੀਆ ਦੇ ਸਰਗਣਿਆਂ ਵਿੱਚ ਖ਼ਲਬਲੀ ਮੱਚੀ ਹੋਈ ਹੈ। ਲੰਮੇ ਸਮੇਂ ਤੋਂ ਸਾਹਿਤਕਾਰਾਂ ਦਾ ਇੱਕ ਬਹੁਤ ਵੱਡਾ ਵਰਗ ਇਸ ਜੁਗਾੜੂ ਸਾਹਿਤਕ ਮਾਫ਼ੀਆ ਦੀ ਮਾਰ ਦਾ ਸ਼ਿਕਾਰ ਹੁੰਦਾ ਆ ਰਿਹਾ ਹੈ। ਇਸ ਸਾਹਿਤਕ ਮਾਫ਼ੀਆ ਨੇ ਸਾਹਿਤ ਵਿੱਚ ਇੱਕ ਵਿਸ਼ੇਸ਼ ਸਿਆਸੀ ਸੋਚ ਦੇ ਆਧਾਰ 'ਤੇ ਸਿਆਸਤ ਅਤੇ ਸਾਹਿਤ ਨੂੰ ਰਲ਼ਗੱਡ ਕਰਕੇ ਆਪਣਾ ਸਿਆਸੀ ਮੁਕਾਮ ਕਾਇਮ ਰੱਖਿਆ ਹੋਇਆ ਹੈ। ਲੇਖਕ ਸਭਾਵਾਂ ਅਤੇ ਸਾਹਿਤ ਅਕਾਦਮੀਆਂ ਦੇ ਨਾਂ 'ਤੇ ਵਿਸ਼ੇਸ਼ ਸਿਆਸੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ, ਉਸ ਵਿਚਾਰਧਾਰਾ ਵਾਲੇ ਨੂੰ ਹੀ ਲੇਖਕ ਮੰਨਣਾ, ਉਨਾਂ ਦੀਆਂ ਪੁਸਤਕਾਂ 'ਤੇ ਗੋਸ਼ਟੀਆਂ ਕਰਾਉਣਾ, ਖੋਜ ਕਰਾਉਣਾ, ਵੱਡੇ ਪੁਰਸਕਾਰ ਦਿਵਾਉਣਾ, ਵਿਸ਼ਵ ਸਾਹਿਤਕ ਕਾਨਫ਼ਰੰਸਾਂ ਵਿੱਚ ਬੁਲਾਉਣਾ, ਅਖੌਤੀ ਪ੍ਰਗਤੀਸ਼ੀਲਤਾ ਦੇ ਨਾਂ 'ਤੇ ਹੋਰ ਲੇਖਕਾਂ ਨੂੰ ਨਜ਼ਰ ਅੰਦਾਜ਼ ਕਰਨਾ, ਆਪਣੀਆਂ ਲਿਖਤਾਂ ਵਿੱਚ ਸੱਤਾ ਅਤੇ ਸਿਸਟਮ ਦਾ ਸਖ਼ਤ ਵਿਰੋਧ ਕਰਦਿਆਂ ਉਸੇ ਸੱਤਾ ਦੀ ਝੋਲੀ ਵਿੱਚ ਡਿੱਗ ਕੇ ਵੱਡੇ-ਵੱਡੇ ਇਨਾਮ-ਸਨਮਾਨ ਹਾਸਿਲ ਕਰਨਾ ਤੇ ਆਪਣੇ ਚਹੇਤਿਆਂ ਨੂੰ ਦਿਵਾਉਣਾ, ਯੂਨੀਵਰਸਿਟੀਆਂ ਤੇ ਕਾਲਜਾਂ ਵਿੱਚ ਲੈਕਚਰਾਰਾਂ ਤੇ ਪ੍ਰੋਫ਼ੈਸਰਾਂ ਦੀਆਂ ਨਿਯੁਕਤੀਆਂ ਕਰਾਉਣਾ, ਉਨਾਂ ਦੀਆਂ ਪੁਸਤਕਾਂ 'ਤੇ ਪੀ-ਐੱਚ.ਡੀ. ਜਾਂ ਐੱਮ. ਫ਼ਿਲ. ਕਰਾਉਣਾ, ਇਸ ਸਾਹਿਤਕ ਮਾਫ਼ੀਏ ਦਾ ਅਕੀਦਾ ਰਿਹਾ ਹੈ। ਇਸ ਮਾਫ਼ੀਏ ਦਾ ਜਾਲ ਸਕੂਲਾਂ, ਕਾਲਜਾਂ, ਵਿਸ਼ਵਵਿਦਿਆਲਿਆਂ, ਸਰਕਾਰੀ - ਗ਼ੈਰ-ਸਰਕਾਰੀ ਸਾਹਿਤਕ ਅਦਾਰਿਆਂ, ਮੰਤਰਾਲਿਆਂ ਅਤੇ ਪਾਠਕ੍ਰਮ, ਪੁਰਸਕਾਰ ਚੋਣ ਕਮੇਟੀਆਂ, ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਤੱਕ ਫ਼ੈਲਿਆ ਹੋਇਆ ਹੈ। ਸਮਾਜ ਦੀ ਹਰ ਇੱਕ ਉਹ ਬੁਰਾਈ, ਜਿਸਦਾ ਇਹ ਸਾਹਿਤਕ ਮਾਫ਼ੀਆ ਆਪਣੀਆਂ ਲਿਖਤਾਂ ਅਤੇ ਲੈਕਚਰਾਂ ਵਿੱਚ ਵਿਰੋਧ ਕਰਦਾ ਹੈ, ਉਸ ਨੂੰ ਜੜੋਂ ਪੁੱਟਣ ਲਈ ਲੋਕਾਂ ਨੂੰ ਪ੍ਰੇਰਦਾ ਹੈ, ਆਪ ਉਸੇ ਦਲ-ਦਲ ਵਿੱਚ ਗਲ਼-ਗਲ਼ ਤਾਈਂ ਗ਼ਲਤਾਨ ਹੋਇਆ ਪਿਆ ਹੈ। ਇਸ ਮਾਫ਼ੀਆ ਦੇ ਵਧੇਰੇ ਮੈਂਬਰ ਉਹੀ ਹੱਥਕੰਡੇ ਅਪਣਾਉਂਦੇ ਹਨ, ਜਿਹੜੇ ਗ਼ੈਰ ਲੇਖਕ ਜਾਂ ਸਾਧਾਰਣ ਲੋਕ ਅਪਣਾਉਂਦੇ ਹਨ।

**ਵਿਸ਼ੇਸ਼ ਮੁੱਦਾ**

ਬਹੁਤ ਸਾਰੇ ਲੇਖਕਾਂ ਵਾਂਗ ਹੀ ਖ਼ਾਕਸਾਰ ਵੀ ਇਸ ਸਾਹਿਤਕ ਮਾਫ਼ੀਏ ਦਾ ਸ਼ਿਕਾਰ ਹੋਇਆ ਹੈ। ਇਨਾਂ ਅਦਾਰਿਆਂ ਦੇ ਹੇਠਲੇ ਯੂਨਿਟ ਤੋਂ ਰਾਜਪੱਧਰੀ ਬਾਡੀ ਵਿੱਚ ਬੀਤੇ 30-35 ਵਰਿਆਂ ਤੱਕ ਬਤੌਰ ਨਿਰੋਲ ਲੇਖਕ ਵਿਚਰਿਆਂ ਹਾਂ। ਇਸ ਮਾਫ਼ੀਏ ਦੀ ਅਖੌਤੀ ਪ੍ਰਗਤੀਸ਼ੀਲ ਵਿਚਾਰਧਾਰਾ ਨੂੰ ਪਰਨਾਏ ਹੋਏ ਲੇਖਕਾਂ ਨੂੰ ਹੀ ਲੇਖਕ ਮੰਨਣ ਦੀ ਕਸੌਟੀ 'ਤੇ ਪੂਰਾ ਨਾ ਉੱਤਰਦਿਆਂ ਮੈਨੂੰ ਵੀ ਇਨਾਂ ਦੀ ਨਜ਼ਰਅੰਦਾਜ਼ਗੀ ਦਾ ਸ਼ਿਕਾਰ ਹੋਣਾ ਪਿਆ ਹੈ। ਸਾਹਿਤਕ ਦ੍ਰਿਸ਼ਟੀ ਤੋਂ ਸਿਰਕੱਢ, ਇੱਕ ਪੰਜਾਬੀ ਅਖ਼ਬਾਰ ਵਿੱਚ ਖ਼ਾਕਸਾਰ ਬੀਤੇ 30-35 ਵਰਿਆਂ ਤੋਂ ਛਪਦਾ ਆ ਰਿਹਾ ਸੀ। ਇੱਕ ਵੱਡਾ ਸੰਜੀਦਾ ਪਾਠਕ ਵਰਗ ਖ਼ਾਕਸਾਰ ਨਾਲ਼ ਜੁੜਿਆ ਹੋਇਆ ਸੀ। ਕੁਝ ਵਰੇ ਪਹਿਲੋਂ ਅਜਿਹੇ ਹੀ ਸਾਹਿਤਕ ਮਾਫ਼ੀਏ ਦੇ ਇੱਕ ਸਿਰਕੱਢ ਬੁੱਧੀਜੀਵੀ ਲੇਖਕ ਦੇ ਸੰਪਾਦਕ ਬਣਦਿਆਂ ਹੀ ਖ਼ਾਕਸਾਰ ਦੀਆਂ ਰਚਨਾਵਾਂ ਦੀ ਉਸ ਅਖ਼ਬਾਰ ਵਿੱਚ ਪ੍ਰਕਾਸ਼ਨਾ ਬੰਦ ਕਰ ਦਿੱਤੀ ਗਈ। ਇਸ ਵਿਤਕਰੇ ਸੰਬੰਧੀ ਉਕਤ ਸੰਪਾਦਕ ਨੂੰ ਪੱਤਰ ਲਿਖ ਕੇ ਕਾਰਨ ਪੁੱਛਿਆ ਪਰ ਉਸ ਨੇ ਅੱਜ ਤੱਕ ਇਸਦਾ ਜਵਾਬ ਹੀ ਨਹੀਂ ਦਿੱਤਾ। ਹੋਰ ਖੋਜ-ਪੜਤਾਲ ਕਰਨ 'ਤੇ ਪਤਾ ਲੱਗਾ ਕਿ ਇਸ ਸੰਪਾਦਕ ਵੱਲੋਂ ਵਿਸ਼ੇਸ਼ ਵਿਚਾਰਧਾਰਾ ਦੇ ਲੇਖਕਾਂ ਨੂੰ ਹੀ ਛਾਪਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ। 30-35 ਵਰਿਆਂ ਤੋਂ ਮੇਰੇ ਨਾਲ਼ ਜੁੜੇ ਹੋਏ ਮੇਰੇ ਸੈਂਕੜੇ ਪਾਠਕ ਮੇਰੇ ਤੋਂ ਟੁੱਟ ਗਏ ਹਨ। ਕੱਟੜ ਫ਼ਿਰਕਾਪ੍ਰਸਤ ਲੋਕਾਂ ਹੱਥੋਂ ਕੁਲਬੁਰਗੀ, ਦਭੋਲਕਰ, ਲੰਕੇਸ਼ ਵਰਗੇ ਲੇਖਕਾਂ ਅਤੇ ਪੱਤਰਕਾਰਾਂ ਦੇ ਕਤਲ ਤੇ ਇਹ ਲੋਕ ਹਾਅ ਦਾ ਨਾਹਰਾ ਮਾਰਦੇ ਹਨ। ਲੇਕਿਨ ਆਪਣੀ ਵਿਚਾਰਧਾਰਾ ਦੀ ਕੱਟੜਤਾ ਹੇਠ ਜਦੋਂ ਕਿਸੇ ਲੇਖਕ ਦੀ ਜਿਉਂਦਿਆਂ ਜੀਅ ਹੱਤਿਆ ਕਰਦੇ ਹਨ, ਇਹ ਇਨਾਂ ਨੂੰ ਨਜ਼ਰ ਨਹੀਂ ਆਉਂਦਾ। ਇਸ ਨਜ਼ਰੀਏ ਤੋਂ ਇਹ ਸਾਹਿਤਕ ਮਾਫ਼ੀਏ ਵਾਲੇ ਵੀ ਕਿਸੇ ਕੱਟੜ ਫ਼ਿਰਕਾਪ੍ਰਸਤਾਂ ਤੋਂ ਘੱਟ ਨਹੀਂ ਹਨ। ਹੁਣ ਤੱਕ ਸਾਹਿਤਕ ਦ੍ਰਿਸ਼ਟੀ ਤੋਂ ਅਣਗੌਲ਼ੇ ਕੰਢੀ ਖੇਤਰ ਦੀ ਸੰਸਕ੍ਰਿਤੀ, ਸੱਭਿਆਚਾਰ, ਬੋਲੀ ਦੀਆਂ ਸਮੱਸਿਆਵਾਂ ਅਤੇ ਜਨਜੀਵਨ ਨੂੰ ਖ਼ਾਕਸਾਰ ਨੇ ਮੌਲਿਕ ਤੇ ਨਵੇਕਲੇ ਤਿੰਨ ਨਾਵਲਾਂ (ਪਥਰਾਟ, ਕੁਆਰਝਾਤ, ਮਨੇ) ਕੰਢੀ ਬੋਲੀ ਦਾ ਸ਼ਬਦ ਸੰਗ੍ਰਹਿ (ਪੰਜਾਬੀ ਯੂਨੀਵਰਸਿਟੀ) ਲੋਕ ਗੀਤ ਸੰਗ੍ਰਹਿ, ਕੰਢੀ ਦੀ ਸੱਭਿਆਚਾਰਕ ਵਿਰਾਸਤ, ਕੰਢੀ ਦੀਆਂ ਵਿਲੱਖਣਤਾਵਾਂ ਅਤੇ ਵਿਭਿੰਨਤਾਵਾਂ ਸੱਤ ਪੁਸਤਕਾਂ ਰਾਹੀਂ ਪੰਜਾਬੀ ਦੀ ਮੁੱਖ ਧਾਰਾ ਨਾਲ਼ ਜੋੜਨ ਦੇ ਬਾਵਜੂਦ (ਇਨਾਂ ਸਾਹਿਤਕ ਅਦਾਰਿਆਂ ਦਾ ਮੈਂਬਰ ਹੁੰਦਿਆਂ ਹੋਇਆ ਵੀ) ਕਦੇ ਨੋਟਿਸ ਨਹੀਂ ਲਿਆ ਗਿਆ। ਇਹ ਬੁੱਧੀਜੀਵੀ ਤਾਂ ਇਨਾਂ ਨੂੰ ਭੇਜੀਆਂ ਜਾਂਦੀਆਂ ਪੁਸਤਕਾਂ ਦੀ ਪਹੁੰਚ ਰਸੀਦ ਤੱਕ ਨਹੀਂ ਦਿੰਦੇ। ਮੇਰੇ ਵਰਗੇ ਪਤਾ ਨਹੀਂ ਕਿੰਨੇ ਹੋਰ ਨਵੇਂ-ਪੁਰਾਣੇ ਲੇਖਕ ਇਸ ਸਾਹਿਤਕ ਮਾਫ਼ੀਏ ਦਾ ਸ਼ਿਕਾਰ ਹੋ ਰਹੇ ਹਨ।




ਇਸ ਸਾਹਿਤਕ ਮਾਫ਼ੀਏ ਦੇ ਕਥਿਤ ਬੁੱਧੀਜੀਵੀ ਜਦੋਂ ਕਿਸੇ ਵਿਸ਼ੇ 'ਤੇ ਗੋਸ਼ਟੀ ਜਾਂ ਸੈਮੀਨਾਰ ਵਿੱਚ ਬੋਲਦੇ ਹਨ ਤਾਂ ਇਨਾਂ ਪਾਸ ਪੰਜਾਬੀ ਜਾਂ ਭਾਰਤੀ ਇਤਿਹਾਸ-ਮਿਥਿਹਾਸ, ਜੀਵਨ ਦਰਸ਼ਨ, ਫ਼ਿਲਾਸਫ਼ਰ ਜਾਂ ਚਿੰਤਕ ਦੀ ਕੋਈ ਉਦਾਹਰਣ ਨਹੀਂ ਹੁੰਦੀ ਸਗੋਂ ਵਿਦੇਸ਼ੀ ਸੱਭਿਆਚਾਰ ਤੇ ਸੰਸਕ੍ਰਿਤੀ, ਲੇਖਕਾਂ, ਕਵੀਆਂ, ਫ਼ਿਲਾਸਫ਼ਰਾਂ, ਚਿੰਤਕਾਂ ਦੇ ਸੋਹਲੇ ਗਾਉਣਾ ਇਨਾਂ ਦਾ ਅਕੀਦਾ ਬਣਿਆ ਹੋਇਆ ਹੈ। ਉਨਾਂ ਦੀਆਂ ਪੁਸਤਕਾਂ ਦਾ ਜ਼ਿਕਰ ਕਰਨ ਵਿੱਚ ਆਪਣੀ ਸ਼ਾਨ ਸਮਝਦੇ ਹਨ।

ਬਾਕੀ ਸਫ਼ਾ 31 'ਤੇ

# ਯੂਕਰੇਨ ਦਾ ਅੱਖੀਂ ਦੇਖਿਆ ਖ਼ੌਫ਼ਨਾਕ ਮੰਜ਼ਰ



**ਕੁਲਦੀਪ ਚਿਰਾ.ਗ**



ਜਦੋਂ ਮੌਤ ਨੂੰ ਦੋ ਵਾਰ ਐਨ ਕਰੀਬ ਤੋਂ ਦੇਖਿਆ, ਉਸ ਸਮੇਂ ਰੂਹ ਕੰਬ ਗਈ। ਬੀਤੇ ਵੀਰਵਾਰ ਯਾਨੀ ਕਿ 24 ਫ਼ਰਵਰੀ ਨੂੰ ਸਵੇਰੇ ਤਿੰਨ ਵਜੇ ਅਸੀਂ ਸੱਤ ਜਣੇ ਆਪਣੇ ਘਰ (ਮੀਨਸਕਾ ਸਟੇਸ਼ਨ), ਕੀਵ ਤੋਂ ਕੀਮਤੀ ਸਮਾਨ ਤੇ ਖਾਣ-ਪੀਣ ਦੀਆਂ ਵਸਤੂਆਂ ਨੂੰ ਸਮੇਟ ਕੇ ਮੋਢੇ 'ਤੇ ਟੰਗ ਕੇ ਵੋਕਜਾਲਨਾ ਸਟੇਸ਼ਨ ਲਈ ਰਵਾਨਾ ਹੋ ਗਏ। ਕਾਹਲ਼ ਤੇ ਡਰ ਐਨਾ ਸੀ ਕਿ ਲੈਪਟਾਪ, ਜ਼ਰੂਰੀ ਵਸਤਾਂ ਤੇ ਮਹਿੰਗੇ ਬਸਤਰ ਛੱਡਣੇ ਪਏ, ਦੋ ਘੰਟਿਆਂ ਦੀ ਜੱਦੋ-ਜਹਿਦ ਬਾਅਦ ਦੋ ਟੈਕਸੀ ਡਰਾਈਵਰ ਲੱਭਣ ਵਿੱਚ ਕਾਮਯਾਬ ਹੋਏ, ਜਿਨਾਂ ਨੇ ਸਾਨੂੰ ਪੋਲੈਂਡ ਦੇ ਬਾਰਡਰ ਦੇ ਨਜ਼ਦੀਕ ਯੂਕਰੇਨ ਦੇ ਇਤਿਹਾਸਿਕ ਸ਼ਹਿਰ ਲਵੀਵ ਵਿਖੇ ਛੱਡਣਾ ਸੀ। ਇਨਾਂ ਨਾਲ਼ ਕੁੱਲ ਉਨੱਤੀ ਹਜ਼ਾਰ ਹਰੀਵਨਾ (ਭਾਰਤੀ 85000 ਦੇ ਕਰੀਬ) ਦੀ ਰਾਸ਼ੀ ਤੇ ਗੱਲ ਤੈਅ ਹੋ ਗਈ, ਐਨਾ ਕਿਰਾਇਆ ? ਯੁੱਧ ਦਾ ਐਲਾਨ ਹੁੰਦਿਆਂ ਹੀ ਸੱਤ ਗੁਣਾ ਕਿਰਾਇਆ ਵੱਧ ਗਿਆ। ਸ਼ਾਇਦ ਗੋਰਿਆਂ ਨੂੰ ਸਾਡੀ ਮਜਬੂਰੀ ਦਾ ਪਤਾ ਸੀ ਅਤੇ ਸਾਡੇ ਕੋਲ਼ ਇਸ ਤੋਂ ਬਿਨਾ ਕੋਈ ਚਾਰਾ ਨਹੀਂ ਸੀ। ਅਸੀਂ ਇੱਕ ਦੂਜੇ ਨਾਲ਼ ਅੱਖ ਮਿਲਾਈ ਤੇ ਝੱਟ ਹੀ ਹਾਂ ਕਰ ਦਿੱਤੀ। ਗੋਰੇ ਡਰਾਈਵਰ ਨੇ ਸਾਰੀ ਰਾਸ਼ੀ ਅਡਵਾਂਸ ਵਿੱਚ ਲੈਣ ਦੀ ਸ਼ਰਤ ਰੱਖੀ। ਆਪਣੇ ਕਰੀਬੀਆਂ ਤੋਂ ਫੜ ਧੜ ਕੇ ਜੋ ਸਾਡੇ ਕੋਲ ਜਮਾਂ ਪੂੰਜੀ ਇਕੱਠੀ ਹੋਈ ਸੀ ਉਹ ਕੇਵਲ ਤੇਈ ਹਜ਼ਾਰ ਪੰਜ ਸੌ ਰੁਪਏ ਸੀ। ਬਾਕੀ ਪੇਮੈਂਟ ਸਾਡੇ ਏ.ਟੀ.ਐੱਮ ਵਿੱਚ ਸੀ, ਪਰ ਇਸ ਸਮੇਂ ਸਾਰੇ ਯੂਕਰੇਨ ਦੀਆਂ ਨੱਬੇ ਪ੍ਰਤੀਸ਼ਤ ਏ.ਟੀ. ਐੱਮ ਮਸ਼ੀਨਾਂ ਵਿੱਚੋਂ ਕੈਸ਼ ਖ਼ਤਮ ਹੋ ਚੁੱਕਾ ਸੀ, ਅਸੀਂ ਡੇਢ ਘੰਟੇ ਵਿੱਚ ਪੈਦਲ ਸਾਰੇ ਏ.ਟੀ. ਐੱਮ ਗਾਹ ਮਾਰੇ, ਪਰ ਕਿਤੋਂ ਵੀ ਕੋਈ ਕੈਸ਼ ਨਾ ਨਿਕਲਿਆ। ਸਾਢੇ ਛੇ ਵੱਜ ਚੁੱਕੇ ਸਨ, ਰਾਤ ਆਪਣੀ ਕਾਲਖ ਸਮੇਟ ਕੇ ਜਾ ਚੁੱਕੀ ਸੀ, ਸੂਰਜ ਦੀ ਆਮਦ ਲਈ ਰੋਸ਼ਨੀ ਉਡੀਕ ਰਹੀ ਸੀ ਅਤੇ ਸਾਡੇ ਦਿਲਾਂ ਦੀਆਂ ਧੜਕਣਾਂ ਥੰਮਦੀਆਂ ਜਾ ਰਹੀਆਂ ਸਨ, ਕਿਉਂਕਿ ਬੀਤੀ ਸਾਰੀ ਰਾਤ ਅਸੀਂ ਬੰਬ ਧਮਾਕਿਆਂ ਦੀਆਂ

**ਹਰਫ਼ਾਂ ਦੇ ਨੂਰ**

ਅਵਾਜ਼ਾਂ ਸੁਣਦੇ ਆ ਰਹੇ ਸੀ ਤੇ ਲੰਘੀ ਰਾਤ ਕਿਸੇ ਨੇ ਵੀ ਰੋਟੀ ਨਹੀਂ ਖਾਧੀ ਸੀ ਤੇ ਨਾ ਹੀ ਕੋਈ ਸੁੱਤਾ ਸੀ। ਗੋਰੇ ਡਰਾਈਵਰ ਦੀਆਂ ਬਹੁਤ ਮਿੰਨਤਾਂ ਕੀਤੀਆਂ ਕਿ ਜਿਹੜਾ ਵੀ ਅੱਗੇ ਏ.ਟੀ.ਐੱਮ ਆਏਗਾ ਤੈਨੂੰ ਕੈਸ਼ ਕੱਢ ਕੇ ਦੇ ਦੇਵਾਂਗੇ। ਪਰ ਉਹ ਨਹੀਂ ਮੰਨਿਆ, ਕੀਵ ਦਾ ਪ੍ਰਮੁੱਖ ਸਟੇਸ਼ਨ ਸੀ ਵੋਕਜਾਲਨਾ ਜਿੱਥੇ ਅਸੀਂ ਸੱਤ ਜਣੇ ਅੱਤ ਦੀ ਠੰਡ ਵਿੱਚ ਨੀਂਦ ਤੇ ਭੁੱਖ ਦੇ ਮਾਰੇ ਊਂਘ ਰਹੇ ਸੀ ਤੇ ਬੁੱਤ ਬਣ ਗਏ ਸੀ, ਕਿਉਂਕਿ ਉਹ ਮੰਨ ਹੀ ਨਹੀਂ ਰਿਹਾ ਸੀ। ਸੱਤ ਵੱਜ ਗਏ, ਇੱਕਦਮ ਚਾਨਣ ਹੋਇਆ, ਮੈਂ ਦੇਖਿਆ ਤਾਂ ਦਿਨ ਚੜ ਗਿਆ ਸੀ, ਸਾਡੇ ਮੂੰਹ 'ਚੋਂ ਇਕੱਠਿਆ ਨਿਕਲੀ, ਹਾਏ! ਚੱਲੋ ਛੇਤੀ! ਅਗਲੇ ਹੀ ਪਲ ਇੱਕ ਲੜਾਕੂ ਜਹਾਜ਼ ਬਿਲਕੁਲ ਖ਼ੰਜਰ ਵਾਂਗ ਟੇਡਾ ਹੋ ਕੇ ਸਾਡੇ ਐਨ ਉੱਪਰ ਦੀ ਗੁਜ਼ਰਿਆ, ਉਸਦੇ ਹਵਾ ਦੇ ਵਹਾਅ ਕਾਰਨ ਧਰਤੀ ਤੇ ਪਈਆਂ ਸਭ ਚੀਜ਼ਾਂ ਆਪਣੀ ਜਗਾ ਤੋਂ ਹਿੱਲ ਗਈਆਂ। ਲੋਕਾਂ ਵਿੱਚ ਹਫ਼ੜਾ-ਦਫ਼ੜੀ ਮੱਚ ਗਈ ਸਟੇਸ਼ਨ ਦੇ ਬਾਹਰ ਖੜੇ ਲੋਕ ਅੰਦਰ ਵੱਲ ਨੂੰ ਭੱਜ ਗਏ। ਮੇਰੇ ਨਾਲ਼ ਦੇ ਸਾਥੀ ਕੰਨਾਂ 'ਤੇ ਹੱਥ ਰੱਖ ਕੇ ਅਤੇ ਅੱਖਾਂ ਬੰਦ ਕਰਕੇ ਬੈਠ ਗਏ ਤੇ ਇੱਕ ਦੋ ਦੀਆਂ ਚੀਕਾਂ ਵੀ ਨਿਕਲ ਗਈਆਂ, ਜਾਨ ਮੁੱਠੀ ਵਿੱਚ ਆ ਗਈ, ਯੂਕਰੇਨ ਦਾ ਗੋਰਾ ਵੀ ਦਹਿਲ ਗਿਆ। ਉਸਨੇ ਉੱਚੀ ਅਵਾਜ਼ ਵਿੱਚ ਕਿਹਾ 'ਦਵਾਏ ਦਵਾਏ', ਯਾਨੀ ਕਿ ਕਾਰ 'ਚ ਬੈਠੋ 'ਜਲਦੀ ਜਲਦੀ'। ਅਸੀਂ ਕਾਰ ਵਿੱਚ ਇੱਕ ਪਲ ਵਿੱਚ ਫਿੱਟ ਹੋ ਗਏ, ਉਸਨੇ ਕਲੱਚ ਨੱਪ ਕੇ ਰੇਸ ਦਬਾਈ, ਗੇਅਰ ਪਾਇਆ ਤੇ ਇੱਕ ਦਮ ਕਲੱਚ ਛੱਡ ਦਿੱਤਾ, ਟਾਈਰਾਂ ਦੇ ਥੱਲਿਓਂ ਮਿੱਟੀ ਤੇ ਧੂੰਆਂ ਉੱਡ ਰਿਹਾ ਸੀ ਤੇ ਸਾਡੀ ਕਾਰ ਹਵਾ ਨੂੰ ਗੰਢਾਂ ਦਿੰਦੀ ਗੋਲੀ ਵਾਂਗ ਡੇਢ ਸੌ ਦੀ ਸਪੀਡ ਤੇ ਜਾ ਰਹੀ ਸੀ, ਸਾਨੂੰ ਬੰਬਾਂ ਦੀ ਗੜਗੜਾਹਟ ਦੀਆਂ ਅਵਾਜ਼ਾਂ ਸੁਣੀਆਂ, ਜਿਵੇਂ ਕਿਸੇ ਨੇ ਗਰਨੇਡਾਂ ਨਾਲ਼ ਭਰੇ ਟਰੱਕ ਨੂੰ ਅੱਗ ਲੱਗਾ ਦਿੱਤੀ ਹੋਵੇ, ਮੈਂ ਪਿੱਛੇ ਮੁੜ ਕੇ ਦੇਖਿਆ ਤਾਂ, ਸਾਹਮਣੇ ਖ਼ੌਫ਼ਨਾਕ ਮੰਜ਼ਰ ਬਾਰੇ ਸਾਥੀਆਂ ਨੂੰ ਕੁਝ ਕਹਿੰਦਾ, ਇਸਤੋਂ ਪਹਿਲਾਂ ਹੀ ਮੇਰੀ ਅਵਾਜ਼ ਮੂੰਹ ਅੰਦਰ ਹੀ ਦੱਬ ਗਈ।

# ਜ਼ਿੰਦਗੀ ਦੀ ਸੱਚਾਈ



**ਕਲਮਾਂ ਦੇ ਜਜ਼ਬਾਤ**

ਕਈ ਵਾਰ ਜ਼ਿੰਦਗੀ ਵਿੱਚ ਅਜਿਹੇ ਹਾਦਸੇ ਹੋ ਜਾਂਦੇ ਹਨ ਜਾਂ ਪਰਿਸਥਿਤੀਆਂ ਹੀ ਅਜਿਹੀਆਂ ਹੋ ਜਾਂਦੀਆਂ ਹਨ ਤਾਂ ਉਦਾਸੀ ਆਉਂਦੀ ਹੈ, ਜ਼ਿੰਦਗੀ ਬੇਮਾਅਨੇ ਲੱਗਣ ਲੱਗਦੀ ਹੈ, ਜਿਵੇਂ ਕੰਡਿਆਲੀ ਥੋਰ ਤੁਹਾਡੇ ਸਰੀਰ ਦੇ ਚਾਰੇ ਪਾਸੇ ਲਿਪਟੀ ਹੋਵੇ ਤੇ ਤੁਸੀਂ ਉਸ ਵਿੱਚੋਂ ਪੂਰੀ ਕੋਸ਼ਿਸ਼ ਕਰ ਕੇ ਵੀ ਨਿਕਲ ਨਹੀਂ ਪਾ ਰਹੇ ਹੋਵੋ। ਪਿੰਜਰੇ ਵਿਚਲੇ ਪੰਛੀ ਵਾਂਗ ਚੁੰਝਾਂ ਮਾਰ-ਮਾਰ ਪਿੰਜਰੇ ਨੂੰ ਤੋੜਨਾ ਚਾਹੁੰਦੇ ਹੋਵੋ ਪਰ ਕੋਈ ਰਸਤਾ ਨਾ ਨਿਕਲਦਾ ਹੋਵੇ। ਉਸ ਬੇਬਸੀ ਦਾ ਅਹਿਸਾਸ ਹੁੰਦਾ ਹੈ ਜਿਵੇਂ ਇੱਕ ਕੁੜੀ ਕੁਝ ਵਹਿਸ਼ੀ ਦਰਿੰਦਿਆਂ ਵਿਚਕਾਰ ਫਸੀ ਆਪਣੀ ਇੱਜ਼ਤ ਨੂੰ ਬਚਾਉਂਦੀ ਕਦੇ ਇੱਕ ਦਰਵਾਜ਼ੇ ਅਤੇ ਕਦੇ ਦੂਸਰੇ ਦਰਵਾਜ਼ੇ ਨੂੰ ਖੜਕਾਉਂਦੀ ਹੋਵੇ, ਬਚਾਓ! ਬਚਾਓ! ਦੀਆਂ ਆਵਾਜ਼ਾਂ ਨਾਲ਼, ਪਰ ਦਰਿੰਦਿਆਂ ਦੇ ਹਾਸੇ ਵਿੱਚ ਉਸਦੀ ਆਵਾਜ਼ ਦਬ ਰਹੀ ਹੋਵੇ। ਇਹ ਆਲਮ ਕਿੰਨੀ ਵਾਰ ਸਾਡੀ ਸਭ ਦੀ ਜ਼ਿੰਦਗੀ ਵਿੱਚ ਆਉਂਦਾ ਹੈ ਜਦ ਸਾਡੇ ਕੋਲ਼ ਕੋਈ ਰਸਤਾ ਨਹੀਂ ਹੁੰਦਾ, ਮਨ ਉਦਾਸ ਹੁੰਦਾ ਹੈ, ਕੁਝ ਚੰਗਾ ਨਹੀਂ ਲੱਗਦਾ, ਕਿਸੇ ਨਾਲ਼ ਬੋਲਣ ਨੂੰ ਜੀਅ ਨਹੀਂ ਕਰਦਾ। ਕਿਉਂ ਹੁੰਦਾ ਹੈ ਅਜਿਹਾ ?

ਜ਼ਰੂਰ ਹੀ ਸਭ ਨੇ ਸੋਚਿਆ ਹੋਵੇਗਾ। ਮੇਰੇ ਨਾਲ਼ ਵੀ ਹੁੰਦਾ ਹੈ। ਜਦੋਂ ਮੈਂ ਚੁੱਪ-ਚਾਪ ਬੱਸ ਛੱਤ 'ਤੇ ਬੈਠ ਆਸਮਾਨ ਵੱਲ ਦੇਖਦੀ ਰਹਿੰਦੀ ਹਾਂ। ਮੇਰੀ ਚੁੱਪ ਉਸ ਆਸਮਾਨ ਵੱਲ ਦੇਖ ਉਸ ਚੁੱਪੀ ਵਿੱਚ ਹੀ ਉਸ ਨੂੰ ਕਿੰਨੇ ਹੀ ਸਵਾਲ ਕਰ ਜਾਂਦੀ ਹੈ ਤੇ ਉਹਨਾਂ ਸਵਾਲਾਂ ਦੇ ਜਵਾਬ ਆਪ ਮੁਹਾਰੇ ਹੀ ਮੇਰੀਆਂ ਅੱਖਾਂ ਵਿੱਚੋਂ ਵਗਦੇ ਅੱਥਰੂ ਦੇ ਰਹੇ ਹੁੰਦੇ ਹਨ।

ਮੇਰੇ ਹਿਸਾਬ ਨਾਲ਼ ਇਹ ਸਭ ਉਦੋਂ ਹੁੰਦਾ ਹੈ ਜਦ ਸਾਡੇ ਸਬਰ ਦਾ ਘੜਾ ਉੱਪਰ ਤੱਕ ਭਰ ਜਾਂਦਾ ਹੈ। ਪਰ ਅਜੇ ਵੀ ਅਸੀਂ ਕਿਸੇ ਮਜਬੂਰੀਵੱਸ ਇਸ ਨੂੰ ਡੋਲ ਨਾ ਸਕਦੇ ਹੋਈਏ। ਆਪਣੀ ਮਰਜ਼ੀ ਨਾਲ਼ ਚੀਖ਼ ਨਾ ਸਕਦੇ ਹੋਈਏ, ਰੋ ਨਾ ਸਕਦੇ ਹੋਈਏ, ਹੱਸ ਨਾ ਸਕਦੇ ਹੋਈਏ।

ਕਿਉਂਕਿ ਸ਼ਾਇਦ ਕਿਤੇ ਨਾ ਕਿਤੇ ਸਾਨੂੰ ਇਹ ਡਰ ਹੁੰਦਾ ਹੈ ਕਿ ਇਹ ਚੀਖ਼ ਕਿਤੇ ਸਾਡੇ ਰਿਸ਼ਤਿਆਂ ਨੂੰ ਬੋਲਾ ਹੀ ਨਾ ਕਰ ਦੇਵੇ, ਸਾਡੇ ਰੋਣੇ ਵਿੱਚ ਕਿਤੇ ਸਾਡੇ ਅਰਮਾਨ, ਸਾਡਾ ਭਵਿੱਖ ਹੀ ਨਾ ਵਹਿ ਜਾਵੇ ਤੇ ਕਿਤੇ ਸਾਡੇ ਹਾਸੇ, ਸਾਡੀ ਮੁਸਕਰਾਹਟ ਇੱਕ ਮਜ਼ਾਕ ਬਣ ਕੇ ਨਾ ਰਹਿ ਜਾਣ।

ਪਰ ਕਦੋਂ ਤੱਕ ਅਸੀਂ ਇਨਾਂ ਬੇਮਾਅਨੇ ਰਿਸ਼ਤਿਆਂ ਦੀ ਬਲੀ ਚੜ ਆਪਣੀ ਜ਼ਿੰਦਗੀ ਨੂੰ ਇਸੇ ਤਰਾਂ ਧੂੜ ਵਾਂਗ ਉਡਾਉਂਦੇ ਰਹਾਂਗੇ। ਕਿਤੇ ਨਾ ਕਿਤੇ ਜਾ ਕੇ ਤਾਂ ਇਸ ਨੂੰ ਆਪਣੀ ਮਰਜ਼ੀ ਨਾਲ਼, ਆਪਣੇ ਹਿਸਾਬ ਨਾਲ਼ ਚਲਾਉਣ ਦੀ ਕੋਸ਼ਿਸ਼ ਤਾਂ ਕਰ ਹੀ ਸਕਦੇ ਹਾਂ। ਕਿਤੇ ਨਾ ਕਿਤੇ ਤਾਂ ਆਪਣੀ ਮਰਜ਼ੀ ਨਾਲ਼ ਚੀਖ਼ ਕੇ ਖ਼ੁਸ਼ੀ ਮਹਿਸੂਸ ਕਰ ਸਕਦੇ ਹਾਂ, ਰੋ ਕੇ ਆਪਣੇ ਅੰਦਰਲਾ ਦਰਦ ਕੱਢ ਸਕਦੇ ਹਾਂ, ਤੇ ਹੱਸ ਕੇ ਆਪਣੀ ਜ਼ਿੰਦਗੀ ਨੂੰ ਨਵੇਂ ਮਾਅਨੇ ਦੇ ਸਕਦੇ ਹਾਂ। ਬੱਸ ਲੋੜ ਹੈ, ਇੱਕ ਕੋਸ਼ਿਸ਼ ਦੀ, ਇੱਕ ਅਜਿਹੀ ਚੀਖ਼ ਦੀ ਜੋ ਸਾਨੂੰ ਬੱਚੇ ਦੀ ਚੀਖ਼ ਵਾਂਗ ਖ਼ੁਸ਼ੀ ਦੇਵੇ। ਤਾਂ ਕਿਉਂ ਨਾ ਅਸੀਂ ਆਪਣੀ ਮਰਜ਼ੀ ਨਾਲ਼ ਚੀਖ਼ੀਏ, ਰੋਈਏ ਤੇ ਹੱਸੀਏ ਤੇ ਜ਼ਿੰਦਗੀ ਨੂੰ ਮੁੜ ਬੱਚਾ ਬਣ ਜੀਵੀਏ।

**ਮੁਨੱਜ਼ਾ ਇਰਸ਼ਾਦ**

## ਕੇਜਰੀਵਾਲ ਸਰਕਾਰ ਨੇ

ਉਨਾਂ ਦੀ ਪਾਰਟੀ ਦਾ ਨਾਮ ਬਣ ਗਿਆ। ਹੁਣ ਯੂਕਰੇਨ ’ਤੇ ਰੂਸ ਦੇ ਹਮਲੇ ਨੇ ਇਸ ਰਾਸ਼ਟਰੀ ਨੇਤਾ ਨੂੰ ਇੱਕ ਅੰਤਰਰਾਸ਼ਟਰੀ ਸੰਕਟ ਦੇ ਕੇਂਦਰ ਵਿੱਚ ਲਿਆ ਖੜਾ ਕੀਤਾ ਹੈ। ਇੱਕ ਵਾਰ ਫਿਰ ਰੂਸ ਦੇ ਨਾਲ਼ ਪੱਛਮ ਦੇ ਸ਼ੀਤ ਯੁੱਧ ਦੀਆਂ ਯਾਦਾਂ ਤਾਜ਼ੀਆਂ ਹੋ ਗਈਆਂ।

44 ਸਾਲਾ ਰਾਸ਼ਟਰਪਤੀ ਨੇ ਬੇਹੱਦ ਸਾਵਧਾਨੀ ਨਾਲ਼ ਇੱਕ ਪਾਸੇ ਪੱਛਮੀ ਦੇਸ਼ਾਂ ਤੋਂ ਸਮਰਥਨ ਮੰਗਿਆ ਤੇ ਨਾਲ਼ ਹੀ ਆਪਣੇ ਹਮਵਤਨੀਆਂ ਵਿੱਚ ਘਬਰਾਹਟ ਨਾ ਫ਼ੈਲੇ ਇਸ ਦੀ ਪੂਰੀ ਕੋਸ਼ਿਸ਼ ਕੀਤੀ।

ਕੇਂਦਰੀ ਸ਼ਹਿਰ ਕਰੀਵੀ ਰੀਹ ਵਿੱਚ ਯਹੂਦੀ ਮਾਪਿਆਂ ਦੇ ਘਰ ਜਨਮੇ, ਜ਼ੇਲੇਂਸਕੀ ਨੇ ਕੀਵ ਨੈਸ਼ਨਲ ਇਕਨਾਮਿਕ ਯੂਨੀਵਰਸਿਟੀ ਤੋਂ ਕਾਨੂੰਨ ਵਿੱਚ ਗ੍ਰੈਜੂਏਸ਼ਨ ਕੀਤੀ ਹੈ। ਹਾਲਾਂਕਿ, ਇਸ ਤੋਂ ਬਾਅਦ ਉਹ ਕਾਮੇਡੀ ਦੇ ਖੇਤਰ ਵਿੱਚ ਚਲੇ ਗਏ ਅਤੇ ਇੱਕ ਕਾਮੇਡੀਅਨ ਵਜੋਂ ਹੀ ਮਸ਼ਹੂਰ ਹੋਏ। 2003 ਵਿੱਚ, ਉਨਾਂ ਨੇ ਆਪਣੀ ਕਾਮੇਡੀ ਟੀਮ ‘ਕਵਾਰਟਲ 95’ ਦੇ ਨਾਮ ਉੱਪਰ ਹੀ ਇੱਕ ਸਫ਼ਲ ਟੀ.ਵੀ. ਪ੍ਰੋਡਕਸ਼ਨ ਕੰਪਨੀ ਦੀ ਸਹਿ-ਸਥਾਪਨਾ ਕੀਤੀ।

ਕੰਪਨੀ ਨੇ ਯੂਕਰੇਨ ਦੇ 1+1 ਨੈਟਵਰਕ ਲਈ ਸ਼ੋਅ ਤਿਆਰ ਕੀਤੇ, ਜਿਸ ਦੇ ਵਿਵਾਦਗ੍ਰਸਤ ਅਰਬਪਤੀ ਮਾਲਕ, ਇਹੋਰ ਕੋਲੋਮੋਇਸਕੀ ਨੇ ਬਾਅਦ ਵਿੱਚ ਜ਼ੇਲੇਂਸਕੀ ਦੀ ਰਾਸ਼ਟਰਪਤੀ ਦੀ ਉਮੀਦਵਾਰੀ ਦਾ ਵੀ ਸਮਰਥਨ ਕੀਤਾ। ਹਾਲਾਂਕਿ, 2010 ਦੇ ਦਹਾਕੇ ਦੇ ਅੱਧ ਤੱਕ, ਟੀ.ਵੀ. ਅਤੇ ਫ਼ਿਲਮਾਂ ਜਿਵੇਂ ਕਿ ‘ਲਵ ਇਨ ਦਿ ਬਿਗ ਸਿਟੀ’ (2009) ਅਤੇ ਟਰਜ਼ੇਵਸਕੀ ਵਰਸੇਸ ਨੈਪੋਲੀਅਨਟ (2012) ਤੱਕ ਉਨਾਂ ਦਾ ਆਪਣੇ ਕਾਮੇਡੀ ਕਰੀਅਰ ਉੱਤੇ ਹੀ ਧਿਆਨ ਸੀ।

### ਕਾਮੇਡੀ ਸ਼ੋਅ ਦੇ ਨਾਮ ਤੇ ਬਣਾਈ ਸਿਆਸੀ ਪਾਰਟੀ

ਜ਼ੇਲੇਂਸਕੀ ਦੇ ਸਿਆਸੀ ਸਫ਼ਰ ਦੀ ਸ਼ੁਰੂਆਤ ਲਈ ਮੰਚ 2014 ਦੀਆਂ ਅਸ਼ਾਂਤ ਘਟਨਾਵਾਂ ਦੌਰਾਨ ਤਿਆਰ ਹੋਇਆ, ਜਦੋਂ ਯੂਕਰੇਨ ਦੇ ਰੂਸੀ ਸਮਰਥਕ ਰਾਸ਼ਟਰਪਤੀ ਵਿਕਟਰ ਯਾਨੂਕੋਵਿਚ ਨੂੰ ਕੁਝ ਮਹੀਨਿਆਂ ਦੇ ਵਿਰੋਧ ਤੋਂ ਬਾਅਦ ਅਹੁਦੇ ਤੋਂ ਹਟਾਅ ਦਿੱਤਾ ਗਿਆ। ਰੂਸ ਨੇ ਫਿਰ ਕ੍ਰੀਮੀਆ ’ਤੇ ਕਬਜ਼ਾ ਕਰ ਲਿਆ ਅਤੇ ਯੂਕਰੇਨ ਦੇ ਪੂਰਬ ਵਿੱਚ (ਦੋਨਤੇਸਕ ਤੇ ਲੁਹਾਂਸਕ ਖੇਤਰਾਂ ਵਿੱਚ) ਵੱਖਵਾਦੀਆਂ ਦੀ ਹਮਾਇਤ ਕਰਨੀ ਸ਼ੁਰੂ ਕਰ ਦਿੱਤੀ। ਇੱਕ ਸਾਲ ਬਾਅਦ ਅਕਤੂਬਰ 2015 ਵਿੱਚ ਹੀ ਜ਼ੇਲੇਂਸਕੀ ਦੀ ਭੂਮਿਕਾ ਵਾਲਾ ਨਾਟਕ ‘ਸਰਵੈਂਟ ਆਫ਼ ਦਿ ਪੀਪਲ’ 1+1 ਉੱਪਰ ਦਿਖਾਇਆ ਗਿਆ। ਉਹ ਭੂਮਿਕਾ ਜ਼ੇਲੇਂਸਕੀ ਨੇ ਆਪਣੀ ਅਸਲੀ ਜ਼ਿੰਦਗੀ ਵਿੱਚ ਵੀ ਸਾਕਾਰ ਕਰ ਦਿਖਾਈ।

ਉਨਾਂ ਨੇ ਤਤਕਾਲੀ ਰਾਸ਼ਟਰਪਤੀ ਪੈਟਰੋ ਪੋਰੋਸ਼ੈਂਕੋ, ਜੋ ਕਿ ਸਾਲ 2014 ਤੋਂ ਸੱਤਾ ਵਿੱਚ ਸਨ, ਨੂੰ ਹਰਾਇਆ। ਚੋਣਾਂ ਤੋਂ ਪਹਿਲਾਂ ਟੀ.ਵੀ. ਡਿਬੇਟ ਵਿੱਚ ਉਨਾਂ ਨੇ ਕਿਹਾ ਸੀ, ‘ਮੈਂ ਸਿਆਸਤਦਾਨ ਨਹੀਂ ਹਾਂ। ਮੈਂ ਇੱਕ ਆਮ ਇਨਸਾਨ ਹਾਂ ਜੋ ਸਿਸਟਮ ਨੂੰ ਚੁਣੌਤੀ ਦੇਣ ਆਇਆ ਹੈ।’

ਉਹ 73.2% ਵੋਟਾਂ ਨਾਲ਼ ਜਿੱਤੇ ਅਤੇ ਉਨਾਂ ਨੇ 20 ਮਈ 2019 ਨੂੰ ਯੂਕਰੇਨ ਦੇ ਛੇਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ ਸੀ।

ਜ਼ੇਲੇਂਸਕੀ ਨੇ ਪੂਰਬੀ ਯੂਕਰੇਨ ਵਿੱਚ ਉਸ ਸੰਘਰਸ਼ ਨੂੰ ਖ਼ਤਮ ਕਰਨ ਦੇ ਆਪਣੇ ਵਾਅਦੇ ’ਤੇ ਅਮਲ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਦੌਰਾਨ ਹੁਣ ਤੱਕ 16,000 ਤੋਂ ਵੱਧ ਲੋਕ ਮਾਰੇ ਗਏ ਹਨ। ਪਹਿਲਾਂ ਤਾਂ ਉਨਾਂ ਨੇ ਸਮਝੌਤਾ ਕਰਨ ਦੀ ਕੋਸ਼ਿਸ਼ ਕੀਤੀ। ਰੂਸ ਨਾਲ਼ ਗੱਲਬਾਤ ਹੋਈ, ਕੈਦੀਆਂ ਦੀ ਅਦਲਾ-ਬਦਲੀ ਹੋਈ ਅਤੇ ਸ਼ਾਂਤੀ ਪ੍ਰਕਿਰਿਆ ਦੇ ਕੁਝ ਹਿੱਸਿਆਂ ਨੂੰ ਲਾਗੂ ਕਰਨ ਵੱਲ ਕਦਮ ਪੁੱਟੇ ਗਏ। ਰੂਸ ਅਤੇ ਯੂਕਰੇਨ ਦਰਮਿਆਨ ਹੋਏ ਸਮਝੌਤਿਆਂ ਨੂੰ ਮਿੰਸਕ ਸਮਝੌਤਿਆਂ ਵਜੋਂ ਜਾਣਿਆ ਜਾਂਦਾ ਹੈ, ਪਰ ਉਨਾਂ ’ਤੇ ਕਦੇ ਵੀ ਅਮਲ ਨਹੀਂ ਹੋਇਆ।

ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਕਬਜ਼ੇ ਵਾਲੇ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਰੂਸੀ ਪਾਸਪੋਰਟ ਦੇਣ ਦੇ ਫ਼ੈਸਲੇ ਨਾਲ਼ ਸੁਲਾ ਵਿੱਚ ਵਿਗਾੜ ਆ ਗਿਆ। ਇੱਕ ਜੰਗਬੰਦੀ ਜੁਲਾਈ 2020 ਵਿੱਚ ਲਾਗੂ ਹੋ ਗਈ ਸੀ ਪਰ ਛਿਟ-ਪੁਟ ਲੜਾਈਆਂ ਕਦੇ ਬੰਦ ਨਹੀਂ ਹੋਈਆਂ।

ਜ਼ੇਲੇਂਸਕੀ ਨੇ ਯੂਰਪੀਨ ਯੂਨੀਅਨ ਅਤੇ ਨਾਟੋ ਫ਼ੌਜੀ ਗਠਜੋੜ ਦੀ ਮੈਂਬਰਸ਼ਿਪ ਹਾਸਲ ਕਰਨ ਦੀ ਗੱਲ ਕਹਿਣੀ ਸ਼ੁਰੂ ਕੀਤੀ। ਇਸ ਕਾਰਨ ਰੂਸ ਦੇ ਰਾਸ਼ਟਰਪਤੀ ਪੁਤਿਨ ਨਾਰਾਜ਼ ਹੋਏ।

ਪੱਛਮੀ ਦੇਸ਼ ਉਨਾਂ ਨੂੰ ਚੇਤਾਵਨੀ ਦੇ ਰਹੇ ਸਨ ਕਿ ਰੂਸ ਕਦੇ ਵੀ ਹਮਲਾ ਕਰ ਸਕਦਾ ਹੈ। ਜ਼ੇਲੇਂਸਕੀ ਨੇ ਕਿਹਾ ਕਿ ਅੱਠ ਸਾਲਾਂ ਦੀ ਲੜਾਈ ਤੋਂ ਬਾਅਦ, ਇਹ ਕੋਈ ਨਵੀਂ ਗੱਲ ਨਹੀਂ ਹੈ। ਉਨਾਂ ਨੇ 16 ਫ਼ਰਵਰੀ ਨੂੰ ਰਾਸ਼ਟਰੀ ਏਕਤਾ ਦਿਵਸ ਮਨਾ ਕੇ ਯੂਕਰੇਨੀਆਂ ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਨਿਯਮਿਤ ਤੌਰ ’ਤੇ ਫ਼ਰੰਟ ਲਾਈਨ ’ਤੇ ਸੈਨਿਕਾਂ ਨੂੰ ਮਿਲਦੇ ਵੀ ਰਹੇ।

### ਸਿਆਸਤਦਾਨਾਂ ਤੇ ਧਨਾਢਾਂ ਦੇ ਰਿਸ਼ਤੇ ’ਤੇ ਵਾਰ

ਜੇਲੇਂਸਕੀ ਨੇ ਵਾਅਦਾ ਕੀਤਾ ਸੀ ਕਿ ਉਹ ਸਿਆਸਤ ਤੋਂ ਬਹੁਤ ਅਮੀਰ ਕੁਲੀਨ ਵਰਗ ਦੇ ਸਿਆਸੀ ਅਤੇ ਆਰਥਿਕ ਪ੍ਰਭਾਵ ਨੂੰ ਰੋਕਣਗੇ। ਇਹੋਰ ਕੋਲੋਮੋਇਸਕੀ, ਇੱਕ ਟਾਈਕੂਨ ਜਿਸ ਦੇ ਮੀਡੀਆ ਸਾਮਰਾਜ ਨੇ ਜ਼ੇਲੇਂਸਕੀ ਦੀ ਚੋਣ ਮੁਹਿੰਮ ਦਾ ਸਮਰਥਨ ਕੀਤਾ ਸੀ, ਉਨਾਂ ਦੇ ਨਾਲ਼ ਸੰਬੰਧਾਂ ਕਾਰਨ ਆਲੋਚਕਾਂ ਨੂੰ ਸ਼ੱਕ ਸੀ। ਹਾਲਾਂਕਿ ਉਨਾਂ ਨੇ ਸਿਆਸਤ ਵਿੱਚੋਂ ਕੁਝ ਚੋਣਵੇਂ/ਅਮੀਰ ਲੋਕਾਂ ਦੇ ਪ੍ਰਭਾਵ ਨੂੰ ਦੂਰ ਕਰਨ ਦੀ ਆਪਣੀ ਵਚਨਬੱਧਤਾ ਵੱਲ ਕਦਮ ਜ਼ਰੂਰ ਚੁੱਕੇ। ਉਨਾਂ ਦੀ ਸਰਕਾਰ ਨੇ ਯੂਕਰੇਨ ਦੇ ਕੁਝ ਪ੍ਰਮੁੱਖ ਕੁਲੀਨ ਲੋਕਾਂ ਨੂੰ ਨਿਸ਼ਾਨਾ ਬਣਾਇਆ, ਜਿਸ ਵਿੱਚ ਵਿਰੋਧੀ ਧਿਰ ਦੇ ਰੂਸ-ਪੱਖੀ ਨੇਤਾ ਵਿਕਟਰ ਮੇਦਵੇਦਚੁਕ ਵੀ ਸ਼ਾਮਲ ਹਨ। ਉਨਾਂ ਨੂੰ ਦੇਸ਼ਧ੍ਰੋਹ ਸਮੇਤ ਅਪਰਾਧਾਂ ਦੇ ਦੋਸ਼ਾਂ ਵਿੱਚ ਘਰ ਵਿੱਚ ਨਜ਼ਰਬੰਦ ਕੀਤਾ ਗਿਆ ਸੀ ਜਿਸਦੀ ਮੇਦਵੇਦਚੁਕ ਨੇ ‘ਸਿਆਸੀ ਦਮਨ’ ਕਹਿ ਕੇ ਨਿੰਦਾ ਕੀਤੀ ਸੀ। ਫਿਰ ਉਨਾਂ ਨੇ ਕਾਨੂੰਨੀ ਤੌਰ ’ਤੇ ਅਮੀਰ ਵਰਗ ਨੂੰ ਪਰਿਭਾਸ਼ਿਤ ਕੀਤਾ ਅਤੇ ਉਨਾਂ ਨੂੰ ਪਾਬੰਦੀਆਂ ਦੇ ਅਧੀਨ ਕੀਤਾ, ਜਿਸ ਵਿੱਚ ਸਿਆਸੀ ਦਲਾਂ ਨੂੰ ਵਿੱਤੀ ਸਹਾਇਤਾ ਦੇਣ ’ਤੇ ਪਾਬੰਦੀ ਵੀ ਸ਼ਾਮਲ ਹੈ।

### ਅਮਰੀਕਾ ਨਾਲ਼ ਸੰਬੰਧ

ਹਾਲਾਂਕਿ ਕੁਝ ਆਲੋਚਕਾਂ ਨੇ ਜ਼ੇਲੇਂਸਕੀ ਦੇ ਭ੍ਰਿਸ਼ਟਾਚਾਰ ਵਿਰੋਧੀ ਕਦਮਾਂ ਨੂੰ ਦਿਖਾਵਟੀ ਕਹਿੰਦੇ ਹੋਏ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੂੰ ਰਿਝਾਉਣ ਦੀ ਕੋਸ਼ਿਸ਼ ਕਿਹਾ। ਬਾਈਡਨ ਦੇ ਸਮਰਥਨ ਦੀ ਗਰੰਟੀ ਲਈ, ਜ਼ੇਲੇਂਸਕੀ ਨੂੰ ਕੁਝ ਔਖੇ ਪਲ ਵੀ ਦੇਖਣੇ ਪਏ। ਜੁਲਾਈ 2019 ਵਿੱਚ, ਰਿਪਬਲਿਕਨ ਰਾਸ਼ਟਰਪਤੀ ਡੌਨਲਡ ਟਰੰਪ ਨੇ ਇੱਕ ਫ਼ੋਨ ਕਾਲ ਦੌਰਾਨ ਜ਼ੇਲੇਂਸਕੀ ਤੋਂ ਸਹਿਯੋਗ ਮੰਗਿਆ। ਟਰੰਪ ਚਾਹੁੰਦੇ ਸਨ ਕਿ ਜ਼ੇਲੇਂਸਕੀ, ਬਾਈਡਨ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਕਰਨ। ਬਾਈਡਨ ਡੈਮੋਕ੍ਰੇਟਸ ਵੱਲੋਂ ਰਾਸ਼ਟਰਪਤੀ ਦੇ ਉਮੀਦਵਾਰ ਸਨ ਅਤੇ ਅੱਗੇ ਚੱਲ ਕੇ ਅਮਰੀਕਾ ਦੇ ਰਾਸ਼ਟਰਪਤੀ ਬਣੇ।

ਜਾਂਚ ਦੇ ਬਦਲੇ ਜ਼ੇਲੇਂਸਕੀ ਨੂੰ ਉਨਾਂ ਦੀ ਅਗਲੀ ਵਾਸ਼ਿੰਗਟਨ ਯਾਤਰਾ ਦੌਰਾਨ ਅਮਰੀਕਾ ਦੀ ਫ਼ੌਜੀ ਮਦਦ ਦਾ ਭਰੋਸਾ ਦਿੱਤਾ ਗਿਆ। ਵਿਸਲਬਲੋਅਰ ਕਾਰਨ ਜਦੋਂ ਇਸ ਕਾਲ ਦੀ ਡਿਟੇਲ ਜਨਤਕ ਹੋਈ ਤਾਂ ਟਰੰਪ ’ਤੇ ਇਲਜ਼ਾਮ ਲੱਗਾ ਕੀ ਉਨਾਂ ਨੇ ਗ਼ੈਰ-ਕਾਨੂੰਨੀ ਤਰੀਕੇ ਨਾਲ਼ ਯੂਕਰੇਨ ਦੇ ਆਗੂ ’ਤੇ ਦਬਾਅ ਪਾਇਆ ਤਾਂ ਜੋ ਇੱਕ ਸਿਆਸੀ ਵਿਰੋਧੀ ਖ਼ਿਲਾਫ਼ ਜਾਣਕਾਰੀ ਕਢਵਾਈ ਜਾ ਸਕੇ।

ਜ਼ੈਲੇਂਸਕੀ ਨੇ ਸਤੰਬਰ 2021 ਵਿੱਚ ਵਾਈਟ ਹਾਊਸ ਵਿੱਚ ਓਵਲ ਦਫ਼ਤਰ ਵਿੱਚ ਰਾਸ਼ਟਰਪਤੀ ਬਾਈਡਨ ਨਾਲ਼ ਮੁਲਾਕਾਤ ਕੀਤੀ। ਟਰੰਪ ਅਡੋਲ ਸੀ ਕਿ ਉਨਾਂ ਨੇ ਕੁਝ ਵੀ ਗ਼ਲਤ ਨਹੀਂ ਕੀਤਾ ਸੀ, ਜਦੋਂ ਕਿ ਜ਼ੇਲੇਂਸਕੀ ਨੇ ਕਿਸੇ ਵੀ ਤਰਾਂ ਦੀ ਸ਼ਮੂਲੀਅਤ ਹੋਣ ਤੋਂ ਇਨਕਾਰ ਕੀਤਾ।

### ਲੁਕਵੀਂ ਜਾਇਦਾਦ ਦੇ ਇਲਜ਼ਾਮ

ਫਿਰ ਵੀ ਅਜਿਹਾ ਨਹੀਂ ਹੈ ਕਿ ਜ਼ੇਲੇਂਸਕੀ ਉੱਪਰ ਕਦੇ ਕਿਸੇ ਸਕੈਂਡਲ ਦੇ ਛਿੱਟੇ ਨਾ ਉੱਛਲੇ ਹੋਣ। ਅਕਤੂਬਰ 2021 ਵਿੱਚ ਜ਼ੇਲੇਂਸਕੀ ਦਾ ਨਾਮ ਪੰਡੋਰਾ ਪੇਪਰਜ਼ ਵਿੱਚ ਸਾਹਮਣੇ ਆਇਆ। ਵੱਡੇ ਪੱਧਰ ’ਤੇ ਲੀਕ ਹੋਣ ਵਾਲੇ ਦਸਤਾਵੇਜ਼ਾਂ ਨੇ ਦੁਨੀਆ ਦੇ ਅਮੀਰਾਂ ਅਤੇ ਸ਼ਕਤੀਸ਼ਾਲੀ ਲੋਕਾਂ ਦੀ ਲੁਕੀ ਹੋਈ ਦੌਲਤ ਦਾ ਪਰਦਾਫ਼ਾਸ਼ ਕੀਤਾ ਸੀ।

ਪੰਡੋਰਾ ਪੇਪਰਜ਼ ਵਿੱਚ ਦੁਨੀਆਂ ਭਰ ਦੇ ਆਗੂਆਂ, ਸਿਆਸਤਦਾਨਾਂ ਅਤੇ ਅਰਬਪਤੀਆਂ ਦੀ ਗੁਪਤ ਮਾਇਆ, ਸੰਪਤੀ ਅਤੇ ਸੌਦੇਬਾਜ਼ੀ ਦੇ ਇੱਕ ਸਭ ਤੋਂ ਵੱਡੇ ਵਿੱਤੀ ਦਸਤਾਵੇਜ਼ ਜ਼ਰੀਏ ਪਰਦਾਫ਼ਾਸ਼ ਕੀਤਾ ਗਿਆ। ਲਗਭਗ 35 ਤਤਕਾਲੀ ਅਤੇ ਸਾਬਕਾ ਆਗੂ ਅਤੇ 300 ਤੋਂ ਵੀ ਵੱਧ ਜਨਤਕ ਅਧਿਕਾਰੀਆਂ ਦੇ ਨਾਮ ਵਿਦੇਸ਼ੀ ਕੰਪਨੀਆਂ ਦੀਆਂ ਫ਼ਾਈਲਾਂ ’ਚ ਦਰਜ ਕੀਤੇ ਗਏ ਹਨ, ਜਿਨਾਂ ਨੂੰ ਪੰਡੋਰਾ ਪੇਪਰਜ਼ ਦਾ ਨਾਂ ਦਿੱਤਾ ਗਿਆ। ਦਸਤਾਵੇਜ਼ਾਂ ਤੋਂ ਪਤਾ ਲੱਗਿਆ ਕਿ ਜ਼ੇਲੇਂਸਕੀ ਤੇ ਉਨਾਂ ਦੇ ਨਜ਼ਦੀਕੀ ਘੇਰਾ ਆਫ਼ਸ਼ੋਰ ਕੰਪਨੀਆਂ ਦੇ ਨੈਟਵਰਕ ਦੇ ਲਾਭਪਾਤਰੀ ਸਨ।

ਪਰ ਜ਼ੇਲੇਂਸਕੀ ਨੇ ਕਿਹਾ ਹੈ ਕਿ ਉਨਾਂ ਨੇ ਦਸਤਾਵੇਜ਼ਾਂ ਵਿੱਚ ਕੋਈ ਵੇਰਵਾ ਨਹੀਂ ਦੇਖਿਆ ਹੈ ਅਤੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਉਹ ਜਾਂ ਉਨਾਂ ਦੀ ਕੰਪਨੀ ‘ਕਵਾਰਟਲ 95’ ਦਾ ਕੋਈ ਵਿਅਕਤੀ ਮਨੀ ਲਾਂਡਰਿੰਗ ਵਿੱਚ ਸ਼ਾਮਲ ਹੈ।

## ਸ਼ਿਕਾਗੋਲੈਂਡ ਵਿੱਚ ਮਾਂ ...

ਗੁਰਦੁਆਰਾ ਵੀਟਨ ਦੇ ਹੈੱਡ ਗ੍ਰੰਥੀ ਭਾਈ ਮਹਿੰਦਰ ਸਿੰਘ ਨੇ ਕਿਹਾ ਕਿ ਸਾਨੂੰ ਸਾਡੇ ਗੁਰੂਆਂ ਦੇ ਮੁੱਖ ’ਚੋਂ ਨਿਕਲੀ ਗੁਰਮੁਖੀ ਦਾ ਸਤਿਕਾਰ ਕਰਨਾ ਚਾਹੀਦਾ ਹੈ ਤੇ ਪੰਜਾਬੀ ਬੋਲਦਿਆਂ ਕੋਈ ਸ਼ਰਮ ਨਹੀਂ ਮੰਨਣੀ ਚਾਹੀਦੀ। ਉਨਾਂ ਕਿਹਾ ਕਿ ਜੇ ਅਸੀਂ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈਣੀ ਹੈ ਤਾਂ ਸਾਨੂੰ ਖ਼ੁਦ ਪੰਜਾਬੀ ਬੋਲਣ ਤੇ ਸਿੱਖਣ ਦੇ ਨਾਲ਼-ਨਾਲ਼ ਆਪਣੇ ਬੱਚਿਆਂ ਨੂੰ ਗੁਰਮੁਖੀ ਜ਼ਰੂਰ ਸਿਖਾਉਣੀ ਪੈਣੀ ਹੈ।

ਭਾਈ ਦਲਜੀਤ ਸਿੰਘ ਸ਼ਿਕਾਗੋ ਨੇ ਆਪਣੀ ਤਕਰੀਰ ਇਨਾਂ ਸਤਰਾਂ ‘ਸ਼ਰਫ ਪੁੱਛੀ ਨਾ ਬਾਤ ਜਿਨਾਂ ਨੇ, ਮੈਂ ਬੋਲੀ ਹਾਂ ਉਨਾਂ ਪੰਜਾਬੀਆਂ ਦੀ’ ਨਾਲ਼ ਸ਼ੁਰੂ ਕੀਤੀ। ਉਨਾਂ ਕਿਹਾ ਕਿ ਮਾਂ ਬੋਲੀ ਦੀ ਥਾਂ ਕੋਈ ਹੋਰ ਬੋਲੀ ਨਹੀਂ ਲੈ ਸਕਦੀ, ਕਿਉਂਕਿ ਸ਼ਬਦਾਂ ਦਾ ਤਰਜਮਾ ਤਾਂ ਹੋ ਸਕਦਾ ਹੈ, ਪਰ ਭਾਵਾਂ ਦਾ ਨਹੀਂ। ਉਨਾਂ ਆਪਣੇ ਕੁਝ ਸੁਝਾਅ ਵੀ ਪੇਸ਼ ਕੀਤੇ।

ਐੱਫ਼.ਆਈ.ਏ. ਦੇ ਪ੍ਰਧਾਨ ਰਾਕੇਸ਼ ਮਲਹੋਤਰਾ ਨੇ ਕਿਹਾ ਕਿ ਜੋ ਬੋਲੀ ਗੁਰੂ ਦੇ ਮੁੱਖ ਤੋਂ ਨਿਕਲੀ ਹੋਈ ਹੈ, ਉਹ ਸਾਡੀ ਇਬਾਦਤ ਹੈ ਅਤੇ ਸਭ ਤੋਂ ਵੱਡੀ ਕਵਿਤਾ ਮਾਂ ਹੈ। ਉਨਾਂ ਮਾਂ ਬੋਲੀ, ਮਾਂ ਭੂਮੀ ਤੇ ਕਰਮ ਭੂਮੀ ਨਾਲ਼ ਸਾਂਝ ਬਣਾਈ ਰੱਖਣ ਦੀ ਗੱਲ ਕਹੀ। ਇਸ ਤੋਂ ਇਲਾਵਾ ਉਨਾਂ ਗੁਰਦਾਸ ਮਾਨ ਦੇ ਗੀਤ ‘ਰੋਟੀ’ ਦੀਆਂ ਸਤਰਾਂ ਵੀ ਪੜੀਆਂ, ਪਰ ਕਿਤੇ ਕਿਤੇ ਉਹ ਪੰਜਾਬੀ ਸ਼ਬਦਾਂ ਨੂੰ ਹਿੰਦੀ ਦੀ ਤਰਜ਼ ’ਤੇ ਪੜਦੇ ਰਹੇ।

ਮਾਹੌਲ ਵਿੱਚ ਉਦੋਂ ਹਾਸ-ਰਸ ਭਰ ਗਿਆ ਜਦੋਂ ਗੁਰਮੁਖ ਸਿੰਘ ਭੁੱਲਰ ਅਤੇ ਚਰਨਦੀਪ ਸਿੰਘ ਨੇ ਆਪਣੀ ਸਕਿੱਟ ‘ਭਾਈਆ’ (ਕਹਿੰਦੇ ਬਾਬਾ ਬੋਲਦਾ ਐ) ਪੇਸ਼ ਕੀਤੀ। ਬਾਬਾ ਬਣੇ ਸ. ਭੁੱਲਰ ਨੇ ‘ਗੱਪਾਂ ਦੀਆਂ ਪੰਡਾਂ’ ਤਾਂ ਖੋਲੀਆਂ ਹੀ, ਸਗੋਂ ਸਾਥੀ ਕਲਾਕਾਰ ਨਾਲ਼ ਆਪਸੀ ਵਾਰਤਾਲਾਪ ਦੌਰਾਨ ਸਥਾਨਕ ਭਾਈਚਾਰਕ ਸ਼ਖ਼ਸੀਅਤਾਂ ਦੇ ਕਿੱਤੇ ਅਤੇ ਵਿਹਾਰ ਪ੍ਰਤੀ ਮਜ਼ਾਕੀਆ ਫੁੱਲਝੜੀਆਂ ਵੀ ਚਲਾਈਆਂ। ਗੱਪਾਂ ਛੱਡਦੇ ਉਹ ਪੰਜਾਬ ਦੇ ਕਈ ਸਿਆਸਤਦਾਨਾਂ ਦੀ ਯਾਦ ਦਿਵਾ ਰਹੇ ਸਨ। ਮੰਜੇ ਉੱਤੇ ਬੈਠ ਕੇ ਹਾਸੇ-ਠੱਠੇ ਦੀਆਂ ਗੱਲਾਂ-ਬਾਤਾਂ ਕਰਦਿਆਂ ਦੋਹਾਂ ਕਲਾਕਾਰਾਂ ਨੇ ਅਖ਼ੀਰ ਵਿੱਚ ਮਾਈਕ ਅਤੇ ਕੁਰਸੀ ਵਿਚਲੇ ਅੰਤਰ ਨੂੰ ਮਿਟਾਉਂਦਿਆਂ ਵਿਅੰਗਮਈ ਤੋੜਾ ਝਾੜਿਆ ਕਿ ਕੁਰਸੀ ਤੇ ਮਾਈਕ ਜਿਸ ਨੂੰ ਵੀ ਮਿਲ ਜਾਵੇ, ਛੱਡਣਾ ਨਹੀਂ ਚਾਹੁੰਦਾ।

ਇੱਥੋਂ ਦੇ ਜੰਮੇ ਬੱਚਿਆਂ ਕਮਨੀਵ ਕੌਰ ਤੇ ਸਾਥੀਆਂ ਨੇ ਪੁਰਾਣੇ ਸਾਜ਼ਾਂ ਦੀ ਵਰਤੋਂ ਕਰਦਿਆਂ ਰਾਗਾਂ ’ਤੇ ਆਧਾਰਤ ਸ਼ਬਦ ਦਾ ਗਾਇਨ ਕੀਤਾ। ਇਸ ਤੋਂ ਇਲਾਵਾ ਉਨਾਂ ਤੰਤੀ ਸਾਜ਼ਾਂ ਰਾਹੀਂ ਸੰਗੀਤਕ ਧੁਨਾਂ ਵੀ ਬਿਖੇਰੀਆਂ। ਉਨਾਂ ਤਾਊਸ, ਦਿਲਰੁਬਾ, ਤਬਲਾ ਆਦਿ ਸਾਜ਼ਾਂ ਦੀ ਵਰਤੋਂ ਕੀਤੀ। ਇਸ ਮੌਕੇ ਪੰਜਾਬੀ ਲੋਕ ਸੰਗੀਤ ਸਾਜ਼ਾਂ ਅਤੇ ਪੰਜਾਬ ਦੇ ਪੇਂਡੂ ਜਨ-ਜੀਵਨ ਦੀਆਂ ਕਲਾਕ੍ਰਿਤੀਆਂ ਦੀ ਪ੍ਰਦਰਸ਼ਨੀ ਵੀ ਲਾਈ ਗਈ।

ਗੁਰਦੁਆਰਾ ਪੈਲਾਟਾਈਨ ਦੇ ਗੁਰਮਤਿ ਸਕੂਲ ਦੇ ਬੱਚਿਆਂ ਨੇ ‘ਮਾਂ ਬੋਲੀ ਵਿੱਚ ਬੋਲ ਅੰਮੜੀਏ’ ਗੀਤ ਪੇਸ਼ ਕਰਨ ਤੋਂ ਇਲਾਵਾ ‘ਸਾਡੀ ਬੋਲੀ, ਸਾਡਾ ਭਵਿੱਖ’ ਦੀ ਪੇਸ਼ਕਾਰੀ ਵੀ ਕੀਤੀ। ਬੱਚਿਆਂ ਨੇ ਪ੍ਰਸਿੱਧ ਪੰਜਾਬੀ ਕਵੀ ਮਰਹੂਮ ਧਨੀ ਰਾਮ ਚਾਤ੍ਰਿਕ ਦੀ ਕਵਿਤਾ ‘ਬੋਲੀ ਹੈ ਪੰਜਾਬੀ ਸਾਡੀ’ ਸੁਣਾ ਕੇ ਪੰਜਾਬੀ ਬੋਲੀ ਪ੍ਰਤੀ ਅਪਾਣੇ ਪਿਆਰ ਦਾ ਇਜ਼ਹਾਰ ਕੀਤਾ। ਪੈਂਤੀ ਦੇ ਕੁਝ ਅੱਖਰਾਂ ਦੀ ਛਪਾਈ ਵਾਲੀਆਂ ਟੀ-ਸ਼ਰਟਾਂ ਪਾਈ ਪੰਜਾਬੀ ਕਲਚਰਲ ਸੁਸਾਇਟੀ (ਸ਼ਿਕਾਗੋ) ਦੇ ਯੂਥ ਭੰਗੜਾ ਗਰੁੱਪ ਨੇ ਗਾਇਕ ਸਤਿੰਦਰ ਸਰਤਾਜ ਦੇ ਗੀਤ ‘ਗੁਰਮੁਖੀ ਦਾ ਬੇਟਾ’ ਉੱਤੇ ਭੰਗੜਾ ਪੇਸ਼ ਕੀਤਾ।

ਸ਼ਾਇਰ ਰਾਜ ਲਾਲੀ ਬਟਾਲਾ ਨੇ ਮੰਚ ਸੰਚਾਲਨ ਕਰਨ ਦੇ ਨਾਲ਼-ਨਾਲ਼ ਆਏ ਲੇਖਕਾਂ ਤੇ ਕਵੀਆਂ ਨੂੰ ਮੰਚ ’ਤੇ ਆਉਣ ਦਾ ਸੱਦਾ ਦਿੱਤਾ ਅਤੇ ਵਿੱਚ-ਵਿੱਚ ਆਪਣੇ ਸ਼ੇਅਰ ਵੀ ਪੇਸ਼ ਕੀਤੇ। ਗਾਇਕਾ ਅਨੀਤਾ ਲਿਆਕੇ ਦੀ ਗਾਇਕੀ ਅਤੇ ਆਮ ਵਰਤੋਂ-ਵਿਹਾਰ ਦੇ ਸ਼ਬਦ ਠੇਠ ਪੰਜਾਬੀ ਵਿੱਚ ਬੋਲੇ ਜਾਣ ਦੀ ਬੱਚਿਆਂ ਵੱਲੋਂ ਕੀਤੀ ਗਈ ਨਸੀਹਤ ਇਸ ਪ੍ਰੋਗਰਾਮ ਦਾ ਇੱਕ ਰੰਗ ਸਨ। ਗੀਤਕਾਰ ਗੁਰਨੇਕ ਸਿੰਘ ਝਾਵਰ ਨੇ ਆਪਣੀਆਂ ਰਚਨਾਵਾਂ ਪੜੀਆਂ। ਸਾਜਿਦ ਚੌਧਰੀ ਨੇ ਵੀ ਸੰਬੋਧਨ ਕੀਤਾ।

ਇਸ ਸਮਾਗਮ ਦੇ ਹਿੱਸੇ ਵਜੋਂ ਇੱਕ ਨਵੀਂ ਪਹਿਲਕਦਮੀ ‘ਪਿੰਡਾਂ ਵਿੱਚੋਂ ਪਿੰਡ ਸੁਣੀਂਦਾ’ ਵਿੱਚ ਬੱਚਿਆਂ ਨੇ ਪੰਜਾਬ ਦੇ ਪਿੰਡਾਂ ਵਿੱਚ ਆਪਣੀ ਯਾਤਰਾ ਬਾਰੇ ਤਜਰਬੇ ਸਾਂਝੇ ਕਰਨ ਵਾਲੇ ਵੀਡੀਓ ਕਲਿੱਪ ਵੀ ਬਣਾਏ, ਜਿਸ ਵਿੱਚ ਉਨਾਂ ਆਪਣੇ ਦਾਦਕੇ ਤੇ ਨਾਨਕੇ ਪਿੰਡਾਂ ਦਾ ਜ਼ਿਕਰ ਵੀ ਕੀਤਾ। ਇਨਾਂ ਬੱਚਿਆਂ ਦਾ ਕੌਂਸਲ ਜਨਰਲ ਵੱਲੋਂ ਸਨਮਾਨ ਵੀ ਕੀਤਾ ਗਿਆ। ਇਸ ਤੋਂ ਇਲਾਵਾ ਮਿਲਵਾਕੀ ਤੋਂ ਬਿਜ਼ਨੈਸਮੈਨ ਸ. ਦਰਸ਼ਨ ਸਿੰਘ ਧਾਲੀਵਾਲ ਨੇ ਕੁਝ ਸ਼ਖ਼ਸੀਅਤਾਂ ਦਾ ਸਨਮਾਨ ਪੱਤਰ ਦੇ ਕੇ ਸਨਮਾਨ ਵੀ ਕੀਤਾ।

ਜ਼ਿਕਰਯੋਗ ਹੈ ਕਿ ਇਹ ਪ੍ਰੋਗਰਾਮ ਕਰਵਾਉਣ ਲਈ ਕੌਂਸਲ ਸ. ਰਣਜੀਤ ਸਿੰਘ ਨੇ ਉਚੇਚੀ ਦਿਲਚਸਪੀ ਦਿਖਾਈ ਅਤੇ ਸੁਝਾਅ ਪੇਸ਼ ਕਰਨ ਦੇ ਨਾਲ਼-ਨਾਲ਼ ਮੀਟਿੰਗਾਂ ਦਾ ਬੰਨ-ਸੁੱਬ ਕਰਨ, ਰੂਪ-ਰੇਖਾ ਉਲੀਕਣ ਤੇ ਪ੍ਰੋਗਰਾਮ ਵਾਲੇ ਦਿਨ ਵੀ ਜ਼ਰੂਰੀ ਜ਼ਿੰਮੇਵਾਰੀਆਂ ਨਿਭਾਉਣ ਤੱਕ ਉਨਾਂ ਤਹੱਈਏ ਨਾਲ਼ ਕੰਮ ਕੀਤਾ। ਇਹ ਵੀ ਜ਼ਿਕਰਯੋਗ ਹੈ ਕਿ ਉਨਾਂ ਹੋਰਨਾਂ ਪ੍ਰਬੰਧਕਾਂ ਦੇ ਸਹਿਯੋਗ ਨਾਲ਼ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਇਸ ਪ੍ਰੋਗਰਾਮ ਵਿੱਚ ਭਾਈਚਾਰਕ, ਸੱਭਿਆਚਾਰਕ, ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਇਆ। ਹਾਲਾਂਕਿ ਮਿਡਵੈਸਟ ਦੀਆਂ ਬਹੁਤੀਆਂ ਸੰਸਥਾਵਾਂ ਦੀ ਇਸ ਸਮਾਗਮ ਵਿੱਚ ਨਾਦਾਰਦਗੀ ਰਹੀ, ਪਰ ਫਿਰ ਵੀ ਇਹ ਪਹਿਲਾ ਉੱਦਮ ਹਾਜ਼ਰੀ ਪੱਖੋਂ ਤਸੱਲੀਬਖ਼ਸ਼ ਰਿਹਾ।

ਇਹ ਸਮਾਗਮ ਹਾਫ਼ਮੈਨ ਐਸਟੇਟ ਵਿੱਚ ਸਥਿਤ ਘੁਮਾਣ ਭਰਾਵਾਂ-ਅਮਰਬੀਰ ਸਿੰਘ ਘੁਮਾਣ ਤੇ ਹਰਸ਼ਰਨ ਸਿੰਘ ਘੁਮਾਣ ਦੇ ਹੋਟਲ ਮੈਰੀਅਟ ਵਿੱਚ ਕੀਤਾ ਗਿਆ। ਘੁਮਾਣ ਭਰਾਵਾਂ ਨੇ ਪਿਛਲੇ ਸਾਲ ਹੀ ਮਾਂ ਬੋਲੀ ਸੰਬੰਧੀ ਇਹ ਸਮਾਗਮ ਮੁੜ ਉਨਾਂ ਦੇ ਹੋਟਲ ਵਿੱਚ ਕਰਵਾਉਣ ਦੀ ਪੇਸ਼ਕਸ਼ ਕੀਤੀ ਸੀ। ਉਨਾਂ ਨੇ ਸਮਾਗਮ ਲਈ ਹਾਲ ਮੁਫ਼ਤ ਵਿੱਚ ਮੁਹੱਈਆ ਕਰਵਾਉਣ ਦੇ ਨਾਲ਼-ਨਾਲ਼ ਆਏ ਮਹਿਮਾਨਾਂ ਦੀ ਆਓ-ਭਗਤ ਲਈ ਉਚੇਚੀ ਸੇਵਾ ਨਿਭਾਈ। ਇਸੇ ਦੌਰਾਨ ਉਨਾਂ ਭਵਿੱਖ ਵਿੱਚ ਵੀ ਅਜਿਹੇ ਸਮਾਗਮਾਂ ਲਈ ਸਹਿਯੋਗ ਕਰਨ ਦੀ ਗੱਲ ਦੁਹਰਾਈ ਹੈ। ਲਜ਼ੀਜ਼ ਖਾਣੇ ਦਾ ਪ੍ਰਬੰਧ ਮੁਖ਼ਤਿਆਰ ਸਿੰਘ (ਹੈਪੀ) ਹੀਰ ਵੱਲੋਂ ਮਹਾਰਾਜਾ ਰੈਸਟੋਰੈਂਟ (ਰੋਜ਼ਮਾਂਟ) ਦੀ ਤਰਫ਼ੋਂ ਕੀਤਾ ਗਿਆ ਸੀ। ਸਮਾਗਮ ਦੇ ਸਪਾਂਸਰਾਂ ਵਿੱਚੋਂ ਅਮਰੀਕ ਸਿੰਘ (ਅਮਰ ਕਾਰਪੈਟਸ) ਵੀ ਇੱਕ ਸਨ।

ਇੱਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949
Email:asrtimes@gmail.com




# ਪਾਠਕਾਂ ਦਾ ਨਜ਼ਰੀਆ

## ਵਿਸ਼ਵ ਮੰਚ ’ਤੇ ਹਿਟਲਰ ਵਾਂਗ ਕੰਮ ਕਰ ਰਹੇ ਨੇ ਪੁਤਿਨ

ਵਲਾਦੀਮੀਰ ਪੁਤਿਨ ਦੁਆਰਾ ਯੂਕਰੇਨ ਵਿਰੁੱਧ ਜੰਗ ਛੇੜਨੀ ਘਿਨਾਉਣਾ ਕਾਰਾ ਹੈ। ਵਿਸ਼ਵ ਮੰਚ ’ਤੇ ਪੁਤਿਨ ਹਿਟਲਰ ਵਾਂਗ ਕੰਮ ਕਰ ਰਹੇ ਹਨ। ਪੁਤਿਨ ਕਿਉਂਕਿ ਰੂਸੀ ਖੇਤਰ ਨੂੰ ਵਧਾਉਣਾ ਚਾਹੁੰਦਾ ਹੈ, ਇਸੇ ਲਈ ਉਸ ਨੇ ਇੱਕ ਸੁਤੰਤਰ, ਪ੍ਰਭੂਸੱਤਾ ਸੰਪੰਨ ਰਾਸ਼ਟਰ ਉੱਤੇ ਹਮਲਾ ਕੀਤਾ ਹੈ। ਕੀ ਪੁਤਿਨ ਸਿਰਫ਼ ਯੂਕਰੇਨ ’ਤੇ ਹਮਲਾ ਕਰ ਕੇ ਰੂਸੀ ਖੇਤਰ ਨੂੰ ਵਧਾਉਣਾ ਚਾਹੁੰਦਾ ਹੈ, ਜਾਂ ਹੋਰ ਕਈ ਕਾਰਨ ਹਨ? ਪਹਿਲਾਂ, ਪੁਤਿਨ ਅਮਰੀਕਾ ਦੇ ਨਕਸ਼ੇ-ਕਦਮਾਂ ’ਤੇ ਚੱਲਣਾ ਚਾਹੁੰਦਾ ਹੈ ਅਤੇ ਇੱਕ ਉੱਭਰ ਰਹੇ ਰਾਸ਼ਟਰ ਨੂੰ ਪ੍ਰਫੁੱਲਿਤ ਨਹੀਂ ਹੋਣ ਦੇਣਾ ਚਾਹੁੰਦਾ। ਜਿਵੇਂ ਅਮਰੀਕਾ ਨੇ ਵੀਅਤਨਾਮ ’ਤੇ ਹਮਲਾ ਕੀਤਾ ਸੀ, ਰੂਸ ਨੇ ਵੀ ਹੁਣ ਉਸੇ ਤਰਾਂ ਯੂਕਰੇਨ ’ਤੇ ਧਾਵਾ ਬੋਲਿਆ ਹੈ। ਪੁਤਿਨ ਯੂਕਰੇਨ ਨੂੰ ਰੂਸ ਦਾ ਹਿੱਸਾ ਮੰਨਦਾ ਹੈ, ਭਾਵੇਂ ਇਹ ਇੱਕ ਸੁਤੰਤਰ ਲੋਕਤੰਤਰ ਹੈ। ਉਹ ਸਾਂਝੇ ਸੱਭਿਆਚਾਰ ਅਤੇ ਯੂਕਰੇਨ ਵਿੱਚ ਰਹਿ ਰਹੇ ਰੂਸੀਆਂ ਉੱਤੇ ਸਮੂਹਿਕ ਅੱਤਿਆਚਾਰਾਂ ਨੂੰ ਹਮਲੇ ਦੇ ਕਾਰਨਾਂ ਵਜੋਂ ਦੱਸ ਰਿਹਾ ਹੈ।

ਹਾਲਾਂਕਿ ਉਸਨੂੰ ਡਰ ਹੈ ਕਿ ਯੂਕਰੇਨ ਆਪਣੇ-ਆਪ ਨੂੰ ਨਾਟੋ ਨਾਲ਼ ਜੋੜ ਦੇਵੇਗਾ ਜਿਸ ਨੇ ਪਹਿਲਾਂ ਹੀ ਪੂਰਬੀ ਤੇ ਮੱਧ ਯੂਰਪ ਦੇ ਬਹੁਤ ਸਾਰੇ ਸਹਿਯੋਗੀ ਲੱਭ ਲਏ ਹਨ। ਹੁਣ ਨਾਟੋ ਆਪਣੇ ਸਾਰੇ ਸਹਿਯੋਗੀਆਂ ਲਈ ਸੁਰੱਖਿਆ ਦੀ ਹਾਮੀ ਭਰਦਾ ਹੈ ਤੇ ਯੂਕਰੇਨ ਚਾਹੁੰਦਾ ਹੈ ਕਿ ਰੂਸ ਤੋਂ ਵੱਡੇ ਪੱਧਰ ’ਤੇ ਹਮਲਿਆਂ ਨੂੰ ਰੋਕਿਆ ਜਾਵੇ ਜਿਵੇਂ ਹੁਣ ਹੋ ਰਹੇ ਹਨ। ਯੂਕਰੇਨ ਦੇ ਨਾਟੋ ਵਿੱਚ ਸ਼ਾਮਲ ਹੋਣ ਦਾ ਮਤਲਬ ਹੈ ਅਮਰੀਕਾ ਦਾ ਸਮਰਥਨ ਅਤੇ ਰੂਸ ਜਾਣਦਾ ਹੈ ਕਿ ਉਸ ਤੋਂ ਬਾਅਦ ਯੂਕਰੇਨ ’ਤੇ ਹਮਲਾ ਕਰਨਾ ਅਮਰੀਕਾ ’ਤੇ ਹਮਲਾ ਕਰਨ ਦੇ ਬਰਾਬਰ ਹੋਵੇਗਾ ਜੋ ਰੂਸ ਅਤੇ ਪੂਰੀ ਦੁਨੀਆ ਲਈ ਘਾਤਕ ਹੋਵੇਗਾ। ਰੂਸ ਦਾ ਮੰਨਣਾ ਹੈ ਕਿ ਜੇਕਰ ਯੂਕਰੇਨ ਨਾਟੋ ਵਿੱਚ ਸ਼ਾਮਲ ਹੁੰਦਾ ਹੈ ਤਾਂ ਨਾਟੋ ਦੀਆਂ ਫ਼ੌਜਾਂ ਯੂਕਰੇਨ ਦੀ ਮਦਦ ਕਰਨਗੀਆਂ। ਪਰ ਸਵਾਲ ਇਹ ਹੈ ਕਿ ਰੂਸ ਨਾਟੋ ਨੂੰ ਇੰਨੀ ਨਫ਼ਰਤ ਕਿਉਂ ਕਰਦਾ ਹੈ? ਇਸ ਨੂੰ ਸਮਝਣ ਲਈ, ਸਾਨੂੰ ਪਹਿਲਾਂ ਇਹ ਸਮਝਣਾ ਪਵੇਗਾ ਕਿ ਨਾਟੋ ਕੀ ਹੈ। ਇਸ ਦੌਰਾਨ ਦੂਜਾ ਵਿਸ਼ਵ ਯੁੱਧ 1939 ਅਤੇ 1945 ਦੇ ਵਿਚਕਾਰ ਹੋਇਆ।

ਸੋਵੀਅਤ ਸੰਘ ਨੇ ਫਿਰ ਪੂਰਬੀ ਯੂਰਪ ਦੇ ਕੁਝ ਹਿੱਸਿਆਂ ਤੋਂ ਆਪਣੀਆਂ ਫ਼ੌਜਾਂ ਨੂੰ ਵਾਪਸ ਲੈਣ ਤੋਂ ਇਨਕਾਰ ਕਰ ਦਿੱਤਾ। ਸੰਨ 1948 ਵਿੱਚ ਬਰਲਿਨ ਨੂੰ ਵੀ ਘੇਰ ਲਿਆ ਗਿਆ ਸੀ। ਫਿਰ ਸੰਯੁਕਤ ਰਾਜ ਅਮਰੀਕਾ ਨੇ ਸੋਵੀਅਤ ਯੂਨੀਅਨ ਦੀ ਵਿਸਥਾਰਵਾਦੀ ਨੀਤੀ ਨੂੰ ਰੋਕਣ ਲਈ 1949 ਵਿੱਚ ਨਾਟੋ ਦੀ ਸਥਾਪਨਾ ਕੀਤੀ। ਜਦੋਂ ਨਾਟੋ ਦਾ ਗਠਨ ਕੀਤਾ ਗਿਆ ਸੀ, ਉਦੋਂ ਇਸ ਵਿੱਚ ਸੰਯੁਕਤ ਰਾਜ ਅਮਰੀਕਾ, ਬ੍ਰਿਟੇਨ, ਫ਼ਰਾਂਸ, ਕੈਨੇਡਾ, ਇਟਲੀ, ਨੀਦਰਲੈਂਡ, ਆਈਸਲੈਂਡ, ਬੈਲਜੀਅਮ, ਲਕਜ਼ਮਬਰਗ, ਨਾਰਵੇ, ਪੁਰਤਗਾਲ ਅਤੇ ਡੈਨਮਾਰਕ ਸਮੇਤ 12 ਦੇਸ਼ ਸ਼ਾਮਲ ਸਨ। ਅੱਜ ਨਾਟੋ ਵਿੱਚ 30 ਦੇਸ਼ ਸ਼ਾਮਲ ਹਨ।

ਨਾਟੋ ਇੱਕ ਫ਼ੌਜੀ ਗੱਠਜੋੜ ਹੈ ਜਿਸ ਦਾ ਉਦੇਸ਼ ਇੱਕ ਸਾਂਝੀ ਸੁਰੱਖਿਆ ਨੀਤੀ ’ਤੇ ਕੰਮ ਕਰਨਾ ਹੈ। ਜੇ ਕੋਈ ਹੋਰ ਦੇਸ਼ ਨਾਟੋ ਵਿੱਚ ਸ਼ਾਮਲ ਕਿਸੇ ਵੀ ਮੁਲਕ ’ਤੇ ਹਮਲਾ ਕਰਦਾ ਹੈ ਤਾਂ ਇਸ ਨੂੰ ਬਾਕੀ ਮੈਂਬਰ ਦੇਸ਼ਾਂ ’ਤੇ ਹਮਲਾ ਮੰਨਿਆ ਜਾਂਦਾ ਹੈ ਅਤੇ ਨਾਟੋ ਦੇ ਸਾਰੇ ਮੈਂਬਰ ਦੇਸ਼ ਉਸ ਦੇਸ਼ ਦੀ ਸੁਰੱਖਿਆ ਵਿੱਚ ਮਦਦ ਕਰਦੇ ਹਨ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਸੰਸਾਰ ਦੋ ਧੜਿਆਂ ਵਿੱਚ ਵੰਡਿਆ ਗਿਆ ਸੀ। ਦੋ ਮਹਾ-ਸ਼ਕਤੀਸ਼ਾਲੀ ਦੇਸ਼ ਸਨ। ਇੱਕ ਸੀ ਸੰਯੁਕਤ ਰਾਜ ਅਮਰੀਕਾ ਅਤੇ ਦੂਜਾ ਸੋਵੀਅਤ ਯੂਨੀਅਨ ਸੀ। ਇਸ ਨੂੰ ਸੀਤ ਯੁੱਧ ਦੀ ਸ਼ੁਰੂਆਤ ਵੀ ਮੰਨਿਆ ਜਾਂਦਾ ਹੈ।

25 ਦਸੰਬਰ 1991 ਨੂੰ ਸੋਵੀਅਤ ਸੰਘ ਟੁੱਟ ਗਿਆ। ਫਿਰ 15 ਨਵੇਂ ਦੇਸ਼ ਬਣਾਏ ਗਏ। ਇਹ 15 ਦੇਸ਼ ਅਰਮੀਨੀਆ, ਅਜ਼ਰਬਾਈਜਾਨ, ਬੇਲਾਰੂਸ, ਐਸਟੋਨੀਆ, ਜਾਰਜੀਆ, ਕਜ਼ਾਕਿਸਤਾਨ, ਕਿਰਗਿਸਤਾਨ, ਲਾਤਵੀਆ, ਲਿਥੂਆਨੀਆ, ਮੋਲਡੋਵਾ, ਰੂਸ, ਤਜ਼ਾਕਿਸਤਾਨ, ਤੁਰਕਮੇਨਸਤਾਨ, ਯੂਕਰੇਨ ਅਤੇ ਉਜ਼ਬੇਕਿਸਤਾਨ ਹਨ। ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਦੁਨੀਆ ਵਿੱਚ ਇੱਕੋ-ਇੱਕ ਮਹਾ-ਸ਼ਕਤੀ ਬਚੀ ਸੀ ਸੰਯੁਕਤ ਰਾਜ ਅਮਰੀਕਾ। ਉਦੋਂ ਤੋਂ ਅਮਰੀਕਾ ਦੀ ਅਗਵਾਈ ਵਾਲੇ ਨਾਟੋ ਦਾ ਦਾਇਰਾ ਵਧਿਆ ਹੈ। ਸੋਵੀਅਤ ਸੰਘ ਤੋਂ ਵੱਖ ਹੋਏ ਦੇਸ਼ ਨਾਟੋ ਵਿੱਚ ਸ਼ਾਮਲ ਹੋ ਗਏ। ਐਸਟੋਨੀਆ, ਲਾਤਵੀਆ ਅਤੇ ਲਿਥੂਆਨੀਆ 2004 ਵਿੱਚ ਨਾਟੋ ਵਿੱਚ ਸ਼ਾਮਲ ਹੋਏ।

ਸੰਨ 2008 ਵਿੱਚ ਜਾਰਜੀਆ ਅਤੇ ਯੂਕਰੇਨ ਨੂੰ ਵੀ ਨਾਟੋ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ। ਹਾਲਾਂਕਿ ਇਹ ਕੋਈ ਵੀ ਦੇਸ਼ ਨਾਟੋ ਵਿੱਚ ਸ਼ਾਮਲ ਨਹੀਂ ਹੋ ਸਕਿਆ ਹੈ। ਰੂਸੀ ਰਾਸ਼ਟਰਪਤੀ ਪੁਤਿਨ ਨੇ ਨਾਟੋ ਦੇ ਵਿਸਥਾਰ ’ਤੇ ਇਤਰਾਜ਼ ਜਤਾਇਆ ਹੈ। ਪਿਛਲੇ ਸਾਲ ਦਸੰਬਰ ’ਚ ਪੁਤਿਨ ਨੇ ਕਿਹਾ ਸੀ, ‘ਅਸੀਂ ਸੱਪਸ਼ਟ ਕਰ ਦਿੱਤਾ ਹੈ ਕਿ ਪੂਰਬ ਵਿੱਚ ਨਾਟੋ ਦਾ ਵਿਸਥਾਰ ਸਵੀਕਾਰ ਨਹੀਂ ਹੈ। ਅਮਰੀਕਾ ਮਿਜ਼ਾਈਲਾਂ ਨਾਲ਼ ਸਾਡੇ ਦਰਵਾਜ਼ੇ ’ਤੇ ਖੜ੍ਹਾ ਹੈ। ਜੇਕਰ ਰੂਸ ਕੈਨੇਡਾ ਨਾਲ਼ ਲੱਗਦੀ ਸਰਹੱਦ ’ਤੇ ਮਿਜ਼ਾਈਲਾਂ ਤਾਇਨਾਤ ਕਰਦਾ ਹੈ ਤਾਂ ਅਮਰੀਕਾ ਨੂੰ ਕਿਹੋ ਜਿਹਾ ਲੱਗੇਗਾ। ਜਾਂ ਮੈਕਸੀਕੋ ਨੂੰ?’ ਇਹ ਵੀ ਕਿਹਾ ਜਾਂਦਾ ਹੈ ਕਿ ਇੱਕ ਸਮਾਂ ਸੀ ਜਦੋਂ ਪੁਤਿਨ ਰੂਸ ਨੂੰ ਨਾਟੋ ਵਿੱਚ ਸ਼ਾਮਲ ਕਰਨਾ ਚਾਹੁੰਦਾ ਸੀ। ਪਰ ਹੁਣ ਉਹ ਨਾਟੋ ਨੂੰ ਨਫ਼ਰਤ ਕਰ ਰਿਹਾ ਹੈ। ਤੁਰਕੀ, ਐਸਟੋਨੀਆ, ਲਾਤਵੀਆ, ਲਿਥੂਆਨੀਆ ਰੂਸ ਦੀ ਸਰਹੱਦ ਨਾਲ਼ ਲੱਗਦੇ ਨਾਟੋ ਦੇ ਮੈਂਬਰ ਮੁਲਕ ਹਨ। ਜੇਕਰ ਯੂਕਰੇਨ ਨਾਟੋ ਵਿੱਚ ਸ਼ਾਮਲ ਹੁੰਦਾ ਹੈ ਤਾਂ ਰੂਸ ਦੀਆਂ ਸਰਹੱਦਾਂ ਨੂੰ ਪੂਰੀ ਤਰਾਂ ਨਾਲ਼ ਘੇਰ ਲਿਆ ਜਾਵੇਗਾ। ਯੂਕਰੇਨ ਦੇ ਨਾਟੋ ਵਿੱਚ ਸ਼ਾਮਲ ਹੋਣ ਨਾਲ਼ ਨਾਟੋ ਦੀਆਂ ਮਿਜ਼ਾਈਲਾਂ ਕੁਝ ਹੀ ਮਿੰਟਾਂ ਵਿੱਚ ਯੂਕਰੇਨ ਦੀ ਧਰਤੀ ’ਤੇ ਉਤਰ ਜਾਣਗੀਆਂ। ਪੁਤਿਨ ਨੇ ਦਲੀਲ ਦਿੱਤੀ ਹੈ ਕਿ ਰੂਸ ਲਈ ਇਹ ਵੱਡੀ ਚੁਣੌਤੀ ਹੈ।

ਪੁਤਿਨ ਸ਼ੀਤ ਯੁੱਧ ਦੇ ਸਮੇਂ ਇੱਕ ਜਾਸੂਸ ਸੀ, ਉਹ ਯੂਕਰੇਨ ਨੂੰ ਨਾਟੋ ਵਿੱਚ ਸ਼ਾਮਲ ਹੋਣ ਦੇ ਖ਼ਤਰੇ ਨੂੰ ਭਾਂਪਦਾ ਹੈ। ਇਸ ਲਈ ਉਹ ਯੂਕਰੇਨ ਨੂੰ ਕਦੇ ਵੀ ਨਾਟੋ ਵਿੱਚ ਸ਼ਾਮਲ ਨਹੀਂ ਹੋਣ ਦੇ ਸਕਦਾ। ਯੂਕਰੇਨ ਦਾ ਨਾਟੋ ਵਿੱਚ ਸ਼ਾਮਲ ਹੋਣਾ ਉਸ ਲਈ ਆਪਣੇ ਸਭ ਤੋਂ ਵੱਡੇ ਵਿਰੋਧੀਆਂ ਵਿਰੁੱਧ ਹਾਰ ਵਾਂਗ ਹੋਵੇਗਾ। ਇਸ ਤੱਥ ਦੇ ਮੱਦੇਨਜ਼ਰ ਕਿ ਯੂਕਰੇਨ ਵੀ ਨਾਟੋ ਵਿੱਚ ਸ਼ਾਮਲ ਹੋਣ ਦੀ ਯੋਜਨਾ ਬਣਾ ਰਿਹਾ ਹੈ, ਇਸੇ ਲਈ ਪੁਤਿਨ ਲਈ ਅਜਿਹਾ ਹੋਣ ਤੋਂ ਰੋਕਣ ਲਈ ਯੂਕਰੇਨ ਉੱਤੇ ਹਮਲਾ ਕਰਨਾ ਹੀ ਇੱਕੋ-ਇੱਕ ਬਦਲ ਬਚਿਆ ਸੀ।

ਪੁਤਿਨ ਨਾਟੋ ਵਿੱਚ ਸ਼ਾਮਲ ਹੋਣ ਵਿੱਚ ਯੂਕਰੇਨ ਦੀ ਦਿਲਚਸਪੀ ਨੂੰ ਰੂਸ ਲਈ ਸਿੱਧਾ ਖ਼ਤਰਾ ਮੰਨਦਾ ਹੈ ਅਤੇ ਅਜਿਹਾ ਹੋਣ ਤੋਂ ਰੋਕਣ ਲਈ ਕੁਝ ਵੀ ਕਰੇਗਾ ਅਤੇ ਕਰ ਰਿਹਾ ਹੈ। ਜੇਕਰ ਤੁਸੀਂ ਉਸ ਦੇ ਹਮਲੇ ਤੋਂ ਪਹਿਲਾਂ ਦੀ ਪ੍ਰੈੱਸ ਕਾਨਫ਼ਰੰਸ ਦਾ ਵਿਸ਼ਲੇਸ਼ਣ ਕਰਦੇ ਹੋ ਤਾਂ ਉਹ ਸਪਸ਼ਟ ਤੌਰ ’ਤੇ ਕਹਿ ਰਿਹਾ ਹੈ ਕਿ ਮੈਂ ਰੂਸ ਨੂੰ ਕਮਜ਼ੋਰ ਨਹੀਂ ਸਮਝਦਾ। ਸਾਡੇ ’ਤੇ ਕੋਈ ਵੀ ਪਾਬੰਦੀਆਂ ਲਾਈਆਂ ਜਾਣ, ਅਸੀਂ ਉਨਾਂ ਨਾਲ਼ ਲੜਨ ਲਈ ਤਿਆਰ ਹਾਂ। ਇਹ ਰਵੱਈਆ ਰੂਸੀ ਲੀਡਰਸ਼ਿਪ ਤੋਂ ਗ਼ਾਇਬ ਸੀ ਕਿਉਂਕਿ ਯੂ.ਐੱਸ.ਐੱਸ.ਆਰ. ਦੀ ਹੋਂਦ ਖ਼ਤਮ ਹੋ ਗਈ ਸੀ ਪਰ ਪੁਤਿਨ ਉਸ ਡਰਾਉਣੇ ਕਾਰਕ ਨੂੰ ਦੁਬਾਰਾ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਯੂਕਰੇਨ ’ਤੇ ਹਮਲਾ ਕਰਨਾ ਉਸ ਲਈ ਅਜਿਹਾ ਕਰਨ ਦਾ ਸਭ ਤੋਂ ਤੇਜ਼ ਅਤੇ ਸ਼ਾਇਦ ਸਭ ਤੋਂ ਸਸਤਾ ਤਰੀਕਾ ਹੈ।

ਦੂਜੇ ਪਾਸੇ ਪੁਤਿਨ ਜਾਣਦਾ ਹੈ ਕਿ ਯੂਰਪ ਰੂਸ ਦੇ ਤੇਲ ਅਤੇ ਕੁਦਰਤੀ ਗੈਸ ਦੀ ਸਪਲਾਈ ’ਤੇ ਬਹੁਤ ਜ਼ਿਆਦਾ ਨਿਰਭਰ ਹੈ। ਇਸ ਲਈ ਭਾਵੇਂ ਅਮਰੀਕਾ ਕੁਝ ਵੀ ਕਹੇ, ਉਹ ਰੂਸ ’ਤੇ ਲੰਬੇ ਸਮੇਂ ਲਈ ਪਾਬੰਦੀਆਂ ਨਹੀਂ ਲਾ ਸਕਦਾ। ਇਹ ਕਦਮ ਅਮਰੀਕਾ ਅਤੇ ਯੂਰਪੀ ਮੁਲਕਾਂ ਦੀ ਆਰਥਿਕਤਾ ਨੂੰ ਰੂਸ ਦੀ ਆਰਥਿਕਤਾ ਨਾਲ਼ੋਂ ਵੱਧ ਤੇਜ਼ੀ ਨਾਲ਼ ਅਪੰਗ ਕਰ ਦੇਵੇਗਾ। ਇਸ ਤੋਂ ਇਲਾਵਾ ਇੱਕ ਹੋਰ ਕੌੜੀ ਸੱਚਾਈ ਇਹ ਹੈ ਕਿ ਪੁਤਿਨ ਦੀ ਪ੍ਰਸਿੱਧੀ ਵਿੱਚ ਮਹਾਂਮਾਰੀ ਤੋਂ ਬਾਅਦ ਵੱਡੇ ਪੱਧਰ ’ਤੇ ਗਿਰਾਵਟ ਆਈ ਹੈ। ਉਸ ਵਿਰੁੱਧ ਪ੍ਰਦਰਸ਼ਨ ਹੋ ਰਹੇ ਹਨ ਜਿਨਾਂ ਦਾ ਉਦੇਸ਼ ਉਸ ਨੂੰ ਗੱਦੀ ਤੋਂ ਲਾਹ ਦੇਣਾ ਅਤੇ ਉਸ ਦੇ ਗ਼ਲਤ ਕੰਮਾਂ ਦੀ ਜਾਂਚ ਲਈ ਇੱਕ ਕਮੇਟੀ ਦਾ ਗਠਨ ਕਰਨਾ ਹੈ। ਇਸ ਲਈ, ਉਹ ਅਸਲ ਚਿੰਤਾਵਾਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਹਾਲਾਂਕਿ, ਹਮਲਾ ਉੱਥੋਂ ਦੇ ਲੋਕਾਂ ਨੂੰ ਇਹ ਦੇਖਣ ਦਾ ਮੌਕਾ ਦਿੰਦਾ ਹੈ ਕਿ ਪੁਤਿਨ ਕਿੰਨਾ ਕ੍ਰਾਂਤੀਕਾਰੀ ਨੇਤਾ ਹੈ ਕਿਉਂਕਿ ਉਹ ਯੂਕਰੇਨ ’ਤੇ ਹਮਲਾ ਕਰ ਕੇ ਅਤੇ ਇਸ ਨੂੰ ਦੁਬਾਰਾ ਆਪਣੇ ਦੇਸ਼ ਦਾ ਹਿੱਸਾ ਬਣਾ ਕੇ ਰੂਸ ਨੂੰ ਮਹਾਨ ਯੂ.ਐੱਸ.ਐੱਸ.ਆਰ. ਬਣਾਉਣ ਲਈ ਕੰਮ ਕਰ ਰਿਹਾ ਹੈ।

ਇਸ ਗੱਲ ਦਾ ਕੋਈ ਫ਼ਰਕ ਨਹੀਂ ਪੈਂਦਾ ਕਿ ਦਿਨ ਦੇ ਅੰਤ ਵਿੱਚ ਕੋਈ ਵੀ ਦੇਸ਼ ਜੰਗ ਦੀ ਸ਼ੁਰੂਆਤ ਕਰਦਾ ਹੈ, ਭੂ-ਰਾਜਨੀਤਕ ਝੜਪਾਂ ਕਾਰਨ ਮਾਸੂਮ ਲੋਕਾਂ ਦੀਆਂ ਜਾਨਾਂ ਚਲੀਆਂ ਜਾਂਦੀਆਂ ਹਨ ਅਤੇ ਪਰ ਨਾਲ਼ ਹੀ ਸ਼ਾਂਤੀ ਦੀ ਗੁੰਜਾਇਸ਼ ਵੀ ਹੁੰਦੀ ਹੈ। ਉਮੀਦ ਹੈ ਕਿ ਇਹ ਜਲਦੀ ਆਵੇਗੀ।

**ਸੁਰਜੀਤ ਸਿੰਘ ਫਲੋਰਾ**

## ਸਿੱਖ ਨੌਜਵਾਨਾਂ ਦੀਆਂ ਭਾਵਨਾਵਾਂ ਨੂੰ ਟੁੰਬਣ ਵਾਲਾ ਦੀਪ ਸਿੱਧੂ

ਫ਼ਿਲਮੀ ਅਦਾਕਾਰ, ਸਰਗਰਮ ਕਾਰਕੁੰਨ ਅਤੇ ਪੇਸ਼ੇ ਵਜੋਂ ਵਕੀਲ ਦੀਪ ਸਿੱਧੂ, ਦੀ ਬੀਤੇ ਦਿਨੀਂ ਇੱਕ ਸੜਕ ਹਾਦਸੇ ਵਿੱਚ ਮੌਤ ਹੋ ਗਈ। ਮੁਕਤਸਰ ਨਾਲ਼ ਸੰਬੰਧਿਤ ਇਸ ਅਦਾਕਾਰ ਨੂੰ ਸਿੱਖ ਨੌਜਵਾਨਾਂ ਲਈ ਪ੍ਰੇਰਣਾ ਦੇ ਰੂਪ ਵਿੱਚ ਦੇਖਿਆ ਗਿਆ। ਮਲੇਰਕੋਟਲਾ ਦੇ ਅਮਰਗੜ੍ਹ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਤੋਂ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਦੇ ਸਮਰਥਨ ਵਿੱਚ ਪ੍ਰਚਾਰ ਕਰਦਿਆਂ ਦੀਪ ਸਿੱਧੂ ਦੀ ਵੀਡਿਓ ਉਸ ਦੀ ਮੌਤ ਤੋਂ ਬਾਅਦ ਕਾਫ਼ੀ ਵਾਇਰਲ ਹੋ ਚੁੱਕੀ ਹੈ। ਇਸ ਵੀਡਿਓ ਵਿੱਚ ਉਸ ਨੇ ਇੱਕ ਹੱਥ ਵਿੱਚ ਕਿਰਪਾਨ ਅਤੇ ਦੂਜੇ ਵਿੱਚ ਝਾੜੂ ਫੜਿਆ ਹੋਇਆ ਹੈ। ਉਹ ਵੋਟਰਾਂ ਨੂੰ ਇਸ ਗੱਲ ਦਾ ਨਿਰਣਾ ਲੈਣ ਲਈ ਆਖ ਰਿਹਾ ਹੈ ਕਿ ਉਨਾਂ ਨੇ ਕ੍ਰਿਪਾਨ ਚੁਣਨੀ ਹੈ ਜਾਂ ਝਾੜੂ? ਜਿਸ ਤਰਾਂ ਉਸ ਨੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਛੋਹਿਆ ਹੈ, ਇਹ ਤੱਥ ਪੇਂਡੂ ਖੇਤਰਾਂ ਵਿੱਚ ਆਮ ਆਦਮੀ ਪਾਰਟੀ ਦੇ ਵਿਰੁੱਧ ਭੁਗਤ ਸਕਦਾ ਹੈ।

ਭਾਵੇਂ ਕਿ ਦੀਪ ਸਿੱਧੂ ਦੀ ਮੌਤ ਇੱਕ ਕਾਰ ਐਕਸੀਡੈਂਟ ਵਿੱਚ ਹੋਈ ਹੈ, ਸਿੱਖਾਂ ਦਾ ਇੱਕ ਵੱਡਾ ਤਬਕਾ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਹੈ। ਉਹ ਇਸ ਨੂੰ ਇੱਕ ਸਾਜਿਸ਼ ਗਰਦਾਨ ਦੇ ਰਹੇ ਹਨ ਜੋ ਕਿ ਇਸ ਵਿਚਾਰਧਾਰਾ ਨਾਲ਼ ਮੇਲ ਖਾਂਦੀ ਹੈ ਕਿ ਸਿੱਖਾਂ ਨੂੰ ਲਗਾਤਾਰ ਉਤਪੀੜਨ ਦਾ ਸਾਹਮਣਾ ਕਰਨਾ ਪਿਆ ਹੈ। ਇਹ ਸਿੱਖ ਵੋਟ ਦਾ ਨਿਰਣਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਵੇਗਾ। ਜਿਸ ਤਰਾਂ ਦੀਪ ਸਿੱਧੂ ਨੇ ਪੰਜਾਬ ਦੇ ਪਾਣੀਆਂ, ਕਿਸਾਨਾਂ ਦੀਆਂ ਸਮੱਸਿਆਵਾਂ, ਬੇਅਦਬੀ ਅਤੇ ਸਿੱਖਾਂ ਦੇ ਧਾਰਮਿਕ ਮਸਲਿਆਂ ਨੂੰ ਉਠਾਇਆ, ਇਸ ਨੇ ਸਿੱਖ ਨੌਜਵਾਨਾਂ ਦੀਆਂ ਭਾਵਨਾਵਾਂ ਨੂੰ ਟੁੰਬਿਆ। 2020 ਦੇ ਮੱਧ ਵਿੱਚ ਜਦੋਂ ਕਿਸਾਨ ਅੰਦੋਲਨ ਅਜੇ ਆਪਣਾ ਰੂਪ ਲੈ ਹੀ ਰਿਹਾ ਸੀ ਤਾਂ ਦੀਪ ਸਿੱਧੂ ਦੇ ਕਾਫ਼ੀ ਸਮਰਥਕ ਪੰਜਾਬ ਵਿੱਚ ਪੈਦਾ ਹੋ ਗਏ ਸਨ। ਕਾਨੂੰਨੀ ਪਿਛੋਕੜ ਹੋਣ ਕਰਕੇ ਦੀਪ ਸਿੱਧੂ ਰਾਜਨੀਤਿਕ ਮੁੱਦਿਆਂ, ਖ਼ਾਸ ਕਰਕੇ ਪੰਜਾਬ ਨਾਲ਼ ਸੰਬੰਧਿਤ, ਬਾਰੇ ਖੁੱਲ ਕੇ ਬੋਲਦਾ ਸੀ। ਕਿਸਾਨ ਅੰਦੋਲਨ ਨਾਲ਼ ਜੁੜੇ ਹੋਣ ਦੌਰਾਨ ਪਹਿਲਾਂ ਉਸ ਨੇ ਅੰਦੋਲਨਕਾਰੀਆਂ ਦਾ ਸਮਰਥਨ ਕੀਤਾ ਅਤੇ ਫਿਰ ਉਸ ਨੇ ਆਪਣਾ ਅਲੱਗ ਮੋਰਚਾ ਲਗਾ ਲਿਆ ਜਿਸ ਵਿੱਚ ਪਹਿਲਾਂ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਅਵਾਜ਼ ਉਠਾਉਂਦੇ ਹੋਏ ਉਸ ਨੇ ਬਾਅਦ ਵਿੱਚ ਸੰਵਿਧਾਨ ਵਿੱਚ ਸੰਘੀ ਢਾਂਚੇ ਦਾ ਮੁੱਦਾ ਉਠਾਇਆ।

ਪੰਜਾਬ ਅਤੇ ਹਰਿਆਣਾ ਦੀ ਸਰਹੱਦ ਸ਼ੰਭੂ ਉੱਪਰ ਭਾਵਨਾਵਾਂ ਦਾ ਹੜ ਵਹਿ ਆਇਆ ਜਦੋਂ ਸੈਂਕੜਿਆਂ ਦੀ ਗਿਣਤੀ ਵਿੱਚ ਨੌਜਵਾਨ ਸੰਦੀਪ ਸਿੰਘ ਸਿੱਧੂ ਉਰਫ਼ ਦੀਪ ਸਿੱਧੂ ਦੀ ਮ੍ਰਿਤਕ ਦੇਹ ਨੂੰ ਸ਼ਰਧਾਂਜਲੀ ਦੇਣ ਲਈ ਇਕੱਠੇ ਹੋ ਗਏ। ਉਸ ਦੀ ਮ੍ਰਿਤਕ ਦੇਹ ਨੂੰ ਲੈ ਕੇ ਜਾਣ ਵਾਲੀ ਐਂਬੂਲੈਂਸ ਦੇ ਨਾਲ਼-ਨਾਲ਼ ਪੰਜਾਬ ਨੰਬਰ ਵਾਲੀਆਂ ਗੱਡੀਆਂ ਅਤੇ ਮੋਟਰਸਾਈਕਲ ਚੱਲ ਰਹੇ ਸਨ ਅਤੇ ਵਾਹਨ ਉੱਪਰ ਫੁੱਲਾਂ ਦੀ ਵਰਖਾ ਕਰਦੇ ਹੋਏ ਨੌਜਵਾਨ ਉਸ ਨੂੰ ਸ਼ਹੀਦ ਗਰਦਾਨਦੇ ਹੋਏ ‘ਦੀਪ ਸਿੱਧੂ ਜ਼ਿੰਦਾਬਾਦ’, ‘ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ’, ‘ਦੀਪ ਸਿੱਧੂ ਅਮਰ ਰਹੇ’, ‘ਦੀਪ ਸਿੱਧੂ ਤੇਰੀ ਸੋਚ ’ਤੇ ਪਹਿਰਾ ਦਿਆਂਗੇ ਠੋਕ ਕੇ’, ‘ਰਾਜ ਕਰੇਗਾ ਖ਼ਾਲਸਾ’ ਅਤੇ ‘ਖ਼ਾਲਿਸਤਾਨ ਜ਼ਿੰਦਾਬਾਦ’ ਦੇ ਨਾਅਰੇ ਲਗਾ ਰਹੇ ਸਨ। ਦੀਪ ਸਿੱਧੂ ਦੇ ਸਸਕਾਰ ਅਤੇ ਉਸ ਤੋਂ ਬਾਅਦ ਭੋਗ ਉੱਪਰ ਹੋਇਆ ਭਾਰੀ ਇਕੱਠ ਸਿੱਖ ਨੌਜਵਾਨਾਂ ਅੰਦਰ ਚੱਲ ਰਹੇ ਅੰਤਰਪ੍ਰਵਾਹ ਦੀ ਤਰਜਮਾਨੀ ਕਰਦਾ ਹੈ ਜਿਸ ਤੋਂ ਲੱਗਦਾ ਹੈ ਕਿ ਸਿੱਖਾਂ, ਖ਼ਾਸਕਰ ਨੌਜਵਾਨਾਂ, ਵਿੱਚ ਇੱਕ ਵਿਰੋਧ ਅਤੇ ਗ਼ੁੱਸੇ ਦੀ ਭਾਵਨਾ ਹੈ ਜੋ ਕਿ ਸਿੱਖ ਮੁੱਦਿਆਂ ਨੂੰ ਮਜ਼ਬੂਤ ਅਤੇ ਸਹੀ ਦਿਸ਼ਾ ਲਈ ਚਿਹਰੇ ਦੀ ਭਾਲ ਵਿੱਚ ਹਨ।

**ਰਣਜੀਤ ਕੁਕੀ**

## ਬਰੂਦ ਦੇ ਢੇਰ ਉੱਤੇ ਬੈਠੀ ਦੁਨੀਆ

ਰੂਸ ਦੁਨੀਆ ਦਾ ਇੱਕ ਬਹੁਤ ਹੀ ਸ਼ਕਤੀਸ਼ਾਲੀ ਦੇਸ਼ ਹੈ ਜਦ ਕਿ ਦੂਜੇ ਪਾਸੇ ਯੂਕਰੇਨ ਰੂਸ ਦੇ ਮੁਕਾਬਲੇ ਕੁਝ ਵੀ ਨਹੀਂ। ਇਸ ਜੰਗ ਵਿੱਚ ਸਭ ਤੋਂ ਵੱਧ ਯੂਕਰੇਨ ਦਾ ਹੀ ਨੁਕਸਾਨ ਹੋ ਰਿਹਾ ਹੈ। ਬਹੁਮੰਜ਼ਲੀਆਂ ਗਗਨਚੁੰਬੀ ਇਮਾਰਤਾਂ ਮਿੱਟੀ ਦੇ ਢੇਰ ਵਿੱਚ ਬਦਲ ਰਹੀਆਂ ਹਨ। ਹਰ ਪਾਸੇ ਅਗਜ਼ਨੀ ਤੇ ਧੂੰਆਂਰਾਲੀ ਮਚੀ ਹੋਈ ਹੈ। ਮੌਤਾਂ ਹੋ ਰਹੀਆਂ ਹਨ, ਸੱਥਰ ਵਿੱਛ ਰਹੇ ਹਨ, ਇਨਸਾਨੀਅਤ ਦੇ ਚੀਥੜੇ ਉੱਡ ਰਹੇ ਹਨ। ਲੋਕ ਆਪਣੀ ਜਾਨ ਬਚਾਉਣ ਵਾਸਤੇ ਕਿਸੇ ਵੀ ਤਰਾਂ ਮੁਲਕ ਤੋਂ ਬਾਹਰ ਨਿਕਲਣ ਲਈ ਤਤਪਰ ਹਨ।

ਹੁਣ ਜੇਕਰ ਇਸ ਜੰਗ ਵਾਸਤੇ ਕਿਸੇ ਨੂੰ ਜ਼ਿੰਮੇਵਾਰ ਠਹਿਰਾਉਣਾ ਹੋਵੇ ਤਾਂ ਬਹੁਤੇ ਲੋਕ ਰੂਸ ਨੂੰ ਦੋਸ਼ ਦਿੰਦੇ ਹਨ। ਉਹਨਾਂ ਦਾ ਮੰਨਣਾ ਹੈ ਕਿ ਰੂਸ ਨੂੰ ਇਸ ਨਿੱਕੇ ਜਿਹੇ ਮੁਲਕ ’ਤੇ ਕਦੇ ਵੀ ਹਮਲਾ ਕਰਕੇ ਮਨੁੱਖਤਾ ਦਾ ਘਾਣ ਨਹੀਂ ਕਰਨਾ ਚਾਹੀਦਾ ਸੀ। ਜੇਕਰ ਯੂਕਰੇਨ ਨੂੰ ਨਾਟੋ ਫ਼ੋਰਸਾਂ ਵਿੱਚ ਸ਼ਾਮਿਲ ਹੋਣ ਤੋਂ ਰੋਕਣ ਦਾ ਹੀ ਮੁੱਦਾ ਸੀ ਤਾਂ ਉਸ ਬਾਰੇ ਰੂਸ ਆਪਣੇ ਹੋਰ ਬਹੁਤ ਸਾਰੇ ਡਿਪਲੋਮੈਟਿਕ ਢੰਗ ਤਰੀਕੇ ਅਪਣਾ ਸਕਦਾ ਸੀ, ਪਰ ਇਸ ਤੋਂ ਉਲਟ ਕਈ ਇਹ ਵੀ ਦਲੀਲ ਦਿੰਦੇ ਦਿੰਦੇ ਹਨ ਕਿ ਇਸ ਜੰਗ ਵਾਸਤੇ ਯੂਕਰੇਨ ਜ਼ਿੰਮੇਵਾਰ ਹੈ ਕਿਉਂਕਿ ਉਹ ਯੋਰਪੀਅਨ ਯੂਨੀਅਨ ਵਿੱਚ ਸ਼ਾਮਿਲ ਮੁਲਕਾਂ ਤੇ ਅਮਰੀਕਾ ਦੀ ਹੱਲਾਸ਼ੇਰੀ ਕਾਰਨ ਆਪਣੀ ਅਸਲ ਔਕਾਤ ਤੋਂ ਬਾਹਰ ਦੀ ਬਿਆਨਬਾਜ਼ੀ ਕਰਦਾ ਰਿਹਾ ਤੇ ਰੂਸ ਨੂੰ ਧੌਂਸਬਾਜ਼ੀ ਦਿਖਾਉਂਦਾ ਰਿਹਾ, ਜਿਸ ਕਰਕੇ ਭੜਕਾਹਟ ਪੈਦਾ ਹੋਈ ਤੇ ਯੁੱਧ ਸ਼ੁਰੂ ਹੋ ਗਿਆ।

ਸਿਆਣੇ ਕਹਿੰਦੇ ਹਨ ਕਿ ਮਿੱਤਰ ਉਹ ਜੋ ਔਖੇ ਵੇਲੇ ਨਾਲ਼ ਖੜਾ ਹੋਵੇ ਤੇ ਹਥਿਆਰ ਉਹ ਹੁੰਦਾ ਜੋ ਮੌਕੇ ’ਤੇ ਕੰਮ ਆਵੇ, ਪਰ ਯੂਕਰੇਨ ਨਾਲ਼ ਇਸ ਤੋਂ ਬਿਲਕੁਲ ਉਲਟ ਹੋਇਆ। ਉਸ ਨੂੰ ਇਹ ਕਹਿਕੇ ਹੱਲਾਸ਼ੇਰੀ ਦੇਣ ਵਾਲੇ ਕਿ ਤੂੰ ਪ੍ਰਵਾਹ ਨਾ ਕਰ, ਅਸੀਂ ਤੇਰੇ ਨਾਲ਼ ਹਾਂ, ਬੱਸ ਚੜ ਜਾ ਬੱਚਾ ਸੂਲੀ ਰਾਮ ਭਲੀ ਕਰੇਗਾ, ਲੋੜ ਵੇਲੇ ਮੂਕ ਦਰਸ਼ਕ ਬਣਕੇ ਬੈਠ ਗਏ। ਯੂਰਪੀਅਨ ਯੂਨੀਅਨ ਨੇ ਵੀ ਆਪਣਾ ਹੱਥ ਪਿੱਛੇ ਖਿੱਚ ਲਿਆ ਤੇ ਅਮਰੀਕਾ ਨੇ ਵੀ। ਜੋ ਵਿੱਤੀ ਪਾਬੰਦੀਆਂ ਯੂਰਪੀਅਨ ਮੁਲਕਾਂ ਤੇ ਅਮਰੀਕਾ ਵੱਲੋਂ ਰੂਸ ’ਤੇ ਲਗਾਈਆਂ ਜਾ ਰਹੀਆਂ ਹਨ, ਉਹਨਾਂ ਵਿੱਚੋਂ ਬਹੁਤੀਆਂ ਤਾਂ ਕਈ ਸਾਲ ਪਹਿਲਾਂ ਹੀ ਰੂਸ ’ਤੇ ਲਾਗੂ ਹਨ, ਜਿਨਾਂ ਦਾ ਉਸ ਨੂੰ ਕੋਈ ਫ਼ਰਕ ਨਾ ਹੀ ਪਿਆ ਤੇ ਨਾ ਹੀ ਭਵਿੱਖ ਵਿੱਚ ਪੈਣ ਦੀ ਸੰਭਾਵਨਾ ਹੈ। ਇਸ ਤੋਂ ਵੀ ਹੋਰ ਅੱਗੇ ਵਿੱਤੀ ਪਾਬੰਦੀਆਂ ਤੋਂ ਬਾਅਦ ਰੂਸ ਦਾ ਅਰਥਚਾਰਾ ਸਗੋਂ ਪਹਿਲਾਂ ਨਾਲ਼ੋਂ ਮਜ਼ਬੂਤ ਹੀ ਹੋਇਆ ਹੈ।

ਅਗਲੀ ਗੱਲ ਇਹ ਹੈ ਕਿ ਜਿਨਾਂ ਨਾਟੋ ਫ਼ੋਰਸਾਂ ਦੀ ਚੁੱਕਤ ਦੇ ਨਾਲ਼ ਯੂਕਰੇਨ ਰੂਸ ਦੇ ਅੱਗੇ ਸਿਰ ਚੁੱਕਦਾ ਸੀ, ਉਹ ਆਪਸੀ ਭਿੰਨ ਭੇਦ ਤੇ ਫੁੱਟ ਦੀਆਂ ਸ਼ਿਕਾਰ ਹਨ। ਉਨਾਂ ਵਿੱਚੋਂ ਕਈ ਤਾਂ ਯੂਕਰੇਨ ਨੂੰ ਸਹਿਯੋਗ ਦੇਣ ਦੀ ਗੱਲ ਕਰਦੀਆਂ ਹਨ ਤੇ ਕਈ ਯੂਕਰੇਨ ਦੇ ਵਿਰੋਧ ਵਿੱਚ ਖੜੀਆਂ ਹਨ। ਦਰਅਸਲ ਰੂਸ ਨੇ ਇਹ ਸਭ ਦਾ ਮੁਲਾਂਕਣ ਕਰਨ ਤੋਂ ਬਾਅਦ ਹੀ ਯੂਕਰੇਨ ਨੂੰ ਸਬਕ ਸਿਖਾਉਣ ਦੀ ਨੀਤੀ ਅਪਣਾਈ।

ਯੂਕਰੇਨ ਦਰਅਸਲ ਰੂਸ ਦਾ ਅੰਗ ਵੀ ਰਿਹਾ ਤੇ ਹਮਸਾਇਆ ਵੀ। ਘਰੇਲੂ ਵਖਰੇਵੇਂ ਜੇਕਰ ਅੰਦਰ ਬੈਠ ਕੇ ਸੁਲਝਾ ਲਏ ਜਾਣ ਤਾਂ ਇਹਦੇ ਨਾਲ਼ ਦੀ ਕੋਈ ਰੀਸ ਹੀ ਨਹੀਂ ਹੁੰਦੀ।

ਯੂਕਰੇਨ ਦੇ ਲੋਕਾਂ ਦੇ ਦੇਸ਼ ਪਿਆਰ ਦੇ ਜਜ਼ਬੇ ਦੀ ਗੱਲ ਕਰਨੀ ਵੀ ਜ਼ਰੂਰੀ ਹੈ। ਫ਼ੌਜਾਂ ਦੇ ਨਾਲ਼ ਦੇਸ਼ ਦੇ ਆਮ ਲੋਕ ਵੀ ਆਪਣੇ ਮੁਲਕ ਦੀ ਆਨ ਅਤੇ ਸ਼ਾਨ ਵਾਸਤੇ ਮੈਦਾਨ ਏ ਜੰਗ ਵਿੱਚ ਨਿੱਤਰ ਰਹੇ ਹਨ ਜਿਸ ਤੋਂ ਉਨਾਂ ਦੀ ਦੇਸ਼ ਪ੍ਰਤੀ ਭਾਵਨਾ ਦਾ ਲਬਾਲਬ ਜਜ਼ਬਾ ਸਾਹਮਣੇ ਆਉਂਦਾ ਹੈ। ਬੇਸ਼ਕ ਇਹ ਜੰਗ ਜਿੱਤ ਸਕਣਾ ਯੂਕਰੇਨ ਵਾਸਤੇ ਸੰਭਵ ਨਹੀਂ ਹੈ, ਪਰ ਮੁਲਕ ਦੇ ਆਮ ਸ਼ਹਿਰੀਆਂ ਦੇ ਇਸ ਜਜ਼ਬੇ ਤੋਂ ਇਹ ਗੱਲ ਜ਼ਰੂਰ ਸਾਹਮਣੇ ਆਉਂਦੀ ਹੈ ਕਿ ਹਰੇਕ ਜੰਗ ਸਿਰਫ਼ ਜਿੱਤਣ ਲਈ ਹੀ ਨਹੀਂ ਲੜੀ ਜਾਂਦੀ। ਕੁਝ ਜੰਗਾਂ ਸਿਰਫ਼ ਇਸ ਲਈ ਲੜੀਆਂ ਜਾਂਦੀਆਂ ਹਨ ਤਾਂ ਕਿ ਦੁਨੀਆਂ ਨੂੰ ਇਹ ਦੱਸਿਆ ਜਾ ਸਕੇ ਕਿ ਕੋਈ ਆਪਣੀ ਹੋਂਦ ਤੇ ਜ਼ਮੀਰ ਵਾਸਤੇ ਲੜ ਰਿਹਾ ਹੈ। ਸੋ ਯੂਕਰੇਨ ਦੇ ਲੋਕਾਂ ਦੀ ਇਸ ਭਾਵਨਾ ਨੂੰ ਲੱਖ ਲੱਖ ਪ੍ਰਣਾਮ ਕਿ ਉਹ ਆਪਣੀਆਂ ਜਾਨਾਂ ਤਲੀ ’ਤੇ ਰੱਖਕੇ ਆਪਣੇ ਵਤਨ ਦੀ ਹੋਂਦ ਬਚਾਉਣ ਵਾਸਤੇ ਆਪਣਾ ਬਣਦਾ ਯੋਗਦਾਨ ਪਾ ਰਹੇ ਹਨ।

ਮੁੱਕਦੀ ਗੱਲ ਇਹ ਹੈ ਕਿ ਜੰਗ ਦੁਨੀਆ ਦੇ ਕਿਸੇ ਵੀ ਖ਼ਿੱਤੇ ਵਿੱਚ ਲੱਗੇ, ਇਹ ਵਿਨਾਸ਼ ਦਾ ਦੂਸਰਾ ਨਾਮ ਹੈ। ਇਹ ਗੱਲ ਵੀ ਸਹੀ ਹੈ ਕਿ ਦੁਨੀਆ ਦਾ ਕੋਈ ਵੀ ਮਸਲਾ ਅਜਿਹਾ ਨਹੀਂ ਜੋ ਟੇਬਲ ’ਤੇ ਬੈਠਕੇ ਹੱਲ ਨਾ ਹੋ ਸਕਦਾ ਹੋਵੇ। ਇੱਥੇ ਸੋਚਣ ਵਾਲੀ ਗੱਲ ਇਹ ਹੈ ਕਿ ਜੇਕਰ ਮਸਲੇ ਦਾ ਹੱਲ ਮਿਲ ਬੈਠ ਹੀ ਨਿਕਲਣਾ ਹੈ ਤਾਂ ਫਿਰ ਤਬਾਹੀ ਮਚਾ ਕੇ ਕਿਉਂ, ਇਸ ਤੋਂ ਪਹਿਲਾਂ ਕਿਉਂ ਨਹੀਂ? ਦਰਅਸਲ ਅਜਿਹਾ ਇਸ ਕਰਕੇ ਹੁੰਦਾ ਹੈ ਕਿ ਕਈ ਵਾਰ ਸੰਬੰਧਿਤ ਧਿਰਾਂ ਵਿੱਚੋਂ ਕਿਸੇ ਇੱਕ ਜਾਂ ਦੋਹਾਂ ਦੀ ਈਗੋ ਉਹਨਾਂ ਦੀ ਪੇਸ਼ ਨਹੀਂ ਜਾਣ ਦਿੰਦੀ ਜਿਸ ਕਾਰਨ ਲੜਾਈ ਦੇ ਹਾਲਾਤ ਪੈਦਾ ਹੋ ਜਾਂਦੇ ਹਨ। ਇਸ ਗ਼ਲਤੀ ਦਾ ਅਹਿਸਾਸ ਈਗੋ ਦਾ ਫ਼ਤੂਰ ਉੱਤਰਨ ਤੋਂ ਬਾਦ ਹੁੰਦਾ ਹੈ। ਰੂਸ ਤੇ ਯੂਕਰੇਨ ਵੀ ਅੱਜ ਇਸੇ ਸਥਿਤੀ ਵਿੱਚੋਂ ਵਿਚਰ ਰਹੇ ਹਨ।

ਬਹੁਤ ਚੰਗਾ ਹੋਵੇ ਜੇਕਰ ਦੁਨੀਆ ਦੇ ਬਾਕੀ ਮੁਲਕ ਇਸ ਜੰਗ ਦਾ ਭਰਵਾਂ ਵਿਰੋਧ ਕਰਨ, ਮਨੁੱਖਤਾ ਦਾ ਘਾਣ ਰੋਕਣ ਲਈ ਅੱਗੇ ਆਉਣ। ਦੋਹਾਂ ਮੁਲਕਾਂ ਦੇ ਨੁਮਾਇੰਦਿਆਂ ਨੂੰ ਇੱਕ ਜਗਾ ਇਕੱਠੇ ਬਿਠਾ ਕੇ ਸਮਝਾਉਣ ਤੇ ਮਸਲੇ ਦਾ ਹੱਲ ਕੱਢਣ ਵਿੱਚ ਅਹਿਮ ਭੂਮਿਕਾ ਨਿਭਾਉਣ ਤਾਂ ਕਿ ਇਸ ਖ਼ਿੱਤੇ ਵਿੱਚ ਸ਼ਾਂਤੀ ਮੁੜ ਬਹਾਲ ਹੋ ਸਕੇ।

ਜੇਕਰ ਮੌਕੇ ਦੀ ਨਜ਼ਾਕਤ ਨੂੰ ਪਛਾਣਦਿਆਂ ਹੋਇਆ ਵੀ ਦੁਨੀਆ ਦੇ ਨਾਮੀ ਮੁਲਕ ਤਮਾਸ਼ਬੀਨ ਬਣੇ ਰਹੇ ਬਾਕੀ ਸਫ਼ਾ 29 ’ਤੇ

ਤਾਂ ਇਸ ਬਰੂਦ ਦੇ ਢੇਰ ਉੱਤੇ ਬੈਠੀ ਦੁਨੀਆ ਵਿੱਚ ਸ਼ੁਰੂ ਹੋਣ ਵਾਲੇ ਤੀਜੇ ਮਹਾਂਯੁੱਧ ਤੇ ਦੁਨੀਆ ਦੇ ਹੋਣ ਵਾਲੇ ਵਿਨਾਸ਼ ਨੂੰ ਕੋਈ ਵੀ ਰੋਕ ਨਹੀਂ ਸਕੇਗਾ।

**ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ**

ਪਿਛਲੀ ਵਾਰ ਦਾ 'ਹਰਫ਼ਾਂ ਦਾ ਨੂਰ' ਵਾਲਾ ਲੇਖ 'ਇਹ ਹੁੰਦੀ ਹੈ ਕੌਮੀਅਤ' ਬਹੁਤ ਹੀ ਫ਼ਿਰਕਾਪ੍ਰਸਤੀ ਭਰਪੂਰ ਅਤੇ ਪੰਜਾਬ ਦੀ ਵੰਨ-ਸੁਵੰਨਤਾ ਵਿੱਚ ਤਰੇੜ ਪਾਉਣ ਵਾਲਾ ਸੀ ਜੀ। ਇਸ ਲੇਖ ਦੇ ਮੁਤਾਬਿਕ ਹਿੰਦੂ, ਮੁਸਲਿਮ ਅਤੇ ਸਿੱਖਾਂ ਤੋਂ ਬਿਨਾਂ ਹੋਰ ਧਰਮਾਂ ਦੇ ਲੋਕਾਂ ਦਾ ਨਾ ਤਾਂ ਪੰਜਾਬ ਦੇ ਸੱਭਿਆਚਾਰ, ਇਤਿਹਾਸ ਜਾਂ ਵਿਰਸੇ ਵਿੱਚ ਕੋਈ ਯੋਗਦਾਨ ਹੈ ਤੇ ਨਾ ਹੀ ਇਨਾਂ ਧਰਮਾਂ ਦੇ ਲੋਕ ਪੰਜਾਬੀ ਹਨ ਤੇ ਨਾ ਹੀ ਪੰਜਾਬ, ਪੰਜਾਬੀ ਜਾਂ ਪੰਜਾਬੀਅਤ ਨੂੰ ਪਿਆਰ ਕਰਦੇ ਹਨ। ਇਹ ਬਹੁਤ ਹੀ ਸੰਕੀਰਣਤਾ ਵਾਲੇ ਤੇ ਆਰ.ਐੱਸ.ਐੱਸ. ਦੀ ਵਿਚਾਰਧਾਰਾ ਵਰਗੇ ਵਿਚਾਰ ਹਨ। ਮੈਨੂੰ ਲੱਗਦਾ ਹੈ ਅਖ਼ਬਾਰ ਦੇ ਨੈਤਿਕ ਮੁੱਲਾਂ ਦੀ ਕਦਰ ਕਰਦੇ ਹੋਏ ਅਜਿਹੀਆਂ ਲਿਖਤਾਂ ਛਾਪਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਜੋ ਪੰਜਾਬ ਦੀ ਏਕਤਾ ਨੂੰ ਤੋੜਨ ਵਾਲੀਆਂ ਤੇ ਇਸਦੀ ਸੱਭਿਆਚਾਰਕ ਸਾਂਝ ਨੂੰ ਢਾਹ ਲਾਉਣ ਵਾਲੀਆਂ ਹੋਣ।

ਅਜਿਹੇ ਵਿਚਾਰ ਅਖ਼ਬਾਰ ਦੇ ਨਾਲ਼-ਨਾਲ਼ ਸਿੱਖੀ ਸਿਧਾਂਤਾਂ ਦੇ ਵੀ ਉਲਟ ਹਨ। ਸਿੱਖੀ ਨੂੰ ਪ੍ਰਫੁੱਲਤ ਜ਼ਰੂਰ ਕਰਨਾ ਚਾਹੀਦਾ ਹੈ ਪਰ ਸਿੱਖੀ ਤਾਂ ਭਾਈਚਾਰਕ ਸਾਂਝ ਦਾ ਸੰਦੇਸ਼ ਦਿੰਦੀ ਹੈ। ਗੁਰੂ ਤੇਗ ਬਹਾਦਰ ਜੀ ਤੇ ਭਾਈ ਕਨਈਆ ਜੀ ਇਸ ਗੱਲ ਦੀ ਅਦੁੱਤੀ ਮਿਸਾਲ ਹਨ। ਸਾਡੇ ਗੁਰੂਆਂ ਨੇ ਸਭ ਦਾ ਸਤਿਕਾਰ ਕਰਨਾ ਸਿਖਾਇਆ ਹੈ ਤੇ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ਿਆਂ ਤੋਂ ਵੀ ਤਾਂ ਇਹੀ ਸੰਦੇਸ਼ ਮਿਲਦਾ ਹੈ ਕਿ ਹਰ ਧਰਮ, ਜਾਤ, ਲਿੰਗ ਜਾਂ ਨਸਲ ਦਾ ਇਨਸਾਨ ਆ ਸਕਦਾ ਹੈ। ਇਹ ਗੱਲ ਕਹਿਣਾ ਕਿ ਪੰਜਾਬ ਤੇ ਪੰਜਾਬੀ ਦੀ ਫ਼ਿਕਰ ਸਿਰਫ਼ ਸਿੱਖਾਂ ਨੂੰ ਹੈ ਦੂਜੇ ਪੰਜਾਬੀਆਂ ਨੂੰ ਨਹੀਂ ਜਾਂ ਪੰਜਾਬ ਸਿਰਫ਼ ਸਿੱਖਾਂ ਦਾ ਹੈ ਦੂਜਿਆਂ ਦਾ ਨਹੀਂ, ਇਹ ਤਾਂ ਉਸ ਤਰਾਂ ਹੈ ਜਿਵੇਂ ਆਰ.ਐੱਸ.ਐੱਸ. ਕਹਿੰਦੀ ਹੈ ਕਿ ਭਾਰਤ ਸਿਰਫ਼ ਹਿੰਦੂਆਂ ਦਾ ਹੈ ਹੋਰ ਕਿਸੇ ਧਰਮ ਦਾ ਨਹੀਂ।

ਜੇ ਪੰਜਾਬ ਸਿਰਫ਼ ਸਿੱਖਾਂ ਦਾ ਹੈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਤਾਂ ਸੂਫ਼ੀਆਂ, ਭਗਤਾਂ, ਭੱਟਾਂ ਦੀ ਬਾਣੀ ਵੀ ਦਰਜ ਹੈ ਜੋ ਸਿੱਖ ਨਹੀਂ ਸਨ। ਸਾਡੇ ਕਿੱਸਾਕਾਰ ਬਹੁਤੇ ਮੁਸਲਮਾਨ ਸਨ, ਫਿਰ ਤਾਂ ਉਨਾਂ ਨੂੰ ਵੀ ਅਸੀਂ ਪੰਜਾਬੀ ਨਹੀਂ ਮੰਨ ਸਕਦੇ। ਸਿੰਘਾਂ ਤੇ ਫ਼ਿਰੰਗੀਆਂ ਦਾ ਜੰਗਨਾਮਾ ਲਿਖਣ ਵਾਲਾ ਸ਼ਾਹ ਮੁਹੰਮਦ ਵੀ ਫ਼ਿਰ ਤਾਂ ਪੰਜਾਬੀ ਨਹੀਂ ਰਹੇਗਾ।

ਸਾਰੇ ਪੰਜਾਬੀਆਂ ਨੂੰ, ਖ਼ਾਸਕਰ ਸਿੱਖਾਂ ਨੂੰ, ਗੁਰੂ ਨਾਨਕ ਤੋਂ ਇੱਕ ਗੱਲ ਦੀ ਸੇਧ ਜ਼ਰੂਰ ਲੈਣੀ ਚਾਹੀਦੀ ਹੈ ਕਿ ਉਹ ਇੱਕ ਪਾਸੇ ਤਾਂ ਬਾਬਰ ਨੂੰ ਜਾਬਰ ਕਹਿ ਰਹੇ ਹਨ ਤੇ ਦੂਜੇ ਪਾਸੇ, ਉਸੇ ਧਰਮ ਦੇ ਮਰਦਾਨੇ ਨੂੰ ਸਾਰੀ ਉਮਰ ਨਾਲ਼ ਰੱਖਦੇ ਹਨ। ਇਸਦਾ ਭਾਵ ਇਹ ਬਣਦਾ ਹੈ ਕਿ ਬਾਬੇ ਦਾ ਵਿਰੋਧ ਸੱਤਾ ਨਾਲ਼ ਹੈ, ਧਰਮ ਜਾਂ ਨਸਲ ਨਾਲ਼ ਨਹੀਂ। ਇਸੇ ਸਾਂਝੀਵਾਲਤਾ ਨੂੰ ਅੱਗੇ ਤੋਰਦਿਆਂ ਸਾਡੇ ਪੰਜਵੇਂ ਗੁਰੂ ਨੇ 'ਆਦਿ ਗ੍ਰੰਥ ਸਾਹਿਬ' ਦੇ ਸੰਕਲਨ ਤੇ ਸੰਪਾਦਨ ਵਿੱਚ ਧਰਮ ਨਹੀਂ, ਵਿਚਾਰ ਨੂੰ ਆਧਾਰ ਬਣਾਇਆ ਤੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਇਸ ਕਿਸਮ ਦੀ ਸੰਪ੍ਰਦਾਇਕ ਗੱਲ ਕਰਨਾ ਤਾਂ ਸਾਡੇ ਗੁਰੂ ਦਾ ਵੀ ਅਪਮਾਨ ਹੈ।

ਇਨਾਂ ਗੱਲਾਂ ਕਰਕੇ ਮੈਨੂੰ ਲੱਗਦਾ ਹੈ ਕਿ ਅਵਤਾਰ ਸਿੰਘ ਜੀ ਵਾਲਾ ਲੇਖ ਸਿੱਖੀ ਸਿਧਾਂਤਾਂ ਦੀ ਕਸੌਟੀ 'ਤੇ ਪੂਰਾ ਨਹੀਂ ਉੱਤਰਦਾ।

**ਅਰਸ਼**

**ਪੰਜਾਬੀ ਯੂਨੀਵਰਸਿਟੀ ਪਟਿਆਲਾ**



## ਵਾਤਾਵਰਨ ਵਿੱਚ ਵਿਗਾੜ...

ਫ਼ੈਕਟਰੀਆਂ ਦੀਆਂ ਚਿਮਨੀਆਂ ਅਤੇ ਭੱਠਿਆਂ ਵਿੱਚੋਂ ਨਿਕਲਦਾ ਕਾਲ਼ਾ ਧੂੰਆਂ, ਪੁਰਾਣੇ ਟਰੱਕਾਂ, ਤਿੰਨ ਪਹੀਆ ਅਤੇ ਹੋਰ ਬਿਨਾਂ ਪ੍ਰਦੂਸ਼ਣ ਚੈੱਕ ਦੇ ਚਲਦੇ ਵਾਹਨਾਂ ਦਾ ਗਰਦ-ਗ਼ੁਬਾਰ, ਕੂੜੇ ਦੇ ਡੰਪਾਂ ਨੂੰ ਲੱਗੀਆਂ ਅੱਗਾਂ, ਸੜਕਾਂ 'ਤੇ ਉੱਡਦੀ ਧੂੜ ਅਤੇ ਚੜਦੇ ਸਿਆਲ ਝੋਨੇ ਦੀ ਪਰਾਲੀ ਨੂੰ ਲੱਗਦੀਆਂ ਅੱਗਾਂ, ਚੁਗਿਰਦੇ ਨੂੰ ਪਲੀਤ ਕਰਨ ਦਾ ਮੁੱਖ ਕਾਰਨ ਹਨ। ਅਕਤੂਬਰ-ਨਵੰਬਰ ਮਹੀਨਿਆਂ ਵਿੱਚ ਸਾਹ ਦੀ ਤਕਲੀਫ਼ ਕਾਰਨ ਹਸਪਤਾਲਾਂ ਵਿੱਚ ਉਮੜਦੀਆਂ ਮਰੀਜ਼ਾਂ ਦੀਆਂ ਭੀੜਾਂ ਹਵਾ ਪ੍ਰਦੂਸ਼ਣ ਵੱਲੋਂ ਮਨੁੱਖ 'ਤੇ ਕੀਤੇ ਸਿੱਧੇ ਹਮਲੇ ਦੀਆਂ ਗਵਾਹ ਹਨ। ਕਾਨੂੰਨ ਮੁਤਾਬਿਕ 15 ਸਾਲ ਤੋਂ ਪੁਰਾਣਾ ਕੋਈ ਵੀ ਵਪਾਰਕ ਵਾਹਨ ਪੰਜਾਬ ਵਿੱਚ ਨਹੀਂ ਚੱਲ ਸਕਦਾ, ਪਰ ਅਜਿਹੀਆਂ ਲੱਖਾਂ ਗੱਡੀਆਂ ਧੜੱਲੇ ਨਾਲ਼ ਪੰਜਾਬ ਦੀਆਂ ਸੜਕਾਂ 'ਤੇ ਧੂੰਏਂ ਦੀ ਧੂੜ ਉਡਾਉਂਦੀਆਂ ਚੱਲ ਰਹੀਆਂ ਹਨ। ਕੌਣ ਰੋਕੇਗਾ ? ਬਿਜਲੀ ਬੈਟਰੀਆਂ ਨਾਲ਼ ਚੱਲਣ ਵਾਲੇ ਵਾਹਨ ਖ਼ਾਸ ਕਰ ਤਿੰਨ ਪਹੀਆ ਵਾਹਨ, ਜੋ ਕਿ ਸਮੇਂ ਦੀ ਜ਼ਰੂਰਤ ਹੈ, ਨੂੰ ਉਤਸ਼ਾਹਿਤ ਕਰਨ ਦੀ ਪਾਲਿਸੀ ਲਾਗੂ ਕਰਨੀ ਲੋੜੀਂਦੀ ਹੈ।

### ਪਲਾਸਟਿਕ ਸਣੇ ਕੂੜਾ ਕਰਕਟ ਦੀ ਸੰਭਾਲ

ਪੰਜਾਬ ਦੇ ਸ਼ਹਿਰਾਂ ਵਿੱਚ ਰੋਜ਼ਾਨਾ ਲਗਭਗ 4300 ਟਨ ਕੂੜਾ-ਕਰਕਟ ਨਿਕਲਦਾ ਹੈ, ਜਿਸ ਦਾ ਨਿਪਟਾਰਾ ਕਰਨਾ ਆਪਣੇ-ਆਪ ਵਿੱਚ ਵੱਡੀ ਸਮੱਸਿਆ ਬਣੀ ਹੋਈ ਹੈ। ਵੱਖ-ਵੱਖ ਸ਼ਹਿਰਾਂ ਵਿੱਚ ਸੜਾਂਦ ਮਾਰਦੇ ਕੂੜੇ ਦੇ ਢੇਰ ਜਿੱਥੇ ਪ੍ਰਦੂਸ਼ਣ ਦਾ ਕਾਰਨ ਬਣਦੇ ਹਨ, ਉੱਥੇ ਇਨ੍ਹਾਂ ਢੇਰਾਂ 'ਤੇ ਪੈਦਾ ਹੁੰਦੀਆਂ ਮੱਖੀਆਂ-ਮੱਛਰ ਅਤੇ ਹੋਰ ਜੀਵ-ਜੰਤੂਆਂ ਕਾਰਨ ਅਨੇਕਾਂ ਬੀਮਾਰੀਆਂ ਵੀ ਫੈਲਦੀਆਂ ਹਨ। ਅੰਮ੍ਰਿਤਸਰ ਵਿੱਚ ਭਗਤਾਂਵਾਲਾ ਡੰਪ, ਲੁਧਿਆਣਾ ਵਿੱਚ ਤਾਜਪੁਰ ਡੰਪ, ਜਲੰਧਰ ਵਿੱਚ ਵਰਿਆਣਾ ਡੰਪ ਨਿਰੇ ਬੀਮਾਰੀਆਂ ਅਤੇ ਬਦਬੂ ਦੇ ਡੰਪ ਹਨ, ਜਿੱਥੇ ਹਰ ਸਮੇਂ ਅੱਗ ਲੱਗੀ ਹੋਣ ਕਾਰਨ ਹਵਾ ਦਾ ਪ੍ਰਦੂਸ਼ਣ ਵੀ ਬਹੁਤ ਪ੍ਰਬਲ ਹੈ। ਇਸੇ ਤਰਾਂ ਬਾਕੀ ਸ਼ਹਿਰਾਂ ਵਿੱਚ ਕੂੜੇ-ਕਰਕਟ ਦੇ ਢੇਰ ਲੱਗੇ ਹੋਏ ਹਨ। ਭਾਵੇਂ ਸਰਕਾਰ ਗਿੱਲਾ-ਸੁੱਕਾ ਕੂੜਾ ਘਰਾਂ ਦੇ ਪੱਧਰ ਤੇ ਅਲੱਗ-ਅਲੱਗ ਕਰਨ ਲਈ ਬੜਾ ਪ੍ਰਚਾਰ ਕਰਦੀ ਹੈ, ਪਰ ਅਸਲ ਵਿੱਚ ਪਰਨਾਲਾ ਉੱਥੇ ਦਾ ਉੱਥੇ ਹੈ, ਕਿਉਂਕਿ ਇਨਾਂ ਕੂੜੇ ਦੇ ਡੰਪਾਂ ਦੀ ਸਾਂਭ-ਸੰਭਾਲ ਲਈ ਲੋੜੀਂਦੇ ਫ਼ੰਡ ਵੀ ਸਰਕਾਰ ਵੱਲੋਂ ਉਪਲਬਧ ਨਹੀਂ ਕਰਵਾਏ ਜਾਂਦੇ। ਕੁਝ ਸਾਲ ਪਹਿਲਾਂ ਸ਼ਹਿਰਾਂ ਦੇ ਕਲਸਟਰ ਬਣਾ ਕੇ ਕੂੜਾ-ਕਰਕਟ ਸਾਂਭਣ ਦੀ ਪ੍ਰਣਾਲੀ ਬਹੁਤ ਬੁਰੀ ਤਰਾਂ ਫ਼ੇਲ ਹੋ ਗਈ, ਪਰ ਉਸ ਦਾ ਕੋਈ ਹੋਰ ਬਦਲ ਅਜੇ ਸਰਕਾਰ ਵੱਲੋਂ ਨਹੀਂ ਲੱਭਿਆ ਗਿਆ। ਕੀ ਇਹ ਇਸੇ ਤਰਾਂ ਚਲਦਾ ਰਹੇਗਾ ? ਇਸੇ ਤਰਾਂ ਪਲਾਸਟਿਕ ਦੇ ਲਿਫ਼ਾਫ਼ੇ ਜੋ ਕੂੜੇ-ਕਰਕਟ ਦਾ ਮੁੱਖ ਸ੍ਰੋਤ ਹਨ, ਪੰਜਾਬ ਵਿੱਚ ਪੂਰੀ ਤਰਾਂ ਬੈਨ ਹਨ, ਪਰ ਧੜੱਲੇ ਨਾਲ਼ ਵਿਕ ਰਹੇ ਹਨ ਕੌਣ ਜ਼ਿੰਮੇਵਾਰ ਹੈ ?

### ਘਟ ਰਹੇ ਜੰਗਲਾਤ

ਮਾਹਰਾਂ ਅਨੁਸਾਰ ਕਿਸੇ ਵੀ ਰਾਜ ਦਾ 33 ਫ਼ੀਸਦੀ ਰਕਬਾ ਜੰਗਲਾਂ ਅਧੀਨ ਚਾਹੀਦਾ ਹੈ ਤਾਂ ਜੋ ਚੁਗਿਰਦੇ ਦਾ ਸੰਤੁਲਨ ਸਾਵਾਂ ਰੱਖਿਆ ਜਾ ਸਕੇ। ਪੰਜਾਬ ਦਾ ਜੰਗਲਾਂ ਹੇਠ ਰਕਬਾ ਜੋ 1947 ਵਿੱਚ ਲਗਭਗ 40 ਫ਼ੀਸਦੀ ਸੀ, ਅੱਜ ਘਟ ਕੇ ਕੇਵਲ 6 ਫ਼ੀਸਦੀ (3084 ਵਰਗ ਕਿਲੋਮੀਟਰ) ਰਹਿ ਗਿਆ ਹੈ, ਜੋ ਕਿ ਪ੍ਰਤੀ ਵਿਅਕਤੀ ਕੇਵਲ 4 ਰੁੱਖ ਬਣਦਾ ਹੈ, ਜਦੋਂ ਕਿ ਇਹ ਉਪਲਬਧੀ ਘੱਟੋ-ਘੱਟ 10 ਰੁੱਖਾਂ ਦੀ ਹੋਣੀ ਚਾਹੀਦੀ ਹੈ। ਇਸੇ ਕਾਰਨ ਰਾਜ ਵਿੱਚ ਜੀਵ ਵਿਭਿੰਨਤਾ ਦਿਨ-ਪ੍ਰਤੀ-ਦਿਨ ਘਟ ਰਹੀ ਹੈ। ਰਾਜ ਦੇ ਵਿਕਾਸ ਲਈ ਜਿੱਥੇ ਨਵੀਆਂ ਸੜਕਾਂ, ਸ਼ਹਿਰੀ ਆਬਾਦੀ ਅਤੇ ਵਿਕਾਸ ਲਈ ਜ਼ਮੀਨ ਦੀ ਜ਼ਰੂਰਤ ਅਨੁਸਾਰ ਜੰਗਲ ਕੱਟਣੇ ਲੋੜੀਂਦੇ ਹਨ, ਉੱਥੇ ਨਾਲ਼ ਦੀ ਨਾਲ਼ ਨਵੇਂ ਜੰਗਲ ਲਗਾ ਕੇ ਜੰਗਲਾਤੀ ਰਕਬਾ ਵਧਾਉਣ ਅਤੇ ਇਸ ਦੀ ਸੰਭਾਲ ਵੀ ਬਹੁਤ ਜ਼ਰੂਰੀ ਹੈ। ਲੁਧਿਆਣਾ ਦੇ ਮੱਤੇਵਾੜਾ ਜੰਗਲ ਦਾ ਹੋਰ ਕੁਦਰਤੀ ਵਿਕਾਸ ਕਰਨ ਦੀ ਜ਼ਰੂਰਤ ਹੈ ਅਤੇ ਇਸ ਖੇਤਰ ਵਿੱਚ ਕਿਸੇ ਵੀ ਮਨੁੱਖੀ ਦਖ਼ਲਅੰਦਾਜ਼ੀ ਨੂੰ ਰੋਕਿਆ ਜਾਣਾ ਬਣਦਾ ਹੈ। ਮਨੁੱਖ ਦੀ ਆਕਸੀਜਨ ਦੀ ਜ਼ਰੂਰਤ ਪੂਰੀ ਕਰਨ ਲਈ ਰਾਜਨੀਤਕ ਪਾਰਟੀਆਂ ਦੇ ਏਜੰਡੇ 'ਤੇ ਜੰਗਲਾਤ ਦਾ ਮਸਲਾ ਆਉਣਾ ਓਨਾ ਹੀ ਜ਼ਰੂਰੀ ਹੈ ਜਿੰਨਾ ਇਨਾਂ ਪਾਰਟੀਆਂ ਵੱਲੋਂ ਲੋਕਾਂ ਨੂੰ ਮੁਫ਼ਤ ਆਟਾ-ਦਾਲ ਛਕਾਉਣ ਦਾ ਏਜੰਡਾ ਹੈ।

ਇਹ ਜ਼ਰੂਰੀ ਹੈ ਕਿ ਰਾਜ ਕਰ ਰਹੀ ਰਾਜਨੀਤਕ ਪਾਰਟੀ ਇਹ ਯਕੀਨੀ ਬਣਾਵੇ ਕਿ ਅਗਲੇ ਪੰਜ ਸਾਲਾਂ ਵਿੱਚ ਪੰਜਾਬ ਦਾ ਜੰਗਲਾਤ ਅਧੀਨ ਰਕਬਾ ਕੁੱਲ ਰਕਬੇ ਦੇ 10 ਫ਼ੀਸਦੀ ਤੱਕ ਵਧਾਇਆ ਜਾਵੇ। ਇਸ ਕੰਮ ਲਈ ਵੱਡੇ ਪੱਧਰ 'ਤੇ ਫ਼ੰਡ ਨਿਵੇਸ਼ ਕਰਨ ਦੀ ਜ਼ਰੂਰਤ ਹੈ।

### ਸ਼ੋਰ ਪ੍ਰਦੂਸ਼ਣ

ਪਿੰਡਾਂ ਅਤੇ ਸ਼ਹਿਰਾਂ ਵਿੱਚ ਬੜੇ ਧੜੱਲੇ ਅਤੇ ਦੇਰ ਰਾਤ ਤੱਕ ਵੱਜਦੇ ਲਾਊਡ ਸਪੀਕਰਾਂ ਦੇ ਸ਼ੋਰ ਨੇ ਜਿੱਥੇ ਲੋਕਾਂ ਦੇ ਮਨਾਂ ਦੀ ਸ਼ਾਂਤੀ ਭੰਗ ਕਰਕੇ ਮਾਨਸਿਕ ਬੀਮਾਰੀਆਂ ਨੂੰ ਵਧਾਇਆ ਹੈ, ਉੱਥੇ ਵਿਦਿਆਰਥੀਆਂ ਦੀ ਇਕਾਗਰਤਾ ਵਿੱਚ ਵਿਘਨ ਪਾ ਕੇ ਉਨਾਂ ਦੀ ਪੜਾਈ ਵਿੱਚ ਉਪਰਾਮਤਾ ਵਧਾਈ ਹੈ। ਕਾਨੂੰਨ ਮੁਤਾਬਿਕ ਸ਼ੋਰ ਦਾ ਪੱਧਰ ਜੋ ਸਵੇਰੇ-ਸ਼ਾਮ 45 ਡੈਸੀਬਲ ਤੋਂ ਵੱਧ ਨਹੀਂ ਹੋਣਾ ਚਾਹੀਦਾ, ਉਹ ਪੰਜਾਬ ਵਿੱਚ ਚਾਰ ਤੋਂ ਪੰਜ ਗੁਣਾ ਵੱਧ ਪਾਇਆ ਗਿਆ ਹੈ। ਅਕਾਲ ਤਖ਼ਤ ਸਾਹਿਬ ਵੱਲੋਂ ਹੁਕਮਨਾਮਾ ਜਾਰੀ ਕਰ ਕੇ ਸਮੂਹ ਗੁਰਦੁਆਰਾ ਪ੍ਰਬੰਧਕਾਂ ਨੂੰ ਸਪੀਕਰ ਦੀ ਆਵਾਜ਼ ਕੇਵਲ ਗੁਰਦੁਆਰਿਆਂ ਦੀ ਹਦੂਦ ਤੱਕ ਸੀਮਤ ਕਰਨ ਨੂੰ ਕਿਹਾ ਗਿਆ ਹੈ, ਇਸੇ ਤਰਾਂ ਪੰਜਾਬ ਸਰਕਾਰ ਦੇ ਵਾਤਾਵਰਨ ਵਿਭਾਗ ਵੱਲੋਂ ਸ਼ੋਰ ਪ੍ਰਦੂਸ਼ਣ ਰੂਲਜ਼ 2000 ਸਖ਼ਤੀ ਨਾਲ਼ ਲਾਗੂ ਕਰਨ ਦੀਆਂ ਹਦਾਇਤਾਂ ਵੀ ਕੀਤੀਆਂ ਹੋਈਆਂ ਹਨ। ਪਰ ਸਭ ਵਿਅਰਥ, ਵਾਹਨਾਂ ਦੇ ਹਾਰਨਾਂ ਦਾ, ਧਾਰਮਿਕ ਸਥਾਨਾਂ 'ਤੇ ਲੱਗੇ ਲਾਊਡ ਸਪੀਕਰਾਂ ਦਾ, ਵਿਆਹ ਪੈਲੇਸਾਂ ਵਿੱਚ ਚੱਲਦੇ ਡੀਜਿਆਂ ਦਾ, ਬੁਲਟ ਮੋਟਰਸਾਈਕਲਾਂ ਦੇ ਪਟਾਕਿਆਂ ਦਾ, ਵਿਆਹ ਸਮੇਂ ਚੱਲਦੀ ਆਤਿਸ਼ਬਾਜ਼ੀ ਦਾ ਸ਼ੋਰ, ਪੰਜਾਬੀਆਂ ਨੂੰ ਚੱਜ ਨਾਲ਼ ਚੈਨ ਦੀ ਨੀਂਦ ਵੀ ਸੌਣ ਨਹੀਂ ਦਿੰਦਾ। ਨਵੀਂ ਸਰਕਾਰ ਬਣਨ 'ਤੇ ਵਾਤਾਵਰਨ ਵਿੱਚ ਸੰਤੁਲਨ ਲਿਆਉਣ ਲਈ ਵੱਡੇ ਕਦਮ ਵੀ ਚੁੱਕਣੇ ਚਾਹੀਦੇ ਹਨ।

## ਨਾਰੀਵਾਦੀ ਕਿਤਾਬਾਂ ਦੇ...

ਵੱਧ ਮੁਨਾਫ਼ਾ ਕਮਾਉਣ ਦੇ ਮਕਸਦ ਨਾਲ਼ ਇਸ ਕੰਮ ਵਿੱਚ ਪਏ ਹਨ, ਉਨਾਂ ਦੀ ਨਿਸ਼ਾਨਦੇਹੀ ਕਰਨੀ ਚਾਹੀਦੀ ਹੈ। ਜੋ ਲੋਕ ਕਿਸੇ ਵੀ ਸਿਧਾਂਤ ਜਾਂ ਵਿਚਾਰ ਦੇ ਮੋਢੇ ਤੇ ਰੱਖ ਕੇ ਆਪਣੀ ਗੋਲੀ ਚਲਾਉਣ ਦੇ ਆਸ਼ੇ ਨਾਲ਼ ਚੰਗੀਆਂ ਕਿਤਾਬਾਂ ਨੂੰ ਅਨੁਵਾਦ ਕਰਕੇ, ਅਨੁਵਾਦ ਵਿੱਚ ਮਨਮਰਜ਼ੀ ਕਰਕੇ, ਤਬਦੀਲੀਆਂ ਕਰਕੇ ਲੋਕਾਂ ਨੂੰ ਗ਼ੁਮਰਾਹ ਕਰ ਰਹੇ ਹਨ, ਉਹ ਸਾਡੇ ਪਾਠਕਾਂ ਦੇ, ਸਾਡੇ ਸਮਾਜ ਦੇ ਗ਼ੁਨਾਹਗਾਰ ਹਨ,

ਉਨਾਂ ਦੀ ਵੀ ਪਛਾਣ ਹੋਣੀ ਚਾਹੀਦੀ ਹੈ। ਜੋ ਕਿਸੇ ਚੰਗੀ ਕਿਤਾਬ ਦੇ ਸੰਪਾਦਕ ਬਣ ਕੇ ਸਿਰਫ਼ ਆਪਣਾ ਨਾਮ ਚਮਕਾਉਣ ਦੀ ਮਾਅਰਕੇਬਾਜ਼ੀ ਕਰਦੇ ਹਨ ਅਤੇ ਸੰਪਾਦਕ ਹੋਣ ਦਾ ਇੱਕ ਵੀ ਫ਼ਰਜ਼ ਨਿਭਾਉਣ ਦੀ ਖੇਚਲ ਨਹੀਂ ਕਰਦੇ ਉਨਾਂ ਨੂੰ ਬਾਂਹ ਫੜ ਕੇ ਅੱਗੇ ਕਰਨ ਦੀ ਲੋੜ ਹੈ। ਇਸ ਸਾਰੇ ਵਰਤਾਰੇ ਵਿੱਚ ਪ੍ਰਕਾਸ਼ਕ ਦੀ ਜ਼ਿੰਮੇਵਾਰੀ ਵੀ ਸਾਨੂੰ ਤੈਅ ਕਰਨੀ ਪਵੇਗੀ। ਨਹੀਂ ਤਾਂ ਜਿਸ ਤਰਾਂ ਪੰਜਾਬੀ ਵਿੱਚ ਅਨੁਵਾਦ ਹੋਈਆਂ ਇਨਾਂ ਕਿਤਾਬਾਂ ਨੇ ਔਰਤ ਦੇ ਮਸਲੇ ਨੂੰ ਪਿੱਛੇ ਕਰਕੇ ਕਿਸੇ 'ਹੋਰ' ਦੇ ਹੀ 'ਨਿੱਜੀ-ਵਿਚਾਰਧਾਰਕ ਜਾਂ ਆਰਥਿਕ' ਹਿੱਤਾਂ ਨੂੰ ਪੂਰਾ ਕੀਤਾ ਹੈ, ਉਸ ਤਰਾਂ ਹੋਰ ਵੀ ਵੱਢ ਮਾਰਿਆ ਜਾ ਸਕਦਾ ਹੈ। ਜੇ ਇਸਨੂੰ ਨਾ ਰੋਕਿਆ ਗਿਆ ਤਾਂ ਜਿਹੜੀਆਂ ਲੜਾਈਆਂ ਅਸੀਂ ਸਮਾਜ ਨੂੰ ਸੋਹਣਾ ਤੇ ਬਰਾਬਰੀ ਵਾਲਾ ਬਣਾਉਣ ਲਈ ਸ਼ੁਰੂ ਕਰਨੀਆਂ ਹਨ, ਉਨਾਂ ਦਾ ਰੁਖ਼ ਗ਼ਲਤ ਦਿਸ਼ਾ ਵੱਲ ਹੋਣ ਅਤੇ ਅਨੁਸ਼ਾਸ਼ਨ ਦੇ ਅਨਾਰਕੀ ਵਿੱਚ ਬਦਲਣ ਦਾ ਸ਼ੰਕਾ ਬਣਿਆ ਰਹੇਗਾ।

## ਰੂਸ-ਯੂਕਰੇਨ ਜੰਗ...

ਪਰ ਯੂਕਰੇਨ 'ਤੇ ਇਸ ਦਾ ਕੋਈ ਅਸਰ ਨਹੀਂ ਪੈ ਰਿਹਾ ਸੀ। ਉਸ ਨੂੰ ਲੱਗ ਰਿਹਾ ਸੀ ਕਿ ਉਸ ਦੇ ਮੋਢੇ 'ਤੇ ਜਦੋਂ ਤੱਕ ਅਮਰੀਕਾ ਅਤੇ ਦੂਜੇ ਯੂਰਪੀ ਦੇਸ਼ਾਂ ਦਾ ਹੱਥ ਹੈ, ਉਸ ਨੂੰ ਕਿਸੇ ਦੀ ਪਰਵਾਹ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ, ਪਰ ਜਦੋਂ ਰੂਸ ਨੇ ਕਿਸੇ ਵੀ ਤਰਾਂ ਨਾਲ਼ ਨਾ ਮੰਨ ਰਹੇ ਯੂਕਰੇਨ 'ਤੇ ਹਮਲਾ ਬੋਲ ਦਿੱਤਾ ਅਤੇ ਗਰਜ ਕੇ ਪੱਛਮੀ ਦੇਸ਼ਾਂ ਨੂੰ ਕਿਹਾ ਕਿ ਦੂਰ ਰਹਿਣਾ, ਨਹੀਂ ਤਾਂ ਕਲਪਨਾ ਵੀ ਨਹੀਂ ਕਰ ਸਕਦੇ ਕਿ ਤੁਹਾਡਾ ਕੀ ਹਸ਼ਰ ਹੋਵੇਗਾ ? ਇਸ ਤੋਂ ਬਾਅਦ ਯੂਕਰੇਨ ਲਈ ਜਾਨ ਹਥੇਲੀ 'ਤੇ ਲੈ ਕੇ ਟੱਪਣ ਵਾਲੇ ਦੇਸ਼ ਸਿਰਫ਼ ਨਿੰਦਾ ਪ੍ਰਸਤਾਵ ਪਾਸ ਕਰਨ ਤੱਕ ਹੀ ਸੀਮਤ ਹੋ ਗਏ। ਦਰਅਸਲ ਇਸ ਸਮੁੱਚੀ ਖ਼ੂਨੀ ਕਥਾ ਵਿੱਚ ਬਿਨਾਂ ਸ਼ੱਕ ਰਾਸ਼ਟਰਪਤੀ ਪੁਤਿਨ ਦੀ ਭੂਮਿਕਾ ਕਿਸੇ ਹਮਲਾਵਰ ਖ਼ਲਨਾਇਕ ਦੀ ਹੀ ਲੱਗਦੀ ਹੈ, ਪਰ ਗਹਿਰਾਈ ਨਾਲ਼ ਦੇਖੀਏ ਤਾਂ ਇਸ ਦੇ ਉਹ ਇਕੱਲੇ ਖ਼ਲਨਾਇਕ ਨਹੀਂ ਹਨ। ਜਿਸ ਡੋਨਬਾਸ ਦੇ ਦੋ ਇਲਾਕਿਆਂ ਨੂੰ ਰੂਸ ਨੇ ਸੁਤੰਤਰ ਗਣਤੰਤਰ ਐਲਾਨ ਕਰ ਦਿੱਤਾ ਹੈ, ਉੱਥੇ 65 ਫ਼ੀਸਦੀ ਤੋਂ ਜ਼ਿਆਦਾ ਰੂਸੀ ਭਾਸ਼ਾ ਬੋਲਣ ਵਾਲੇ ਅਤੇ 90 ਫ਼ੀਸਦੀ ਤੋਂ ਜ਼ਿਆਦਾ ਰੂਸੀ ਸੱਭਿਆਚਾਰ ਨੂੰ ਮੰਨਣ ਵਾਲੇ ਲੋਕ ਹਨ। ਇਸ ਤੋਂ ਬਾਅਦ ਵੀ ਯੂਕਰੇਨ, ਰੂਸ ਦੀਆਂ ਤਮਾਮ ਚਿਤਾਵਨੀਆਂ 'ਤੇ ਧਿਆਨ ਨਾ ਦਿੰਦੇ ਹੋਏ ਆਪਣੇ ਹੀ ਇਨਾਂ ਦੋਵਾਂ ਸੂਬਿਆਂ ਦੇ ਲੋਕਾਂ ਨੂੰ ਪ੍ਰੇਸ਼ਾਨ ਕਰ ਰਿਹਾ ਸੀ। ਕਿਸੇ ਵੀ ਕੀਮਤ 'ਤੇ 65 ਫ਼ੀਸਦੀ ਲੋਕਾਂ ਵੱਲੋਂ ਇੱਕ ਹੀ ਭਾਸ਼ਾ ਬੋਲਣ 'ਤੇ ਉਨਾਂ ਦੀ ਜ਼ਬਾਨ 'ਤੇ ਤਾਲ਼ਾ ਨਹੀਂ ਲਗਾਇਆ ਜਾ ਸਕਦਾ।

ਪਰ ਯੂਕਰੇਨ ਕੁਝ ਅਜਿਹਾ ਹੀ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਉਹ ਵੀ ਉਦੋਂ ਜਦੋਂ ਉਸ ਨੂੰ ਪਤਾ ਸੀ ਕਿ ਰੂਸ ਦੇ ਸਾਹਮਣੇ ਉਹ ਬਹੁਤ ਛੋਟਾ ਜਿਹਾ ਦੇਸ਼ ਹੈ। ਜਿਸ ਤਰਾਂ ਰੂਸ ਅਤੇ ਪੁਤਿਨ ਨੂੰ ਪੱਛਮ ਦੀ ਸ਼ਹਿ 'ਤੇ ਯੂਕਰੇਨ ਲਗਾਤਾਰ ਅਣਦੇਖਿਆ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਉਸ ਤੋਂ ਸਾਫ਼ ਹੋ ਜਾਂਦਾ ਹੈ ਕਿ ਇਸ ਖ਼ੂਨੀ ਕਹਾਣੀ ਵਿੱਚ ਯੂਕਰੇਨ ਦੀ ਆਪਣੀ ਭੂਮਿਕਾ ਵੀ ਹੈ। ਇਸ ਲਈ ਜਿੰਨਾ ਜਲਦੀ ਹੋ ਸਕੇ, ਯੂਕਰੇਨ ਨੂੰ ਵਿਹਾਰਕ ਸਥਿਤੀ ਸਮਝਣੀ ਚਾਹੀਦੀ ਹੈ ਅਤੇ ਨਾਟੋ ਦੀ ਕਠਪੁਤਲੀ ਬਣਨ ਦੀ ਥਾਂ ਰੂਸ ਦੇ ਨਾਲ਼ ਕੋਈ ਮੁਨਾਸਿਬ ਸਮਝੌਤਾ ਕਰਕੇ ਇਸ ਵਿਨਾਸ਼ਕਾਰੀ ਜੰਗ ਵਿੱਚੋਂ ਨਿਕਲਣਾ ਚਾਹੀਦਾ ਹੈ ?

## ਡੇਰੇ ਸਿਆਸਤ ਦੇ

ਡੇਰਿਆਂ ਦੇ ਪ੍ਰਬੰਧਕਾਂ ਦੀ ਗੁੱਟਬੰਦੀ ਵੀ ਰਾਜਸੀ ਲੋਕਾਂ ਨੂੰ ਜ਼ਿਆਦਾ ਦਖ਼ਲ ਦੇਣ ਲਈ ਉਤਸ਼ਾਹਿਤ ਕਰਦੀ ਹੈ। ਜਿਹੜੇ ਡੇਰੇ ਦੇ ਮੁਖੀ ਕੋਲ਼ ਵੱਡੇ ਰਾਜਸੀ ਆਗੂ ਅਤੇ ਵੱਡੇ ਪ੍ਰਸ਼ਾਸਨਿਕ ਅਧਿਕਾਰੀ ਵੱਡੀ ਗਿਣਤੀ ਵਿੱਚ ਆਉਣ ਲੱਗ ਜਾਂਦੇ ਹਨ, ਉਸ ਡੇਰੇ 'ਤੇ ਆਮ ਲੋਕਾਂ ਦੇ ਆਉਣ ਦੀ ਗਿਣਤੀ ਵੀ ਬਹੁਤ ਤੇਜ਼ੀ ਨਾਲ਼ ਵਧ ਜਾਂਦੀ ਹੈ। ਆਮ ਲੋਕਾਂ ਨੂੰ ਤਾਂ ਇਹੀ ਲਗਦਾ ਹੈ ਕਿ ਸਿਆਸਤ ਕਰਨ ਵਾਲੇ ਵੱਡੇ-ਵੱਡੇ ਆਗੂਆਂ ਨੂੰ ਵੀ ਬਾਬਿਆਂ ਕੋਲ਼ ਆ ਕੇ ਨਤਮਸਤਕ ਹੋਣਾ ਪੈਂਦਾ ਹੈ, ਪਰ ਹਕੀਕਤ ਇਹ ਹੈ ਕਿ ਡੇਰਿਆਂ ਨੂੰ ਸਿਆਸਤ ਦੇ ਗ਼ੁਲਾਮ ਹੋ ਕੇ ਹੀ ਚੱਲਣਾ ਪੈਂਦਾ ਹੈ। ਜੇਕਰ ਡੇਰੇ ਸਿਆਸਤ ਦੇ ਅਨੁਸਾਰ ਨਹੀਂ ਚੱਲਦੇ ਤਾਂ ਫਿਰ ਉਨਾਂ ਨੂੰ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਵੀ ਕਰਨਾ ਪੈ ਜਾਂਦਾ ਹੈ।

## ਬੀਬੀ ਖਾਲੜਾ ਜੀ...

ਦੱਸਣਯੋਗ ਹੈ ਕਿ ਦਿਲਜੀਤ ਦੋਸਾਂਝ ਵੱਲੋਂ ਭਾਈ ਜਸਵੰਤ ਸਿੰਘ ਖਾਲੜਾ ਜੀ ਦੀ ਜ਼ਿੰਦਗੀ 'ਤੇ ਫ਼ਿਲਮ ਬਣਾਉਣ ਜਾ ਰਹੇ ਹਨ । ਉੱਥੇ ਹੀ ਉਨਾਂ ਦੀ ਇਸ ਫ਼ਿਲਮ ਦੀ ਸ਼ੂਟਿੰਗ ਦੀਆਂ ਤਸਵੀਰਾਂ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਸਨ । ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨ ਵਾਲੇ ਅਤੇ ਉਨਾਂ ਦੀ ਖ਼ਾਤਿਰ ਲੜਨ ਵਾਲੇ ਜਸਵੰਤ ਸਿੰਘ ਖਾਲੜਾ ਦੇ ਪਰਿਵਾਰ ਨੇ ਵੀ ਦਿਲਜੀਤ ਦੋਸਾਂਝ ਅਤੇ ਉਨਾਂ ਦੀ ਪੂਰੀ ਟੀਮ ਦਾ ਧੰਨਵਾਦ ਕੀਤਾ ਹੈ । ਦਿਲਜੀਤ ਦੋਸਾਂਝ ਨੇ ਇੱਕ ਪੋਸਟ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਸਾਂਝੀ ਕੀਤੀ ਜਿਸ 'ਚ ਉਨਾਂ ਨੇ ਭਾਈ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ 'ਤੇ ਕੰਮ ਕਰਨ 'ਤੇ ਆਪਣਾ ਸਪਸ਼ਟੀਕਰਨ ਵੀ ਦਿੱਤਾ ਹੈ ।

## ਰੂਸ-ਯੂਕਰੇਨ ਜੰਗ ਕਾਰਨ...

ਜਿਹੜੇ ਦੇਸ਼ ਜਿਵੇਂ ਭਾਰਤ ਦਰਾਮਦ ਜ਼ਿਆਦਾ ਅਤੇ ਬਰਾਮਦ ਘੱਟ ਕਰਦੇ ਹਨ, ਉਨਾਂ ਨੂੰ ਅੰਤਰਰਾਸ਼ਟਰੀ ਕੀਮਤਾਂ ਵਧਣ ਨਾਲ਼ ਨੁਕਸਾਨ ਹੁੰਦਾ ਹੈ। ਇਸ ਲਈ ਭਾਰਤ 'ਤੇ ਰੂਸ-ਯੂਕਰੇਨ ਜੰਗ ਕਾਰਨ ਕਰੰਸੀ ਦੀ ਕੀਮਤ ਵਧਣ ਦੇ ਪ੍ਰਭਾਵ ਵੀ ਭਾਰਤ 'ਤੇ ਚੰਗੇ ਨਹੀਂ ਪੈਣਗੇ।

ਦੁਨੀਆ ਭਰ ਵਿੱਚ ਸੈਰ-ਸਪਾਟਾ (ਟੂਰਿਜ਼ਮ) ਇੱਕ ਕਮਾਈ ਵਾਲਾ ਧੰਦਾ ਹੈ। ਭਾਰਤ ਵਿੱਚ ਹਰ ਸਾਲ ਲੱਖਾਂ ਸੈਲਾਨੀ ਆਉਂਦੇ ਹਨ ਅਤੇ ਇਨਾਂ ਦੇ ਵਧਣ ਦੀ ਰੁਚੀ ਵੀ ਹੈ। ਮੌਸਮ ਅਨੁਕੂਲ ਹੋਣ ਕਰਕੇ ਬਹੁਤ ਵੱਡੀ ਮਾਤਰਾ ਵਿੱਚ ਜਿਹੜੇ ਸੈਲਾਨੀ ਰੂਸ ਅਤੇ ਯੂਕਰੇਨ ਤੋਂ ਇਲਾਵਾ ਯੂਰਪ ਅਤੇ ਹੋਰ ਦੇਸ਼ਾਂ ਤੋਂ ਆਉਂਦੇ ਸਨ, ਉਨਾਂ ਦੀ ਗਿਣਤੀ ਬਹੁਤ ਘਟ ਜਾਵੇਗੀ। ਅਨਿਸ਼ਚਿਤਤਾ ਅਤੇ ਜੰਗ ਦੀਆਂ ਹਾਲਤਾਂ ਵਿੱਚ ਸੈਲਾਨੀ ਪੂਰੀ ਤਰਾਂ ਹੀ ਆਪਣੇ ਪ੍ਰੋਗਰਾਮ ਰੱਦ ਕਰ ਦਿੰਦੇ ਹਨ। ਦੂਜੇ ਪਾਸੇ ਭਾਰਤ ਦੇ ਹਜ਼ਾਰਾਂ ਉਹ ਵਿਦਿਆਰਥੀ ਜਿਹੜੇ ਯੂਕਰੇਨ ਵਿੱਚ ਆਪਣੀ ਮੈਡੀਕਲ ਦੀ ਵਿੱਦਿਆ ਪ੍ਰਾਪਤ ਕਰਨ ਲਈ ਗਏ ਹੋਏ ਹਨ, ਉਨਾਂ ਨੂੰ ਮਜਬੂਰੀਵੱਸ ਵਾਪਸ ਪਰਤਣਾ ਪੈ ਰਿਹਾ ਹੈ, ਜਿਸ ਲਈ ਉਨਾਂ ਨੂੰ ਜਿੱਥੇ ਹੋਰ ਕਠਿਨਾਈਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉੱਥੇ ਉਨਾਂ ਨੂੰ ਕਈ ਵਾਧੂ ਖ਼ਰਚ ਅਤੇ ਹਵਾਈ ਸਫ਼ਰ ਦੀ ਉੱਚੀ ਲਾਗਤ ਦਾ ਭੁਗਤਾਨ ਵੀ ਆਰੰਭ ਵਿੱਚ ਕਰਨਾ ਪਿਆ, ਭਾਵੇਂ ਕਿ ਹੁਣ ਸਰਕਾਰ ਨੇ ਵਿਦਿਆਰਥੀਆਂ ਨੂੰ ਮੁਫ਼ਤ ਲਿਆਉਣਾ ਸ਼ੁਰੂ ਕਰ ਦਿੱਤਾ ਹੈ। ਇਸ ਪ੍ਰਕਾਰ ਭਾਵੇਂ ਜੰਗ ਭਾਰਤ ਦੀ ਧਰਤੀ ਤੋਂ ਹਜ਼ਾਰਾਂ ਮੀਲ ਦੂਰ ਹੋ ਰਹੀ ਹੈ ਪਰ ਉਸ ਦੇ ਮਾੜੇ ਪ੍ਰਭਾਵ ਭਾਰਤ ਦੀ ਆਰਥਿਕਤਾ 'ਤੇ ਵੀ ਕਈ ਪੱਖਾਂ ਤੋਂ ਬਹੁਤ ਬੁਰੇ ਪੈਣਗੇ।

ਜੰਗ ਨਾਲ਼ ਅਨਿਸ਼ਚਿਤਾ ਵਧਦੀ ਹੈ ਜਿਸ ਨਾਲ਼ ਹੋਣ ਵਾਲਾ ਨਿਵੇਸ਼ ਨਿਰਉਤਸ਼ਾਹਿਤ ਹੁੰਦਾ ਹੈ। ਜਿਸ ਦਿਨ ਇਹ ਜੰਗ ਸ਼ੁਰੂ ਹੋਈ ਸੀ, ਉਸ ਦਿਨ ਹੀ ਬੰਬੇ ਸਟਾਕ ਐਕਸਚੇਂਜ ਅਤੇ ਨਿਫ਼ਟੀ ਵਿੱਚ ਸ਼ੇਅਰਾਂ ਦੀਆਂ ਕੀਮਤਾਂ ਬਹੁਤ ਜ਼ਿਆਦਾ ਅਨੁਪਾਤ ਨਾਲ਼ ਘਟੀਆਂ ਸਨ। ਇਸ ਨੇ ਹੋਰ ਨਿਵੇਸ਼ ਨੂੰ ਵੀ ਘਟਾਇਆ ਸੀ। ਭਾਰਤ ਵਰਗਾ ਉਹ ਦੇਸ਼ ਜਿੱਥੇ ਨਿਵੇਸ਼ ਲਿਆਉਣਾ ਪਹਿਲਾਂ ਹੀ ਇੱਕ ਵੱਡੀ ਸਮੱਸਿਆ ਹੈ, ਉੱਥੇ ਨਿਵੇਸ਼ ਦਾ ਹੋਰ ਘਟਣਾ, ਰੁਜ਼ਗਾਰ ਅਤੇ ਉਤਪਾਦਨ ਨੂੰ ਬੁਰੀ ਤਰਾਂ ਪ੍ਰਭਾਵਿਤ ਕਰ ਸਕਦਾ ਹੈ। ਪਰ ਅਖ਼ੀਰ ਵਿੱਚ ਇਹ ਸਿੱਟਾ ਕੱਢਿਆ ਜਾਂਦਾ ਹੈ ਕਿ ਭਾਰਤ ਦੀ ਦਰਾਮਦ 'ਤੇ ਨਿਰਭਰਤਾ ਘੱਟ ਤੋਂ ਘੱਟ ਹੋਣੀ ਚਾਹੀਦੀ ਹੈ, ਭਾਵੇਂ ਕਿ ਤੇਲ ਦੀ ਦਰਾਮਦ ਤਾਂ ਇੱਕ ਮਜਬੂਰੀ ਹੈ ਪਰ ਇਸ ਦੇ ਬਦਲ ਜਿਨਾਂ ਵਿੱਚ ਤੇਲ ਦੀ ਘੱਟ ਲੋੜ ਪਵੇ, ਉਨਾਂ ਨੂੰ ਜ਼ਰੂਰ ਵਧਾਉਣਾ ਚਾਹੀਦਾ ਹੈ, ਜਦੋਂ ਕਿ ਵੱਖ-ਵੱਖ ਉਤਪਾਦਨਾਂ ਦੀਆਂ ਬਰਾਮਦ ਦੀਆਂ ਸੰਭਾਵਨਾਵਾਂ ਦਾ ਪੂਰਾ-ਪੂਰਾ ਲਾਭ ਲੈਣਾ ਚਾਹੀਦਾ ਹੈ।

## ਐਗਜ਼ਿਟ ਪੋਲ ਦੌਰਾਨ...

ਉਨਾਂ ਨੇ ਰੌਸ਼ਨ ਭਵਿੱਖ ਵੇਖਿਆ ਹੈ, ਜੋ ਸਿਰਫ਼ ਸਾਡੇ ਸੱਤਾ ਵਿੱਚ ਆਉਣ 'ਤੇ ਸੰਭਵ ਹੈ।" ਉਧਰ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਚੋਣ ਸਰਵੇਖਣਾਂ ਨੂੰ 'ਬੇਬੁਨਿਆਦ' ਕਰਾਰ ਦਿੱਤਾ ਹੈ।

### ਸਾਨੂੰ ਚੋਣ ਸਰਵੇਖਣਾਂ 'ਤੇ ਯਕੀਨ ਨਹੀਂ: ਚੀਮਾ

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਚੋਣ ਸਰਵੇਖਣਾਂ ਦੇ ਪ੍ਰਤੀਕਰਮ ਵਿੱਚ ਕਿਹਾ, "ਸਾਨੂੰ ਚੋਣਾਂ ਤੋਂ ਪਹਿਲਾਂ ਤੇ ਮਗਰੋਂ ਕੀਤੇ ਚੋਣ ਸਰਵੇਖਣਾਂ 'ਤੇ ਯਕੀਨ ਨਹੀਂ ਹੈ। ਪਿਛਲੀਆਂ ਚੋਣਾਂ ਮੌਕੇ ਵੀ ਇਹ ਪੂਰੀ ਤਰਾਂ ਗ਼ਲਤ ਸਾਬਤ ਹੋਏ ਸੀ ਤੇ ਐਤਕੀਂ ਫਿਰ ਚੋਣ ਪੰਡਿਤ ਗ਼ਲਤ ਸਾਬਤ ਹੋਣਗੇ। ਅਕਾਲੀ ਵੱਡੇ ਬਹੁਮਤ ਨਾਲ਼ ਸੱਤਾ ਵਿੱਚ ਆਉਣਗੇ।"

## ਪੰਜਾਬ ਦੀਆਂ ਪੰਜ ਸੀਟਾਂ...

ਅਤੇ ਇੱਕ ਸਾਲ ਤੋਂ ਲੰਮਾ ਸਮਾਂ ਚੱਲੇ ਕਿਸਾਨ ਅੰਦੋਲਨ ਦੇ ਅਸਰ ਕਾਰਨ ਉੱਤਰ ਪ੍ਰਦੇਸ਼ ਦੀਆਂ ਚੋਣਾਂ ਉੱਤੇ ਸਭ ਦੀ ਨਜ਼ਰ ਹੈ। ਐਗਜ਼ਿਟ ਪੋਲਾਂ ਮੁਤਾਬਿਕ ਭਾਜਪਾ ਭਾਵੇਂ ਪਹਿਲਾਂ ਜਿੰਨੀਆਂ ਸੀਟਾਂ ਤਾਂ ਨਹੀਂ ਲਿਜਾ ਰਹੀ ਪਰ ਜੇ ਇਹ ਪੋਲ ਸਰਵੇ ਠੀਕ ਨਿਕਲਦੇ ਹਨ ਤਾਂ ਭਾਜਪਾ ਸਪੱਸ਼ਟ ਬਹੁਮਤ ਨਾਲ਼ ਯੂ.ਪੀ. ਵਿੱਚ ਦੂਸਰੀ ਵਾਰ ਸਰਕਾਰ ਬਣਾ ਰਹੀ ਹੈ। ਸਮਾਜਵਾਦੀ ਪਾਰਟੀ ਦੂਸਰੇ ਨੰਬਰ 'ਤੇ ਹੈ; ਇੱਥੇ ਵੀ 'ਆਪ' ਦਾ ਖ਼ਾਤਾ ਚੰਗੇ ਤਰੀਕੇ ਨਾਲ਼ ਖੁੱਲਣ ਦਾ ਅਨੁਮਾਨ ਹੈ। ਉੱਤਰਾਖੰਡ, ਮਨੀਪੁਰ ਤੇ ਗੋਆ ਵਿੱਚ ਭਾਜਪਾ ਦਾ ਹੱਥ ਉੱਤੇ ਦੱਸਿਆ ਗਿਆ ਹੈ, ਪਰ ਕੁਝ ਚੋਣ ਸਰਵੇਖਣਾਂ ਵਿੱਚ ਪਹਾੜੀ ਰਾਜ ਉੱਤਰਾਖੰਡ ਵਿੱਚ ਭਾਜਪਾ ਤੇ ਕਾਂਗਰਸ ਦਰਮਿਆਨ ਬਰਾਬਰ ਦੀ ਟੱਕਰ ਹੈ ਤੇ ਗੋਆ ਵਿੱਚ ਕਿਸੇ ਵੀ ਪਾਰਟੀ ਨੂੰ ਸਪਸ਼ਟ ਬਹੁਮੱਤ ਨਾ ਮਿਲਣ ਦਾ ਦਾਅਵਾ ਵੀ ਕੀਤਾ ਗਿਆ ਹੈ। ਐੱਨ.ਡੀ.ਟੀ.ਵੀ. ਵੱਲੋਂ ਕੀਤੇ 'ਪੋਲ ਆਫ਼ ਪੋਲਜ਼' ਸਰਵੇਖਣ ਦੀ ਮੰਨੀਏ ਤਾਂ ਪੰਜ ਰਾਜਾਂ ਵਿੱਚੋਂ ਚਾਰ ਵਿੱਚ ਭਾਜਪਾ ਦੀ ਮੁੜ ਸਰਕਾਰ ਬਣ ਰਹੀ ਹੈ ਜਦੋਂਕਿ ਪੰਜਾਬ ਵਿੱਚ 67 ਸੀਟਾਂ ਨਾਲ਼ ਆਪ ਪਾਰਟੀ ਦੇ ਸਰਕਾਰ ਬਣਾਉਣ ਦੇ ਆਸਾਰ ਹਨ।

ਸੀ.ਐੱਨ.ਐੱਨ. ਨਿਊਜ਼ 18, ਟਾਈਮਜ਼ ਨਾਓ, ਰਿਪਬਲਿਕ ਟੀ.ਵੀ. ਤੇ ਨਿਊਜ਼ ਐਕਸ ਚੈਨਲਾਂ ਵੱਲੋਂ ਵਿਖਾਏ ਜਾ ਰਹੇ ਐਗਜ਼ਿਟ ਪੋਲਾਂ ਮੁਤਾਬਕ ਯੂਪੀ ਵਿੱਚ ਭਾਜਪਾ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗੱਠਜੋੜ ਨੂੰ 211 ਤੋਂ 277 ਸੀਟਾਂ ਮਿਲ ਰਹੀਆਂ ਹਨ ਜਦੋਂਕਿ ਇਸ ਦੀ ਰਵਾਇਤੀ ਵਿਰੋਧੀ ਸਮਾਜਵਾਦੀ ਪਾਰਟੀ ਦੀ ਅਗਵਾਈ ਵਾਲੇ ਗੱਠਜੋੜ ਨੂੰ 119 ਤੋਂ 160 ਦਰਮਿਆਨ ਸੀਟਾਂ ਮਿਲਣ ਦਾ ਦਾਅਵਾ ਕੀਤਾ ਜਾ ਰਿਹੈ। ਸੀ.ਐੱਨ.ਐੱਨ. ਨਿਊਜ਼ 18 ਨੇ ਭਾਜਪਾ ਤੇ ਭਾਈਵਾਲਾਂ ਨੂੰ 262-277 ਸੀਟਾਂ ਅਤੇ ਸਪਾ+ਭਾਈਵਾਲਾਂ ਨੂੰ 119-134 ਸੀਟਾਂ ਮਿਲਣ ਦੀ ਪੇਸ਼ੀਨਗੋਈ ਕੀਤੀ ਹੈ। ਐੱਨ.ਡੀ.ਟੀ.ਵੀ. ਵੱਲੋਂ ਕੀਤੇ 'ਪੋਲ ਆਫ਼ ਪੋਲਜ਼' ਸਰਵੇਖਣ ਵਿੱਚ ਯੂ.ਪੀ. ਵਿੱਚ ਭਾਜਪਾ ਤੇ ਭਾਈਵਾਲਾਂ ਨੂੰ 231 ਸੀਟਾਂ ਮਿਲਣ ਦਾ ਦਾਅਵਾ ਕੀਤਾ ਗਿਆ ਹੈ। ਸਾਰੇ ਹੀ ਚੋਣ ਸਰਵੇਖਣਾਂ ਮੁਤਾਬਕ ਭਾਜਪਾ ਭਾਵੇਂ ਯੂਪੀ ਵਿੱਚ ਮੁੜ ਸਰਕਾਰ ਬਣਾਉਣ ਦੀ ਸਥਿਤੀ ਵਿੱਚ ਹੈ, ਪਰ ਸਾਲ 2017 ਦੇ ਮੁਕਾਬਲੇ ਭਾਜਪਾ ਤੇ ਇਸ ਦੇ ਭਾਈਵਾਲਾਂ ਦਾ ਬਹੁਮਤ ਘੱਟ ਜਾਵੇਗਾ। ਯੂਪੀ ਦੀ 403 ਮੈਂਬਰੀ ਅਸੈਂਬਲੀ ਵਿੱਚ ਸਰਕਾਰ ਬਣਾਉਣ ਲਈ ਕਿਸੇ ਪਾਰਟੀ ਜਾਂ ਗੱਠਜੋੜ ਨੂੰ 202 ਸੀਟਾਂ ਦੀ ਲੋੜ ਹੈ।

ਉੱਤਰਾਖੰਡ ਤੇ ਗੋਆ ਲਈ ਚੋਣ ਸਰਵੇਖਣਾਂ ਵਿੱਚ ਕਾਂਗਰਸ ਤੇ ਭਾਜਪਾ ਦਰਮਿਆਨ ਬਰਾਬਰ ਦੀ ਟੱਕਰ ਦਰਸਾਈ ਗਈ ਹੈ। ਏ.ਬੀ.ਪੀ. ਸੀ-ਵੋਟਰ ਨੇ ਆਪਣੇ ਚੋਣ ਸਰਵੇਖਣ ਵਿੱਚ ਉੱਤਰਾਖੰਡ ਵਿੱਚ ਕਾਂਗਰਸ ਦੀ ਸਰਕਾਰ ਬਣਨ ਦਾ ਦਾਅਵਾ ਕੀਤਾ ਹੈ। ਐਗਜ਼ਿਟ ਪੋਲ ਮੁਤਾਬਕ ਕਾਂਗਰਸ 70 ਮੈਂਬਰੀ ਉੱਤਰਾਖੰਡ ਅਸੈਂਬਲੀ ਵਿੱਚ 35 ਸੀਟਾਂ ਜਿੱਤੇਗੀ ਜਦੋਂਕਿ ਭਾਜਪਾ ਦੇ ਹਿੱਸੇ 29 ਸੀਟਾਂ ਪੈਣ ਦੀ ਪੇਸ਼ੀਨਗੋਈ ਕੀਤੀ ਗਈ ਹੈ। ਆਪ ਪਾਰਟੀ ਦੇ ਇੱਥੇ ਇੱਕ ਸੀਟ ਜਿੱਤਣ ਦੇ ਅਨੁਮਾਨ ਹਨ। ਪੋਲ ਆਫ਼ ਪੋਲਜ਼ ਨੇ ਉੱਤਰਾਖੰਡ ਵਿੱਚ ਭਾਜਪਾ ਨੂੰ 35 ਸੀਟਾਂ ਮਿਲਣ ਦਾ ਦਾਅਵਾ ਕੀਤਾ ਹੈ। ਉਂਝ ਆਜ਼ਾਦ ਤੇ ਹੋਰ ਜਿਨਾਂ ਦੇ ਪੰਜ ਸੀਟਾਂ ਜਿੱਤਣ ਦੇ ਆਸਾਰ ਹਨ, ਕਿੰਗ ਮੇਕਰ ਸਾਬਤ ਹੋ ਸਕਦੇ ਹਨ। ਬਸਪਾ ਦੇ ਹਿੱਸੇ ਤਿੰਨ ਸੀਟਾਂ ਆ ਸਕਦੀਆਂ ਹਨ। ਐਗਜ਼ਿਟ ਪੋਲ ਵਿੱਚ ਕਾਂਗਰਸ ਨੂੰ 32 ਤੋਂ 38, ਭਾਜਪਾ ਨੂੰ 26 ਤੋਂ 32 ਤੇ ਹੋਰਨਾਂ ਨੂੰ 3-7 ਸੀਟਾਂ ਮਿਲਣ ਦੇ ਆਸਾਰ ਹਨ।

## 'ਭਾਰੀਆਂ ਪੰਡਾਂ'

ਪਰ ਅਸੀਂ ਤਾਂ ਖੁੱਲੀਆਂ ਅੱਖਾਂ 'ਤੇ ਪੱਟੀ ਹੀ ਬੰਨ ਲਈ। ਸਭ ਦਿਸਦੇ ਹੋਏ ਵੀ ਕੁਝ ਵੇਖ ਨਾ ਸਕੇ।

ਕੀ ਬੁਝਾਰਤਾਂ ਜਿਹੀਆਂ ਪਾਈ ਜਾਨੀਂ ਏਂ, ਸਰਦਾਰਨੀਏ ਸਭ ਠੀਕ ਤਾਂ ਹੈ।

ਤਾਰੋ ਨੇ ਹੁਣ ਫ਼ਿਕਰ ਜਿਹੀ ਨਾਲ਼ ਪੁੱਛਿਆ।

ਤਾਰੋ ਤੈਨੂੰ ਤਾਂ ਪਤਾ ਈ ਐ, ਰੱਜੀ ਦੇ ਵਿਆਹ 'ਤੇ ਕਿੰਨਾ ਪੈਸਾ ਦਿੱਤਾ ਅਤੇ ਕਿੰਨਾ ਲੱਗਿਆ। ਧੀ ਦੇ ਚੰਗੇ ਭਵਿੱਖ ਲਈ ਉਹਨੂੰ ਬਾਹਰਲੇ ਮੁਲਕ ਤੋਰਿਆ, ਪਰ ਉੱਥੇ ਜਾ ਕੇ ਪਤਾ ਲੱਗਿਆ ਕਿ ਉਹ ਮੁੰਡਾ ਤਾਂ ਪਹਿਲਾਂ ਹੀ ਵਿਆਹਿਆ ਹੋਇਆ ਏ ਅਤੇ ਦੋ ਜੁਆਕ ਵੀ ਨੇ ਉੱਥੇ, ਪਰ ਹੁਣ ਕਰ ਵੀ ਕੀ ਸਕਦੇ ਆਂ। ਰੱਜੀ ਔਖੀ-ਸੌਖੀ ਛੇ ਮਹੀਨੇ ਰਹੀ ਅਤੇ ਵਾਪਸ ਆ ਗਈ। ਹੁਣ ਉਹ ਆਪਣੀ ਨਾਨੀ ਕੋਲ਼ ਰਹਿੰਦੀ ਆ। ਬਸ ਇੱਕੋ ਗੱਲ ਆਖਦੀ ਆ ਕੇ, ਅਸੀਂ ਉਸ ਦੀ ਜ਼ਿੰਦਗੀ ਤਬਾਹ ਕਰ ਦਿੱਤੀ। ਰੋਜ਼ ਥਾਣੇ ਕਚਹਿਰੀਆਂ ਵਿੱਚ ਜਾ ਖੱਜਲ-ਖੁਆਰ ਹੋਏ ਪਏ ਆਂ। ਅੱਗੋ ਕੁਝ ਵੀ ਨਹੀਂ ਦਿਸਦਾ, ਬਸ ਹੁਣ ਤਾਂ ਇੱਕੋ ਫ਼ਿਕਰ ਆ ਕਿ ਏ ਕਰਜ਼ੇ ਦੀ ਭਾਰੀ ਪੰਡ ਸਿਰੋਂ ਕਿਵੇਂ ਲੱਥੂਗੀ। ਅਸੀਂ ਤਾਂ ਆਪਣਾ ਸਭ ਕੁਝ ਗਵਾ ਲਿਆ। ਅੱਜ ਤਾਰੋ ਨੂੰ ਸੱਚਮੁੱਚ ਹਵੇਲੀਆਂ ਅੰਦਰਲਾ ਦਰਦ ਮਹਿਸੂਸ ਹੋਇਆ। ਸਰਦਾਰਨੀਏ ਗੁੱਸਾ ਨਾ ਕਰੀਂ, ਪਰ ਇੱਕ ਗੱਲ ਏ, ਉਹ ਤੁਸੀਂ ਵਿਆਹ ਨਹੀਂ ਸੀ ਕੀਤਾ, ਸੌਦੇਬਾਜ਼ੀ ਕੀਤੀ ਸੀ। ਆਪਣੀ ਧੀ ਵੇਚੀ ਸੀ। ਅਤੇ ਅਜਿਹੀ ਖ਼ਰੀਦ ਵੇਚ ਵਿੱਚ ਵਾਧੇ-ਘਾਟੇ ਤਾਂ ਪੈਂਦੇ ਹੀ ਰਹਿੰਦੇ ਨੇ।

ਇਨਾਂ ਆਖਦੀ-ਆਖਦੀ ਤਾਰੋ ਨੇ ਪੱਠਿਆਂ ਦੀ ਪੰਡ ਵੱਢ ਇੱਕੋ ਝਟਕੇ ਨਾਲ਼ ਸਿਰ 'ਤੇ ਧਰ ਲਈ।

ਤੁਰੀ ਜਾਂਦੀ ਤਾਰੋ ਨੂੰ ਪਿੱਛੋਂ ਇੱਕ ਵਾਰ ਫੇਰ ਸਰਦਾਰਨੀ ਨੇ ਆਵਾਜ਼ ਮਾਰੀ।

ਤਾਰੋ ਏਨੀ ਭਾਰੀ ਪੱਠਿਆਂ ਦੀ ਪੰਡ ਤੂੰ ਹੁਣ ਵੀ ਕਿਵੇਂ ਚੁੱਕ ਲੈਨੀ ਏਂ।

ਸਰਦਾਰਨੀਏ ਇਹ ਭਾਰ ਤਾਂ ਸਾਨੂੰ ਢਿੱਡੋਂ ਜੰਮਦੀਆਂ ਨੂੰ ਹੀ ਮਹਿਸੂਸ ਹੋਣ ਲੱਗ ਪਿਆ ਸੀ। ਪਰ ਇੱਕ ਗੱਲ ਆਖਾਂ, ਥੋੜੇ ਸਿਰ 'ਤੇ ਪਏ ਭਾਰ ਨਾਲੋਂ, ਕਈ ਗੁਣਾ ਹੌਲੀਆਂ ਨੇ ਇਹ ਭਾਰੀਆਂ ਪੰਡਾਂ।

ਇਹ ਪੰਡਾਂ ਰੋਟੀ ਵੀ ਦਿੰਦੀਆਂ ਤੇ ਸੁਖ ਦੀ ਨੀਂਦ ਵੀ ਦਿੰਦੀਆਂ। ਸਬਰ ਸੰਤੋਖ ਨਾਲ਼ ਜੀਊਣਾ ਵੀ ਸਿਖਾਉਂਦੀਆਂ।

ਏਨਾ ਆਖ ਤਾਰੋ ਹਵੇਲੀਓਂ ਬਾਹਰ ਹੋ ਗਈ। ਅੱਜ ਤਾਰੋ ਨੂੰ ਸੱਚਮੁੱਚ ਇਨਾਂ ਭਾਰੀਆਂ ਪੰਡਾਂ 'ਤੇ ਮਾਣ ਜਿਹਾ ਮਹਿਸੂਸ ਹੋਣ ਲੱਗਾ ਅਤੇ ਉੱਚੀ ਆਵਾਜ਼ ਵਿੱਚ ਗਾਉਂਦੀ ਘਰਾਂ ਨੂੰ ਪਰਤ ਗਈ 'ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ'।

## ਖ਼ਾਲਸਾਈ ਜਾਹੋ ਜਲਾਲ

ਇਸ ਲਈ ਉਨਾਂ ਨੇ ਇਸ ਪੁਰਬ ਦਾ ਸੰਬੰਧ ਸੂਰਮਤਾਈ ਨਾਲ਼ ਜੋੜਿਆ। ਇਹ ਖ਼ਾਲਸੇ ਦਾ ਇੱਕ ਜੰਗਜੂ ਪੁਰਬ ਹੈ।

ਗੁਰੂ ਸਾਹਿਬ ਵੱਲੋਂ ਕਰਵਾਈਆਂ ਜਾਣ ਵਾਲੀਆਂ ਮਸਨੂਈ ਲੜਾਈਆਂ ਨੇ ਭਾਰਤੀ ਲੋਕਾਂ ਦੇ ਡਿੱਗੇ ਹੋਏ ਮਨੋਬਲ ਨੂੰ ਉੱਚਾ ਕੀਤਾ ਅਤੇ ਲੋਕਾਂ ਨੂੰ ਕਾਇਰਤਾ ਭਰੇ ਮਾਹੌਲ ਵਿੱਚੋਂ ਨਿਕਲਣ ਦੀ ਪ੍ਰੇਰਨਾ ਦਿੱਤੀ। ਹੋਲਾ-ਮਹੱਲਾ ਸਿੱਖਾਂ ਦਾ ਧਾਰਮਿਕ, ਬੀਰ ਰਸ ਭਰਪੂਰ ਅਤੇ ਚੜਦੀ ਕਲਾ ਵਿੱਚ ਰੱਖਣ ਵਾਲਾ ਗੁਰਪੁਰਬ ਹੈ। ਕਿਉਂਕਿ ਇਹ ਉਤਸ਼ਾਹਜਨਕ ਗੁਰਬਾਣੀ ਦੇ ਕੀਰਤਨ ਨਾਲ਼ ਮਿਲਿਆ ਜੋ ਵਿਛੜੇ ਸਤਿਸੰਗੀਆਂ ਦੇ ਮੇਲ ਕਰਵਾਉਣ ਵਾਲਾ ਅਤਿਭੁਤ ਹੋਲਾ ਅਤੇ ਬੀਰ ਰਸੀ ਮਹੱਲਾ ਹੈ ਜੋ ਸ੍ਰੀ ਦਸਮੇਸ਼ ਜੀ ਨੇ ਪ੍ਰਗਟ ਕੀਤਾ ਹੈ। ਹੋਲਾ-ਮਹੱਲਾ ਸਾਡੇ ਵਿੱਚ ਬੀਰ ਰਸ, ਚੜਦੀ ਕਲਾ, ਉਤਸ਼ਾਹ, ਧਰਮ ਤੇ ਦੇਸ਼ ਦੀ ਰੱਖਿਆ ਲਈ ਜਜ਼ਬਾ ਪੈਦਾ ਕਰਦਾ ਹੈ। ਭਾਵੇਂ ਸਮਾਜ ਨੇ ਹੋਲੀ ਨੂੰ ਕੋਝਾ ਰੂਪ ਦੇ ਕੇ ਢਹਿੰਦੀ ਕਲਾ ਵਾਲੀਆਂ ਰੁਚੀਆਂ ਦਾ ਪ੍ਰਤੀਕ ਬਣਾ ਕੇ ਸ਼ੂਦਰਾਂ ਨੂੰ ਦੇ ਦਿੱਤਾ ਸੀ ਕਿ ਇਹ ਤੁਹਾਡਾ ਤਿਉਹਾਰ ਹੈ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਾਜ ਕੇ, ਵਰਣ ਵੰਡ ਨਸ਼ਟ ਕਰਕੇ, ਖ਼ਾਲਸੇ ਨੂੰ ਸ਼ਸਤਰਾਂ ਦਾ ਸਤਿਕਾਰ ਕਰਨਾ ਸਿਖਾਇਆ ਅਤੇ ਹੋਲਾ-ਮਹੱਲਾ ਦਿੱਤਾ। ਗੁਰੂ ਸਾਹਿਬ ਨੇ ਦੱਬੇ-ਕੁਚਲੇ ਲੋਕਾਂ ਨੂੰ ਸ਼ਸਤਰਧਾਰੀ ਬਣਾ ਦਿੱਤਾ ਅਤੇ ਉਨਾਂ ਵਿੱਚ ਬੀਰ ਰਸੀ ਭਾਵਨਾ ਪੈਦਾ ਕੀਤੀ। ਜਿਸ ਦੇ ਸਿੱਟੇ ਵਜੋਂ ਉਹ ਜ਼ਾਲਮ ਅਤੇ ਜ਼ੁਲਮ ਨਾਲ਼ ਟਕਰਾ ਗਏ। ਗੁਰੂ ਜੀ ਨੇ ਉਨਾਂ ਦੇ ਸ਼ਸਤਰਾਂ ਨਾਲ਼ ਅਟੁੱਟ ਸੰਬੰਧ ਬਣਾ ਦਿੱਤੇ। ਗੁਰੂ ਸਾਹਿਬ ਨੇ ਉਨਾਂ ਨੂੰ ਘੋੜ ਸਵਾਰੀ, ਸ਼ਸਤਰ ਵਿੱਦਿਆ ਆਦਿ ਸਿਖਾਏ। ਉਨਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਦੁਮਾਲੇ ਸਜਾਉਣ। ਦੁਨਿਆਵੀ ਹਾਕਮਾਂ ਤੋਂ ਨਾ ਡਰਨ। ਅਕਾਲ ਪੁਰਖ ਦੇ ਹੁਕਮ ਨੂੰ ਮੰਨਣ। ਝੂਠੇ ਹੁਕਮਰਾਨਾਂ ਤੋਂ ਭੈਅ-ਭੀਤ ਨਾ ਹੋਣ, ਦੇਗ-ਤੇਗ ਫ਼ਤਹਿ ਕਰਨ, ਤੰਦਰੁਸਤ ਰਹਿਣ। ਨਾਮ ਜਪਣ। ਅੰਮ੍ਰਿਤ ਛਕਣ। ਕਿਰਤ ਕਰਨ। ਵੰਡ ਛਕਣ। ਅਤੇ ਸ਼ਸਤਰਾਂ ਨੂੰ ਕਦੀ ਵੀ ਆਪਣੇ ਤੋਂ ਦੂਰ ਨਾ ਕਰਨ। ਗੁਰੂ ਜੀ ਨੇ ਸਿੱਖਾਂ ਨੂੰ ਸੰਤ ਸਿਪਾਹੀ ਬਣਾ ਦਿੱਤਾ ਤਾਂ ਜੋ ਲੋੜ ਪੈਣ 'ਤੇ ਮਾਲਾ ਤੇ ਸ਼ਸਤਰ ਦੋਹਾਂ ਨੂੰ ਵਰਤ ਸਕਣ। ਪ੍ਰਿੰਸੀਪਲ ਸਤਬੀਰ ਸਿੰਘ ਅਨੁਸਾਰ 'ਸਿੱਖ ਦੀ ਸ਼ਾਨ ਨਿਰਾਲੀ ਹੈ। ਹੋਲਾ-ਮਹੱਲਾ ਇਸਦਾ ਦੀ ਇੱਕ ਗਵਾਹੀ ਹੈ।' ਗੁਰੂ ਜੀ ਨੇ ਹੋਲਾ-ਮਹੱਲਾ ਚਾੜ ਕੇ ਦੱਸਿਆ ਕਿ ਜ਼ਾਲਮਾਂ ਦੀ ਬੇਰਹਿਮੀ ਦਾ ਟਾਕਰਾ ਹੋ ਸਕਦਾ ਹੈ। ਹੋਲਾ-ਮਹੱਲਾ ਸਾਨੂੰ ਇਹ ਸੰਦੇਸ਼ ਦਿੰਦਾ ਹੈ ਕੀ ਅਸੀਂ ਸੁਆਰਥੀ ਜੰਗ ਛੱਡ ਕੇ ਇੱਕਮੁੱਠ ਹੋ ਕੇ ਕੌਮ ਦੀ ਬਿਹਤਰੀ ਅਤੇ ਖ਼ੁਸ਼ਹਾਲੀ ਵਾਸਤੇ ਲੜਨਾ ਹੈ। ਇਹੋ ਗੁਰੂ ਜੀ ਦਾ ਸਾਨੂੰ ਹੁਕਮ ਹੈ। ਇਹ ਹੀ ਹੋਲੇ-ਮਹੱਲੇ ਦੀ ਸ਼ਕਤੀ ਹੈ। ਇਹੋ ਸ਼ਕਤੀ ਖ਼ਾਲਸੇ ਦੇ ਅੰਦਰੋਂ ਇਹ ਨਾਅਰੇ ਬੁਲੰਦ ਕਰਵਾਉਂਦੀ ਹੈ :

ਬੋਲੇ ਸੋ ਨਿਹਾਲ,<br>
ਸਤਿ ਸ੍ਰੀ ਅਕਾਲ।<br>
ਵਾਹਿਗੁਰੂ ਜੀ ਕਾ ਖ਼ਾਲਸਾ।<br>
ਵਾਹਿਗੁਰੂ ਜੀ ਕੀ ਫ਼ਤਹਿ।

ਇਹੀ ਹੈ ਹੋਲੇ-ਮਹੱਲੇ ਦੀ ਕਰਾਮਾਤ ਜੋ ਖ਼ਾਲਸਾਈ ਜਾਹੋ-ਜਲਾਲ ਅਤੇ ਸ਼ਕਤੀ ਦੀ ਸਦੀਵੀ ਹੋਂਦ ਦਾ ਪ੍ਰਤੀਕ ਹੈ। ਹੋਲਾ-ਮਹੱਲਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉਨਾਂ ਪਾਵਨ ਬਚਨਾਂ ਨੂੰ ਸਿੱਧ ਕਰਦਾ ਹੈ :

ਇਨ ਗਰੀਬ ਸਿਖਨ ਕੋ ਦੇਉਂ ਪਾਤਸਾਹੀ।<br>
ਯਾਦ ਕਰੇਂ ਹਮਰੀ ਗੁਰਿਆਈ।

## ਸਾਹਿਤਕਾਰਾਂ ਦਾ ਵੱਡਾ

ਜਦੋਂ ਕਿ ਦੁਨੀਆ ਭਾਰਤੀ ਫ਼ਲਸਫ਼ੇ 'ਤੇ ਖੋਜ ਕਰ ਰਹੀ ਹੈ। ਉਹ ਸਾਡੇ ਫ਼ਲਸਫ਼ੇ ਅਤੇ ਜੀਵਨ ਪੱਧਤੀ ਨੂੰ ਅਪਣਾ ਰਹੇ ਹਨ। ਉਨਾਂ ਦੇ ਅਧਿਐਨ ਅਤੇ ਸੋਧ ਲਈ ਸਾਡੇ ਮੁਲਕ ਵਿੱਚ ਆ ਕੇ ਇੱਥੇ ਹੀ ਆਪਣਾ ਜੀਵਨ ਗੁਜ਼ਾਰ ਰਹੇ ਹਨ। ਇਹ ਮਾਫ਼ੀਏ ਵਾਲੇ ਆਪਣੇ ਹੀ ਮੁਲਕ ਅਤੇ ਸੰਸਕ੍ਰਿਤੀ ਨਾਲ਼ ਕੋਝਾ ਮਜ਼ਾਕ ਕਰ ਰਹੇ ਹਨ। ਆਪਣੇ ਮੁਲਕ ਦੀ ਅਮੀਰ ਵਿਰਾਸਤ, ਗਣਿਤ, ਪੁਲਾੜ-ਨਕਸ਼ੱਤਰ ਵਿਗਿਆਨ, ਇਲਾਜ ਪੱਧਤੀ, ਭਾਸ਼ਾ, ਰਣਨੀਤੀ, ਰਾਜਨੀਤੀ ਸੰਬੰਧੀ ਖੋਜਾਂ ਨੂੰ ਮੂਲੋਂ ਹੀ ਨਜ਼ਰਅੰਦਾਜ਼ ਕਰਦਿਆਂ ਸਿਰਫ਼ ਤੇ ਸਿਰਫ਼ ਦੂਸਰੇ ਮੁਲਕਾਂ ਦਾ ਗੁਣਗਾਨ ਕਰਦੇ ਨਹੀਂ ਥੱਕਦੇ। ਆਪਣੀਆਂ ਲਿਖਤਾਂ ਅਤੇ ਭਾਸ਼ਣਾਂ ਵਿੱਚ ਇੰਜ ਪ੍ਰਦਰਸ਼ਿਤ ਕਰਦੇ ਹਨ ਕਿ ਜਿਵੇਂ ਪੰਜਾਬ ਜਾਂ ਭਾਰਤ ਦਾ ਵਿਸ਼ਵ ਸਾਹਿਤ, ਕਲਾ ਜਾਂ ਵਿਗਿਆਨ ਵਿੱਚ ਕੋਈ ਯੋਗਦਾਨ ਹੈ ਹੀ ਨਹੀਂ। ਸਕੂਲਾਂ ਅਤੇ ਵਿਸ਼ਵਵਿਦਿਆਲਿਆਂ ਦੇ ਪਾਠਕ੍ਰਮਾਂ, ਵਿਸ਼ੇਸ਼ ਕਰਕੇ ਸਾਹਿਤ, ਇਤਿਹਾਸ, ਸਮਾਜਸ਼ਾਸਤਰ, ਫ਼ਿਲਾਸਫ਼ੀ ਦੇ ਵਿਸ਼ਿਆਂ 'ਤੇ ਇਨਾਂ ਨੇ ਕੇਵਲ ਆਪਣੀ ਵਿਚਾਰਧਾਰਾ ਨੂੰ ਪ੍ਰਫੁੱਲਤ ਕਰਨ ਵਾਲੀਆਂ ਲਿਖਤਾਂ ਨੂੰ ਹੀ ਤਰਜੀਹ ਦਿੱਤੀ ਹੈ। ਆਪਣੇ ਕਈ ਇਨਕਲਾਬੀਆਂ, ਮਹਾਨ ਫ਼ਿਲਾਸਫ਼ਰਾਂ ਅਤੇ ਚਿੰਤਕਾਂ ਨੂੰ ਅਣਗੌਲਿਆਂ ਕੀਤਾ ਹੈ। ਭਾਸ਼ਾ ਦੇ ਨਾਂ 'ਤੇ ਵੀ ਰੱਜ ਕੇ ਰਾਜਨੀਤੀ ਕਰਦੇ ਹਨ। ਅਜ਼ਾਦੀ ਮਗਰੋਂ ਹੀ ਇਹ ਸਾਹਿਤਕ ਮਾਫ਼ੀਆ ਸਰਕਾਰ ਦੀ ਕੰਧੇੜੀ ਚੜ ਗਿਆ ਸੀ। ਦੋ ਸਾਲਾਂ ਮਗਰੋਂ ਜਦੋਂ ਵੀ ਇਨਾਂ ਦੇ ਅਹੁਦੇਦਾਰਾਂ ਦੀ ਚੋਣ ਹੁੰਦੀ ਹੈ ਤਾਂ ਇਹ ਲੋਕ ਸਿਆਸੀ ਲੋਕਾਂ ਵਾਂਗ ਹੀ ਚੋਣ ਲੜਦੇ ਹਨ। ਆਪਣੀ ਵਿਚਾਰਧਾਰਾ ਵਾਲੇ ਕਈ ਗ਼ੈਰ-ਲੇਖਕ ਕਿਸਮ ਦੇ ਲੋਕਾਂ ਨੂੰ ਵੀ ਮੈਂਬਰ ਬਣਾ ਕੇ, ਕਈ ਕਿਸਮ ਦੇ ਲਾਲਚ ਦੇ ਕੇ ਵੋਟਾਂ ਪੁਆਈਆਂ ਜਾਂਦੀਆਂ ਹਨ। ਪੂਰੇ ਸਿਆਸੀ ਹੱਥਕੰਡੇ ਅਪਣਾ ਕੇ ਅਹੁਦਿਆਂ 'ਤੇ ਕਾਬਜ਼ ਹੋ ਕੇ ਆਪਣਾ ਮਾਫ਼ੀਆ ਰਾਜ ਕਾਇਮ ਰੱਖਦੇ ਹਨ।

## ਪੰਜਾਬ ਦੇ ਜ਼ਮੀਨੀ...

ਇਹ ਨੀਤੀ ਸਮਾਜਕ ਜ਼ਿੰਮੇਵਾਰੀ ਦੀ ਭਾਵਨਾ ਨਾਲ਼ ਸਿਰੇ ਚੜ ਸਕਦੀ ਹੈ। ਇਸ ਲਈ ਜ਼ਰੂਰੀ ਹੈ ਕਿ :-

1. ਹੁਣ ਦੇ ਸਮੇਂ ਪ੍ਰਚੱਲਤ ਹੋ ਚੁੱਕੀ ਇੱਕ ਫ਼ਸਲੀ ਖੇਤੀਬਾੜੀ ਜੁਗਤ ਦੀ ਜਗਾ ਰਲ਼ਵੀਆਂ ਫ਼ਸਲਾਂ ਅਤੇ ਰੁੱਖਾਂ ਵਾਲੀ ਰਵਾਇਤੀ ਖੇਤੀ ਜੁਗਤ ਅਪਣਾਈਏ ਤਾਂ ਕਿ ਪਾਣੀ ਦੀ ਹੰਢਣਸਾਰ ਵਰਤੋਂ ਵੱਲ ਵਧ ਸਕੀਏ।
2. ਜ਼ਮੀਨ ਦੇ ਕੁਝ ਹਿੱਸੇ ਵਿੱਚ ਪੰਜਾਬ ਦੇ ਪੁਰਾਣੇ ਰੁੱਖ ਨਿੰਮ, ਅੰਬ, ਟਾਹਲੀ, ਕਿੱਕਰ, ਜਾਮਣ, ਫਲਾਹੀ, ਪਿੱਪਲ, ਬੋਹੜ, ਪਿਲਕਣ ਲਗਾਈਏ। ਇਸ ਨਾਲ਼ ਕੁਦਰਤੀ ਵਾਤਾਵਰਣ ਦਾ ਸੰਤੁਲਨ ਵੀ ਕਾਇਮ ਰਹੇਗਾ।
3. ਕੁਝ ਹਿੱਸੇ ਵਿੱਚ ਬਾਗ਼ਬਾਨੀ ਜਾਂ ਵਣਖੇਤੀ ਕੀਤੀ ਜਾਵੇ ਜਾਂ ਘੱਟ ਪਾਣੀ ਦੀ ਖਪਤ ਵਾਲੀਆਂ ਫਸਲਾਂ ਜਿਵੇਂ ਕਿ ਮੱਕੀ, ਬਾਜਰਾ, ਕੋਧਰਾ, ਜਵਾਰ, ਰਾਗੀ ਆਦਿ ਦੀ ਕਾਸ਼ਤ ਕੀਤੀ ਜਾਵੇ।
4. ਪੰਜਾਬ ਵਿੱਚ ਖੇਤੀ ਦੀ ਘਣਤਾ 200% ਹੈ, ਜੋ ਕਿ ਬਹੁਤ ਜ਼ਿਆਦਾ ਹੈ। ਇਸ ਨੂੰ ਘਟਾਉਣ ਲਈ ਜਮੀਨ ਦੇ ਇੱਕ ਚੌਥਾਈ ਹਿੱਸੇ ਵਿੱਚ ਸਾਉਣੀ ਦੀ ਫਸਲ ਨਾ ਬੀਜੀ ਜਾਵੇ, ਜਿਵੇਂ ਪਹਿਲਾਂ ਵੱਟੇ ਵਿੱਚ ਜ਼ਮੀਨ ਦਾ ਕੁਝ ਹਿੱਸਾ ਛਿਮਾਹੀ ਲਈ ਖ਼ਾਲੀ ਛੱਡਿਆ ਜਾਂਦਾ ਸੀ।
5. ਕੱਦੂ ਕਰਕੇ ਝੋਨਾ ਲਾਉਣ ਦੀ ਥਾਂ ਵੱਟਾਂ ਉੱਤੇ ਝੋਨਾ ਲਾਉਣ ਜਾਂ ਝੋਨੇ ਦੀ ਸਿੱਧੀ ਬਿਜਾਈ ਦੀ ਤਕਨੀਕ ਅਪਣਾਈ ਜਾਵੇ ਜਿਸ ਨਾਲ਼ ਪਾਣੀ ਦੀ ਖਪਤ ਘਟਾਈ ਜਾ ਸਕਦੀ ਹੈ। ਫ਼ਸਲਾਂ ਦੀ ਸਿੰਜਾਈ ਲਈ ਫ਼ੁਹਾਰਾ ਜਾਂ ਤੁਪਕਾ ਸਿੰਜਾਈ ਆਦਿ ਵਿਧੀਆਂ ਦੀ ਵਰਤੋਂ ਕੀਤੀ ਜਾਵੇ।
6. ਖੇਤਾਂ ਵਿੱਚ ਤਲਾਅ ਬਣਾਅ ਕੇ ਅਤੇ ਪੁਰਾਣੀਆਂ ਢਾਬਾਂ ਨੂੰ ਮੁੜ ਸੁਰਜੀਤ ਕਰਕੇ ਮੀਂਹ ਦੇ ਪਾਣੀ ਨੂੰ ਇਕੱਠਾ ਕੀਤਾ ਜਾਵੇ ਤੇ ਖੇਤਾਂ ਦੀ ਸਿੰਜਾਈ ਲਈ ਵਰਤਿਆ ਜਾਵੇ।
7. ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਡਿੱਗਣੋਂ ਬਚਾਉਣ ਲਈ ਘਰਾਂ ਅਤੇ ਹੋਰ ਵੱਡੀਆਂ ਇਮਾਰਤਾਂ ਦੀਆਂ ਛੱਤਾਂ ਦੇ ਜ਼ਮੀਨਦੋਜ਼ ਕੀਤਾ ਜਾਵੇ। ਧਾਰਮਿਕ ਅਸਥਾਨਾਂ ਅਤੇ ਸਾਂਝੀਆਂ ਇਮਾਰਤਾਂ (ਸਕੂਲ, ਕਾਲਜ, ਕਿਤਾਬਘਰ, ਹਸਪਤਾਲ ਆਦਿ) ਦੀਆਂ ਛੱਤਾਂ ਦਾ ਪਾਣੀ ਜ਼ਮੀਨਦੋਜ਼ ਕਰਕੇ ਪਹਿਲ ਕੀਤੀ ਜਾਵੇ ਤਾਂ ਸਮਾਜ ਵਿੱਚ ਇਸ ਬਾਰੇ ਜਾਗਰੂਕਤਾ ਲਿਆਂਦੀ ਜਾ ਸਕਦੀ ਹੈ।

ਫ਼ੌਰੀ ਨੀਤੀ ਦੇ ਤੌਰ 'ਤੇ ਪੰਜਾਬ ਦੇ ਜਲ ਸੰਕਟ ਵਿੱਚੋਂ ਪੰਜਾਬ ਨੂੰ ਕੱਢਣ ਲਈ ਝੋਨੇ ਹੇਠਲੇ ਕਰੀਬ 75 ਲੱਖ ਏਕੜ ਰਕਬੇ ਵਿੱਚੋਂ 30–35 ਲੱਖ ਏਕੜ ਰਕਬੇ ਨੂੰ ਝੋਨਾ ਮੁਕਤ ਕਰਨ ਦੀ ਫ਼ੌਰੀ ਲੋੜ ਹੈ।

ਇਸ ਲਈ ਪਰਵਾਸੀ ਅਤੇ ਨੌਕਰੀਪੇਸ਼ਾ ਪੰਜਾਬੀ ਅਹਿਮ ਭੂਮਿਕਾ ਨਿਭਾਅ ਸਕਦੇ ਹਨ ਕਿਉਂਕਿ ਇਹ ਵਰਗ ਆਰਥਕ ਤੌਰ ਉੱਤੇ ਖੇਤੀ ਉੱਤੇ ਨਿਰਭਰ ਨਹੀਂ ਹਨ। ਸਾਰੇ ਪੰਜਾਬੀ ਪਰਵਾਸੀ ਜ਼ਮੀਨ ਠੇਕੇ ਉੱਤੇ ਦੇ ਕੇ ਖੇਤੀ ਕਰਵਾਉਂਦੇ ਹਨ। ਇੱਕ ਅੰਦਾਜ਼ੇ ਮੁਤਾਬਿਕ ਕੇਂਦਰੀ ਪੰਜਾਬ ਦੀ 70% ਜ਼ਮੀਨ ਦੀ ਖੇਤੀ ਠੇਕੇ ਉੱਤੇ ਹੁੰਦੀ ਹੈ। ਪੰਜਾਬ ਦੇ ਲਗਭਗ ਤੀਹ ਲੱਖ ਜੀਅ ਪੱਕੇ ਤੌਰ ਉੱਤੇ ਬਾਹਰਲੇ ਮੁਲਕਾਂ ਵਿੱਚ ਚਲੇ ਗਏ ਹਨ। ਜੇਕਰ ਉਹ ਪੰਜਾਬ ਵਿੱਚ ਪ੍ਰਤੀ ਜੀਅ ਇੱਕ ਏਕੜ ਵਿੱਚੋਂ ਵੀ ਝੋਨੇ ਦੀ ਫ਼ਸਲ ਘੱਟ ਕਰਵਾਉਣ ਲਈ ਉੱਦਮ ਕਰਨ ਤਾਂ ਪੰਜਾਬ ਵਿੱਚ ਝੋਨੇ ਹੇਠ ਰਕਬੇ ਨੂੰ 30 ਲੱਖ ਏਕੜ ਘਟਾਇਆ ਜਾ ਸਕਦਾ ਹੈ। ਇਸ ਲਈ ਪੰਜਾਬ ਦਰਦੀ ਪਰਵਾਸੀ ਝੋਨੇ ਹੇਠੋਂ ਰਕਬਾ ਕੱਢਣ ਅਤੇ ਫ਼ਸਲੀ ਰਹਿੰਦ-ਖੂਹੰਦ ਨੂੰ ਅੱਗ ਨਾ ਲਾਉਣ ਦੀ ਸ਼ਰਤ ਉੱਤੇ ਉਸ ਜ਼ਮੀਨ ਦਾ ਠੇਕਾ ਘੱਟ ਕਰਕੇ ਪੰਜਾਬ ਵਿੱਚ ਅਹਿਮ ਫ਼ਸਲੀ ਤਬਦੀਲੀ ਲਿਆਉਣ ਦਾ ਸਬੱਬ ਬਣ ਸਕਦੇ ਹਨ। ਇਹ ਸਹਿਜੇ ਹੀ ਕੀਤਾ ਜਾ ਸਕਦਾ ਹੈ।

ਪੰਜਾਬ ਵਿੱਚ ਔਸਤਨ ਠੇਕਾ 40 ਹਜ਼ਾਰ ਰੁਪਏ ਦੇ ਕਰੀਬ ਹੈ। ਜੇਕਰ ਜ਼ਮੀਨ ਨੂੰ ਝੋਨਾ ਮੁਕਤ ਕਰਨ ਦੀ ਇਵਜ਼ ਵਿੱਚ ਇੱਕ ਏਕੜ ਦਾ ਠੇਕਾ ਅੱਧਾ ਲਿਆ ਤਾਂ ਹਰ ਪਰਵਾਸੀ ਪ੍ਰਤੀ ਏਕੜ ਸਿਰਫ਼ €230 (ਯੂਰਪ), $275 (ਯੂ.ਐਸ.), $333 (ਕੈਨੇਡਾ), $360 (ਆਸਟ੍ਰੇਲੀਆ) ਸਾਲਾਨਾ ਦਾ ਯੋਗਦਾਨ ਪਾ ਕੇ ਪੰਜਾਬ ਬੰਜਰ ਹੋਣ ਤੋਂ ਬਚਾ ਸਕਦਾ ਹੈ। ਸੋ, ਹਰ ਇੱਕ ਪਰਵਾਸੀ ਪੰਜਾਬੀ ਦੇ ਇੱਕ ਡਾਲਰ ਰੋਜ਼ਾਨਾ ਦੇ ਯੋਗਦਾਨ ਨਾਲ਼ ਪੰਜਾਬ ਨੂੰ ਬਰਬਾਦੀ ਦੇ ਰਾਹ ਤੋਂ ਖ਼ੁਸ਼ਹਾਲੀ ਵੱਲ ਮੋੜਿਆ ਜਾ ਸਕਦਾ ਹੈ।

ਅਖ਼ੀਰ ਵਿੱਚ ਇਹ ਗੱਲ ਤੁਹਾਡੇ ਨਾਲ਼ ਸਾਂਝੀ ਕਰਨੀ ਹੈ ਕਿ ਜ਼ਮੀਨੀ ਪਾਣੀ ਦੇ ਗੰਭੀਰ ਸੰਕਟ ਵਿੱਚ ਘਿਰੇ ਦੇਸ ਪੰਜਾਬ ਲਈ ਇਹ ਆਸਵੰਦੀ ਖ਼ਬਰ ਹੈ ਕਿ ਪੰਜਾਬ ਵਿੱਚ ਇਸ ਵਾਰ ਝੋਨੇ ਹੇਠਲਾ ਰਕਬਾ 2,05,000 ਏਕੜ (83 ਹਜ਼ਾਰ ਹੈਕਟੇਅਰ) ਘਟਿਆ ਹੈ। ਇਹ ਜਾਣਕਾਰੀ ਪੰਜਾਬ ਖੇਤੀਬਾੜੀ ਮਹਿਕਮੇ ਅਤੇ ਪੰਜਾਬ ਦੇ ਆਮਦਨੀ ਮਹਿਕਮੇ ਵੱਲੋਂ ਇਸ ਵਾਰ ਕਰਵਾਏ ਗਏ 'ਸਰਵੇ' ਵਿੱਚ ਸਾਹਮਣੇ ਆਈ ਹੈ। ਇਸ ਸਰਵੇ ਮੁਤਾਬਿਕ ਲੰਘੇ ਸਾਲ ਪੰਜਾਬ ਵਿੱਚ 77.81 ਲੱਖ ਏਕੜ (32.49 ਲੱਖ ਹੈਕਟੇਅਰ) ਵਿੱਚ ਝੋਨਾ ਸੀ ਪਰ ਇਸ ਵਾਰ ਪੰਜਾਬ ਵਿੱਚ 75.76 ਲੱਖ ਏਕੜ (30. 66 ਲੱਖ ਹੈਕਟੇਅਰ) ਵਿੱਚ ਝੋਨਾ ਹੈ। ਸਰਵੇ ਅਨੁਸਾਰ ਇਸ ਵਾਰ ਪੰਜਾਬ ਵਿੱਚ 1.28 ਲੱਖ ਏਕੜ ਰਕਬਾ ਝੋਨੇ ਹੇਠੋਂ ਨਿਕਲ ਕੇ ਕਪਾਹ ਹੇਠ ਗਿਆ ਹੈ। ਇਸੇ ਤਰਾਂ 44.5 ਹਜ਼ਾਰ ਏਕੜ ਰਕਬਾ ਝੋਨੇ ਹੇਠੋਂ ਨਿਕਲ ਕੇ ਮੱਕੀ ਹੇਠ ਅਤੇ 32 ਹਜ਼ਾਰ ਏਕੜ ਰਕਬਾ ਹੋਰਨਾਂ ਫ਼ਸਲਾਂ ਹੇਠ ਗਿਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲਾਂ ਤੋਂ ਝੋਨੇ ਹੇਠ ਰਕਬਾ ਲਗਾਤਾਰ ਵਧਦਾ ਆ ਰਿਹਾ ਸੀ। ਸਾਲ 2016 ਵਿੱਚ 75.26 ਲੱਖ ਏਕੜ, ਸਾਲ 2017 ਵਿੱਚ 75.73 ਲੱਖ ਏਕੜ, ਸਾਲ 2018 ਵਿੱਚ 76.67 ਲੱਖ ਏਕੜ, ਸਾਲ 2019 ਵਿੱਚ 77.64 ਲੱਖ ਏਕੜ, ਸਾਲ 2020 ਵਿੱਚ 77.81 ਲੱਖ ਏਕੜ ਰਕਬੇ ਵਿੱਚ ਝੋਨੇ ਦੀ ਫ਼ਸਲ ਸੀ ਪਰ ਇਸ ਵਾਰ ਪੰਜਾਬ ਵਿੱਚ ਝੋਨੇ ਹੇਠਲਾ ਰਕਬਾ 2.05 ਲੱਖ ਏਕੜ ਘਟ ਕੇ 75.76 ਲੱਖ ਏਕੜ ਹੋਇਆ ਹੈ। ਜਿਵੇਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਪੰਜਾਬ ਨੂੰ ਆਪਣੀ ਜ਼ਮੀਨੀ ਪਾਣੀ ਦੀ ਵਰਤੋਂ ਹੰਢਣਸਾਰ ਬਣਾਉਣ ਲਈ ਝੋਨੇ ਹੇਠਲਾ ਰਕਬਾ ਘਟਾ ਕੇ 40 ਲੱਖ ਏਕੜ ਤੱਕ ਲਿਆਉਣ ਦੀ ਲੋੜ ਹੈ ਨਹੀਂ ਤਾਂ ਪੰਜਾਬ ਦੇ ਜ਼ਮੀਨੀ ਪਾਣੀ ਦਾ ਸੰਕਟ ਗੰਭੀਰ ਹੀ ਹੁੰਦਾ ਜਾਵੇਗਾ। ਇਸ ਵਾਰ ਝੋਨੇ ਹੇਠ ਰਕਬਾ ਘਟਣਾ ਇੱਕ ਚੰਗੀ ਸ਼ੁਰੂਆਤ ਹੈ ਪਰ ਇਹ ਹਾਲੀ ਪੰਜਾਬ ਨੂੰ ਬਰਬਾਦੀ ਦੇ ਰਾਹ ਤੋਂ ਮੋੜ ਕੇ ਖ਼ੁਸ਼ਹਾਲੀ ਦੇ ਰਾਹ ਉੱਤੇ ਪਾਉਣ ਦੇ ਅਤਿ ਲੋੜੀਂਦੇ ਪੈਂਡੇ ਦੇ ਸ਼ੁਰੂਆਤੀ ਕਦਮ ਹੀ ਕਹੇ ਜਾ ਸਕਦੇ ਹਨ। ਇਸ ਦਿਸ਼ਾ ਵਿੱਚ ਸਾਬਿਤ ਕਦਮੀ ਲਗਾਤਾਰ ਅੱਗੇ ਵਧਣ ਦੀ ਲੋੜ ਹੈ। ਇਸ ਕਾਰਜ ਵਿੱਚ ਪੰਜਾਬ ਦੀ ਬਿਹਤਰੀ ਲਈ ਫ਼ਿਕਰਮੰਦ ਰਹਿਣ ਵਾਲੇ ਪਰਵਾਸੀ ਪੰਜਾਬੀ ਅਹਿਮ ਭੂਮਿਕਾ ਨਿਭਾਅ ਸਕਦੇ ਹਨ।

## ਯੂਕਰੇਨ-ਰੂਸ ਜੰਗ...

ਰੂਸੀ ਹਮਲੇ ਤੋਂ ਬਾਅਦ ਕਾਲ਼ੇ ਸਾਗਰ ਸਮੇਤ ਹੋਰ ਰੂਟਾਂ ਤੋਂ ਜਾਣ ਵਾਲੇ ਮਾਲ ਵਿੱਚ ਵਿਘਨ ਪਿਆ ਹੈ। ਇਸ ਕਾਰਨ ਕਣਕ ਦੇ ਭਾਅ ਵਿੱਚ ਵੀ ਵਾਧਾ ਹੋਇਆ ਹੈ। ਜੇਕਰ ਭਵਿੱਖ ਵਿੱਚ ਵੀ ਅਜਿਹਾ ਹੀ ਜਾਰੀ ਰਿਹਾ ਤਾਂ ਦੁਨੀਆ ਨੂੰ ਇਸ ਦੇ ਵੱਡੇ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜਿੱਥੇ ਰੂਸ ਵਿਸ਼ਵ ਵਿੱਚ ਕਣਕ ਦਾ ਸਭ ਤੋਂ ਵੱਡਾ ਨਿਰਯਾਤਕ ਹੈ, ਉੱਥੇ ਯੂਕਰੇਨ ਇਸ ਸੂਚੀ ਵਿੱਚ ਚੌਥੇ ਨੰਬਰ 'ਤੇ ਆਉਂਦਾ ਹੈ। ਇਹ ਦੋਵੇਂ ਦੇਸ਼ ਮਿਲ ਕੇ ਦੁਨੀਆ ਨੂੰ 20 ਫ਼ੀਸਦੀ ਮੱਕੀ ਦੀ ਬਰਾਮਦ ਵੀ ਕਰਦੇ ਹਨ। ਇਸ ਦੇ ਨਾਲ਼ ਹੀ ਪੱਛਮੀ ਦੇਸ਼ਾਂ ਵੱਲੋਂ ਰੂਸ 'ਤੇ ਲਾਈਆਂ ਗਈਆਂ ਪਾਬੰਦੀਆਂ ਕਾਰਨ ਪੁਤਿਨ ਸਰਕਾਰ ਨੂੰ ਵੀ ਖ਼ਮਿਆਜ਼ਾ ਭੁਗਤਣਾ ਪੈ ਸਕਦਾ ਹੈ।

ਰੂਸ ਅਤੇ ਯੂਕਰੇਨ ਵਿਚਾਲੇ ਜੰਗ ਕਾਰਨ ਅਨਾਜ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ਼ ਵਾਧਾ ਹੋਣ ਦੀ ਸੰਭਾਵਨਾ ਵੀ ਹੈ। ਇਸ ਤੋਂ ਇਲਾਵਾ ਜਿਹੜੀਆਂ ਚੀਜ਼ਾਂ ਦੀਆਂ ਕੀਮਤਾਂ ਵਧ ਸਕਦੀਆਂ ਹਨ, ਉਨਾਂ ਵਿੱਚ ਰੋਟੀ, ਦੁੱਧ, ਮੀਟ ਅਤੇ ਹੋਰ ਚੀਜ਼ਾਂ ਸ਼ਾਮਲ ਹਨ। ਇੱਕ ਅੰਕੜੇ ਮੁਤਾਬਕ ਲੇਬਨਾਨ ਇਕੱਲਾ ਆਪਣੀ 81 ਫ਼ੀਸਦੀ ਕਣਕ ਯੂਕਰੇਨ ਤੋਂ ਅਤੇ ਲਗਭਗ 15 ਫ਼ੀਸਦੀ ਰੂਸ ਤੋਂ ਖ਼ਰੀਦਦਾ ਹੈ। ਇਸੇ ਤਰਾਂ ਤੁਰਕੀ ਰੂਸ ਤੋਂ ਕਰੀਬ 66 ਫ਼ੀਸਦੀ ਅਤੇ ਯੂਕਰੇਨ ਤੋਂ 10 ਫ਼ੀਸਦੀ ਕਣਕ ਖ਼ਰੀਦਦਾ ਹੈ। ਮਿਸਰ ਵੀ ਰੂਸ ਤੋਂ ਲਗਭਗ 60 ਫ਼ੀਸਦੀ ਅਤੇ ਯੂਕਰੇਨ ਤੋਂ 25 ਫ਼ੀਸਦੀ ਕਣਕ ਖ਼ਰੀਦਦਾ ਹੈ। ਰੂਸ ਅਤੇ ਯੂਕਰੇਨ ਵਿਚਾਲੇ ਛਿੜੀ ਜੰਗ ਦਾ ਅਸਰ ਇਨਾਂ ਦੇਸ਼ਾਂ 'ਤੇ ਵੀ ਸਭ ਤੋਂ ਜ਼ਿਆਦਾ ਪੈ ਸਕਦਾ ਹੈ। ਇਹੀ ਕਾਰਨ ਹੈ ਕਿ ਅਨਾਜ ਦੀ ਕਮੀ ਕਾਰਨ ਇਨਾਂ ਦੇਸ਼ਾਂ ਦੀ ਚਿੰਤਾ ਵੀ ਵਧ ਗਈ ਹੈ।

### ਕੁਝ ਦੇਸ਼ਾਂ ਲਈ ਵੱਡੀ ਸਮੱਸਿਆ

ਮਿਸਰ ਲਈ ਆਪਣੀ ਖ਼ਪਤ ਲਈ ਦੂਜੇ ਦੇਸ਼ਾਂ ਤੋਂ ਕਣਕ ਖ਼ਰੀਦਣਾ ਵੀ ਆਸਾਨ ਨਹੀਂ ਹੈ। ਪਿਛਲੇ ਸਾਲ, ਮਿਸਰ ਨੇ ਰੂਸ ਅਤੇ ਯੂਕਰੇਨ ਤੋਂ ਲਗਭਗ 85 ਪ੍ਰਤੀਸ਼ਤ ਕਣਕ ਦੀ ਖ਼ਰੀਦ ਕੀਤੀ ਸੀ। ਇਸ ਸੰਕਟ ਨੂੰ ਦੇਖਦੇ ਹੋਏ ਮਿਸਰ ਨੇ ਪਿਛਲੇ ਮਹੀਨੇ ਕਣਕ ਦੀ ਖ਼ਰੀਦ ਲਈ ਗਲੋਬਲ ਟੈਂਡਰ ਜਾਰੀ ਕੀਤਾ ਸੀ ਪਰ ਫ਼ਰਾਂਸ ਤੋਂ ਸਿਰਫ਼ ਇੱਕ ਪ੍ਰਸਤਾਵ ਆਇਆ ਸੀ, ਜਿਸ ਕਾਰਨ ਇਸ ਨੂੰ ਰੱਦ ਕਰ ਦਿੱਤਾ ਗਿਆ ਸੀ। ਇਸ ਦੇ ਲਈ ਘੱਟੋ-ਘੱਟ ਦੋ ਦਾਅਵੇਦਾਰਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਦੂਜਾ ਟੈਂਡਰ ਜਾਰੀ ਕਰਨ ਵਿੱਚ ਹੋਈ ਦੇਰੀ ਅਤੇ ਅਨਾਜ ਦੀ ਘਾਟ ਕਾਰਨ ਉੱਥੇ ਕਣਕ ਦੀ ਕੀਮਤ ਪਿਛਲੇ ਚੌਦਾਂ ਸਾਲਾਂ ਵਿੱਚ ਸਭ ਤੋਂ ਵੱਧ ਹੋ ਗਈ ਹੈ। ਹੁਣ ਯੂਰਪ ਦੇ ਕਈ ਦੇਸ਼ਾਂ ਵਿੱਚ ਕਣਕ ਦੀ ਮੰਗ ਪੂਰੀ ਕਰਨ ਲਈ ਬਰਾਮਦਕਾਰਾਂ ਨੇ ਭਾਰਤ ਵੱਲ ਰੁਖ਼ ਕੀਤਾ ਹੈ। ਬਰਾਮਦਕਾਰਾਂ ਦੀ ਆਮਦ ਵਧਣ ਕਰ ਕੇ ਦੇਸ਼ ਵਿੱਚ ਕਣਕ ਦੇ ਭਾਅ ਵਿੱਚ ਤੇਜ਼ੀ ਆ ਗਈ ਹੈ। ਕਣਕ ਦੇ ਭਾਅ ਵਿੱਚ 250 ਰੁਪਏ ਕੁਇੰਟਲ ਦੀ ਤੇਜ਼ੀ ਦਰਜ ਕੀਤੀ ਗਈ ਹੈ ਜਿਹੜੀ ਕਣਕ ਪਹਿਲਾਂ 2150 ਰੁਪਏ ਕੁਇੰਟਲ ਵਿੱਚ ਵਿਕ ਰਹੀ ਸੀ, ਉਸ ਦੀ ਕੀਮਤ ਹੁਣ 2350 ਰੁਪਏ ਕੁਇੰਟਲ ਹੋ ਗਈ ਹੈ, ਜਦਕਿ ਕੇਂਦਰੀ ਏਜੰਸੀਆਂ ਵੱਲੋਂ ਟੈਂਡਰ ਰਾਹੀਂ ਜਾਰੀ ਕੀਤੀ ਜਾਂਦੀ ਕਣਕ ਵੇਚਣ ਦਾ ਟੈਂਡਰ ਲਗਾਉਣ ਦਾ ਕੰਮ ਬੰਦ ਕਰ ਦਿੱਤਾ ਗਿਆ ਹੈ ਕਿਉਂਕਿ ਅਪ੍ਰੈਲ ਮਹੀਨੇ ਵਿੱਚ ਨਵੀਂ ਕਣਕ ਆਉਣ ਤੋਂ ਬਾਅਦ ਕੇਂਦਰੀ ਏਜੰਸੀ ਵੱਲੋਂ ਕਣਕ ਵੇਚਣ ਲਈ ਟੈਂਡਰ ਲਗਾਉਣ ਦਾ ਕੰਮ ਬੰਦ ਹੋ ਗਿਆ ਹੈ। ਰੂਸ ਤੇ ਯੂਕਰੇਨ ਤੋਂ 30 ਫ਼ੀਸਦੀ ਤੋਂ ਜ਼ਿਆਦਾ ਕਣਕ ਬਾਕੀ ਦੇਸ਼ਾਂ ਨੂੰ ਬਰਾਮਦ ਕੀਤੀ ਜਾਂਦੀ ਹੈ ਤੇ ਹੁਣ ਉਕਤ ਦੇਸ਼ਾਂ 'ਚ ਚੱਲ ਰਹੇ ਯੁੱਧ ਕਰਕੇ ਕਣਕ ਦੀ ਸਪਲਾਈ ਹੋਣੀ ਕਾਫ਼ੀ ਮੁਸ਼ਕਿਲ ਹੋ ਰਹੀ ਹੈ।ਯੂਕਰੇਨ ਤੋਂ ਵੀ ਵੱਡੀ ਮਾਤਰਾ ਵਿੱਚ ਸੂਰਜਮੁਖੀ ਦਾ ਤੇਲ ਬਾਕੀ ਦੇਸ਼ਾਂ ਨੂੰ ਸਪਲਾਈ ਕੀਤਾ ਜਾਂਦਾ ਹੈ, ਜਿਸ ਕਰ ਕੇ ਖਾਣ ਵਾਲੇ ਤੇਲ ਤਾਂ ਪਹਿਲਾਂ ਹੀ 250 ਰੁਪਏ ਪ੍ਰਤੀ ਟੀਨ ਮਹਿੰਗੇ ਹੋ ਗਏ ਹਨ।

ਬਾਕੀ ਸਫ਼ਾ 32 'ਤੇ

ਦੋਵਾਂ ਦੇਸ਼ਾਂ ਵਿੱਚ ਇਸ ਵੇਲੇ ਜੰਗ ਕਰਕੇ ਬਰਾਮਦਕਾਰਾਂ ਨੇ ਹੁਣ ਉਨਾਂ ਦੇਸ਼ਾਂ ਵੱਲ ਰੁਖ਼ ਕੀਤਾ ਹੈ ਜਿੱਥੇ ਕਣਕ ਦਾ ਸਭ ਤੋਂ ਜ਼ਿਆਦਾ ਉਤਪਾਦਨ ਹੁੰਦਾ ਹੈ। ਮੱਧ ਪ੍ਰਦੇਸ਼ ਵਿੱਚ ਇਨਾਂ ਦਿਨਾਂ ਵਿੱਚ ਅਗੇਤੀ ਕਣਕ ਦੀ ਫ਼ਸਲ ਬਾਜ਼ਾਰ ਵਿੱਚ ਆ ਜਾਂਦੀ ਹੈ ਤਾਂ ਬਰਾਮਦਕਾਰਾਂ ਨੇ ਕਣਕ ਖ਼ਰੀਦਣ ਵਿੱਚ ਦਿਲਚਸਪੀ ਦਿਖਾਈ ਹੈ ਤੇ ਇਸ ਤੋਂ ਇਲਾਵਾ ਉੱਤਰ ਪ੍ਰਦੇਸ਼ ਤੇ ਰਾਜਸਥਾਨ ਤੋਂ ਵੀ ਕਣਕ ਬਰਾਮਦ ਕੀਤੇ ਜਾਣ ਦੀ ਸੰਭਾਵਨਾ ਹੈ। ਇੱਕ ਜਾਣਕਾਰੀ ਮੁਤਾਬਿਕ ਗੁਜਰਾਤ ਦੀ ਕਾਂਡਲਾ ਬੰਦਰਗਾਹ ਤੋਂ 2600 ਰੁਪਏ ਕੁਇੰਟਲ ਦੀ ਪਹੁੰਚ ਕਰਕੇ ਕਣਕ ਜਾਣੀ ਸ਼ੁਰੂ ਹੋ ਗਈ ਹੈ। ਬਰਾਮਦਕਾਰਾਂ ਵੱਲੋਂ ਭਾਰਤ ਦਾ ਰੁਖ਼ ਕਰਨ ਕਰ ਕੇ ਹੀ ਪੰਜਾਬ ਵਿੱਚ ਕਣਕ ਦੇ ਭਾਅ ਵਿੱਚ ਉਛਾਲ ਦਰਜ ਕੀਤਾ ਗਿਆ ਹੈ। ਚੇਤੇ ਰਹੇ ਕਿ ਪੰਜਾਬ ਕੇਂਦਰੀ ਪੂਲ ਵਿੱਚ ਸਭ ਤੋਂ ਜ਼ਿਆਦਾ ਕਣਕ ਉਤਪਾਦਨ ਕਰ ਕੇ ਭੇਜਦਾ ਹੈ। ਕਣਕ ਤੋਂ ਇਲਾਵਾ ਮੈਦੇ ਦੀਆਂ ਕੀਮਤਾਂ ਵੀ 200 ਰੁਪਏ ਕੁਇੰਟਲ ਤੇਜ਼ ਹੋ ਗਈਆਂ ਹਨ । ਆਟਾ ਬਾਜ਼ਾਰ ਮੁਤਾਬਿਕ ਆਟੇ ਦੀਆਂ ਕੀਮਤਾਂ ਵਿੱਚ ਇਸ ਕਰਕੇ ਵੀ ਤੇਜ਼ੀ ਨਹੀਂ ਆਈ ਕਿਉਂਕਿ ਸਰਕਾਰ ਵੱਲੋਂ ਅੰਨ ਸੁਰੱਖਿਆ ਯੋਜਨਾ ਤਹਿਤ 2 ਰੁਪਏ ਪ੍ਰਤੀ ਕਿੱਲੋ ਕਣਕ ਦੀ ਸਪਲਾਈ ਕੀਤੀ ਜਾਂਦੀ ਹੈ। ਅਪ੍ਰੈਲ ਮਹੀਨੇ ਵਿੱਚ ਆਉਣ ਵਾਲੀ ਕਣਕ ਦੀ ਖ਼ਰੀਦ ਵੀ ਬਰਾਮਦਕਾਰਾਂ ਵੱਲੋਂ ਜ਼ਿਆਦਾ ਕੀਤੇ ਜਾਣ ਦੀ ਸੰਭਾਵਨਾ ਹੈ। ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਜਾਂ ਰਾਜਸਥਾਨ ਤੋਂ ਪਹਿਲਾਂ ਹੀ ਪੰਜਾਬ ਵਿੱਚ ਕਣਕ ਆਉਂਦੀ ਰਹੀ ਹੈ ਪਰ ਜੇਕਰ ਹੁਣ ਬਰਾਮਦਕਾਰਾਂ ਵੱਲੋਂ ਕਣਕ ਦੀ ਖ਼ਰੀਦ ਕੀਤੀ ਜਾਂਦੀ ਹੈ ਤਾਂ ਬਰਾਮਦਕਾਰ ਆਉਣ ਵਾਲੇ ਸਮੇਂ ਵਿੱਚ ਪੰਜਾਬ ਵੱਲ ਵੀ ਰੁਖ਼ ਕਰਨਗੇ। ਰੂਸ ਤੇ ਯੂਕਰੇਨ ਵਿੱਚ ਜੰਗ ਚੱਲਦਿਆਂ ਨੂੰ 11 ਦਿਨ ਦੇ ਕਰੀਬ ਸਮਾਂ ਹੋਇਆ ਹੈ ਤੇ ਇਸ ਹਾਲਾਤ ਵਿੱਚ ਕਣਕ ਦੀ ਸਪਲਾਈ ਉਕਤ ਦੇਸ਼ਾਂ ਵਲੋਂ ਸਮੇਂ ਸਿਰ ਕੀਤੇ ਜਾਣ ਦੀ ਸੰਭਾਵਨਾ ਨਹੀਂ ਹੈ। ਯੂਰਪ ਨੇ ਤਾਂ ਰੂਸ 'ਤੇ ਪਹਿਲਾਂ ਹੀ ਕਈ ਆਰਥਿਕ ਪਾਬੰਦੀਆਂ ਲਗਾਈਆਂ ਹੋਈਆਂ ਹਨ। ਦੂਜੇ ਪਾਸੇ ਪੰਜਾਬ ਫ਼ਲੋਰ ਮਿਲ ਐਸੋਸੀਏਸ਼ਨ ਦੇ ਪ੍ਰਧਾਨ ਨਰੇਸ਼ ਘਈ ਦਾ ਕਹਿਣਾ ਸੀ ਕਿ ਉਂਜ ਯੁੱਧ ਕਰ ਕੇ ਕਣਕ ਦੀ ਕੀਮਤ 'ਚ ਤਾਂ ਵਾਧਾ ਹੋਇਆ ਹੈ ਪਰ ਦੂਜੇ ਪਾਸੇ ਜ਼ਿਆਦਾ ਖ਼ਰਚਿਆਂ ਕਰ ਕੇ ਬਰਾਮਦਕਾਰਾਂ ਵੱਲੋਂ ਪੰਜਾਬ ਵੱਲ ਜ਼ਿਆਦਾ ਰੁਖ਼ ਕਰਨ ਦੀ ਸੰਭਾਵਨਾ ਨਹੀਂ ਹੈ ਪਰ ਦੂਜੇ ਰਾਜਾਂ ਤੋਂ ਬਰਾਮਦਕਾਰਾਂ ਵੱਲੋਂ ਕਣਕ ਦੀ ਖ਼ਰੀਦ ਕੀਤੀ ਜਾ ਰਹੀ ਹੈ।

